**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
Associate Broker
rajsshergill@yahoo.com

Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 09, February 27, 2021
20451 N. Plum Grove Rd., Palatine, IL 60074
Ph:847-359-0746, Fax:847-705-9388

## ਖੇਤੀ ਕਾਨੂੰਨ: ਮੋਦੀ ਸਰਕਾਰ ਹੁਣ ਹੋਛੀਆਂ ਹਰਕਤਾਂ 'ਤੇ ਆਈ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਉਠੀ ਲਹਿਰ ਨੂੰ ਖਦੇੜਨ ਲਈ ਕੇਂਦਰ ਦੀ ਮੋਦੀ ਸਰਕਾਰ ਹੋਛੀਆਂ ਹਰਕਤਾਂ ਉਤੇ ਆ ਗਈ ਹੈ। ਕਿਸਾਨਾਂ ਦੇ ਹੌਸਲੇ ਤੋੜਨ ਅਤੇ ਅੰਦੋਲਨ ਨੂੰ ਬਦਨਾਮ ਕਰਨ ਲਈ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੱਡੀ ਗਿਣਤੀ ਕਿਸਾਨ ਆਗੂਆਂ ਅਤੇ ਇਸ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਉਤੇ ਪਰਚੇ ਦਰਜ ਕਰ ਕੇ ਧੜਾ ਧੜ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਤਾਜ਼ਾ ਕਾਰਵਾਈ ਤੋਂ ਇਸ ਤਰ੍ਹਾਂ ਜਾਪ ਰਿਹਾ ਹੈ ਕਿ ਜਿਵੇਂ ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਦਿੱਲੀ ਪੁਲਿਸ ਦੀ 'ਸਪੈਸ਼ਲ ਡਿਊਟੀ' ਲਗਾ ਦਿੱਤੀ ਹੈ।

ਕੇਂਦਰ ਸਰਕਾਰ ਵੱਲੋਂ 26 ਜਨਵਰੀ ਦੇ ਗਣਤੰਤਰ ਦਿਵਸ ਮੌਕੇ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹੇ ਉਤੇ ਹੋਈ ਹਿੰਸਾ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਨੂੰ ਦੇਸ਼ਧ੍ਰੋਹ ਤੇ ਮੁਲਕ ਖਿਲਾਫ ਸਾਜ਼ਿਸ਼ ਕਰਾਰ ਦਿੱਤਾ ਜਾ ਰਿਹਾ ਹੈ। ਧਰਨੇ ਵਾਲਿਆਂ ਥਾਵਾਂ 'ਤੇ ਚਿਤਾਵਨੀ ਬੋਰਡ ਲਾ ਕੇ ਖਾਲੀ ਕਰਨ ਜਾਂ ਕਾਨੂੰਨੀ ਕਾਰਵਾਈ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਦਿੱਲੀ ਪੁਲਿਸ ਨੇ ਤਾਜ਼ਾ ਕਾਰਵਾਈ ਵਿਚ 'ਜੰਮੂ ਕਸ਼ਮੀਰ ਯੂਨਾਈਟਿਡ ਕਿਸਾਨ ਫਰੰਟ' ਦੇ ਪ੍ਰਧਾਨ ਮਹਿੰਦਰ ਸਿੰਘ ਆਗੂ ਨੂੰ ਲਾਲ ਕਿਲ੍ਹਾ ਹਿੰਸਾ ਮਾਮਲੇ ਵਿਚ ਮੁੱਖ ਸਾਜ਼ਿਸ਼ਕਾਰ ਦੱਸ ਕੇ ਗ੍ਰਿਫਤਾਰ ਕੀਤਾ ਹੈ ਜਦ ਕਿ ਉਸ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਟਰੈਕਟਰ ਪਰੇਡ ਵਿਚ ਹਿੱਸਾ ਲੈਣ ਗਿਆ ਹੀ ਨਹੀਂ ਸੀ। ਇਸੇ ਤਰ੍ਹਾਂ ਪੰਜਾਬੀ ਗਾਇਕ ਇੰਦਰਜੀਤ ਨਿੱਕੂ, ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਸਣੇ ਵੱਡੀ ਗਿਣਤੀ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ



ਗਈਆਂ ਹਨ। ਨਿੱਕੂ ਅਤੇ ਰੁਲਦੂ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਉਹ ਦਿੱਲੀ ਪੁਲਿਸ ਵੱਲੋਂ ਤੈਅ ਰੂਟ ਉਤੇ ਗਏ ਸਨ ਤੇ ਲਾਲ ਕਿਲ੍ਹੇ ਦੇ ਨੇੜੇ ਵੀ ਨਹੀਂ ਗਏ। 26 ਜਨਵਰੀ ਵਾਲੇ ਦਿਨ ਗ੍ਰਿਫਤਾਰ ਕੀਤੇ ਵੱਡੀ ਗਿਣਤੀ ਕਿਸਾਨ ਅਜੇ ਵੀ ਜੇਲ੍ਹਾਂ ਵਿਚ ਹਨ। 19 ਤੋਂ ਵੱਧ ਨੌਜਵਾਨ ਅਜੇ ਵੀ ਲਾਪਤਾ ਹਨ।

ਯਾਦ ਰਹੇ ਕਿ 26 ਜਨਵਰੀ ਤੋਂ ਬਾਅਦ


***(ਬਾਕੀ ਸਫਾ 6 ਉਤੇ)***

### ਯੂ.ਪੀ. ਦੇ ਪਿੰਡਾਂ 'ਚ ਭਾਜਪਾ ਆਗੂਆਂ ਦੀ ਘੇਰਾਬੰਦੀ

**ਨਵੀਂ ਦਿੱਲੀ:** ਪੰਜਾਬ ਤੇ ਹਰਿਆਣਾ ਤੋਂ ਬਾਅਦ ਹੁਣ ਪੱਛਮੀ ਉਤਰ ਪ੍ਰਦੇਸ਼ 'ਚ ਵੀ ਭਗਵਾਂ ਪਾਰਟੀ ਦੇ ਆਗੂਆਂ ਨੂੰ ਆਪਣੀ ਹਮਾਇਤ ਵਾਲੇ ਇਲਾਕਿਆਂ 'ਚ ਜਾਣ 'ਤੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁਜੱਫਰਨਗਰ ਦੇ ਇਤਿਹਾਸਕ ਪਿੰਡ ਸੌਰਾਮ 'ਚ ਕੇਂਦਰੀ ਮੰਤਰੀ ਸੰਜੀਵ ਬਾਲਿਆਨ ਦੀ ਫੇਰੀ ਦੌਰਾਨ ਪਿੰਡ ਵਾਸੀਆਂ ਅਤੇ ਭਾਜਪਾ ਦੇ ਆਗੂਆਂ ਤੇ ਵਰਕਰਾਂ ਵਿਚਾਲੇ ਝੜਪ ਵੀ ਹੋ ਗਈ। ਸੰਜੀਵ ਬਾਲਿਆਨ, ਯੂ.ਪੀ. ਦੇ ਕੈਬਨਿਟ ਮੰਤਰੀ ਭੁਪੇਂਦਰ ਚੌਧਰੀ ਤੇ ਸ਼ਾਮਲੀ ਦੇ ਵਿਧਾਇਕ ਤੇਜਿੰਦਰ ਨਰਵਾਲ ਨੂੰ ਇਥੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭੈਂਸਵਾਲ (ਸ਼ਾਮਲੀ) 32 ਪਿੰਡਾਂ ਦੀਆਂ ਖਾਪਾਂ ਦਾ ਹੈੱਡਕੁਆਰਟਰ ਹੈ। 5 ਫਰਵਰੀ ਨੂੰ ਹੋਈ ਮਹਾਪੰਚਾਇਤ 'ਚ ਜਾਟਾਂ ਦੇ ਨਾਲ ਨਾਲ ਗੈਰ-ਜਾਟਾਂ, ਦਲਿਤਾਂ, ਮੁਸਲਮਾਨਾਂ ਤੇ ਹੋਰ ਜਾਤਾਂ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ ਸੀ ਜਿਸ ਤੋਂ ਬਾਅਦ ਭਾਜਪਾ ਦੇ ਸਾਹ ਫੁੱਲੇ ਹੋਏ ਹਨ।

## ਪੰਜਾਬ ਵਿਚ ਕਰੋਨਾ ਦਾ ਮੁੜ ਹਊਆ

**ਚੰਡੀਗੜ੍ਹ:** ਪੰਜਾਬ ਵਿਚ ਮੁੜ ਕਰੋਨਾ ਮਹਾਮਾਰੀ ਦਾ ਹਊਆ ਖੜ੍ਹਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਆਉਂਦੇ ਦਿਨਾਂ ਵਿਚ ਸੂਬੇ ਵਿਚ ਸਖਤੀਆਂ ਦਾ ਐਲਾਨ ਕਰ ਦਿੱਤਾ ਹੈ। ਸੂਬੇ ਸਰਕਾਰ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਹੁਕਮਾਂ ਮੁਤਾਬਕ ਪਹਿਲੀ ਮਾਰਚ ਤੋਂ ਇਕੱਠਾਂ 'ਤੇ ਰੋਕ ਹੈ। ਮਾਸਕ, ਸਮਾਜਿਕ ਦੂਰੀ ਦੀ ਸਖਤੀ ਨਾਲ ਪਾਲਣ ਕਰਨ ਅਤੇ ਟੈਸਟਿੰਗ ਦੀ ਗਿਣਤੀ ਵਧਾ ਕੇ ਪ੍ਰਤੀ ਦਿਨ 30,000 ਤੱਕ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਕੋਵਿਡ ਸਥਿਤੀ ਦਾ ਜਾਇਜ਼ਾ ਲੈਣ ਲਈ ਉਚ ਪੱਧਰੀ ਮੀਟਿੰਗ ਦੀ ਵਰਚੁਅਲੀ ਪ੍ਰਧਾਨਗੀ ਕਰਦਿਆਂ ਆਖ ਦਿੱਤਾ ਕਿ




ਲਗਾ ਦਿੱਤੀ ਗਈ ਹੈ। ਸਰਕਾਰ ਦਾ ਦਾਅਵਾ ਹੈ ਕਿ ਸੂਬੇ ਵਿਚ ਕਰੋਨਾ ਦੇ ਕੇਸ ਮੁੜ ਵਧ ਰਹੇ ਹਨ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਚਿਤਾਵਨੀ ਤੋਂ ਬਾਅਦ ਸਰਕਾਰ ਨੇ ਸਖਤ ਫੈਸਲੇ ਲਏ ਹਨ।

ਹੁਣ ਅੰਦਰੂਨੀ ਇਕੱਠਾਂ ਦੀ ਗਿਣਤੀ 100 ਅਤੇ ਬਾਹਰੀ ਇਕੱਠਾਂ ਦੀ ਗਿਣਤੀ 200 ਤੱਕ ਸੀਮਤ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੌਟ-ਸਪੌਟ ਇਲਾਕਿਆਂ ਵਿਚ ਲੋੜ ਪੈਣ 'ਤੇ ਰਾਤ ਦਾ ਕਰਫਿਊ ਲਾਉਣ ਲਈ ਅਧਿਕਾਰਤ ਕੀਤਾ ਨਵੇਂ ਹਾਲਾਤ 'ਚ ਮਾਈਕ੍ਰੋ ਕੰਟੇਨਮੈਂਟ ਰਣਨੀਤੀ ਵੀ ਅਪਣਾਈ ਜਾਵੇਗੀ। ਪੁਲਿਸ ਨੂੰ ਮਾਸਕ ਪਹਿਨਣ, ਸਾਰੇ ਰੈਸਟੋਰੈਂਟਾਂ ਅਤੇ ਮੈਰਿਜ ਪੈਲੇਸਾਂ ਵੱਲੋਂ ਕੋਵਿਡ ਨਿਗਰਾਨ ਲਾਉਣ ਬਾਰੇ ਜਾਰੀ ਨੋਟੀਫਿਕੇਸ਼ਨ ਦਾ ਸਖਤੀ ਨਾਲ ਪਾਲਣ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ। ਸਿਨੇਮਾਘਰਾਂ ਵਿਚ ਗਿਣਤੀ ਘੱਟ ਕਰਨ ਦਾ ਫੈਸਲਾ ਪਹਿਲੀ ਮਾਰਚ ਤੋਂ ਬਾਅਦ ਲਿਆ ਜਾਵੇਗਾ। ਹਰ ਪਾਜ਼ੇਟਿਵ ਵਿਅਕਤੀ ਦੇ ਸੰਪਰਕ ਵਿਚ ਆਏ 15 ਵਿਅਕਤੀਆਂ ਦੀ ਲਾਜ਼ਮੀ ਟੈਸਟਿੰਗ ਕਰਵਾਉਣ ਦੇ ਵੀ ਹੁਕਮ ਦਿੱਤੇ ਹਨ।

**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
*Successfully Selling Real Estate for 17 Years!*
*Beenu Sikand*
*Legacy Homes Intl.*
*Broker Owner,*
*Realtor, CRS, MBA*

**FRONTIER FUEL CARD**
No obligation or contracts
*(cancel anytime)*
No minimum amount of fuel to buy
Minimal up front to put down
Receive detailed fuel reports
Jagdeep Bains
Jbains@frontierfundinginc.com
Ph: 417-818-1054

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਪੰਜਾਬ ਵਿਚ ਮਹਾਰੈਲੀਆਂ ਨੇ ਕਿਸਾਨੀ ਸੰਘਰਸ਼ ਨੂੰ ਹੋਰ ਭਖਾਇਆ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਕੀਤੀਆਂ ਗਈਆਂ ਮਹਾਰੈਲੀਆਂ ਨੇ ਕਿਸਾਨੀ ਅੰਦੋਲਨ ਨੂੰ ਹੋਰ ਭਖਾ ਦਿੱਤਾ ਹੈ। ਸੂਬੇ ਵਿਚ ਪਿਛਲੇ ਸਾਢੇ ਚਾਰ ਮਹੀਨਿਆਂ ਤੋਂ ਚੱਲ ਰਹੇ ਧਰਨਿਆਂ 'ਚ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ ਪਹਿਲਾਂ ਵਾਂਗ ਹੀ ਬਰਕਰਾਰ ਹੈ। ਇਨ੍ਹਾਂ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਆਖਿਆ ਕਿ ਪੰਜਾਬ ਤੋਂ ਉਠੇ ਕਿਸਾਨੀ ਅੰਦੋਲਨ ਨੂੰ ਮਿਲੀ ਕੌਮਾਂਤਰੀ ਹਮਾਇਤ ਤੋਂ ਮੋਦੀ ਸਰਕਾਰ ਘਬਰਾਹਟ ਵਿਚ ਹੈ। ਜਿਸ ਕਾਰਨ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਕੌਮੀ ਅਤੇ ਕੌਮਾਂਤਰੀ ਸ਼ਖਸੀਅਤਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਬੁਲਾਰਿਆਂ ਨੇ ਕਿਹਾ ਕਿ ਸਰਕਾਰ ਨੂੰ ਖੇਤੀ ਸਬੰਧੀ ਲਿਆਂਦੇ ਕਾਲੇ ਕਾਨੂੰਨ ਵਾਪਸ ਲੈ ਕੇ ਆਪਣਾ ਅਕਸ ਸੁਧਾਰਨਾ ਚਾਹੀਦਾ ਹੈ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਦੇ ਪੈਂਤੜੇ ਜਮਹੂਰੀਅਤ ਨੂੰ ਦਾਗਦਾਰ ਕਰ ਰਹੇ ਹਨ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ।

ਸੂਬੇ ਵਿਚ 125 ਥਾਵਾਂ 'ਤੇ ਸਾਢੇ ਚਾਰ ਮਹੀਨਿਆਂ ਤੋਂ ਚੱਲ ਰਹੇ ਧਰਨਿਆਂ ਵਿਚ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ ਹੁਣ ਦੁੱਗਣੇ ਜੋਸ਼ 'ਚ ਦਿਖਾਈ ਦੇਣ ਲੱਗਾ ਹੈ। ਇਸ ਦੇ ਨਾਲ ਹੀ ਧਰਨਿਆਂ ਵਿਚ ਔਰਤਾਂ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਪਹਿਲਾਂ ਨਾਲੋਂ ਵਧਣ ਲੱਗੀ ਹੈ। ਇਨ੍ਹਾਂ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਆਖਿਆ ਕਿ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਅੱਜ ਜਨ ਅੰਦੋਲਨ ਬਣ ਚੁੱਕਿਆ ਹੈ, ਜਿਸ ਵਿਚ ਲੋਕ ਦੇਸ਼-ਵਿਦੇਸ਼ ਤੋਂ ਹਿੱਸਾ ਲੈ ਰਹੇ ਹਨ। ਕਿਸਾਨਾਂ ਦੇ ਵੱਡੇ ਇਕੱਠਾਂ ਤੋਂ ਘਬਰਾਈ ਮੋਦੀ ਸਰਕਾਰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਨਵੇਂ-ਨਵੇਂ ਪੈਂਤੜੇ ਅਪਣਾ ਰਹੀ ਹੈ ਪਰ ਲੋਕ ਕੇਂਦਰ ਸਰਕਾਰ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ ਅਤੇ ਕੇਂਦਰ ਦੀਆਂ ਇਨ੍ਹਾਂ ਚਾਲਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਣਗੇ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਮ 'ਤੇ ਲਿਆਂਦੇ ਤਿੰਨੇ ਕਾਨੂੰਨ ਖੇਤੀਬਾੜੀ ਨੂੰ ਤਬਾਹ ਕਰ ਦੇਣਗੇ। ਉਨ੍ਹਾਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਐਮ.ਐਸ.ਪੀ. 'ਤੇ ਸਾਰੀਆਂ ਫਸਲਾਂ ਦੀ ਖਰੀਦ ਦੀ ਕਾਨੂੰਨ ਗਾਰੰਟੀ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਪਿਛਲੇ ਲੰਬੇ ਸਮੇਂ ਤੋਂ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਹਨ ਪਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਦੀ ਥਾਂ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ਾਂ ਕਰ ਰਹੀ ਹੈ। ਕਿਸਾਨ ਆਗੂ ਨੇ ਕਿਹਾ ਕਿ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਕਿਸਾਨੀ ਸੰਘਰਸ਼ ਦੌਰਾਨ ਕਿਸਾਨਾਂ, ਪੱਤਰਕਾਰਾਂ, ਤੇ ਬੁੱਧੀਜੀਵੀਆਂ ਖਿਲਾਫ ਦਰਜ ਕੀਤੇ ਝੂਠੇ ਕੇਸ ਰੱਦ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਝੂਠ ਬੋਲ ਰਹੀ ਹੈ ਕਿ ਕਿਸਾਨ ਦੋ ਮਹੀਨੇ ਬਾਅਦ ਫਸਲਾਂ ਦੀ ਵਾਢੀ 'ਤੇ ਚਲੇ ਜਾਣਗੇ ਪਰ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਪਿੱਛੇ ਨਹੀਂ ਹਟਣਗੇ।

## ਕਿਸਾਨਾਂ ਦਾ ਪ੍ਰਦਰਸ਼ਨ 'ਧਰਮ ਯੁੱਧ' ਕਰਾਰ

**ਚੰਡੀਗੜ੍ਹ:** ਹਰਿਆਣਾ ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਮੁਖੀ ਗੁਰਨਾਮ ਚੜੂਨੀ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦੇਸ਼ 'ਚ ਨਵੇਂ ਖੇਤੀ ਲਾਗੂ ਕਰਦੀ ਹੈ ਤਾਂ ਤੇਲ ਕੀਮਤਾਂ ਵਾਂਗ ਖਾਧ ਪਦਾਰਥਾਂ ਦੇ ਭਾਅ ਵੀ ਵਧ ਜਾਣਗੇ। ਉਹ ਇਥੇ ਸੈਕਟਰ-25 ਵਿਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਨੌਜਵਾਨ ਕਿਸਾਨ ਏਕਤਾ ਚੰਡੀਗੜ੍ਹ ਦੀ ਅਗਵਾਈ ਹੇਠ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰ ਰਹੇ ਸਨ। ਮਹਾਪੰਚਾਇਤ ਦੌਰਾਨ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਪ੍ਰਦਰਸ਼ਨ ਨੂੰ 'ਧਰਮ ਯੁੱਧ' ਕਰਾਰ ਦਿੰਦਿਆਂ ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਇਸ ਲਹਿਰ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸ੍ਰੀ ਚੜੂਨੀ ਨੇ ਖੇਤੀ ਕਾਨੂੰਨਾਂ ਦੇ ਬੁਰੇ ਪ੍ਰਭਾਵਾਂ ਦੇ ਜ਼ਿਕਰ ਕਰਦਿਆਂ ਕਿਹਾ, 'ਜੇਕਰ ਐਗਰੀ-ਬਿਜਨੈੱਸ ਕਾਨੂੰਨ ਦੇਸ਼ ਵਿਚ ਲਾਗੂ ਹੁੰਦੇ ਤਾਂ ਅਨਾਜ ਸਿਰਫ ਕੁਝ ਕੁ ਲੋਕਾਂ ਦੇ ਗੁਦਾਮਾਂ 'ਚ ਜਮ੍ਹਾਂ ਹੋ ਜਾਵੇਗਾ। ਇਸ ਨਾਲ ਖਾਧ ਪਦਾਰਥ ਵੀ ਉਸੇ ਤਰ੍ਹਾਂ ਮਹਿੰਗੇ ਹੋ ਜਾਣਗੇ ਜਿਵੇਂ ਹੁਣ ਪੈਟਰੋਲ ਤੇ ਡੀਜ਼ਲ ਦਿਨੋ-ਦਿਨ ਮਹਿੰਗੇ ਹੋ ਰਹੇ ਹਨ।'

## ਕਿਸਾਨਾਂ ਵੱਲੋਂ ਟਰੈਕਟਰ ਮਾਰਚ ਨਾਲ ਸਰਕਾਰ ਨੂੰ ਸਖਤ ਸੁਨੇਹਾ

**ਮੁਹਾਲੀ:** ਕੇਂਦਰ ਸਰਕਾਰ ਵੱਲੋਂ ਲਿਆਂਦੇ ਕਿਸਾਨ ਵਿਰੋਧੀ ਤਿੰਨ ਕਾਨੂੰਨਾਂ ਖਿਲਾਫ 'ਅੰਨਦਾਤਾ' ਦਾ ਰੋਹ ਲਗਾਤਾਰ ਭਖਦਾ ਜਾ ਰਿਹਾ ਹੈ। ਇਲਾਕੇ ਦੇ ਕਿਸਾਨਾਂ ਨੇ ਧੜੇਬੰਦੀ ਅਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਮੁਹਾਲੀ ਸ਼ਹਿਰ ਅਤੇ ਨੇੜਲੇ ਪਿੰਡਾਂ ਵਿਚ ਵਿਸ਼ਾਲ ਟਰੈਕਟਰ ਮਾਰਚ ਕੱਢਿਆ, ਜਿਸ ਦੀ ਅਗਵਾਈ ਗੁਰਜੰਟ ਸਿੰਘ ਕੰਡਾਲਾ ਨੇ ਕੀਤੀ।

ਟਰੈਕਟਰ ਮਾਰਚ ਫੇਜ-11 ਤੋਂ ਸ਼ੁਰੂ ਹੋਇਆ ਤੇ ਫੇਜ-7, ਫੇਜ-3/ਫੇਜ-5 ਲਾਲ ਬੱਤੀ, ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ, ਮੁਹਾਲੀ ਏਅਰਪੋਰਟ ਸੜਕ, ਪਿੰਡ ਬਾਕਰਪੁਰ, ਨੰਡਿਆਲੀ, ਝਿਊਰਹੇੜੀ, ਕੰਡਾਲਾ, ਧਰਮਗੜ੍ਹ, ਰੁੜਕਾ, ਕੰਬਾਲਾ-ਕੰਬਾਲੀ ਤੋਂ ਹੁੰਦਾ ਹੋਇਆ ਵਾਪਸ ਬੈਸਟੈੱਕ ਮਾਲ ਫੇਜ-11 ਦੇ ਬਾਹਰ ਪਹੁੰਚ ਕੇ ਸਮਾਪਤ ਹੋਇਆ। ਟਰੈਕਟਰ ਮਾਰਚ ਵਿਚ ਨੌਜਵਾਨਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਹੁਕਮਰਾਨਾਂ ਨੂੰ ਰੱਜ ਕੇ ਕੋਸਿਆ।

ਇਸ ਮੌਕੇ ਗੁਰਜੰਟ ਸਿੰਘ ਕੰਡਾਲਾ, ਗੁਰਜਿੰਦਰ ਸਿੰਘ ਭੁੱਲਰ, ਰੱਜਤ ਕੌਸਲ ਅਤੇ ਹੋਰਨਾਂ ਕਿਸਾਨਾਂ ਨੇ ਇਕਸੁਰ ਵਿਚ ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਦੇ ਨਾਅਰੇ ਲਗਾਏ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਸ਼ੁਰੂ ਤੋਂ ਹੀ ਕਾਰਪੋਰੇਟ ਘਰਾਣਿਆਂ ਦੀ ਪਿੱਠ ਥਾਪੜ ਰਹੀ ਹੈ। ਕੇਂਦਰ ਸਰਕਾਰ ਖੇਤੀ ਸਬੰਧੀ ਕਾਲੇ ਕਾਨੂੰਨ ਲਿਆ ਕੇ ਕਿਸਾਨਾਂ ਨੂੰ ਤਬਾਹ ਕਰਨਾ ਚਾਹੁੰਦੀ ਹੈ ਜਦੋਂਕਿ ਕਿਸਾਨ ਹੁਣ ਆਰ-ਪਾਰ ਦੀ ਲੜਾਈ ਲੜ ਰਹੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਕਿਸਾਨ ਵਿਰੋਧੀ ਕਾਲੇ ਕਾਨੂੰਨ ਵਾਪਸ ਨਹੀਂ ਲਏ ਜਾਂਦੇ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ ਅਤੇ ਆਉਣ ਵਾਲੇ ਦਿਨਾਂ ਵਿਚ ਗੁਪਤ ਐਕਸ਼ਨ ਕੀਤੇ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਕਿਸਾਨ ਵਿਰੋਧੀ ਖੇਤੀ ਕਾਨੂੰਨ ਮੁੱਢੋਂ ਰੱਦ ਕੀਤੇ ਜਾਣ।


**Imperial Tax Services**
29090 Currier Ave., Westland, MI 48186
**Individual & Small Business**
**Tax Returns**
Visa, OCI, Renunciation & Passport Applications.
Citizenship Forms, Sponsorship & Power of Attorneys.
IRS AUTHORIZED NOTARY PUBLIC
Call or Text to make an appointment
Paramvir Singh
*(Master's degree in Mathematics)*
**Ph: 206-475-6075**
Email: Imperialtaxservices81@Yahoo.com
9-12

KULJEET (KJ) SINGH
Managing Broker Realtor
GAYA Realty
**Interested in:**
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

*Kuljeet Singh*
Over 20 Years of Experience
*Contact Information:*
**Cell: 224-305-3250**
Email: ksingh4622@gmail.com
MLS REALTOR
Serving All Chicagoland & Surrounding Suburbs
**Looking for new agents.**



# ਖੇਤੀ ਕਾਨੂੰਨਾਂ ਖਿਲਾਫ ਜੰਗ ਸਾਂਝੀਵਾਲਤਾ, ਸਬਰ ਤੇ ਸਿਦਕ ਨਾਲ ਜਿੱਤਣ ਦਾ ਅਹਿਦ


**ਬਰਨਾਲਾ:** ਇਥੇ ਸਥਾਨਕ ਅਨਾਜ ਮੰਡੀ ਵਿਚ ਕੀਤੀ ਕਿਸਾਨ ਮਜ਼ਦੂਰ ਏਕਤਾ ਮਹਾਰੈਲੀ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਖੇਤੀ ਕਾਨੂੰਨਾਂ ਖਿਲਾਫ ਵਿੱਢੀ ਇਸ ਲੜਾਈ ਨੂੰ ਸਾਂਝੀਵਾਲਤਾ, ਸਬਰ ਤੇ ਸਿਦਕ ਨਾਲ ਜਾਰੀ ਰੱਖਦਿਆਂ ਹਰ ਹਾਲ ਜਿੱਤਣਗੇ।

ਆਗੂਆਂ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਵੱਲੋਂ ਕੇਸਾਂ ਦੇ ਰੂਪ ਵਿਚ ਦਿੱਤੇ ਡਰਾਵਿਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਸੱਦਾ ਦਿੱਤਾ ਕਿ ਕਿਸਾਨੀ ਅੰਦੋਲਨ ਨੂੰ ਹਰ ਵਰਗ ਆਪਣੀ ਹਮਾਇਤ ਦੇਵੇ ਤੇ ਇਕਜੁੱਟਤਾ ਨਾਲ ਇਸ ਲੜਾਈ ਨੂੰ ਅੱਗੇ ਲਿਜਾਂਦਿਆਂ ਸਫਲ ਬਣਾਇਆ ਜਾਵੇ। ਆਗੂਆਂ ਨੇ ਕਿਹਾ ਕਿ ਦਿੱਲੀ ਹਿੰਸਾ ਲਈ ਗ੍ਰਿਫਤਾਰ ਕਿਸਾਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ ਤੇ ਫਰਜ਼ੀ ਕੇਸ ਰੱਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਪਹਿਲੀ ਵਾਰ ਹੈ ਜਦੋਂ 'ਫਾਸ਼ੀਵਾਦੀ ਤੇ ਫਿਰਕੂ ਸਰਕਾਰ' ਨੂੰ ਚੁਣੌਤੀ ਦੇਣ ਲਈ ਦੇਸ਼ ਵਿਚ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਗਿਆ ਹੈ। ਬੀ.ਕੇ.ਯੂ. ਏਕਤਾ (ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਵਿਉਂਤੀ 'ਕਿਸਾਨ ਮਜ਼ਦੂਰ ਏਕਤਾ ਮਹਾਰੈਲੀ' ਨੂੰ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਰੁਲਦੂ ਸਿੰਘ ਮਾਨਸਾ ਤੇ ਸੁਖਦੇਵ ਸਿੰਘ ਨੇ ਵੀ ਸੰਬੋਧਨ ਕੀਤਾ। ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਨੇ ਚੁੱਲ੍ਹਾ-ਚੌਂਕਾ ਤੇ ਘਰੇਲੂ ਆਹਰ ਛੱਡ ਕੇ ਹੱਥਾਂ ਵਿਚ ਕਿਸਾਨੀ ਦਾ ਪਰਚਮ ਲਹਿਰਾਉਂਦਿਆਂ ਰੈਲੀ 'ਚ ਹਾਜਰੀ ਭਰੀ। ਇਸ ਦੌਰਾਨ ਸਥਾਨਕ ਪੁਲਿਸ ਨੇ ਰੈਲੀ ਵਿਚ ਸਵਾ ਤੋਂ ਡੇਢ ਲੱਖ ਲੋਕਾਂ ਦੇ ਸ਼ਾਮਲ ਹੋਣ ਦਾ ਦਾਅਵਾ ਕੀਤਾ ਹੈ।

ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਮਜ਼ਬੂਤੀ ਦੇਣ ਲਈ ਜਿਥੇ ਖੇਤ ਮਜ਼ਦੂਰਾਂ ਸਮੇਤ ਹੋਰਨਾਂ ਤਬਕਿਆਂ ਦੀ ਸ਼ਮੂਲੀਅਤ ਜਰੂਰੀ ਹੈ, ਉਥੇ ਸੰਘਰਸ਼ ਦੇ ਧਰਮ ਨਿਰਲੇਪ ਕਿਰਦਾਰ ਨੂੰ ਹੋਰ ਮਜ਼ਬੂਤ ਕਰਨ ਤੇ ਮੌਕਾਪ੍ਰਸਤ ਸਿਆਸੀ ਪਾਰਟੀਆਂ ਤੋਂ ਇਸ ਦੀ ਰਾਖੀ ਕਰਨੀ ਵੀ ਜਰੂਰੀ ਹੈ। 26 ਜਨਵਰੀ ਦੀਆਂ ਘਟਨਾਵਾਂ ਬਾਰੇ ਟਿੱਪਣੀਆਂ ਕਰਦਿਆਂ ਉਨ੍ਹਾਂ ਕਿਹਾ ਕਿ ਸੰਘਰਸ਼ ਵਿਚ ਸ਼ਾਮਲ ਬਾਹਰੀ ਸ਼ਕਤੀਆਂ ਰਾਹੀਂ ਮੋਦੀ ਹਕੂਮਤ ਨੇ ਇਸ 'ਤੇ ਵਿਸ਼ੇਸ਼ ਫਿਰਕੇ ਦਾ ਲੇਬਲ ਲਾਉਣ ਦਾ ਯਤਨ ਕੀਤਾ ਸੀ। ਇਹੀ ਨਹੀਂ ਕਿਸਾਨ ਅੰਦੋਲਨ ਨੂੰ ਫਿਰਕੂ ਰਾਸ਼ਟਰਵਾਦ ਦੇ ਹਮਲੇ ਹੇਠ ਲਿਆਉਣ ਦਾ ਵੀ ਯਤਨ ਕੀਤਾ, ਜਿਸ ਨੂੰ ਕਿਸਾਨਾਂ ਨੇ ਆਪਣੇ ਏਕੇ ਨਾਲ ਪਛਾੜ ਦਿੱਤਾ ਹੈ। ਉਗਰਾਹਾਂ ਨੇ ਮੰਗ ਕੀਤੀ ਕਿ ਸੰਘਰਸ਼ ਦੌਰਾਨ ਗ੍ਰਿਫਤਾਰ ਕੀਤੇ ਸਾਰੇ ਕਿਸਾਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ ਤੇ ਝੂਠੇ ਕੇਸ ਰੱਦ ਕੀਤੇ ਜਾਣ। ਗਣਤੰਤਰ ਦਿਵਸ ਮੌਕੇ ਦਿੱਲੀ ਵਿਚ ਸ਼ਹੀਦ ਹੋਏ (ਉੱਤਰਾਖੰਡ ਦੇ) ਨੌਜਵਾਨ ਨਵਰੀਤ ਸਿੰਘ ਦੀ ਮੌਤ ਦੀ ਜਾਂਚ ਕਰਵਾਈ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਬੀ.ਕੇ.ਯੂ. ਏਕਤਾ (ਉਗਰਾਹਾਂ) ਔਰਤ ਵਿੰਗ ਦੀ ਆਗੂ ਹਰਿੰਦਰ ਕੌਰ ਬਿੰਦੂ ਨੇ ਕਿਹਾ ਕਿ ਔਰਤਾਂ ਨੇ ਹੁਣ ਤੱਕ ਇਸ ਸੰਘਰਸ਼ 'ਚ ਅਹਿਮ ਭੂਮਿਕਾ ਨਿਭਾਈ ਹੈ। ਸੰਘਰਸ਼ ਨੂੰ ਉਹਦੀ ਮੰਜ਼ਲ ਤੱਕ ਪਹੁੰਚਾਉਣ ਲਈ ਖੇਤ ਮਜ਼ਦੂਰ ਔਰਤਾਂ ਨੂੰ ਵੀ ਅਜਿਹੀ ਧਿਰ ਵਜੋਂ ਅੱਗੇ ਆਉਣਾ ਚਾਹੀਦਾ ਹੈ। ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਬਾਦਲ ਸਰਕਾਰ ਵੱਲੋਂ ਬਣਾਏ ਠੇਕਾ ਖੇਤੀ ਕਾਨੂੰਨ ਨੂੰ ਰੱਦ ਕਰਨ ਦੇ ਐਲਾਨ ਨੂੰ ਫੌਰੀ ਲਾਗੂ ਕਰੇ ਤੇ ਆਪਣੇ ਵੱਲੋਂ ਅਜਿਹਾ ਨਵਾਂ ਕਾਨੂੰਨ ਲਿਆਉਣ ਦੀਆਂ ਵਿਉਂਤਾਂ ਫੌਰੀ ਰੱਦ ਕਰੇ। ਉਨ੍ਹਾਂ ਕਿਹਾ ਕਿ ਏ.ਪੀ.ਐਮ.ਸੀ. ਐਕਟ 2017 'ਚ ਕੀਤੀਆਂ ਕਿਸਾਨ ਵਿਰੋਧੀ ਸੋਧਾਂ ਰੱਦ ਕੀਤੀਆਂ ਜਾਣ, ਪ੍ਰਾਈਵੇਟ ਥਰਮਲਾਂ ਨਾਲ ਕੀਤੇ ਸਮਝੌਤੇ ਰੱਦ ਹੋਣ ਤੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੇ ਵਾਅਦੇ ਲਾਗੂ ਕੀਤੇ ਜਾਣ। ਰੈਲੀ ਦੌਰਾਨ ਬੁਲਾਰਿਆਂ ਨੇ 27 ਫਰਵਰੀ ਨੂੰ ਦਿੱਲੀ ਮੋਰਚੇ 'ਚ ਵੱਡੀ ਗਿਣਤੀ 'ਚ ਹਾਜਰੀ ਲਵਾਉਣ ਤੇ 8 ਮਾਰਚ ਨੂੰ 'ਮਹਿਲਾ ਦਿਵਸ' ਮੌਕੇ ਦਿੱਲੀ ਮੋਰਚੇ 'ਚ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਪੁੱਜਣ ਦਾ ਸੱਦਾ ਦਿੱਤਾ।


**Low Interest Rates in History**
**No Cost Refinancing Available!**



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173


# ਕਿਸਾਨ ਮੋਰਚੇ ਵੱਲੋਂ ਤੇਲ ਕੀਮਤਾਂ 'ਤੇ ਸਰਕਾਰ ਦੀ ਘੇਰਾਬੰਦੀ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਤੇਲ ਕੀਮਤਾਂ 'ਚ ਲਗਾਤਾਰ ਕੀਤੇ ਜਾ ਰਹੇ ਵਾਧੇ ਦੀ ਸਖਤ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਸਮਾਨੀਂ ਚੜ੍ਹਨ ਦਾ ਖਮਿਆਜ਼ਾ ਕਿਸਾਨਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਸਹਿਣਾ ਪੈ ਰਿਹਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਵਧੀਆਂ ਤੇਲ ਕੀਮਤਾਂ ਕਾਰਨ ਕਿਸਾਨਾਂ ਨੂੰ ਆਪਣੀ ਫਸਲ ਘੱਟੋ ਘੱਟ ਸਮਰਥਨ ਮੁੱਲ ਤੋਂ ਹੇਠਾਂ ਵੇਚਣੀ ਪੈ ਰਹੀ ਹੈ। ਮੋਰਚੇ ਦੀ ਕਮੇਟੀ ਦੇ ਮੈਂਬਰ ਡਾ. ਦਰਸ਼ਨਪਾਲ ਨੇ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਖਿਲਾਫ ਦੇਸ਼ ਭਰ 'ਚ ਲੋਕ ਰੋਸ ਪ੍ਰਗਟਾਵੇ ਕਰ ਰਹੇ ਹਨ ਪਰ ਸਰਕਾਰ 'ਤੇ ਕੋਈ ਅਸਰ ਨਹੀਂ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਝੱਜਰ ਅਤੇ ਰੇਵਾੜੀ 'ਚ ਤੇਲ ਦੀਆਂ ਕੀਮਤਾਂ 'ਚ ਵਾਧੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ ਦੇ ਕਈ ਜਿਲ੍ਹਿਆਂ ਵਿਚ ਰੇਲ ਰੋਕੋ ਪ੍ਰੋਗਰਾਮਾਂ ਦੌਰਾਨ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦੇ ਵਿਰੋਧ ਵਿਚ ਗਵਾਲੀਅਰ 'ਚ ਐਸ.ਪੀ. ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ ਅਤੇ ਗ੍ਰਿਫਤਾਰ ਕਾਰਕੁਨਾਂ ਨੂੰ ਜੇਲ੍ਹ ਤੋਂ ਰਿਹਾਅ ਕਰਵਾਇਆ ਗਿਆ। ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਖਿਲਾਫ ਝੂਠੇ ਕੇਸ ਦਰਜ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਦੇ ਹੌਸਲੇ ਬੁਲੰਦ ਹਨ ਅਤੇ ਮੰਗਾਂ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ।

ਉਧਰ, ਨੌਜਵਾਨ ਕਿਸਾਨਾਂ ਨੇ ਕੁੰਡਲੀ ਵਿਚ ਟੀ. ਡੀ. ਆਈ. ਮਾਲ ਤੋਂ ਲੈ ਕੇ ਸਿੰਘੂ ਬਾਰਡਰ 'ਤੇ ਮੁੱਖ ਸਟੇਜ ਤੱਕ ਭਾਈਚਾਰਾ ਯਾਤਰਾ ਕੱਢੀ, ਜਿਸ ਵਿਚ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਏਕਤਾ ਦੇ ਨਾਅਰੇ ਲਗਾਏ ਗਏ। ਮੁੱਖ ਮੰਚ ਤੋਂ ਕਿਸਾਨ ਆਗੂਆਂ ਵੱਲੋਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦ ਹੋਣ ਵਾਲੇ 200 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਹੁਣ ਅੰਦੋਲਨ ਦੀ ਰਣਨੀਤੀ ਵਿਚ ਨੌਜਵਾਨਾਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵਰੀਤ ਸਿੰਘ ਦੀ ਸ਼ਹਾਦਤ ਕੁਝ ਵੱਖਰੀ ਕਿਸਮ ਦੀ ਹੈ ਤੇ ਉਹ ਸਰਕਾਰ ਦੀ ਗੋਲੀ ਨਾਲ ਸ਼ਹੀਦ ਹੋਇਆ ਹੈ। ਸ਼ਹੀਦ ਹੋਏ ਕਿਸਾਨਾਂ ਦੀਆਂ ਤਸਵੀਰਾਂ ਮੁੱਖ ਮੰਚ ਨੇੜੇ ਲਾਈਆਂ ਜਾਣਗੀਆਂ।


LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law
Come talk to an experienced immigration attorney
Toll Free No. 866-424-4000
OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com
Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English





"Serving All Your Real Estate Needs"
Columbus, Ohio is one of the fastest growing city in USA and With Best Schools.
Rajwinder Gill
(Your Real Estate Pro.)
MBA (Finance)
Red 1 Realty
ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਰੇਲ ਰੋਕੋ ਨੂੰ ਮਿਲੇ ਭਰਵੇਂ ਹੁੰਗਾਰੇ ਨੇ ਮੋਦੀ ਸਰਕਾਰ ਦੀਆਂ ਅੱਖਾਂ ਖੋਲ੍ਹੀਆਂ

**ਨਵੀਂ ਦਿੱਲੀ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸਮੇਤ ਦੇਸ਼ ਦੀਆਂ ਤਕਰੀਬਨ 500 ਕਿਸਾਨ ਜਥੇਬੰਦੀਆਂ ਤੇ ਯੂਨੀਅਨਾਂ ਦੇ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਦਿੱਤੇ ਰੇਲ ਰੋਕੋ ਪ੍ਰੋਗਰਾਮ ਨੂੰ ਪੰਜਾਬ, ਹਰਿਆਣਾ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਭਰਵਾਂ ਹੁੰਗਾਰਾ ਮਿਲਿਆ। ਦੇਸ਼ ਦੇ ਕਿਸਾਨਾਂ ਨੇ ਕੌਮੀ ਪੱਧਰ 'ਤੇ ਰੇਲ ਰੋਕੋ ਨੂੰ ਸਫਲ ਬਣਾਇਆ ਤੇ ਵੱਡੇ-ਛੋਟੇ ਰੇਲਵੇ ਸਟੇਸ਼ਨਾਂ ਦੀਆਂ ਰੇਲ ਪਟੜੀਆਂ ਰੋਕੀਆਂ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨਪਾਲ ਨੇ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਲਗਾਤਾਰ ਝੂਠ ਬੋਲ ਰਹੀ ਹੈ ਕਿ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕੁਝ ਰਾਜਾਂ ਤੱਕ ਹੀ ਸੀਮਤ ਹੈ ਪਰ ਰੇਲ ਰੋਕੋ ਅੰਦੋਲਨ ਦੌਰਾਨ ਹੋਰ ਰਾਜਾਂ ਦੇ ਕਿਸਾਨਾਂ ਨੇ ਰੇਲਾਂ ਰੋਕ ਕੇ ਕੇਂਦਰ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਰੇਲਵੇ ਦੇ ਕੌਮੀ ਨੈੱਟਵਰਕ ਵਾਂਗ ਹੀ ਕਿਸਾਨਾਂ ਨੇ ਕੌਮੀ ਪੱਧਰ ਦੀ ਲਾਮਬੰਦੀ ਕੀਤੀ ਤੇ ਅਮਨ, ਸ਼ਾਂਤੀ ਨਾਲ ਇਸ ਅੰਦੋਲਨ ਨੂੰ ਨੇਪਰੇ ਚਾੜ੍ਹਿਆ।

ਪ੍ਰਾਪਤ ਰਿਪੋਰਟਾਂ ਮੁਤਾਬਕ ਰੇਲ ਰੋਕੋ ਨੂੰ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਉੱਤਰਾਂਚਲ, ਰਾਜਸਥਾਨ, ਮਹਾਂਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ, ਉੜੀਸਾ, ਮੁੰਬਈ ਤੇ ਮੱਧ ਪ੍ਰਦੇਸ਼ ਸਮੇਤ ਹੋਰ ਰਾਜਾਂ ਤੋਂ ਵੀ ਹੁੰਗਾਰਾ ਮਿਲਿਆ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੇ ਕੇਂਦਰ ਨੂੰ ਦੱਸ ਦਿੱਤਾ ਹੈ ਕਿ ਅੰਦੋਲਨ ਹੁਣ ਕੌਮੀ ਪੱਧਰ ਦੀ ਪਛਾਣ ਬਣਾ ਚੁੱਕਾ ਹੈ। ਕਿਸਾਨ ਆਗੂਆਂ ਮੁਤਾਬਕ ਕਿਸਾਨਾਂ ਦੇ ਪਰਿਵਾਰਾਂ ਨੇ ਬੱਚਿਆਂ ਸਮੇਤ ਕਿਸਾਨ ਅੰਦੋਲਨ ਦੇ ਇਸ ਪੜਾਅ ਦੌਰਾਨ ਪਟੜੀਆਂ ਮੱਲ ਕੇ ਕਿਸਾਨਾਂ ਦਾ ਸਾਥ ਦਿੱਤਾ। ਕਿਸੇ ਪਾਸਿਓਂ ਕੋਈ ਅਣਹੋਣੀ ਜਾਂ ਪੁਲਿਸ ਨਾਲ ਟਾਕਰੇ ਦੀ ਕੋਈ ਸੂਚਨਾ ਨਹੀਂ ਮਿਲੀ। ਕਿਸਾਨ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਕਿਸਾਨ ਸ਼ਾਂਤਮਈ ਅੰਦੋਲਨ ਉਦੋਂ ਤੱਕ ਜਾਰੀ ਰੱਖਣਗੇ ਜਦੋਂ ਤੱਕ ਕੇਂਦਰ ਤਿੰਨਾਂ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰਦਾ। ਕਿਸਾਨ ਆਗੂਆਂ ਨੇ ਦੱਸਿਆ ਕਿ ਕੁਰੂਕਸ਼ੇਤਰ ਰੇਲਵੇ ਟਰੈਕ, ਰੇਵਾੜੀ ਰੇਲਵੇ ਟਰੈਕ 'ਤੇ ਕਿਸਾਨਾਂ ਨੇ ਧਰਨਾ ਦਿੱਤਾ। ਇਸੇ ਤਰ੍ਹਾਂ ਹਰਿਦੁਆਰ ਸਪੈਸ਼ਲ ਮੇਰਠ ਵਿਚ, ਮੁੰਬਈ ਤੋਂ ਅੰਮ੍ਰਿਤਸਰ ਜਾ ਰਹੀ ਪੱਛਮ ਐਕਸਪ੍ਰੈਸ ਪਾਣੀਪਤ 'ਚ ਰੋਕੀ ਗਈ। ਕਿਸਾਨਾਂ ਨੇ ਯਮੁਨਾਨਗਰ, ਹਰਿਆਣਾ, ਉੜੀਸਾ ਦੇ ਬ੍ਰਹਮਾਪੁਰ, ਬਿਹਾਰ ਦੇ ਸੇਖਪੁਰਾ, ਮਹਾਰਾਸ਼ਟਰ ਵਿਚ ਔਰੰਗਾਬਾਦ, ਪੁਣੇ, ਜੰਮੂ ਅਤੇ ਕਰਨਾਲ 'ਚ ਵੀ ਰੇਲ ਟਰੈਕ ਜਾਮ ਕੀਤੇ।

ਉਧਰ, ਭਾਰਤੀ ਰੇਲਵੇ ਨੇ ਦੱਸਿਆ ਕਿ 4 ਘੰਟੇ ਦਾ ਰੇਲ ਰੋਕੋ ਅੰਦੋਲਨ ਸ਼ਾਂਤੀਪੂਰਵਕ ਪੂਰਾ ਹੋ ਗਿਆ ਤੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਹਾਲਾਂਕਿ ਰੇਲਵੇ ਨੇ ਬਿਆਨ ਵਿਚ ਕਿਹਾ ਕਿ 20 ਵਾਧੂ ਕੰਪਨੀਆਂ ਰੇਲਵੇ ਸੁਰੱਖਿਆ ਲਈ ਲਾਈਆਂ ਗਈਆਂ ਸਨ ਤੇ ਦੇਸ਼ ਭਰ ਵਿਚ ਰੇਲ ਰੋਕੋ ਦਾ ਅਸਰ ਬਹੁਤ ਘੱਟ ਪਿਆ। ਕੁਝ ਇਲਾਕਿਆਂ ਵਿਚ ਕੁਝ ਰੇਲ ਗੱਡੀਆਂ ਰੋਕੀਆਂ ਗਈਆਂ ਸਨ ਪਰ ਬਾਅਦ ਵਿਚ ਰੇਲ ਆਵਾਜਾਈ ਆਮ ਵਰਗੀ ਹੋ ਗਈ। ਸ਼ਾਮ ਨੂੰ ਰੇਲਵੇ ਦੇ ਸਾਰੇ ਜ਼ੋਨਾਂ ਵਿਚ ਰੇਲ ਆਵਾਜਾਈ ਪੂਰਨ ਰੂਪ ਵਿਚ ਚੱਲ ਪਈ ਸੀ। ਰੇਲ ਰੋਕੋ ਪ੍ਰੋਗਰਾਮ ਦੇ ਮੱਦੇਨਜਰ ਰੇਲਵੇ ਪੁਲਿਸ ਬਲ (ਆਰ.ਪੀ.ਐਫ.) ਵੱਲੋਂ ਵੱਖ-ਵੱਖ ਰਾਜਾਂ ਦੀ ਪੁਲਿਸ ਨਾਲ ਤਾਲਮੇਲ ਕਰਕੇ ਸੁਰੱਖਿਆ ਬੰਦੋਬਸਤ ਮਜ਼ਬੂਤ ਕੀਤੇ ਗਏ।

### *ਕਿਸਾਨਾਂ ਨੇ ਕੌਮੀ ਪੱਧਰ ਦੀ ਲਾਮਬੰਦੀ ਦਾ ਦਿੱਤਾ ਸੁਨੇਹਾ*



## ਝੂਠਾ ਪ੍ਰਚਾਰ ਬੰਦ ਕਰਨ ਲਈ ਰਾਸ਼ਟਰਪਤੀ ਨੂੰ ਖੁੱਲ੍ਹੀ ਚਿੱਠੀ

**ਚੰਡੀਗੜ੍ਹ:** ਸੇਵਾ ਮੁਕਤ ਸਿਵਲ, ਪੁਲਿਸ, ਫੌਜ ਅਤੇ ਹੋਰ ਵੱਡੇ ਅਫਸਰਾਂ ਨੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਹੱਕ 'ਚ ਭਾਰਤ ਦੇ ਰਾਸ਼ਟਰਪਤੀ ਨੂੰ ਇਕ ਖੁੱਲ੍ਹੀ ਚਿੱਠੀ ਲਿਖੀ ਹੈ। ਚਿੱਠੀ ਵਿਚ ਦੱਸਿਆ ਗਿਆ ਹੈ ਕਿ ਉਹ ਕੇਂਦਰੀ ਅਤੇ ਰਾਜ ਪੱਧਰ ਦੇ ਕਈ ਮਹਿਕਮਿਆਂ ਵਿਚ ਕਈ ਸਾਲ ਆਪਣੀਆਂ ਸੇਵਾਵਾਂ ਦੇਣ ਤੋਂ ਬਾਅਦ ਸੇਵਾ ਮੁਕਤ ਹੋਏ ਹਨ ਅਤੇ ਉਨ੍ਹਾਂ ਦਾ ਕਦੇ ਵੀ ਕਿਸੇ ਰਾਜਨੀਤਕ ਪਾਰਟੀ ਨਾਲ ਸਬੰਧ ਨਹੀਂ ਰਿਹਾ ਅਤੇ ਸੰਵਿਧਾਨ ਪ੍ਰਤੀ ਹੀ ਸੱਚੀ ਸ਼ਰਧਾ ਰਹੀ ਹੈ। ਰਾਸ਼ਟਰਪਤੀ ਨੂੰ ਕਿਹਾ ਗਿਆ ਹੈ ਕਿ ਬਾਕੀ ਸਾਰੇ ਚੈਨਲ (ਜਰੀਏ) ਇਕ ਪਾਸੜ ਪ੍ਰਤੀਤ ਹੋ ਰਹੇ ਹਨ, ਜਿਨ੍ਹਾਂ ਤੋਂ ਨਿਰਪੱਖਤਾ ਅਤੇ ਤਰਕਸ਼ੀਲਤਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। 26 ਜਨਵਰੀ ਨੂੰ ਲਾਲ ਕਿਲ੍ਹੇ ਉਤੇ ਵਾਪਰੀ ਘਟਨਾ ਨੂੰ ਨਿੰਦਣਯੋਗ ਦੱਸਿਆ ਗਿਆ ਹੈ, ਪਰ ਮੰਗ ਕੀਤੀ ਗਈ ਹੈ ਕਿ ਸਰਕਾਰ ਵੱਲੋਂ ਦਰਜ ਝੂਠੇ ਕੇਸਾਂ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਸਿਰਫ ਅਸਲ ਦੋਸ਼ੀਆਂ ਖਿਲਾਫ ਹੀ ਕੇਸ ਚੱਲਣਾ ਚਾਹੀਦਾ ਹੈ। ਇਸ ਦੇ ਨਾਲ ਹੀ ਤਿੰਨੇ ਖੇਤੀ ਕਾਨੂੰਨਾਂ ਨੂੰ ਵੀ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ।

## ਕੈਪਟਨ ਵੱਲੋਂ ਮੋਦੀ ਨੂੰ ਖੇਤੀ ਕਾਨੂੰਨਾਂ ਦਾ ਮੁੱਦਾ ਸੁਲਝਾਉਣ ਦੀ ਅਪੀਲ

**ਚੰਡੀਗੜ੍ਹ:** ਤਿੰਨ ਨਵੇਂ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਰੌਲੇ ਰੱਪੇ ਦੇ ਨਤੀਜੇ ਵਜੋਂ ਸੂਬੇ ਦੀ ਖੇਤੀਬਾੜੀ ਨੂੰ ਦਰਪੇਸ਼ ਖਤਰੇ ਉਤੇ ਚਿੰਤਾ ਜ਼ਾਹਿਰ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਅੰਦੋਲਨਕਾਰੀ ਕਿਸਾਨਾਂ ਦੀਆਂ ਸਾਰੀਆਂ ਸ਼ਿਕਾਇਤਾਂ ਨੂੰ ਉਨ੍ਹਾਂ ਦੀ ਤਸੱਲੀ ਮੁਤਾਬਕ ਦੂਰ ਕਰਕੇ ਕਿਸਾਨ ਅੰਦੋਲਨ ਦੇ ਮਸਲੇ ਦਾ ਛੇਤੀ ਹੱਲ ਯਕੀਨੀ ਬਣਾਇਆ ਜਾਵੇ।

ਅੰਨਦਾਤੇ ਨੂੰ ਪੂਰੀ ਇੱਜ਼ਤ ਦੇਣ ਉਤੇ ਪੂਰਾ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਨੀਤੀ ਆਯੋਗ ਦੀ ਵਰਚੂਅਲ ਮੀਟਿੰਗ ਵਿਚ ਪੇਸ਼ ਆਪਣੇ ਭਾਸ਼ਣ ਵਿਚ ਸੂਬਾ ਸਰਕਾਰ ਦਾ ਇਹ ਰੁਖ ਦੁਹਰਾਇਆ ਕਿ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ ਅਤੇ ਇਸ ਸਬੰਧੀ ਕੋਈ ਵੀ ਕਾਨੂੰਨ ਬਣਾਉਣ ਦਾ ਅਧਿਕਾਰ



ਸੰਵਿਧਾਨ 'ਚ ਦਰਜ ਸਹਿਕਾਰੀ ਸੰਘਵਾਦ ਦੀ ਸੱਚੀ ਭਾਵਨਾ ਅਨੁਸਾਰ ਸੂਬਿਆਂ ਕੋਲ ਛੱਡ ਦੇਣਾ ਚਾਹੀਦਾ ਹੈ। ਇਸ ਸੰਦਰਭ 'ਚ ਉਨ੍ਹਾਂ ਸੂਬਾ ਸਰਕਾਰ ਦੁਆਰਾ ਪੰਜਾਬ ਵਿਧਾਨ ਸਭਾ 'ਚ ਅਕਤੂਬਰ 2020 ਦੌਰਾਨ ਕੇਂਦਰੀ ਕਾਨੂੰਨਾਂ 'ਚ ਕੀਤੀ ਗਈ ਸੋਧ ਦੇ ਪਾਸ ਕੀਤੇ ਜਾਣ ਵੱਲ ਧਿਆਨ ਦਿਵਾਇਆ। ਕੈਪਟਨ ਸਿਹਤ ਠੀਕ ਨਾ ਹੋਣ ਕਾਰਨ ਮੀਟਿੰਗ 'ਚ ਹਿੱਸਾ ਨਹੀਂ ਲੈ ਸਕੇ।

ਆਪਣੇ ਭਾਸ਼ਣ 'ਚ ਮੁੱਖ ਮੰਤਰੀ ਨੇ ਕਿਹਾ ਕਿ ਇਕ ਅਜਿਹੇ ਸੁਧਾਰ ਜੋ ਕਿ ਇਕ ਅਜਿਹੇ ਖੇਤਰ ਵਿਚ ਲਾਗੂ ਕੀਤੇ ਜਾਣੇ ਹੋਣ ਜਿਸ ਦਾ ਸਬੰਧ ਦੇਸ਼ ਦੇ ਕਾਮਿਆਂ ਦੇ 60 ਫੀਸਦੀ ਹਿੱਸੇ ਨਾਲ ਹੋਵੇ, ਨੂੰ ਸਾਰੀਆਂ ਸਬੰਧਤ ਧਿਰਾਂ ਨਾਲ ਵਿਸਥਾਰਤ ਗੱਲਬਾਤ ਦੀ ਪ੍ਰਕਿਰਿਆ ਰਾਹੀਂ ਹੀ ਨੇਪਰੇ ਚਾੜ੍ਹਿਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਇਸ ਗੱਲ ਦੀ ਲੋੜ ਉਤੇ ਜੋਰ ਦਿੱਤਾ ਕਿ ਸੂਬੇ ਦੇ ਕਿਸਾਨਾਂ ਵਿਚ ਵਿਸ਼ਵਾਸ ਪੈਦਾ ਕਰਨ ਅਤੇ ਅਜਿਹੇ ਕਿਸੇ ਵੀ ਖਦਸ਼ੇ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਵਲੋਂ ਕਦਮ ਚੁੱਕੇ ਜਾਣ।

## ਖੇਤੀ ਕਾਨੂੰਨ ਕਿਸਾਨਾਂ ਲਈ ਮੌਤ ਦਾ ਵਾਰੰਟ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਸਾਨ ਆਗੂਆਂ ਨਾਲ ਬੈਠਕ ਦੌਰਾਨ ਤਿੰਨੋਂ ਖੇਤੀ ਕਾਨੂੰਨ ਕਿਸਾਨਾਂ ਲਈ 'ਮੌਤ ਦੇ ਵਾਰੰਟ' ਕਰਾਰ ਦਿੱਤੇ। ਉਨ੍ਹਾਂ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂਆਂ ਨਾਲ ਦਿੱਲੀ ਵਿਧਾਨ ਸਭਾ 'ਚ ਦੁਪਹਿਰ ਦੇ ਭੋਜਨ 'ਤੇ ਮੁਲਾਕਾਤ ਕੀਤੀ। ਕੇਜਰੀਵਾਲ ਨੇ ਕਿਹਾ,''ਜੇਕਰ ਤਿੰਨੋਂ ਕਿਸਾਨ ਵਿਰੋਧੀ ਕਾਨੂੰਨ ਲਾਗੂ ਹੋ ਗਏ ਤਾਂ ਦੇਸ਼ ਦੀ ਖੇਤੀ ਚੰਦ ਕਾਰੋਬਾਰੀਆਂ ਦੇ ਹੱਥਾਂ 'ਚ ਚਲੀ ਜਾਵੇਗੀ ਅਤੇ ਕਿਸਾਨ ਤਬਾਹ ਹੋ ਜਾਣਗੇ।''

ਉਨ੍ਹਾਂ ਕਿਹਾ ਕਿ ਕਾਨੂੰਨ ਲਾਗੂ ਹੋਣ ਮਗਰੋਂ ਕਿਸਾਨ ਆਪਣੀਆਂ ਜ਼ਮੀਨਾਂ 'ਤੇ ਹੀ ਮਜ਼ਦੂਰ ਬਣ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਤਿੰਨੋਂ ਕਾਲੇ ਕਾਨੂੰਨਾਂ ਨੂੰ ਤੁਰਤ ਵਾਪਸ ਲਵੇ। ਮੀਟਿੰਗ 'ਚ 40 ਤੋਂ ਵੱਧ ਕਿਸਾਨ ਆਗੂਆਂ ਨੇ ਹਾਜ਼ਰੀ ਭਰੀ। ਰਾਸ਼ਟਰੀ ਜਾਟ ਮਹਾਸੰਘ ਦੇ ਆਗੂ ਰੋਹਿਤ ਜਾਖੜ ਨੇ ਕਿਹਾ ਕਿ ਗਾਜੀਪੁਰ ਬਾਰਡਰ 'ਤੇ ਯੂਪੀ ਸਰਕਾਰ ਨੇ ਬਿਜਲੀ ਅਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਸੀ ਪਰ ਕੇਜਰੀਵਾਲ ਸਰਕਾਰ ਨੇ ਪਾਣੀ ਅਤੇ ਪਖਾਨਿਆਂ ਦਾ ਪ੍ਰਬੰਧ ਕਰਕੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਸਹਾਇਤਾ ਕੀਤੀ ਹੈ। ਆਗੂ ਨੇ ਕਿਹਾ ਕਿ ਜਿਹੜੇ ਆਗੂ ਕਿਸਾਨਾਂ ਦੀਆਂ ਮੁਸ਼ਕਲਾਂ ਦੀ ਗੱਲ ਕਰਨਗੇ, ਉਨ੍ਹਾਂ ਨੂੰ ਹਮਾਇਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਈ ਹੈ ਅਤੇ ਉਹ ਇਸ ਦਾ ਜਵਾਬ ਵੋਟਾਂ ਰਾਹੀਂ ਦੇਣਗੇ।

## ਕਿਸਾਨਾਂ ਵੱਲੋਂ ਸਰਕਾਰ ਨੂੰ ਸਖਤ ਸੁਨੇਹਾ ਦੇਣ ਦੀ ਤਿਆਰੀ

**ਸਿੰਘੂ ਬਾਰਡਰ (ਦਿੱਲੀ):** 26 ਜਨਵਰੀ ਦੀ ਘਟਨਾ ਤੋਂ ਬਾਅਦ ਕਿਸਾਨੀ ਮਸਲੇ ਦੇ ਹੱਲ ਲਈ ਕੇਂਦਰ ਸਰਕਾਰ ਦੀ ਚੁੱਪ ਅਤੇ ਮੀਡੀਆ ਦੇ ਇਕ ਹਿੱਸੇ ਦੀ ਕਿਸਾਨੀ ਅੰਦੋਲਨ 'ਚ ਸ਼ਮੂਲੀਅਤ ਨੂੰ ਲੈ ਕੇ ਕੀਤੇ ਜਾਣ ਵਾਲੇ ਭੰਡੀ ਪ੍ਰਚਾਰ ਨੂੰ ਲੈ ਕੇ ਗੰਭੀਰਤਾ ਦਿਖਾਉਂਦੇ ਹੋਏ ਸੰਯੁਕਤ ਕਿਸਾਨ ਮੋਰਚਾ ਵੱਲੋਂ ਨਵੀਂ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ, ਜਿਸ ਦਾ ਐਲਾਨ ਮੋਰਚੇ ਵਲੋਂ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। 26 ਨਵੰਬਰ ਨੂੰ ਦਿੱਲੀ ਦੀਆਂ ਬਰੂੰਹਾਂ 'ਤੇ ਕਿਸਾਨ ਅੰਦੋਲਨ ਦੇ ਪਹੁੰਚਣ ਤੋਂ ਬਾਅਦ 26 ਜਨਵਰੀ ਤੱਕ ਕੇਂਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਖੇਤੀ ਕਾਨੂੰਨ ਸਬੰਧੀ 11 ਬੈਠਕਾਂ ਹੋਈਆਂ ਪਰ ਇਨ੍ਹਾਂ 11 ਬੈਠਕਾਂ ਦਾ ਕੋਈ ਸਿੱਟਾ ਨਾ ਨਿਕਲਿਆ, ਜਿਸ ਕਰਕੇ ਇਹ ਅੰਦੋਲਨ ਅੱਜ ਵੀ ਬਰਕਰਾਰ ਹੈ।

ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਦੀ ਘਟਨਾ ਤੋਂ ਬਾਅਦ ਪਏ ਖੱਪੇ ਦੀ ਪੂਰਤੀ ਕਰਦੇ ਹੋਏ ਕੇਂਦਰ ਦੇ ਚੁੱਪ ਵਾਲੇ ਵਤੀਰੇ ਅਤੇ ਮੀਡੀਆ ਦੇ ਇਕ ਹਿੱਸੇ ਦੇ ਭੰਡੀ ਪ੍ਰਚਾਰ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਨਵੀਂ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ। ਕਿਸਾਨ ਧਰਨੇ ਦੀ ਭੀੜ ਨੂੰ ਪਹਿਲਾਂ ਤੋਂ ਵੀ ਜ਼ਿਆਦਾ ਜੁਟਾਉਣ ਲਈ ਪਿੰਡ ਪੱਧਰ ਉਤੇ ਕਿਸਾਨਾਂ ਨੂੰ ਧਰਨੇ ਦਾ ਹਿੱਸਾ ਬਣਾਉਣ ਲਈ ਲਾਮਬੰਦ ਕੀਤਾ ਜਾਵੇਗਾ। ਇਸ ਦੇ ਨਾਲ ਹੀ ਅਗਲੇ ਦਿਨਾਂ ਵਿਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੁਝ ਹੋਰ ਨਵੇਂ ਪ੍ਰੋਗਰਾਮ ਦਿੱਤੇ ਜਾ ਸਕਦੇ ਹਨ। ਅਗਲੇ ਦਿਨਾਂ ਵਿਚ ਕਿਸਾਨੀ ਸੰਘਰਸ਼ ਵਿਚ ਸ਼ਾਮਲ ਹੋਣ ਵਾਲਿਆਂ ਦੀ ਆਮਦ 'ਚ ਵਾਧਾ ਹੋਣ ਉਤੇ ਅਗਾਮੀ ਦਿਨਾਂ 'ਚ ਮੌਸਮ ਵਿਚ ਆਉਣ ਵਾਲੇ ਬਦਲਾਅ ਕਾਰਨ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਵੀ ਅਹਿਮ ਹਨ, ਜਿਸ ਉਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਜੋ ਤਰੁੱਟੀਆਂ ਧਰਨੇ ਦੇ ਆਰੰਭਿਕ ਦਿਨਾਂ ਵਿਚ ਸਾਹਮਣੇ ਆਈਆਂ ਸਨ, ਉਸ ਤਰ੍ਹਾਂ ਦੇ ਜੋਖਮ ਭਰੇ ਦਿਨ ਨਾ ਬਹੁੜਨ ਉਸ 'ਤੇ ਵਿਚਾਰ ਕਰਕੇ ਉਸ ਦੀ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ। ਗਰਮੀ ਦੇ ਮੌਸਮ ਵਿਚ ਮੱਖੀਆਂ, ਮੱਛਰਾਂ ਅਤੇ ਹੋਰ ਜੀਵਾਂ ਦੀ ਕੁਦਰਤੀ ਪੈਦਾਇਸ਼ ਕਈ ਮਾੜੇ ਪ੍ਰਭਾਵਾਂ ਨੂੰ ਪੈਦਾ ਕਰ ਸਕਦੀ ਹੈ, ਜਿਸ ਲਈ ਮੋਰਚੇ ਵਲੋਂ ਬਿਜਲੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਜਨਰੇਟਰ ਸਥਾਪਿਤ ਕਰਨ ਤੋਂ ਇਲਾਵਾ ਪੱਖੇ, ਕੂਲਰਾਂ ਅਤੇ ਮੱਛਰਦਾਨੀਆਂ ਵਾਲੇ ਰੈਣ ਬਸੇਰੇ ਸਥਾਪਤ ਕਰਨ ਦੀ ਯੋਜਨਾ ਬਣਾਈ ਗਈ ਹੈ, ਜਿਸ ਨੂੰ ਅਗਲੇ ਦਿਨਾਂ ਵਿਚ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ।



## ਦੇਸ਼ਧ੍ਰੋਹ ਬਾਰੇ ਅਦਾਲਤੀ ਫੈਸਲੇ ਦਾ ਟਿਕੈਤ ਵੱਲੋਂ ਸਵਾਗਤ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਦਿੱਲੀ ਕੋਰਟ ਦੇ ਇਸ ਫੈਸਲੇ ਕਿ 'ਪ੍ਰਦਰਸ਼ਨਕਾਰੀਆਂ ਦੀ ਆਵਾਜ਼ ਨੂੰ ਦਬਾਉਣ ਲਈ ਦੇਸ਼ਧ੍ਰੋਹ ਕਾਨੂੰਨ ਦਾ ਵਾਸਤਾ ਨਹੀਂ ਪਾਇਆ ਜਾ ਸਕਦਾ' ਦੀ ਸ਼ਲਾਘਾ ਕੀਤੀ ਹੈ। ਟਿਕੈਤ ਨੇ ਕਿਹਾ, 'ਦੇਸ਼ਧ੍ਰੋਹ ਕਾਨੂੰਨ ਬਾਰੇ ਸੁਣਾਏ ਫੈਸਲੇ ਨੂੰ ਲੈ ਕੇ ਕੋਰਟ ਬਿਲਕੁਲ ਠੀਕ ਹੈ।' ਚੇਤੇ ਰਹੇ ਕਿ ਦਿੱਲੀ ਦੀ ਕੋਰਟ ਨੇ ਕਿਸਾਨ ਅੰਦੋਲਨ ਬਾਰੇ ਫੇਸਬੁੱਕ 'ਤੇ ਫਰਜ਼ੀ ਵੀਡੀਓ ਪੋਸਟ ਕਰਨ ਦੇ ਮੁਲਜ਼ਮ ਵਿਅਕਤੀ ਨੂੰ ਜ਼ਮਾਨਤ ਦਿੰਦਿਆਂ ਕਿਹਾ ਸੀ ਕਿ 'ਸ਼ਰਾਰਤੀ ਅਨਸਰਾਂ ਨੂੰ ਦਬਾਉਣ ਦੇ ਨਾਂ ਹੇਠ ਅਸ਼ਾਂਤ ਲੋਕਾਂ ਨੂੰ ਸ਼ਾਂਤ ਕਰਨ ਲਈ' ਦੇਸ਼ਧ੍ਰੋਹ ਕਾਨੂੰਨ ਦਾ ਵਾਸਤਾ ਨਹੀਂ ਪਾਇਆ ਜਾ ਸਕਦਾ। ਟਿਕੈਤ ਨੇ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਵਿਚਾਰਧਾਰਕ ਮੁਹਿਮ ਹੈ, ਪਰ 'ਕਿਸਾਨਾਂ ਦੀ ਆਵਾਜ਼ ਨੂੰ ਕੁਚਲਣ ਲਈ ਬੰਦੂਕਾਂ ਵਰਤੀਆਂ ਜਾ ਰਹੀਆਂ ਹਨ।' ਟਿਕੈਤ ਨੇ ਕਿਹਾ ਕਿ ਜਿਹੜੇ ਸੰਘਰਸ਼ ਕਿਸੇ ਉਦੇਸ਼ ਨਾਲ ਸ਼ੁਰੂ ਹੁੰਦੇ ਹਨ, ਨੂੰ ਬੰਦੂਕਾਂ ਦਾ ਡਰ ਵਿਖਾ ਕੇ ਲੀਹੋਂ ਨਹੀਂ ਲਾਹਿਆ ਆ ਸਕਦਾ ਤੇ ਇਹ ਲੜਾਈ ਕਿਸਾਨਾਂ ਦੇ ਹੱਕਾਂ ਲਈ ਹੈ।

## ਭਾਜਪਾ ਨਾਲ ਸਬੰਧਤ ਹਰ ਆਗੂ ਤੇ ਵਰਕਰ ਦੇ ਸਮਾਜਿਕ ਬਾਈਕਾਟ ਦਾ ਸੱਦਾ

**ਚੰਡੀਗੜ੍ਹ:** ਚੰਡੀਗੜ੍ਹ 'ਚ ਹੋਈ ਕਿਸਾਨ ਮਹਾਂ ਪੰਚਾਇਤ ਦੌਰਾਨ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਰੁਲਦੂ ਸਿੰਘ ਮਾਨਸਾ ਅਤੇ ਗੁਰਨਾਮ ਸਿੰਘ ਚੜੂਨੀ ਨੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੂੰ ਜੰਮ ਕੇ ਰਗੜੇ ਲਾਏ ਅਤੇ ਭਾਜਪਾ ਨਾਲ ਸਬੰਧ ਰੱਖਦੇ ਹਰ ਆਗੂ ਤੇ ਵਰਕਰ ਦੇ ਸਮਾਜਿਕ ਬਾਈਕਾਟ ਦਾ ਸੱਦਾ ਵੀ ਦਿੱਤਾ।

ਕਿਸਾਨ ਆਗੂਆਂ ਨੇ ਮਹਾਂ ਪੰਚਾਇਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਬਣਾ ਕੇ ਕਿਸਾਨੀ ਦੀ ਆਰਥਿਕਤਾ ਦਾ ਲੱਕ ਤੋੜਨ ਦੀ ਠਾਣ ਲਈ ਹੈ, ਪਰ ਕਿਸਾਨ ਜਥੇਬੰਦੀਆਂ ਇਹ ਤਿੰਨੇ ਕਾਨੂੰਨ ਲਾਗੂ ਨਹੀਂ ਹੋਣ ਦੇਣਗੀਆਂ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦਿੱਲੀ ਪੁਲਿਸ ਨੇ ਕਿਸਾਨ ਆਗੂਆਂ ਅਤੇ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕਰ ਕੇ ਕਿਸਾਨ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। 1700 ਨੌਜਵਾਨਾਂ ਨੂੰ ਕਾਨੂੰਨੀ ਦਾਇਰੇ 'ਚ ਲਿਆਉਣ ਲਈ ਵਿਸ਼ੇਸ਼ ਸੂਚੀ ਤਿਆਰ ਕੀਤੀ ਹੈ, ਪਰ ਕਿਸਾਨ ਅਤੇ ਨੌਜਵਾਨ ਡਰਨ ਵਾਲੇ ਨਹੀਂ।

ਉਨ੍ਹਾਂ ਪੁਲਿਸ ਨੂੰ ਵੰਗਾਰਦਿਆਂ ਕਿਹਾ ਕਿ ਆਹ ਰੁਲਦੂ ਸਿੰਘ ਮਾਨਸਾ ਸਾਡੇ ਵਿਚਕਾਰ ਬੈਠੇ ਹਨ, ਜੇਕਰ ਦਿੱਲੀ ਜਾਂ ਚੰਡੀਗੜ੍ਹ ਪੁਲਿਸ 'ਚ ਦਮ ਹੈ ਤਾਂ ਇਨ੍ਹਾਂ ਨੂੰ ਹੱਥ ਲਗਾ ਕੇ ਵਿਖਾਉਣ। ਉਗਰਾਹਾਂ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਵਲੋਂ ਲਿਆਂਦੇ ਕਾਲੇ ਖੇਤੀ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ, ਉਦੋਂ ਤੱਕ ਕੇਂਦਰ ਖਿਲਾਫ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੇ ਸ਼ਹਿਰੀ ਲੋਕ ਵੀ ਧੰਨਵਾਦ ਦੇ ਪਾਤਰ ਹਨ ਜੋ ਖੇਤੀਬਾੜੀ ਨਾਲ ਸਬੰਧ ਨਾ ਰੱਖਣ ਦੇ ਬਾਵਜੂਦ ਸੰਘਰਸ਼ 'ਚ ਪੂਰਾ ਹਿੱਸਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਦਾ ਵਪਾਰ ਕੁਝ ਹੱਥਾਂ 'ਚ ਦੇਣ ਲਈ ਕੇਂਦਰ ਵਲੋਂ ਇਹ ਸਾਰਾ ਤਾਣਾ ਬਾਣਾ ਬੁਣਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਅਗਲੀ ਨੀਤੀ ਲਿਆਂਦੀ ਜਾ ਰਹੀ ਹੈ, ਜਿਸ ਤਹਿਤ ਕਿਸਾਨ ਕਰਜ਼ੇ ਦੇ ਚੱਲਦੇ ਜ਼ਮੀਨਾਂ ਵੇਚਣਗੇ ਅਤੇ ਕਾਰਪੋਰੇਟ ਘਰਾਣੇ ਕਿਸਾਨਾਂ ਦੀ ਜ਼ਮੀਨ ਖਰੀਦ ਕੇ ਖੁਦ ਖੇਤੀ ਕਰਨਗੇ।

ਉਨ੍ਹਾਂ ਐਲਾਨ ਕੀਤਾ ਕਿ ਅੰਦੋਲਨ 'ਚ ਸ਼ਾਮਲ ਹੋਏ ਕਿਸੇ ਵੀ ਬੰਦੇ ਉਤੇ ਕੇਸ ਜਾਂ ਪਰਚਾ ਹੋਇਆ ਤਾਂ ਉਹ ਚਾਹੇ ਕਿਤੇ ਦਾ ਵੀ ਹੋਵੇ, ਉਸ ਦਾ ਕੇਸ ਕਿਸਾਨ ਜਥੇਬੰਦੀਆਂ ਲੜਨਗੀਆਂ ਤੇ ਖਰਚਾ ਵੀ ਚੁੱਕਿਆ ਜਾਵੇਗਾ। ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਚੰਡੀਗੜ੍ਹ ਦੀ ਧਰਤੀ ਉਤੇ ਅੱਜ ਐਲਾਨ ਕਰਦੇ ਹਨ ਕਿ ਕੇਂਦਰ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਅੰਦੋਲਨ 'ਚ ਹਿੱਸਾ ਪਾ ਰਿਹਾ ਕੋਈ ਵੀ ਸ਼ਹਿਰੀ, ਕੋਈ ਨੌਜਵਾਨ ਵਰਕਰ ਜਾਂ ਕਿਸਾਨ ਆਗੂ ਪੁਲਿਸ ਅੱਗੇ ਪੇਸ਼ ਨਹੀਂ ਹੋਵੇਗਾ। ਤਸ਼ੱਦਦ ਝੱਲ ਲਵਾਂਗੇ ਪਰ ਝੁਕਾਂਗੇ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ 'ਚ ਭਾਜਪਾ ਦਾ ਸਫਾਇਆ ਕਰ ਦਿੱਤਾ ਗਿਆ ਹੈ ਅਤੇ ਇਕ ਸਾਲ ਦੇ ਅੰਦਰ ਜਿੱਥੇ ਵੀ ਦੇਸ਼ 'ਚ ਚੋਣਾਂ ਹੋਣਗੀਆਂ, ਉਥੇ ਭਾਜਪਾ ਦਾ ਸਫਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਸੰਬੋਧਨ ਕਰਦਿਆਂ ਭਾਜਪਾ ਆਗੂਆਂ ਅਤੇ ਵਰਕਰਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ। ਅਖੀਰ 'ਚ ਉਨ੍ਹਾਂ ਹਰ ਪੰਜਾਬੀ, ਹਰ ਸ਼ਹਿਰੀ ਨੂੰ ਦਿੱਲੀ ਅੰਦੋਲਨ 'ਚ ਜਾ ਕੇ ਹਿੱਸਾ ਪਾਉਣ ਦਾ ਹੋਕਾ ਵੀ ਦਿੱਤਾ।

## ਮੀਡੀਆ ਕਵਰੇਜ ਸਨਸਨੀਖੇਜ਼ ਅਤੇ ਪੱਖਪਾਤੀ: ਹਾਈ ਕੋਰਟ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਖਿਲਾਫ ਦਰਜ ਐਫ.ਆਈ.ਆਰ. ਦੀ ਜਾਂਚ ਦੇ ਸੰਦਰਭ ਵਿਚ ਮੀਡੀਆ ਦੇ ਇਕ ਹਿੱਸੇ 'ਚ ਕੀਤੀ ਕਵਰੇਜ 'ਭਾਵਨਾਵਾਂ ਨੂੰ ਭੜਕਾਉਣ ਤੇ ਪੱਖਪਾਤੀ ਰਿਪੋਰਟਿੰਗ' ਵੱਲ ਇਸ਼ਾਰਾ ਕਰਦੀ ਹੈ। ਹਾਈ ਕੋਰਟ ਨੇ ਅਜਿਹੇ ਕਿਸੇ ਵਿਸ਼ਾ-ਵਸਤੂ ਨੂੰ ਇਸ ਪੜਾਅ 'ਤੇ ਹਟਾਉਣ ਲਈ ਹੁਕਮ ਦੇਣ ਤੋਂ ਨਾਂਹ ਕਰ ਦਿੱਤੀ ਹੈ। ਚੇਤੇ ਰਹੇ, ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨਾਲ ਸਬੰਧਤ ਟੂਲਕਿੱਟ ਨੂੰ ਅੱਗੇ ਸਾਂਝਿਆਂ ਕਰਨ ਦੇ ਮਾਮਲੇ 'ਚ ਗ੍ਰਿਫਤਾਰ ਦਿਸ਼ਾ ਰਵੀ ਨੇ ਹਾਈ ਕੋਰਟ ਦਾ ਰੁਖ ਕਰਦਿਆਂ ਕੇਸ ਦੀ ਜਾਂਚ ਨਾਲ ਜੁੜੀ ਸਮੱਗਰੀ ਨੂੰ ਮੀਡੀਆ 'ਚ ਲੀਕ ਕੀਤੇ ਜਾਣ ਤੋਂ ਰੋਕਣ ਦੀ ਮੰਗ ਕੀਤੀ ਸੀ।

ਜਸਟਿਸ ਪ੍ਰਤਿਭਾ ਐੱਮ.ਸਿੰਘ ਨੇ ਕਿਹਾ ਕਿ ਖਬਰਾਂ ਨਾਲ ਜੁੜੇ ਵਿਸ਼ਾ-ਵਸਤੂ ਤੇ ਦਿੱਲੀ ਪੁਲਿਸ ਵੱਲੋਂ ਕੀਤੇ ਟਵੀਟਾਂ ਨੂੰ ਹਟਾਉਣ ਲਈ ਦਾਖਲ ਕੀਤੀ ਅੰਤਰਿਮ ਅਰਜ਼ੀ 'ਤੇ ਮਗਰੋਂ ਫਿਰ ਕਿਸੇ ਪੜਾਅ 'ਤੇ ਵਿਚਾਰ ਕੀਤਾ ਜਾਵੇਗਾ। ਕੋਰਟ ਨੇ ਹਾਲਾਂਕਿ ਮੀਡੀਆ ਹਾਊਸਾਂ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਜਾਂਚ ਨਾਲ ਜੁੜੀ ਲੀਕ ਸਮੱਗਰੀ ਨੂੰ ਅੱਗੇ ਪ੍ਰਸਾਰਿਤ ਨਾ ਕੀਤਾ ਜਾਵੇ, ਕਿਉਂ ਜੋ ਇਸ ਨਾਲ ਜਾਂਚ ਅਸਰਅੰਦਾਜ ਹੋ ਸਕਦੀ ਹੈ। ਇਸ ਦੇ ਨਾਲ ਹੀ ਕੋਰਟ ਨੇ ਦਿੱਲੀ ਪੁਲਿਸ ਨੂੰ ਹਦਾਇਤ ਕੀਤੀ ਕਿ ਉਹ ਹਲਫ਼ਨਾਮੇ 'ਚ ਦਰਜ ਆਪਣੇ ਇਸ ਸਟੈਂਡ 'ਤੇ ਕਾਇਮ ਰਹੇ ਕਿ ਉਸ ਨੇ ਜਾਂਚ ਨਾਲ ਜੁੜੀ ਕੋਈ ਵੀ ਤਫ਼ਸੀਲ ਪ੍ਰੈੱਸ ਨਾਲ ਸਾਂਝੀ ਨਹੀਂ ਕੀਤੀ।

## ਬਾਇਡਨ ਪ੍ਰਸ਼ਾਸਨ ਵੱਲੋਂ ਪਰਵਾਸੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ

**ਸਿਆਟਲ:** ਇਹ ਤਜਵੀਜ਼ ਅਮਰੀਕਾ ਵਿਚ ਰਹਿ ਰਹੇ ਗੈਰ-ਕਾਨੂੰਨੀ ਤਕਰੀਬਨ 1.1 ਕਰੋੜ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਦੇਣ ਲਈ ਅੱਠ ਸਾਲਾਂ ਦਾ ਰਸਤਾ ਪੇਸ਼ ਕਰੇਗੀ। ਇਹ ਬਾਇਡਨ ਪ੍ਰਸ਼ਾਸਨ ਦੀ ਇਕ ਅਜਿਹੀ ਯੋਜਨਾ ਹੈ ਜਿਸ ਨਾਲ ਅਮਰੀਕਾ 'ਚ ਹਜ਼ਾਰਾਂ ਭਾਰਤੀ ਆਈ.ਟੀ. ਪੇਸ਼ੇਵਰਾਂ ਸਮੇਤ ਕਾਫੀ ਲੋਕਾਂ ਨੂੰ ਲਾਭ ਹੋਵੇਗਾ। ਬਿੱਲ ਵਿਚ ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਲਈ ਕਿਸੇ ਦੇਸ਼ ਦੇ ਪਰਵਾਸੀਆਂ ਦੀ ਗਿਣਤੀ ਸੀਮਤ ਕਰਨ 'ਤੇ ਪਹਿਲਾਂ ਲਗਾਈ ਗਈ ਰੋਕ ਨੂੰ ਵੀ ਖਤਮ ਕਰਨ ਦੀ ਵਿਵਸਥਾ ਹੈ। ਇਸ ਨਾਲ ਵੀਜ਼ੇ ਦੇ ਇੰਤਜ਼ਾਰ ਦੇ ਸਮੇਂ ਨੂੰ ਵੀ ਘਟਾਇਆ ਜਾਵੇਗਾ।

ਅਮਰੀਕਾ ਨਾਗਰਿਕਤਾ ਬਿੱਲ 2021 ਕਾਨੂੰਨ ਬਣਨ ਤੋਂ ਬਾਅਦ ਐਚ-1 ਬੀ ਵੀਜ਼ਾ ਧਾਰਕਾਂ ਦੇ ਆਸ਼ਰਿਤਾਂ ਨੂੰ ਵੀ ਕੰਮ ਕਰਨ ਦੀ ਆਗਿਆ ਮਿਲੇਗੀ। ਇਹ ਕਾਨੂੰਨ ਬਣਨ ਨਾਲ ਲੱਖਾਂ ਭਾਰਤੀ ਆਈ.ਟੀ. ਪੇਸ਼ੇਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਫਾਇਦਾ ਮਿਲੇਗਾ। ਇਸ ਬਿੱਲ ਦੇ ਪਾਸ ਹੋਣ ਨਾਲ ਗ੍ਰੀਨ ਕਾਰਡ ਲਈ 10 ਸਾਲ ਤੋਂ ਵੱਧ ਸਮੇਂ ਤੋਂ ਇੰਤਜ਼ਾਰ ਕਰ ਰਹੇ ਲੋਕਾਂ ਨੂੰ ਵੀ ਤਤਕਾਲ ਯੋਗ ਤਰੀਕੇ ਨਾਲ ਦੇਸ਼ ਵਿਚ ਸਥਾਈ ਨਿਵਾਸ ਦੀ ਆਗਿਆ ਮਿਲ ਜਾਵੇਗੀ ਕਿਉਂਕਿ ਉਨ੍ਹਾਂ ਨੂੰ ਵੀਜ਼ਾ ਦੀ ਸ਼ਰਤ ਤੋਂ ਛੂਟ ਮਿਲ ਜਾਵੇਗੀ।

ਇਸ ਕਾਨੂੰਨ ਦੇ ਬਣਨ ਨਾਲ ਸਭ ਤੋਂ ਜ਼ਿਆਦਾ ਫਾਇਦਾ ਭਾਰਤੀਆਂ ਨੂੰ ਹੋਵੇਗਾ। ਜੇਕਰ ਇਹ ਬਿੱਲ ਦੋਵੇਂ ਸਦਨਾਂ ਵਿਚ ਪਾਸ ਹੋ ਜਾਵੇਗਾ ਤਾਂ ਉਨ੍ਹਾਂ ਲੱਖਾਂ ਵਿਦੇਸ਼ੀ ਲੋਕਾਂ ਨੂੰ ਨਾਗਰਿਕਤਾ ਮਿਲ ਜਾਵੇਗੀ ਜੋ ਬਿਨਾਂ ਦਸਤਾਵੇਜ਼ਾਂ ਦੇ ਕੰਮ ਕਰ ਰਹੇ ਅਤੇ ਜੋ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਏ ਹਨ। ਬਿੱਲ ਵਿਚ ਖੇਤ ਮਜ਼ਦੂਰ, ਅਸਥਾਈ ਸੁਰੱਖਿਅਤ ਰੁਤਬੇ ਵਾਲੇ ਪਰਵਾਸੀਆਂ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਬੱਚਿਆਂ ਸਮੇਤ ਪਹੁੰਚੇ ਲੋਕਾਂ ਨੂੰ ਤੁਰਤ ਗ੍ਰੀਨ ਕਾਰਡ ਮੁਹੱਈਆ ਕਰਵਾਏਗਾ। 1 ਜਨਵਰੀ 2021 ਤੱਕ ਅਮਰੀਕਾ ਵਿਚ ਰਹਿਣ ਵਾਲੇ ਹੋਰਨਾਂ ਲਈ ਯੋਜਨਾ ਅਸਥਾਈ ਕਾਨੂੰਨੀ ਰੁਤਬੇ ਲਈ ਪੰਜ ਸਾਲਾਂ ਦਾ ਰਸਤਾ ਸਥਾਪਤ ਕਰਦਾ ਹੈ। ਜੇਕਰ ਉਹ ਵਿਅਕਤੀ ਆਪਣੇ ਪਿਛੋਕੜ ਦੀ ਜਾਂਚ ਵਿਚ ਪਾਸ ਹੁੰਦਾ ਹੈ, ਟੈਕਸ ਅਦਾ ਅਤੇ ਹੋਰ ਮੁਢਲੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ ਤਾਂ ਉਹ ਤਿੰਨ ਸਾਲਾਂ ਬਾਅਦ ਨਾਗਰਿਕਤਾ ਹਾਸਲ ਕਰ ਸਕਦਾ ਹੈ।

ਇਸ ਤਹਿਤ ਰੁਜ਼ਗਾਰ ਆਧਾਰਿਤ ਬਕਾਇਆ ਪਏ ਵੀਜ਼ਿਆਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਬਿੱਲ 'ਚ ਅਮਰੀਕੀ ਯੂਨੀਵਰਸਿਟੀਆਂ ਤੋਂ 'ਐਸ.ਟੀ.ਆਈ.ਐਮ.' ਵਿਸ਼ੇ ਦੀ ਡਿਗਰੀ ਧਾਰਕਾਂ ਦੇ ਅਮਰੀਕਾ ਵਿਚ ਰਹਿਣ ਦਾ ਰਸਤਾ ਵੀ ਆਸਾਨ ਬਣਾਉਣ ਦੀ ਵਿਵਸਥਾ ਹੈ। ਵਰਨਣਯੋਗ ਹੈ ਕਿ ਐਸ.ਟੀ.ਆਈ.ਐਮ. (ਵਿਗਿਆਨ, ਤਕਨੀਕੀ, ਇੰਜੀਨੀਅਰਿੰਗ ਅਤੇ ਗਣਿਤ) ਵਿਸ਼ਿਆਂ ਵਿਚ ਡਿਗਰੀ ਲਈ ਅਮਰੀਕੀ ਯੂਨੀਵਸਿਟੀਆਂ ਵਿਚ ਸਭ ਤੋਂ ਜ਼ਿਆਦਾ ਵਿਦਿਆਰਥੀ ਭਾਰਤ ਦੇ ਹੀ ਹਨ। ਇਹ ਉਨ੍ਹਾਂ ਪਰਵਾਸੀਆਂ 'ਤੇ ਰੋਕ ਲਗਾਉਣ ਵਾਲੇ ਜੁਰਮਾਨੇ ਨੂੰ ਖਤਮ ਕਰ ਦੇਵੇਗਾ ਜੋ ਬਿਨਾਂ ਪ੍ਰਵਾਨਗੀ ਦੇ ਅਮਰੀਕਾ 'ਚ ਰਹਿੰਦੇ ਹਨ ਅਤੇ ਜਿਹੜੇ ਦੇਸ਼ ਨੂੰ ਤਿੰਨ ਤੋਂ 10 ਸਾਲਾਂ ਲਈ ਵਾਪਸ ਜਾਣ ਤੋਂ ਰੋਕਦੇ ਹਨ।

## ਹਮਾਇਤੀਆਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰੇ ਕੇਂਦਰ: ਢੀਂਡਸਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਘੋਲ ਦੇ ਹਮਾਇਤੀਆਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰੇ। ਆਪਣੀ ਪਟਿਆਲਾ ਫੇਰੀ ਦੌਰਾਨ ਉਨ੍ਹਾਂ ਕਿਸਾਨਾਂ ਦੇ ਸਬਰ ਅਤੇ ਜ਼ਾਬਤੇ ਦੀ ਸ਼ਲਾਘਾ ਕੀਤੀ।

ਢੀਂਡਸਾ ਨੇ ਕਿਹਾ ਕਿ ਪੁਰਅਮਨ ਢੰਗ ਨਾਲ ਚੱਲ ਰਹੇ ਕਿਸਾਨੀ ਸੰਘਰਸ਼ ਨਾਲ ਭਾਈਚਾਰਕ ਸਾਂਝ ਵਧੀ ਹੈ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਸੰਘਰਸ਼ ਦੀ ਹਮਾਇਤ ਕਰ ਰਹੇ ਵੱਖ ਵੱਖ ਖੇਤਰਾਂ ਨਾਲ ਜੁੜੇ ਲੋਕਾਂ ਨੂੰ ਗ੍ਰਿਫਤਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਕਿਸਾਨਾਂ ਸਮੇਤ ਹੋਰਨਾਂ ਵਰਗ ਦੇ ਲੋਕਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ।

ਪੰਜਾਬ ਟਾਈਮਜ਼

# Matrimonials

### ਲੜਕੇ ਦੀ ਲੋੜ ਹੈ

Sikh (Jatt) parents invite matrimonial alliance for their daughter 35yrs old, 5'- 10" tall, beautiful, family oriented, never married. Masters in Bio-Engineering Management-executive position in Bay Area, California. The boy should be good-natured, professionally qualified; tall and well settled in USA with family values. Serious inquiries only. Please respond with latest photo and bio-data to kaurprincess11@yahoo.com 8-11

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

### ਲੜਕੀ ਦੀ ਲੋੜ ਹੈ

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 9-12

Match for Arora Sikh clean shaven graduate boy 30 years, 6'-2', business man at Patiala. Contact, Balkar Singh Ph: +91-93163-01328 or balkarsingh@gmail.com 8-11

ਲੁਬਾਣਾ ਸਿੱਖ, 27 ਸਾਲ, 6 ਫੁੱਟ, ਇੰਡੀਆ ਤੋਂ ਕਾਨਵੈਂਟ ਸਕੂਲ ਦਾ ਪੜ੍ਹਿਆ, ਅਮਰੀਕਾ ਦਾ ਸਿਟੀਜ਼ਨ, ਟਰਾਂਸਪੋਰਟਰ, ਫੇਅਰਫੀਲਡ (ਕੈਲੀਫੋਰਨੀਆ) ਵਿਚ ਰਹਿੰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 1-916-667-6609 (ਅਮਰੀਕਾ) ਜਾਂ +91-98766-01370 (ਇੰਡੀਆ) 7-10

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50


**To Advertise with Punjab Times Call: 847-359-0746**
*Visit us on the web:* **wwwpunjabtimesusa.com**

**Hiring**
Wholesaler and distributor in Elk Grove Village, IL are looking to hire for Warehouse Manager, Warehouse helper, Drivers, Office Help.
*Please Contact:*
Ph: 847-387-2923
8-11

**SUPER TRAVEL**
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

**Desi Bazar**
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Sistar Mortgage**
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ 589 ਕਰੋੜ ਦਾ ਬਜਟ ਪਾਸ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨੇਟ ਵੱਲੋਂ ਵਿੱਤੀ ਸਾਲ 2021-22 ਦੇ 589 ਕਰੋੜ 18 ਲੱਖ 95 ਹਜ਼ਾਰ ਰੁਪਏ ਦੇ ਬਜਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਬਜਟ ਵਿਚ ਜਿਥੇ ਪ੍ਰਮੁੱਖ ਤੌਰ 'ਤੇ ਕਿੱਤਾ ਮੁਖੀ ਕੋਰਸਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ, ਉਥੇ ਯੂਨੀਵਰਸਿਟੀ ਦੇ ਮੁਢਲੇ ਢਾਂਚੇ ਤੇ ਵਾਤਾਵਰਨ ਨੂੰ ਵਧੀਆ ਬਣਾਉਣ ਲਈ ਵੀ ਵਿਸ਼ੇਸ਼ ਬਜਟ ਰੱਖਿਆ ਗਿਆ ਹੈ।

ਯੂਨੀਵਰਸਿਟੀ ਇਸ ਬਜਟ ਵਿੱਚੋਂ 51.71 ਫੀਸਦ ਰਕਮ ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਵਿਚ ਸੁਧਾਰ ਲਿਆਉਣ ਲਈ ਖਰਚ ਕਰੇਗੀ। ਯੂਨੀਵਰਸਿਟੀ ਦੇ ਦੋਵਾਂ ਸਦਨਾਂ ਦੀਆਂ ਵੱਖ-ਵੱਖ ਮੀਟਿੰਗਾਂ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਨੇ ਕੀਤੀ ਜਦੋਂਕਿ ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਨੇ ਦੋਵਾਂ ਮੀਟਿੰਗਾਂ ਵਿਚ ਏਜੰਡਾ ਪੇਸ਼ ਕੀਤਾ। ਨਾਨ ਟੀਚਿੰਗ ਵਿਭਾਗਾਂ 'ਤੇ 12.25 ਫੀਸਦ, ਜਨਰਲ ਐਡਮਿਨਿਸਟਰੇਸ਼ਨ 'ਤੇ 10.57 ਫੀਸਦ, ਪ੍ਰੀਖਿਆਵਾਂ ਦੇ ਸੰਚਾਲਨ 'ਤੇ 3.70 ਫੀਸਦ, ਆਮ ਮੱਦਾਂ (ਟੀਚਿੰਗ ਅਤੇ ਨਾਨ ਟੀਚਿੰਗ) 'ਤੇ ਫੀਸਦ ਅਤੇ ਇਮਾਰਤਾਂ ਦੀ ਉਸਾਰੀ 'ਤੇ 7.02 ਫੀਸਦ ਖਰਚ ਕੀਤਾ ਜਾਵੇਗਾ।

## ਪੁੱਡੂਚੇਰੀ 'ਚ ਕਾਂਗਰਸ ਦੀ ਸਰਕਾਰ ਡਿੱਗੀ

**ਪੁੱਡੂਚੇਰੀ:** ਭਰੋਸੇ ਦੇ ਮਤੇ 'ਤੇ ਵੋਟਿੰਗ ਤੋਂ ਪਹਿਲਾਂ ਹੀ ਮੁੱਖ ਮੰਤਰੀ ਵੀ ਨਾਰਾਇਣਸਾਮੀ ਦੇ ਅਸਤੀਫੇ ਕਾਰਨ ਪੁੱਡੂਚੇਰੀ 'ਚ ਕਾਂਗਰਸ ਸਰਕਾਰ ਡਿੱਗ ਗਈ ਹੈ। ਹਾਲ ਹੀ 'ਚ ਕਈ ਕਾਂਗਰਸ ਦੇ ਵਿਧਾਇਕਾਂ ਤੇ ਬਾਹਰ ਤੋਂ ਹਮਾਇਤ ਦੇ ਰਹੇ ਡੀ.ਐਮ.ਕੇ. ਦੇ ਵਿਧਾਇਕਾਂ ਦੇ ਅਸਤੀਫੇ ਕਾਰਨ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਸਰਕਾਰ ਬਹੁਮਤ ਗੁਆ ਚੁੱਕੀ ਸੀ। ਸਦਨ 'ਚ ਫਿਲਹਾਲ ਸਰਕਾਰ ਕੋਲ 11 ਅਤੇ ਵਿਰੋਧੀ ਧਿਰ ਕੋਲ 14 ਵਿਧਾਇਕ ਹਨ। ਨਾਰਾਇਣਸਾਮੀ ਨੇ ਉਪ ਰਾਜਪਾਲ ਤਮਿਲੀਸਾਈ ਸੁੰਦਰਰਾਜਨ ਨੂੰ ਮਿਲ ਕੇ ਮੰਤਰੀ ਮੰਡਲ ਦਾ ਅਸਤੀਫਾ ਉਨ੍ਹਾਂ ਨੂੰ ਸੌਂਪਿਆ।

ਐਨ.ਆਰ. ਕਾਂਗਰਸ ਦੇ ਮੁਖੀ ਤੇ ਵਿਰੋਧੀ ਧਿਰ ਦੇ ਨੇਤਾ ਐਨ ਰੰਗਾਸਾਮੀ ਨੇ ਕਿਹਾ ਕਿ ਉਨ੍ਹਾਂ ਦਾ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਦਾ ਕੋਈ ਇਰਾਦਾ ਨਹੀਂ ਹੈ ਅਤੇ ਇਸ ਬਾਰੇ ਅੱਗੇ ਚਰਚਾ ਕੀਤੀ ਜਾਵੇਗੀ। ਸੁੰਦਰਰਾਜਨ ਨੇ ਇਸ ਤੋਂ ਪਹਿਲਾਂ ਦਿਨ ਦਾ ਵੱਡਾ ਸੈਸ਼ਨ ਸੱਦਿਆ ਸੀ ਜਿਸ ਦਾ ਏਜੰਡਾ ਭਰੋਸੇ ਦੀ ਵੋਟ ਸੀ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰ ਨੇ ਪਿਛਲੇ ਹਫਤੇ ਉਨ੍ਹਾਂ ਨੂੰ ਅਰਜ਼ੀ ਦੇ ਕੇ ਕਿਹਾ ਸੀ ਕਿ ਵਿਧਾਇਕਾਂ ਦੇ ਅਸਤੀਫੇ ਕਾਰਨ ਸਰਕਾਰ ਬਹੁਮਤ ਗੁਆ ਚੁੱਕੀ ਹੈ। ਸਦਨ 'ਚ ਭਰੋਸੇ ਦੀ ਵੋਟ ਤੋਂ ਪਹਿਲਾਂ ਨਾਰਾਇਣਸਾਮੀ ਆਪਣੇ ਸਾਥੀਆਂ ਨਾਲ ਕੇਂਦਰ ਸਰਕਾਰ ਤੇ ਪੁੱਡੂਚੇਰੀ ਦੀ ਸਾਬਕਾ ਉਪ ਰਾਜਪਾਲ ਕਿਰਨ ਬੇਦੀ ਦੀ ਆਲੋਚਨਾ ਕਰਦੇ ਹੋਏ ਸਦਨ ਤੋਂ ਬਾਹਰ ਚਲੇ ਗਏ। ਇਸ ਤੋਂ ਪਹਿਲਾਂ ਸਦਨ 'ਚ ਮਨੋਨੀਤ ਮੈਂਬਰਾਂ ਦੇ ਵੋਟ ਕਰਨ ਨੂੰ ਲੈ ਕੇ ਚਰਚਾ ਹੋਈ। ਇਸ ਤੋਂ ਬਾਅਦ ਵਿਧਾਨ ਸਭਾ ਪ੍ਰਧਾਨ ਵੀਪੀ ਸ਼ਿਵਕੋਲੁੰਧੂ ਨੇ ਮੁੱਖ ਮੰਤਰੀ ਵੱਲੋਂ ਸਦਨ 'ਚ ਰੱਖੇ ਗਏ ਭਰੋਸੇ ਮਤੇ ਦੇ ਡਿੱਗਣ ਦਾ ਐਲਾਨ ਕੀਤਾ ਗਿਆ। ਨਾਰਾਇਣਸਾਮੀ ਨੇ ਪੱਤਰਕਾਰਾਂ ਨੂੰ ਕਿਹਾ, 'ਸਿਰਫ ਚੁਣੇ ਹੋਏ ਮੈਂਬਰ ਹੀ ਸਦਨ 'ਚ ਵੋਟਿੰਗ ਕਰ ਸਕਦੇ ਹਨ। ਸਾਡੇ ਇਸ ਵਿਚਾਰ ਨੂੰ ਵਿਧਾਨ ਸਭਾ ਪ੍ਰਧਾਨ ਨੇ ਸਵੀਕਾਰ ਨਹੀਂ ਕੀਤਾ। ਇਸ ਲਈ ਅਸੀਂ ਸਦਨ ਦਾ ਬਾਈਕਾਟ ਕਰਨ ਮਗਰੋਂ ਅਸਤੀਫਾ ਦੇ ਦਿੱਤਾ।'

ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਭਾਜਪਾ 'ਤੇ ਪੁੱਡੂਚੇਰੀ 'ਚ ਸਰਕਾਰ ਡੇਗਣ ਲਈ ਅਨੈਤਿਕ ਢੰਗ ਵਰਤਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਇਨ੍ਹਾਂ ਤੌਰ-ਤਰੀਕਿਆਂ ਨਾਲ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ। ਗਹਿਲੋਤ ਨੇ ਟਵੀਟ ਕੀਤਾ, 'ਪੁੱਡੂਚੇਰੀ 'ਚ ਅਨੈਤਿਕ ਤਰੀਕਿਆਂ ਨਾਲ ਕਾਂਗਰਸ ਸਰਕਾਰ ਡਿਗਾ ਕੇ ਭਾਜਪਾ ਨੇ ਦਿਖਾ ਦਿੱਤਾ ਹੈ ਕਿ ਉਹ ਸੱਤਾ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

## ਉਘੇ ਪੰਜਾਬੀ ਗਾਇਕ ਤੇ ਗ਼ਜ਼ਲਕਾਰ ਜਗਜੀਤ ਜ਼ੀਰਵੀ ਦਾ ਦੇਹਾਂਤ

**ਜ਼ੀਰਾ:** ਦਹਾਕਿਆਂ ਦੌਰਾਨ ਜਲੰਧਰ ਦੂਰਦਰਸ਼ਨ ਅਤੇ ਰੇਡੀਉ ਉਤੇ ਆਪਣੀ ਗਾਇਕੀ ਦੀ ਬੁਲੰਦ ਆਵਾਜ਼ ਨਾਲ ਮਕਬੂਲ ਹੋਏ ਉਘੇ ਪੰਜਾਬੀ ਗਾਇਕ ਅਤੇ ਗ਼ਜ਼ਲਕਾਰ ਜਗਜੀਤ ਜ਼ੀਰਵੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਕ ਨਿੱਜੀ ਹਸਪਤਾਲ ਵਿਚ ਆਖਰੀ ਸਾਹ ਲਿਆ। ਫਿਰੋਜ਼ਪੁਰ ਜਿਲ੍ਹੇ ਦੀ ਜ਼ੀਰਾ ਤਹਿਸੀਲ ਨਾਲ ਸਬੰਧਤ ਜਗਜੀਤ ਜ਼ੀਰਵੀ ਲਗਭਗ 85 ਵਰ੍ਹਿਆਂ ਦੇ ਸਨ। ਜਗਜੀਤ ਜ਼ੀਰਵੀ ਆਪਣੇ ਪਿੱਛੇ ਪਤਨੀ ਰਜਿੰਦਰ ਕੌਰ ਅਤੇ 2 ਪੁੱਤਰ ਛੱਡ ਗਏ ਹਨ ਅਤੇ ਦੋਨੋਂ ਪੁੱਤਰ ਕੈਨੇਡਾ ਸੈਟਲਡ ਹਨ। ਜ਼ੀਰਵੀ ਹੋਰਾਂ ਨੇ ਤਵਿਆਂ ਵਾਲੀ ਗਾਇਕੀ ਦੇ ਸਫਰ ਤੋਂ ਲੈ ਕੇ ਕੈਨੇਡਾ, ਕੈਲਗਰੀ, ਟੋਰਾਂਟੋ ਵਰਗੇ ਸਥਾਨਾਂ 'ਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਜ਼ੀਰਵੀ ਵਲੋਂ ਡੌਲੀ ਗੁਲੇਰੀਆ ਤੇ ਬੀਬਾ ਆਸਾ ਨੂਰ ਤੋਂ ਇਲਾਵਾ ਪੰਜਾਬ ਦੀ ਕੋਇਲ ਬੀਬਾ ਸੁਰਿੰਦਰ ਕੌਰ ਨਾਲ ਦੋਗਾਣਾ ਗੀਤ ਗਾਏ ਗਏ ਸਨ।

## ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ ਨੂੰ ਕਿਸਾਨ ਅੰਦੋਲਨ ਬਹਾਨੇ ਦਿੱਲੀ ਹਵਾਈ ਤੋਂ ਵਾਪਸ ਮੋੜਿਆ

**ਨਵੀਂ ਦਿੱਲੀ:** ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ ਨੂੰ ਕਿਸਾਨ ਅੰਦੋਲਨ ਦੇ ਬਹਾਨੇ ਦਿੱਲੀ ਹਵਾਈ ਅੱਡੇ ਤੋਂ ਵਾਪਸ ਭੇਜ ਦਿੱਤਾ ਗਿਆ ਹੈ। ਪਹਿਲੇ ਤੇ ਦੂਜੇ ਸੰਸਾਰ ਯੁੱਧ ਵਿਚ ਸਿੱਖ ਫੌਜੀਆਂ ਦੀ ਦੇਣ ਸਬੰਧੀ ਕਿਤਾਬਾਂ ਦੇ ਲੇਖਕ ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ ਦੇ ਨਾਗਰਿਕ ਹਨ ਤੇ 17 ਫਰਵਰੀ ਨੂੰ ਕੌਮਾਂਤਰੀ ਹਵਾਈ ਅੱਡੇ ਦਿੱਲੀ ਪਹੁੰਚੇ ਸਨ ਪਰ ਉਨ੍ਹਾਂ ਨੂੰ 28 ਘੰਟਿਆਂ ਬਾਅਦ 18 ਫਰਵਰੀ ਨੂੰ ਵਾਪਸ ਭੇਜ ਦਿੱਤਾ ਗਿਆ।

ਭੁਪਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਭਾਰਤੀ ਦੂਤਘਰ ਵੱਲੋਂ ਸਾਰੇ ਕਾਗਜ਼ਾਤ ਮੁਕੰਮਲ ਸਨ ਤੇ ਭਾਰਤ ਦਾ ਵੀਜ਼ਾ 2024 ਤੱਕ ਹੈ। ਕਰੋਨਾ ਸਬੰਧੀ ਰਿਪੋਰਟ ਵੀ ਨੈਗੇਟਿਵ ਸੀ। ਉਨ੍ਹਾਂ ਦੱਸਿਆ ਕਿ ਮੈਨੂੰ ਇਕ ਕਮਰੇ ਵਿਚ ਵੱਖਰਾ ਲਿਜਾਇਆ ਗਿਆ, ਜਿਥੇ ਸਬੰਧਤ ਅਧਿਕਾਰੀਆਂ ਨੇ ਪਹਿਲਾਂ ਇਹ ਸਵਾਲ ਕੀਤਾ ਕਿ ਕਿਸਾਨ ਅੰਦੋਲਨ ਦੇ ਚੱਲਦਿਆਂ ਤੁਸੀਂ ਕਿਉਂ ਆਏ ਹੋ? ਦੂਜਾ ਸਵਾਲ ਕਿ ਇਥੇ ਕਰੋਨਾ ਲਾਗ ਦਾ ਖਤਰਾ ਹੈ।

ਅਧਿਕਾਰੀ ਵਾਰ-ਵਾਰ ਇਹੋ ਆਖ ਰਹੇ ਸਨ ਕਿ ਕਿਸਾਨ ਸਾਡੇ ਹਨ, ਅਸੀਂ ਕਿਸਾਨਾਂ ਦੇ ਹਾਂ ਪਰ ਵਿਦੇਸ਼ ਵਿਚ ਬੈਠੇ ਲੋਕ ਕਿਸਾਨਾਂ ਦੀ ਮਾਲੀ ਮਦਦ ਕਰ ਕੇ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਤੁਸੀਂ ਵਿਦੇਸ਼ਾਂ ਵਿਚ ਕਿਸਾਨ ਅੰਦੋਲਨ ਸਬੰਧੀ ਮੁਜ਼ਾਹਰੇ ਕਰ ਰਹੇ ਹੋ।

ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ 28 ਘੰਟੇ ਸਿਰਫ ਇਕ ਕੁਰਸੀ ਉਤੇ ਹੀ ਬਿਠਾਈ ਰੱਖਿਆ ਜਦ ਕਿ ਉਹ ਦਿਲ ਤੇ ਸ਼ੂਗਰ ਦੀ ਬੀਮਾਰੀ ਤੋਂ ਪੀੜਤ ਹਨ। ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਭਾਰਤ ਸਰਕਾਰ ਦੇ ਇਸ ਰਵੱਈਏ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

## ਖੇਤੀ ਕਾਨੂੰਨ: ਮੋਦੀ ਸਰਕਾਰ ਹੁਣ ਹੋਛੀਆਂ ਹਰਕਤਾਂ 'ਤੇ ਆਈ

*(ਸਫਾ ਇਕ ਦੀ ਬਾਕੀ)*

ਕਿਸਾਨ ਅੰਦੋਲਨ ਹੋਰ ਤਕੜਾ ਹੋ ਕੇ ਉਠਿਆ ਹੈ। ਪੰਜਾਬ ਤੋਂ ਇਲਾਵਾ ਉਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਸਣੇ ਹੋਰਾਂ ਸੂਬਿਆਂ ਦੇ ਕਿਸਾਨ ਲਹਿਰ ਨਾਲ ਆ ਜੁੜੇ ਹਨ। ਅੰਦੋਲਨ ਕੌਮਾਂਤਰੀ ਪੱਧਰ ਉਤੇ ਉਭਰਿਆ ਹੈ। ਪੌਪ ਗਾਇਕਾ ਰਿਆਨਾ, ਵਾਤਾਵਰਨ ਕਾਰਕੁਨ ਗ੍ਰੇਟਾ ਥੁਨਬਰਗ ਸਣੇ ਦੁਨੀਆਂ ਦੀਆਂ ਵੱਡੀਆਂ ਹਸਤੀਆਂ ਕਿਸਾਨਾਂ ਦੀ ਹਮਾਇਤ 'ਚ ਅੱਗੇ ਆਈਆਂ ਜਿਸ ਪਿੱਛੋਂ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਇਸ ਹਮਾਇਤ ਨੂੰ ਦੇਸ਼ ਦੀ ਬਦਨਾਮੀ ਨਾਲ ਜੋੜ ਦਿੱਤੀ ਗਿਆ।

ਦਿੱਲੀ ਪੁਲਿਸ ਨੇ ਕਿਸਾਨਾਂ ਦੀ ਹਮਾਇਤ ਲਈ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਨੂੰ ਦੇਸ਼ ਵਿਰੁੱਧ ਕਾਰਵਾਈ ਦੱਸ ਕੇ ਜੇਲ੍ਹ ਡੱਕ ਦਿੱਤਾ ਹਾਲਾਂਕਿ ਅਦਾਲਤ ਨੇ ਇਸ ਵਾਤਾਵਰਨ ਕਾਰਕੁਨ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰਦੇ ਹੋਏ ਸਵਾਲ ਕੀਤੇ ਕਿ ਕਿਸੇ ਸ਼ਾਂਤਮਈ ਸੰਘਰਸ਼ ਦੇ ਹੱਕ ਵਿਚ ਟਵੀਟ ਕਰਨ ਨੂੰ ਦੇਸ਼ ਵਿਰੋਧੀ ਕਾਰਵਾਈ ਕਿਵੇਂ ਕਿਹਾ ਜਾ ਸਕਦਾ ਹੈ?

ਕੁੱਲ ਮਿਲਾ ਕੇ ਇਸ ਸਮੇਂ ਕੇਂਦਰ ਸਰਕਾਰ ਵੱਲੋਂ ਅੰਦੋਲਨ ਨੂੰ ਖਦੇੜਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ। ਐਸ.ਵਾਈ.ਐਲ. ਦਾ ਮੁੱਦਾ ਮੁੜ ਉਭਾਰ ਕੇ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਮੁੜ ਸ਼ੁਰੂ ਹੋ ਗਈ ਹੈ। ਸੁਖਾਵੇਂ ਮਾਹੌਲ ਲਈ ਕਿਸਾਨ ਆਗੂਆਂ ਤੱਕ ਪਹੁੰਚ ਕਰਨ ਦੀ ਥਾਂ ਭਾਜਪਾ ਹਾਈਕਮਾਨ ਵੱਲੋਂ ਅੰਦੋਲਨ ਵਾਲੇ ਸੂਬਿਆਂ ਤੋਂ ਪਾਰਟੀ ਆਗੂਆਂ ਨੂੰ ਦਿੱਲੀ ਸੱਦ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੇ ਖੇਤੀ ਮੰਤਰੀ ਤਰਕ ਦੇ ਰਹੇ ਹਨ ਕਿ ਭੀੜਾਂ ਇਕੱਠੀਆਂ ਕਰਨ ਨਾਲ ਕਾਨੂੰਨ ਵਾਪਸ ਨਹੀਂ ਹੁੰਦੇ।

ਦੂਜੇ ਪਾਸੇ, ਕਿਸਾਨ ਆਗੂਆਂ ਨੇ ਵੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦਾ ਮੂੰਹ ਤੋੜ ਜਵਾਬ ਦੇਣ ਲਈ ਰਣਨੀਤੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਕਿਸਾਨ ਆਗੂਆਂ ਦਾ ਸਾਰਾ ਜ਼ੋਰ ਇਸ ਸਮੇਂ ਅੰਦੋਲਨ ਨੂੰ ਪੂਰੇ ਮੁਲਕ ਵਿਚ ਖੜ੍ਹਾ ਕਰਨ ਉਤੇ ਲੱਗਾ ਹੋਇਆ ਹੈ। ਭਾਜਪਾ ਨੂੰ ਸਿਆਸੀ ਸੇਕ ਦੇਣ ਲਈ ਪੱਛਮੀ ਬੰਗਾਲ, ਅਸਾਮ ਸਣੇ ਹੋਰ ਸੂਬਿਆਂ ਤੱਕ ਪਹੁੰਚ ਦੀ ਰਣਨੀਤੀ ਬਣਾਈ ਗਈ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਮੱਧ ਪ੍ਰਦੇਸ਼ 'ਚ 8 ਮਾਰਚ ਨੂੰ ਕਈ ਰੈਲੀਆਂ ਨੂੰ ਸੰਬੋਧਨ ਕਰਨਗੇ। ਮੋਰਚੇ ਵਿਚ ਪੈਟਰੋਲ, ਡੀਜ਼ਲ ਅਤੇ ਗੈਸ ਸਣੇ ਮਹਿੰਗਾਈ ਵਰਗੇ ਲੋਕ ਮਸਲਿਆਂ ਨੂੰ ਚੁੱਕਿਆ ਜਾਣ ਲੱਗਾ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦੇ ਦਿੱਤੀ ਹੈ ਕਿ ਜਦੋਂ ਲੋਕ ਇਕੱਠੇ ਹੁੰਦੇ ਹਨ ਤਾਂ ਕਾਨੂੰਨ ਹੀ ਨਹੀਂ ਸਗੋਂ ਸਰਕਾਰਾਂ ਵੀ ਬਦਲ ਜਾਂਦੀਆਂ ਹਨ। ਹਾਲੇ ਤਾਂ ਦੇਸ਼ ਦਾ ਕਿਸਾਨ ਕਾਨੂੰਨ ਵਾਪਸੀ ਦੀ ਗੱਲ ਕਰ ਰਿਹਾ ਹੈ ਪਰ ਜੇਕਰ ਸੱਤਾ ਵਾਪਸੀ ਦੀ ਗੱਲ ਕਰਨ ਲੱਗ ਪਿਆ ਤਾਂ ਕੇਂਦਰ ਸਰਕਾਰ ਲਈ ਮੁਸ਼ਕਲ ਖੜ੍ਹੀ ਹੋ ਜਾਵੇਗੀ। ਜਥੇਬੰਦੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਮੰਗਾਂ ਮੰਨੇ ਜਾਣ ਮਗਰੋਂ ਹੀ ਕਿਸਾਨਾਂ ਦੀ ਘਰ ਵਾਪਸੀ ਹੋਵੇਗੀ।

ਟਿਕੈਤ ਨੇ ਕਿਹਾ ਕਿ ਕਿਸੇ ਵੀ ਸਮੇਂ ਮੋਰਚੇ ਤੋਂ ਫੋਨ ਆ ਸਕਦਾ ਹੈ ਜਿਸ ਤੋਂ ਬਾਅਦ 40 ਲੱਖ ਟਰੈਕਟਰਾਂ ਵਾਲੇ ਕਿਸਾਨ ਦਿੱਲੀ ਵਿਚ ਦਾਖਲ ਹੋਣਗੇ। ਸੰਸਦ ਨੂੰ ਘੇਰਾ ਪਾਉਣ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ। ਇਸ ਵਾਰ ਹਲ ਦੀ ਕ੍ਰਾਂਤੀ ਹੋਵੇਗੀ ਜਿਸ ਲਈ ਖੇਤ 'ਚ ਵਰਤੇ ਜਾਣ ਵਾਲੇ ਸਾਰੇ ਸੰਦਾਂ ਨਾਲ ਕਿਸਾਨ ਦਿੱਲੀ 'ਚ ਦਾਖਲ ਹੋਣਗੇ।

ਕਿਸਾਨ ਜਥੇਬੰਦੀਆਂ ਦੇ ਇਨ੍ਹਾਂ ਸਖਤ ਫੈਸਲਿਆਂ ਦੇ ਬਾਵਜੂਦ ਸਰਕਾਰ ਉਮੀਦ ਰੱਖੀ ਬੈਠੀ ਹੈ ਕਿ ਉਹ ਛੇਤੀ ਹੀ ਅੰਦੋਲਨ ਨੂੰ ਖਦੇੜ ਕੇ ਕਿਸਾਨਾਂ ਨੂੰ ਘਰੋਂ ਘਰੀ ਤੋਰ ਦੇਵੇਗੀ। ਅਸਲ ਵਿਚ, ਸਰਕਾਰ ਨੂੰ ਉਮੀਦ ਹੈ ਕਿ ਹਾੜ੍ਹੀ ਦੇ ਸੀਜ਼ਨ ਵਿਚ ਕਿਸਾਨਾਂ ਨੂੰ ਫਸਲਾਂ ਦੀ ਵਾਢੀ ਲਈ ਵਾਪਸ ਮੁੜਨਾ ਹੀ ਪਵੇਗਾ। ਸੰਘਰਸ਼ ਨੂੰ ਨੇੜਿਉਂ ਵੇਖ ਰਹੇ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਇਸੇ ਤਾਕ ਵਿਚ ਬੈਠੀ ਹੈ ਕਿ ਧਰਨੇ ਵਾਲੀਆਂ ਥਾਵਾਂ ਉਤੇ ਜੇਕਰ ਥੋੜ੍ਹੀ ਜਹੀ ਗਿਣਤੀ ਵੀ ਘਟਦੀ ਹੈ ਤਾਂ ਪੁਲਿਸ ਨੂੰ ਤਾਕਤ ਦਿਖਾਉਣ ਦੇ ਹੁਕਮ ਦਿੱਤਾ ਜਾ ਸਕਦੇ ਹਨ। ਟਿੱਕਰੀ ਬਾਰਡਰ ਉਤੇ ਲੱਗੇ ਤਾਜ਼ਾ ਚਿਤਾਵਨੀ ਬੋਰਡ ਵੀ ਸਰਕਾਰ ਦੀ ਮਨਸ਼ਾ ਜ਼ਾਹਿਰ ਕਰਦੇ ਹਨ।

ਅਸਲ ਵਿਚ, ਸਰਕਾਰ ਕਿਸਾਨਾਂ ਆਗੂਆਂ ਨਾਲ ਮੁੜ ਗੱਲਬਾਤ ਨੂੰ ਵੱਡੀ ਚੁਣੌਤੀ ਸਮਝ ਰਹੀ ਹੈ। ਜਿਨ੍ਹਾਂ ਆਗੂਆਂ ਨਾਲ ਬੈਠ ਕੇ ਸਰਕਾਰ ਦੇ ਮੰਤਰੀ ਮੀਟਿੰਗਾਂ ਕਰਦੇ ਸਨ, ਉਨ੍ਹਾਂ ਸਾਰਿਆਂ ਉਤੇ 26 ਜਨਵਰੀ ਤੋਂ ਬਾਅਦ ਗੰਭੀਰ ਧਰਾਵਾਂ ਤਹਿਤ ਪਰਚੇ ਦਰਜ ਕੀਤੇ ਹੋਏ ਹਨ। ਹੁਣ ਆਗੂ ਸਾਫ ਆਖ ਰਹੇ ਹਨ ਕਿ ਉਹ 'ਅਪਰਾਧੀ' ਹਨ ਤੇ ਸਰਕਾਰ ਗੱਲਬਾਤ ਤੋਂ ਪਹਿਲਾਂ ਪਰਚੇ ਰੱਦ ਕਰੇ। ਤਾਜ਼ਾ ਹਾਲਾਤ ਦੱਸਦੇ ਹਨ ਕਿ ਸਰਕਾਰ ਖ਼ੁਦ ਕਸੂਤੀ ਸਥਿਤੀ ਵਿਚ ਫਸੀ ਹੋਈ ਹੈ।

## ਬਾਬਾ ਰਾਮਦੇਵ ਦੀ 'ਕਰੋਨਾ ਦਵਾਈ' ਦੀ ਹਮਾਇਤ ਕਰਕੇ ਘਿਰੇ ਹਰਸ਼ ਵਰਧਨ

ਨਵੀਂ ਦਿੱਲੀ: ਭਾਰਤੀ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਪਤੰਜਲੀ ਦੇ ਉਤਪਾਦ 'ਕੋਰੋਨਿਲ' ਦੀ ਤਸਦੀਕ ਕਰਨ ਲਈ ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦਿਆਂ ਉਨ੍ਹਾਂ ਤੋਂ ਉਸ ਉਤਪਾਦ ਦੀ ਤਸਦੀਕ ਕਰਨ ਬਾਰੇ ਸਪੱਸ਼ਟੀਕਰਨ ਮੰਗਿਆ ਹੈ। ਚੇਤੇ ਰਹੇ ਕਿ ਪਤੰਜਲੀ ਨੇ ਕੋਰੋਨਿਲ ਲਾਂਚ ਕਰਨ ਮੌਕੇ ਦਾਅਵਾ ਕੀਤਾ ਸੀ ਕਿ ਇਹ ਕੋਵਿਡ-19 ਦੇ ਇਲਾਜ 'ਚ ਕਾਰਗਰ ਹੈ। ਹਾਲਾਂਕਿ ਆਲਮੀ ਸਿਹਤ ਸੰਸਥਾ ਨੇ ਪਤੰਜਲੀ ਦੇ ਇਸ ਦਾਅਵੇ 'ਤੇ ਉਜ਼ਰ ਜਤਾਇਆ ਸੀ।

ਆਈ.ਐਮ.ਏ. ਨੇ ਕਿਹਾ, ''ਭਾਰਤੀ ਮੈਡੀਕਲ ਕੌਂਸਲ ਵੱਲੋਂ ਜਾਰੀ ਕੋਡ (ਦਿਸ਼ਾ ਨਿਰਦੇਸ਼ਾਂ), ਜਿਸ ਨੂੰ ਮੰਨਣ ਲਈ ਹਰ ਆਧੁਨਿਕ ਮੈਡੀਕਲ ਡਾਕਟਰ ਪਾਬੰਦ ਹਨ, ਤਹਿਤ ਕੋਈ ਵੀ ਡਾਕਟਰ ਕਿਸੇ ਦਵਾਈ ਦਾ ਪ੍ਰਚਾਰ ਪਾਸਾਰ ਨਹੀਂ ਕਰ ਸਕਦਾ। ਪਰ ਇਹ ਗੱਲ ਕਾਫੀ ਹੈਰਾਨ ਕਰਨ ਵਾਲੀ ਹੈ ਕਿ ਸਿਹਤ ਮੰਤਰੀ, ਜੋ ਖੁਦ ਆਧੁਨਿਕ ਮੈਡੀਸਨ ਡਾਕਟਰ ਹਨ, ਦਵਾਈ ਦਾ ਪ੍ਰਚਾਰ ਪਾਸਾਰ ਕਰ ਰਹੇ ਸਨ।'

ਆਈ.ਐਮ.ਏ. ਨੇ ਕਿਹਾ ਕਿ ਦੇਸ਼ ਦੇ ਸਿਹਤ ਮੰਤਰੀ ਦੀ ਹਾਜਰੀ ਵਿਚ ਅਵਿਗਿਆਨਕ ਦਵਾਈ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨਾ ਤੇ ਮਗਰੋਂ ਜਿਸ ਦਵਾਈ ਨੂੰ ਡਬਲਿਊ.ਐਚ.ਓ .ਨੇ ਰੱਦ ਕਰ ਦਿੱਤਾ, ਪੂਰੇ ਦੇਸ਼ ਦਾ ਅਪਮਾਨ ਤੇ ਮੂੰਹ 'ਤੇ ਚਪੇੜ ਹੈ।' ਐਸੋਸੀਏਸ਼ਨ ਨੇ ਯੋਗ ਗੁਰੂ ਰਾਮਦੇਵ ਦੀ ਆਯੁਰਵੈਦਿਕ ਫਰਮ ਪਤੰਜਲੀ ਵੱਲੋਂ ਵਿਉਂਤੇ ਸਮਾਗਮ 'ਚ ਹਾਜਰੀ ਲਈ ਕੇਂਦਰੀ ਸਿਹਤ ਮੰਤਰੀ ਦੀ ਇਕ ਡਾਕਟਰ ਤੇ ਦੇਸ਼ ਦੇ ਸਿਹਤ ਮੰਤਰੀ ਵਜੋਂ ਨੈਤਿਕਤਾ 'ਤੇ ਵੀ ਸਵਾਲ ਉਠਾਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੈਟਰੋਲ ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ 'ਤੇ ਦੇਸ਼ ਭਰ 'ਚ ਹਾਹਾਕਾਰ

**ਨਵੀਂ ਦਿੱਲੀ:** ਤੇਲ ਦੀਆਂ ਕੀਮਤਾਂ ਵਿਚ ਵਾਧੇ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਲਗਾਤਾਰ ਵਾਧੇ ਕਾਰਨ ਪੈਟਰੋਲ 100 ਰੁਪਏ ਤੋਂ ਪਾਰ ਹੋ ਗਿਆ ਹੈ। ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਘਟ ਰਹੀਆਂ ਪਰ ਇਸ ਦੇ ਉਲਟ ਭਾਰਤ 'ਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂੰਹਦੀਆਂ ਜਾ ਰਹੀਆਂ ਹਨ, ਜਿਸ ਕਾਰਨ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਰਸੋਈ ਗੈਸ ਦੀ ਕੀਮਤ ਵੀ ਨਵੇਂ ਸਿਖਰ ਉਤੇ ਪਹੁੰਚ ਗਈ ਹੈ। ਗੌਰਤਲਬ ਹੈ ਕਿ ਅਪਰੈਲ 2014 ਵਿਚ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਪੈਟਰੋਲ ਦੀ ਕੀਮਤ 72 ਰੁਪਏ ਪ੍ਰਤੀ ਲੀਟਰ ਸੀ ਪਰ ਉਸ ਵੇਲੇ ਕੱਚੇ ਤੇਲ ਦੀ ਕੀਮਤ 108 ਡਾਲਰ ਪ੍ਰਤੀ ਬੈਰਲ ਸੀ। ਜਦੋਂ ਕਿ ਹੁਣ ਕੱਚਾ ਤੇਲ 61 ਡਾਲਰ ਪ੍ਰਤੀ ਬੈਰਲ ਹੈ ਪਰ ਪੈਟਰੋਲ ਦੀ ਕੀਮਤ ਨਵਾਂ ਸਿਖਰ ਛੂਹ ਰਹੀ ਹੈ। ਬੇਸ਼ੱਕ ਡਾਲਰ ਦੀ ਕੀਮਤ ਵਧੀ ਹੈ ਪਰ ਰੁਪਏ ਦੀ ਕੀਮਤ ਘਟਣ ਲਈ ਵੀ ਤਾਂ ਮੌਜੂਦਾ ਸਰਕਾਰ ਹੀ ਜ਼ਿੰਮੇਵਾਰ ਹੈ। ਮੋਦੀ ਸਰਕਾਰ ਬਣਨ ਤੋਂ ਬਾਅਦ ਤੇਲ ਉਪਰ 12 ਵਾਰ ਐਕਸਾਈਜ਼ ਡਿਊਟੀ ਵਧਾਈ ਗਈ ਹੈ ਤੇ ਸਿਰਫ 2 ਵਾਰ ਹੀ ਮਾਮੂਲੀ ਘਟਾਈ ਗਈ ਹੈ। ਮਈ 2020 ਵਿਚ ਤਾਂ ਇਕੋ ਝਟਕੇ ਵਿਚ ਹੀ ਪੈਟਰੋਲ ਉਪਰ 10 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਉਪਰ 13 ਰੁਪਏ ਪ੍ਰਤੀ ਲੀਟਰ ਐਕਸਾਈਜ਼ ਡਿਊਟੀ ਵਧਾ ਦਿੱਤੀ ਗਈ ਸੀ।

16 ਫਰਵਰੀ, 2021 ਨੂੰ ਪੈਟਰੋਲ ਦੀ ਮੁਢਲੀ ਕੀਮਤ 32 ਰੁਪਏ 10 ਪੈਸੇ ਸੀ। ਪਰ ਇਸ ਉਤੇ ਐਕਸਾਈਜ਼ ਡਿਊਟੀ 32 ਰੁਪਏ 90 ਪੈਸੇ ਲਈ ਜਾ ਰਹੀ ਸੀ। ਰਾਜ ਸਰਕਾਰਾਂ ਵੀ ਵੈਟ ਵਧਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੀਆਂ। ਮਹਾਰਾਸ਼ਟਰ ਵਿਚ ਪੈਟਰੋਲ 'ਤੇ 26 ਫੀਸਦੀ ਵੈਟ ਅਤੇ 10 ਰੁਪਏ 12 ਪੈਸੇ ਵੱਖਰਾ ਟੈਕਸ ਵੀ ਲਾਗੂ ਹੈ। ਮੱਧ ਪ੍ਰਦੇਸ਼ ਵਿਚ ਵੈਟ 33 ਫੀਸਦੀ ਤੇ ਸਾਢੇ 4 ਰੁਪਏ ਵੱਖਰਾ ਟੈਕਸ, ਰਾਜਸਥਾਨ ਵਿਚ 36 ਫੀਸਦੀ ਵੈਟ ਹੈ। ਬਾਕੀ ਰਾਜਾਂ ਵਿਚ ਵੀ ਹਾਲ ਕੋਈ ਬਹੁਤਾ ਵੱਖਰਾ ਨਹੀਂ। ਨਤੀਜਾ ਇਹ ਹੈ ਕਿ ਮਹਿੰਗਾਈ ਵਧ ਰਹੀ ਹੈ। ਨਵੰਬਰ 2020 ਵਿਚ ਇਹ 7.35 ਫੀਸਦੀ ਸੀ, ਹੁਣ ਤਾਂ ਹੋਰ ਵੀ ਜ਼ਿਆਦਾ ਹੋਵੇਗੀ।

ਭਾਰਤ ਦੇ ਬਹੁਤੇ ਗੁਆਂਢੀ ਦੇਸ਼ਾਂ ਵਿਚ ਪੈਟਰੋਲ ਤੇ ਡੀਜ਼ਲ ਦੇ ਰੇਟ ਭਾਰਤ ਨਾਲੋਂ ਘੱਟ ਹਨ। ਉਂਜ ਤਾਂ ਵੈਨਜ਼ੁਏਲਾ ਵਿਚ ਸਭ ਤੋਂ ਸਸਤਾ ਹੈ ਪੈਟਰੋਲ, ਜਿਥੇ ਇਹ 2 ਰੁਪਏ ਲੀਟਰ ਤੋਂ ਵੀ ਹੇਠਾਂ ਹੈ। ਪਰ ਵਿਸ਼ਵ ਦੇ 10 ਦੇਸ਼ਾਂ ਵਿਚ ਇਹ ਸਾਢੇ 4 ਰੁਪਏ ਤੋਂ ਲੈ ਕੇ 28 ਰੁਪਏ ਪ੍ਰਤੀ ਲੀਟਰ ਤੱਕ ਵਿਕ ਰਿਹਾ ਹੈ। ਮਲੇਸ਼ੀਆ ਵਿਚ ਪੈਟਰੋਲ ਦੀ ਕੀਮਤ 43 ਰੁਪਏ ਪ੍ਰਤੀ ਲੀਟਰ ਤੋਂ ਹੇਠਾਂ ਹੈ, ਬਰਮਾ ਵਿਚ 58 ਰੁਪਏ, ਸ੍ਰੀਲੰਕਾ ਵਿਚ 69 ਰੁਪਏ, ਭੁਟਾਨ ਵਿਚ 60 ਰੁਪਏ ਪ੍ਰਤੀ ਲੀਟਰ ਹੈ। ਚੀਨ ਤੇ ਬੰਗਲਾਦੇਸ਼ ਵਿਚ 70 ਰੁਪਏ ਤੋਂ ਵਧੇਰੇ ਹੈ।

ਦੇਸ਼ 'ਚ ਲਗਾਤਾਰ ਵਧ ਰਹੀਆਂ ਤੇਲ ਕੀਮਤਾਂ ਦਰਮਿਆਨ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਇਹ ਗੰਭੀਰ ਤੇ ਅਹਿਮ ਮੁੱਦਾ ਹੈ ਅਤੇ ਕੀਮਤਾਂ 'ਚ ਕਮੀ ਦੇ ਇਲਾਵਾ ਕੋਈ ਵੀ ਜਵਾਬ ਲੋਕਾਂ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਖਪਤਕਾਰਾਂ ਨੂੰ ਰਾਹਤ ਦਿਵਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੈਟਰੋਲੀਅਮ ਪਦਾਰਥਾਂ ਦੇ ਨਿਰਯਾਤਕ ਦੇਸ਼ਾਂ ਦੇ ਸੰਗਠਨ (ਓ.ਪੀ.ਈ.ਸੀ.) ਨੇ ਉਤਪਾਦਨ ਦਾ ਜੋ ਅਨੁਮਾਨ ਲਗਾਇਆ ਸੀ, ਉਸ 'ਚ ਵੀ ਕਮੀ ਆਉਣ ਦੀ ਸੰਭਾਵਨਾ ਹੈ, ਜਿਸ ਨਾਲ ਚਿੰਤਾ ਹੋਰ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਤੇਲ ਕੀਮਤਾਂ ਘੱਟ ਕਰਨਾ ਸਿਰਫ ਕੇਂਦਰ ਸਰਕਾਰ ਦੇ ਹੱਥ 'ਚ ਨਹੀਂ ਹੈ। ਤੇਲ ਕੀਮਤਾਂ 'ਤੇ ਸਰਕਾਰ ਦਾ ਕੰਟਰੋਲ ਨਹੀਂ ਹੈ ਅਤੇ ਇਸ ਨੂੰ ਤਕਨੀਕੀ ਤੌਰ 'ਤੇ ਮੁਕਤ ਕਰ ਦਿੱਤਾ ਗਿਆ ਹੈ।




## ਮੋਦੀ ਨੇ ਪਿਛਲੀਆਂ ਸਰਕਾਰਾਂ ਸਿਰ ਠੀਕਰਾ ਭੰਨਿਆ

**ਨਵੀਂ ਦਿੱਲੀ:** ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜੇ ਪਿਛਲੀਆਂ ਸਰਕਾਰਾਂ ਨੇ ਭਾਰਤ ਦੀ ਊਰਜਾ ਦਰਾਮਦਗੀ 'ਤੇ ਨਿਰਭਰਤਾ ਘਟਾਈ ਹੁੰਦੀ ਤਾਂ ਮੱਧ ਵਰਗ ਨੂੰ ਅਜਿਹੀ ਮੁਸ਼ਕਲ ਨਾ ਆਉਂਦੀ। ਬੇਲਗਾਮ ਵਧ ਰਹੀਆਂ ਪ੍ਰਚੂਨ ਤੇਲ ਕੀਮਤਾਂ ਦਾ ਜ਼ਿਕਰ ਕੀਤੇ ਬਿਨਾਂ ਉਨ੍ਹਾਂ ਕਿਹਾ ਕਿ ਭਾਰਤ ਨੇ 2019-20 ਵਿੱਤੀ ਵਰ੍ਹੇ ਦੌਰਾਨ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਲਈ 85 ਫੀਸਦੀ ਤੋਂ ਵੱਧ ਤੇਲ ਅਤੇ 53 ਫੀਸਦੀ ਗੈਸ ਦਰਾਮਦ ਕੀਤੀ ਹੈ।

## ਕਾਂਗਰਸ ਵੱਲੋਂ ਤੇਲ ਕੀਮਤਾਂ ਦਾ ਵਾਧਾ 'ਮੋਦੀ ਟੈਕਸ' ਕਰਾਰ

**ਨਵੀਂ ਦਿੱਲੀ:** ਕਾਂਗਰਸ ਦੇ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੇ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ 'ਮੋਦੀ ਟੈਕਸ' ਕਰਾਰ ਦਿੰਦਿਆਂ ਕੇਂਦਰ ਦੀ ਮੋਦੀ ਸਰਕਾਰ ਤੋਂ ਤੇਲ ਕੀਮਤਾਂ ਰਾਹੀਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਰੋਕਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ 'ਤੇਲ ਲੁੱਟ' ਰਾਹੀਂ ਵਿੱਤੀ ਸਾਲ 2021 ਵਿਚ ਹੀ 20,000 ਕਰੋੜ ਰੁਪਏ ਵਸੂਲਣਾ ਚਾਹੁੰਦੀ ਹੈ।

## ਤੇਲ ਕੀਮਤਾਂ 'ਚ ਵਾਧੇ ਖਿਲਾਫ ਸੋਨੀਆ ਵੱਲੋਂ ਮੋਦੀ ਨੂੰ ਪੱਤਰ



**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਲਗਾਤਾਰ ਵਧ ਰਹੀਆਂ ਤੇਲ ਅਤੇ ਗੈਸ ਕੀਮਤਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਕਾਂਗਰਸ ਮੁਖੀ ਨੇ ਦੋਸ਼ ਲਾਇਆ ਕਿ ਸਰਕਾਰ 'ਲੋਕਾਂ ਦੇ ਕਸ਼ਟ' ਵਿਚੋਂ 'ਮੁਨਾਫਾ' ਕਮਾ ਰਹੀ ਹੈ। ਸੋਨੀਆ ਨੇ ਕੀਮਤਾਂ ਵਿਚ ਵਾਧਾ ਵਾਪਸ ਲੈਣ ਦੀ ਮੰਗ ਕੀਤੀ। ਮੋਦੀ ਦੇ ਨਾਂ ਲਿਖੇ ਪੱਤਰ ਵਿਚ ਸੋਨੀਆ ਨੇ ਕਿਹਾ ਕਿ ਜੀ.ਡੀ.ਪੀ. 'ਮੂੰਧੇ ਮੂੰਹ' ਡਿੱਗ ਗਈ ਹੈ, ਗੈਸ, ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਵਧਦੀਆਂ ਹੀ ਜਾ ਰਹੀਆਂ ਹਨ। ਸੋਨੀਆ ਨੇ ਕਿਹਾ ਕਿ ਪੱਤਰ ਰਾਹੀਂ ਉਹ ਹਰ ਨਾਗਰਿਕ ਦਾ ਗੁੱਸਾ ਤੇ ਪੀੜ ਪ੍ਰਧਾਨ ਮੰਤਰੀ ਤੱਕ ਪਹੁੰਚਾਉਣਾ ਚਾਹੁੰਦੇ ਹਨ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਭਾਰਤ ਨੌਕਰੀਆਂ, ਤਨਖਾਹਾਂ ਦਾ ਢਾਂਚਾਗਤ ਖਾਤਮਾ ਦੇਖ ਰਿਹਾ ਹੈ। ਮੱਧਵਰਗ ਅਤੇ ਹਾਸ਼ੀਏ 'ਤੇ ਜੀਵਨ ਬਸਰ ਕਰਨ ਵਾਲੇ ਲੋਕ ਸੰਘਰਸ਼ ਕਰ ਰਹੇ ਹਨ। ਹੁਣ ਇਨ੍ਹਾਂ ਚੁਣੌਤੀਆਂ ਵਿਚ ਮਹਿੰਗਾਈ ਤੇ ਲਗਭਗ ਹਰ ਜ਼ਰੂਰੀ ਚੀਜ਼ ਦੀ ਕੀਮਤ ਵਧ ਗਈ ਹੈ।

# ਮੁਕੇਸ਼ ਅੰਬਾਨੀ ਪਹਿਲੇ 10 ਅਮੀਰਾਂ ਦੀ ਸੂਚੀ ਵਿਚੋਂ ਬਾਹਰ

**ਨਵੀਂ ਦਿੱਲੀ:** ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜ਼ੋਸ ਤੇ ਟੈਸਲਾ ਦੇ ਮਾਲਕ ਐਲਨ ਮਸਕ ਦੇ ਵਿਚਾਲੇ ਅਮੀਰੀ ਦੀ ਹੋੜ 'ਚ ਹੁਣ ਬਾਜ਼ੀ ਬੇਜ਼ੋਸ ਨੇ ਮਾਰ ਲਈ ਹੈ। ਉਨ੍ਹਾਂ ਮਸਕ ਨੂੰ ਦੂਜੇ ਨੰਬਰ ਉਤੇ ਛੱਡ ਦਿੱਤਾ ਹੈ। ਪਿਛਲੇ ਮਹੀਨੇ ਮਸਕ ਬੇਜ਼ੋਸ ਨੂੰ ਪਛਾੜ ਕੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਸਨ, ਪਰ ਉਨ੍ਹਾਂ ਦੀ ਇਹ ਬਾਦਸ਼ਾਹਤ ਜ਼ਿਆਦਾ ਸਮੇਂ ਤੱਕ ਕਾਇਮ ਨਹੀਂ ਰਹਿ ਸਕੀ।

ਬਲੂਮਬਰਗ ਬਿਲੀਅਨਰਜ ਇੰਡਕਸ ਦੇ ਅਨੁਸਾਰ ਬੇਜ਼ੋਸ ਦੀ ਕੁੱਲ ਦੌਲਤ 191 ਅਰਬ ਡਾਲਰ 'ਤੇ ਪਹੁੰਚ ਗਈ ਹੈ, ਜਦੋਂ ਕਿ ਐਲਨ ਮਸਕ ਦੀ ਕੁੱਲ ਸੰਪਤੀ 190 ਅਰਬ ਡਾਲਰ ਹੈ। ਦੋਵਾਂ ਅਰਬਪਤੀਆਂ ਵਿਚਾਲੇ ਸਿਰਫ 1 ਅਰਬ ਡਾਲਰ ਦਾ ਹੀ ਫਰਕ ਹੈ। ਅਮੀਰਾਂ ਦੀ ਸੂਚੀ 'ਚ 137 ਅਰਬ ਡਾਲਰ ਨਾਲ ਬਿੱਲ ਗੇਟਸ ਤੀਸਰੇ, 116 ਅਰਬ ਡਾਲਰ ਨਾਲ ਬਰਨਾਰਡ ਅਰਨਾਲਟ




ਚੌਥੇ, 104 ਅਰਬ ਡਾਲਰ ਨਾਲ ਮਾਰਕ ਜ਼ੁਕਰਬਰਗ ਪੰਜਵੇਂ ਸਥਾਨ ਉਤੇ ਹਨ। ਅਮੀਰਾਂ ਦੀ ਇਸ ਸੂਚੀ 'ਚੋਂ ਰਿਲਾਇੰਸ ਇੰਡਸਟਰੀ ਦੇ ਚੇਅਰਮੈਨ ਮੁਕੇਸ਼ ਅੰਬਾਨੀ ਟਾਪ 10 ਤੋਂ ਵੀ ਬਾਹਰ ਹੋ ਗਏ ਹਨ। ਉਹ 79.7 ਅਰਬ ਡਾਲਰ ਨਾਲ 11ਵੇਂ ਨੰਬਰ ਉਤੇ ਹਨ। ਉਨ੍ਹਾਂ ਦੀ ਥਾਂ ਸਟਾਵ ਬਾਲਮੇਰ ਨੇ ਲੈ ਲਈ ਹੈ। ਐਮਾਜ਼ੋਨ ਦੇ ਸ਼ੇਅਰਾਂ 'ਚ ਆਈ ਤੇਜ਼ੀ ਦਾ ਫਾਇਦਾ ਜੈਫ ਬੇਜ਼ੋਸ ਨੂੰ ਮਿਲਿਆ ਹੈ। ਬੇਜ਼ੋਸ ਦੀ ਦੌਲਤ ਇਕ ਸਾਲ 'ਚ 88.4 ਕਰੋੜ ਡਾਲਰ ਵਧੀ ਹੈ, ਜਦੋਂ ਕਿ ਮਸਕ ਦੀ ਦੌਲਤ 20.5 ਅਰਬ ਡਾਲਰ ਵਧੀ ਹੈ।

# ਚੀਨ ਨੇ ਆਪਣੇ ਚਾਰ ਫੌਜੀ ਮਾਰੇ ਜਾਣ ਦੀ ਗੱਲ ਕਬੂਲੀ

**ਪੇਈਚਿੰਗ:** ਚੀਨ ਨੇ ਪਹਿਲੀ ਵਾਰ ਕਬੂਲ ਕੀਤਾ ਹੈ ਕਿ ਪਿਛਲੇ ਸਾਲ ਪੂਰਬੀ ਲੱਦਾਖ ਦੀ ਗਲਵਾਨ ਘਾਟੀ 'ਚ ਭਾਰਤੀ ਫੌਜ ਨਾਲ ਹੋਈ ਤਿੱਖੀ ਝੜਪ ਦੌਰਾਨ ਉਸ ਦੇ ਵੀ ਚਾਰ ਫੌਜੀ ਮਾਰੇ ਗਏ ਸਨ। ਪੀਪਲਜ਼ ਲਿਬਰੇਸ਼ਨ ਆਰਮੀ ਨੇ ਦੇਸ਼ ਦੀ ਪੱਛਮੀ ਸਰਹੱਦ ਦੀ ਰਾਖੀ ਕਰਦਿਆਂ ਜਾਨਾਂ ਗੁਆਉਣ ਵਾਲੇ ਦੋ ਅਧਿਕਾਰੀਆਂ ਅਤੇ ਤਿੰਨ ਜਵਾਨਾਂ ਨੂੰ ਮਰਨ ਉਪਰੰਤ ਸਨਮਾਨਿਤ ਕੀਤਾ ਹੈ। ਸਰਕਾਰੀ ਖਬਰ ਏਜੰਸੀ ਸਿਨਹੁਆ ਨੇ ਦਿ ਪੀਪਲਜ਼ ਲਿਬਰੇਸ਼ਨ ਆਰਮੀ ਡੇਲੀ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ।

ਅਖਬਾਰ ਮੁਤਾਬਕ ਕਾਰਾਕੁਰਮ ਚੋਟੀਆਂ 'ਤੇ ਤਾਇਨਾਤ ਚਾਰ ਚੀਨੀ ਅਧਿਕਾਰੀਆਂ ਤੇ ਜਵਾਨਾਂ ਨੂੰ ਭਾਰਤ ਨਾਲ ਗਲਵਾਨ ਘਾਟੀ 'ਚ ਸਰਹੱਦੀ ਟਕਰਾਅ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਕੇਂਦਰੀ ਮਿਲਟਰੀ ਕਮਿਸ਼ਨ ਆਫ ਚੀਨ (ਸੀ.ਐਮ.ਸੀ.) ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਹੈ। ਬਟਾਲੀਅਨ ਕਮਾਂਡਰ ਚੇਨ ਹੋਂਗਜੁਨ ਨੂੰ ਮਰਨ ਉਪਰੰਤ 'ਸਰਹੱਦ ਦੀ ਸੁਰੱਖਿਆ ਦੇ



ਨਾਇਕ' ਦਾ ਖਿਤਾਬ ਦਿੱਤਾ ਗਿਆ ਹੈ ਜਦਕਿ ਚੇਨ ਸ਼ਿਆਂਗਰੋਂਗ, ਸ਼ਿਆਓ ਸਿਯੁਆਨ ਅਤੇ ਵੈਂਗ ਜ਼ੁਓਰਾਨ ਨੂੰ ਫਸਟ ਕਲਾਸ ਮੈਰਿਟ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ਹੈ। ਕੀ ਫਬਾਓ ਜੋ ਝੜਪ ਦੌਰਾਨ ਗੰਭੀਰ ਰੂਪ 'ਚ ਜਖਮੀ ਹੋ ਗਿਆ ਸੀ, ਨੂੰ 'ਸਰਹੱਦ ਦੀ ਰਾਖੀ ਲਈ ਨਾਇਕ ਰੈਜੀਮੈਂਟ ਕਮਾਂਡਰ' ਦਾ ਖਿਤਾਬ ਮਿਲਿਆ ਹੈ। ਤਿੰਨ ਫੌਜੀਆਂ ਦੀ ਝੜਪ ਦੌਰਾਨ ਮੌਤ ਹੋ ਗਈ ਸੀ ਜਦਕਿ ਇਕ ਹੋਰ ਜਦੋਂ ਆਪਣੇ ਸਾਥੀਆਂ ਦੀ ਸਹਾਇਤਾ ਲਈ ਦਰਿਆ ਪਾਰ ਕਰ ਰਿਹਾ ਸੀ ਤਾਂ ਉਹ ਮਰ ਗਿਆ ਸੀ। ਜ਼ਿਕਰਯੋਗ ਹੈ ਕਿ ਝੜਪ ਦੌਰਾਨ ਭਾਰਤ ਦੇ 20 ਫੌਜੀ ਸ਼ਹੀਦ ਹੋਏ ਸਨ ਜਦਕਿ ਚੀਨ ਨੇ ਆਪਣੇ ਮਾਰੇ ਗਏ ਫੌਜੀਆਂ ਦਾ ਕੋਈ ਖੁਲਾਸਾ ਨਹੀਂ ਕੀਤਾ ਸੀ।

# ਜਿਨਸੀ ਸ਼ੋਸ਼ਣ: ਗੋਗੋਈ ਖਿਲਾਫ ਜਾਂਚ ਅਮਲ ਬੰਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਪਿਛਲੀ 'ਵਡੇਰੀ ਸਾਜ਼ਿਸ਼' ਦੀ ਜਾਂਚ ਲਈ ਵਿੱਢੀ ਕਾਰਵਾਈ ਨੂੰ ਬੰਦ ਕਰ ਦਿੱਤਾ ਹੈ। ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਲਗਭਗ ਦੋ ਸਾਲ ਬੀਤ ਚੁੱਕੇ ਹਨ ਤੇ ਇਲੈਕਟ੍ਰੌਨਿਕ ਰਿਕਾਰਡ ਲੱਭਣ ਦੀ ਸੰਭਾਵਨਾ ਬਹੁਤ ਘੱਟ ਹੈ। ਸੁਪਰੀਮ ਕੋਰਟ, ਜਿਸ ਨੇ ਖੁਦ ਇਸ ਮਾਮਲੇ ਦਾ ਨੋਟਿਸ ਲਿਆ ਸੀ, ਨੇ ਕਿਹਾ ਕਿ ਜਿਨਸੀ ਸ਼ੋਸ਼ਣ ਮਾਮਲੇ 'ਚ ਅੰਤਰ-ਹਾਊਸ ਜਾਂਚ ਮੁਕੰਮਲ ਹੋ ਚੁੱਕੀ ਹੈ ਤੇ ਜਸਟਿਸ ਐਸ.ਏ.ਬੋਬੜੇ (ਜੋ ਮੌਜੂਦਾ ਸੀ.ਜੇ.ਆਈ. ਹਨ) ਦੀ ਅਗਵਾਈ ਵਾਲੀ ਤਿੰਨ ਮੈਂਬਰੀ ਕਮੇਟੀ ਸਾਬਕਾ ਚੀਫ ਜਸਟਿਸ ਨੂੰ ਦੋਸ਼ ਮੁਕਤ ਕਰਾਰ ਦੇ ਚੁੱਕੀ ਹੈ।

ਬੈਂਚ ਵਿਚ ਸ਼ਾਮਲ ਜਸਟਿਸ ਏ.ਐਸ.ਬੋਪੰਨਾ ਤੇ ਵੀ.ਰਾਮਾਸੁਬਰਾਮਨੀਅਨ ਨੇ ਕਿਹਾ ਕਿ ਜਸਟਿਸ (ਸੇਵਾ ਮੁਕਤ) ਏ.ਕੇ.ਪਟਨਾਇਕ ਦੀ ਅਗਵਾਈ ਵਾਲਾ ਪੈਨਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਫਸਾਉਣ ਪਿਛਲੀ ਵਡੇਰੀ ਸਾਜ਼ਿਸ਼ ਦੀ ਜਾਂਚ ਲਈ ਵੱਟਸਐਪ ਸੁਨੇਹਿਆਂ ਜਿਹੇ ਇਲੈਕਟ੍ਰੌਨਿਕ ਰਿਕਾਰਡ ਨੂੰ ਹਾਸਲ ਨਹੀਂ ਕਰ ਸਕਿਆ। ਲਿਹਾਜ਼ਾ ਇਸ ਕੇਸ ਨੂੰ ਅੱਗੇ ਜਾਰੀ ਰੱਖਣ ਦੀ ਕੋਈ ਤੁਕ ਨਹੀਂ ਬਣਦੀ। ਉਂਜ ਸਿਖਰਲੀ ਅਦਾਲਤ ਨੇ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਵੱਲੋਂ ਲਿਖੇ ਪੱਤਰ ਦਾ ਹਵਾਲਾ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਸਾਬਕਾ ਚੀਫ ਜਸਟਿਸ ਗੋਗੋਈ ਵੱਲੋਂ ਅਸਾਮ ਵਿਚ ਨਾਗਰਿਕਾਂ ਬਾਰੇ ਕੌਮੀ ਰਜਿਸਟਰ (ਐਨ.ਆਰ.ਸੀ.) ਦੀ ਤਿਆਰੀ ਨੂੰ ਲੈ ਕੇ ਕੀਤੇ ਸਖਤ ਫੈਸਲਿਆਂ ਕਰਕੇ ਉਨ੍ਹਾਂ ਖਿਲਾਫ ਇਕ ਸਾਜ਼ਿਸ਼ ਰਚੀ ਗਈ ਹੋ ਸਕਦੀ ਹੈ। ਬੈਂਚ ਨੇ ਜਸਟਿਸ ਪਟਨਾਇਕ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਤਤਕਾਲੀਨ ਸੀ.ਜੇ.ਆਈ. ਗੋਗੋਈ ਖਿਲਾਫ ਵਡੇਰੀ ਸਾਜ਼ਿਸ਼ ਘੜੀ ਗਈ ਸੀ, ਇਸ ਗੱਲ ਨੂੰ ਮੰਨਣ ਲਈ ਕਈ ਠੋਸ ਕਾਰਨ ਹਨ।

ਦੱਸਣਾ ਬਣਦਾ ਹੈ ਸਾਬਕਾ ਸੀ.ਜੇ.ਆਈ. 'ਤੇ 'ਜਿਨਸੀ ਸ਼ੋਸ਼ਣ' ਦੇ ਦੋਸ਼ ਲੱਗਣ ਦਰਮਿਆਨ ਵਕੀਲ ਉਤਸਵ ਸਿੰਘ ਬੈਂਸ ਨੇ ਇਸ ਪਿੱਛੇ 'ਵਡੇਰੀ ਸਾਜ਼ਿਸ਼' ਹੋਣ ਦਾ ਦਾਅਵਾ ਕੀਤਾ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਬੈਂਸ ਵੱਲੋਂ ਲਾਏ ਦੋਸ਼ਾਂ ਦੀ ਮੁਕੰਮਲ ਤੌਰ 'ਤੇ ਤਸਦੀਕ ਨਹੀਂ ਹੋ ਸਕੀ ਕਿਉਂਕਿ ਜਸਟਿਸ ਪਟਨਾਇਕ ਦੀ ਅਗਵਾਈ ਵਾਲੀ ਕਮੇਟੀ ਦੀ ਰਿਕਾਰਡ ਤੇ ਹੋਰ ਸਬੰਧਤ ਸਮੱਗਰੀ ਤੱਕ ਸੀਮਤ ਰਸਾਈ ਸੀ, ਪਰ ਵੱਡੀ ਸਾਜ਼ਿਸ਼ ਘੜੇ ਜਾਣ ਦੇ ਨੁਕਤੇ ਨੂੰ ਵੀ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਕਾਬਲੇਗੌਰ ਹੈ ਕਿ ਸਾਲ 2019 ਵਿਚ ਤਤਕਾਲੀਨ ਚੀਫ ਜਸਟਿਸ ਰੰਜਨ ਗੋਗੋਈ 'ਤੇ ਇਕ ਮਹਿਲਾ ਮੁਲਾਜ਼ਮ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਗਏ ਸੀ। ਜਸਟਿਸ ਗੋਗੋਈ ਨੂੰ ਹਾਲਾਂਕਿ ਅੰਤਰ-ਕਮੇਟੀ ਜਾਂਚ ਵਿਚ ਕਲੀਨ ਚਿੱਟ ਮਿਲ ਗਈ ਸੀ, ਪਰ ਸੁਪਰੀਮ ਕੋਰਟ ਨੇ ਜਸਟਿਸ ਗੋਗੋਈ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਫਸਾਉਣ ਪਿਛਲੀ ਵਡੇਰੀ ਸਾਜ਼ਿਸ਼ ਦੀ ਜਾਂਚ ਲਈ 25 ਅਪਰੈਲ 2019 ਨੂੰ ਜਸਟਿਸ (ਸੇਵਾ ਮੁਕਤ) ਪਟਨਾਇਕ ਦੀ ਅਗਵਾਈ 'ਚ ਕਮੇਟੀ ਗਠਿਤ ਕੀਤੀ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ, ਜਿਸ 'ਤੇ ਗੌਰ ਕਰਨ ਮਗਰੋਂ ਸੁਪਰੀਮ ਕੋਰਟ ਨੇ ਉਪਰੋਕਤ ਫੈਸਲਾ ਕੀਤਾ ਹੈ।

## ਮੋਦੀ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹਲਕੇ ਤੋਂ ਬਾਹਰ ਰਹਿੰਦੇ ਲੋਕਾਂ ਤੇ ਪਰਵਾਸੀ ਭਾਰਤੀਆਂ, ਜੋ ਰਜਿਸਟਰਡ ਵੋਟਰ ਹਨ, ਨੂੰ ਪੋਸਟਲ ਬੈਲਟ ਰਾਹੀਂ ਵੋਟਿੰਗ ਦਾ ਹੱਕ ਦੇਣ ਦਾ ਮੰਗ ਕਰਦੀ ਪਟੀਸ਼ਨ 'ਤੇ ਕੇਂਦਰ ਦੀ ਮੋਦੀ ਸਰਕਾਰ ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ।

ਚੀਫ ਜਸਟਿਸ ਐਸ.ਏ.ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕਾਨੂੰਨ ਤੇ ਨਿਆਂ ਮੰਤਰਾਲੇ ਤੇ ਚੋਣ ਸੰਸਥਾ ਨੂੰ ਨੋਟਿਸ ਜਾਰੀ ਕਰਦਿਆਂ ਜਵਾਬ ਦੇਣ ਲਈ ਕਿਹਾ ਹੈ। ਬੈਂਚ ਨੇ ਕਿਹਾ, 'ਇਹ ਕਿਸ ਤਰ੍ਹਾਂ ਦੀ ਪਟੀਸ਼ਨ ਹੈ? ਇੰਗਲੈਂਡ 'ਚ ਬੈਠੇ ਤੁਸੀਂ ਇਥੇ ਵੋਟ ਪਾਉਗੇ? ਜੇ ਤੁਹਾਨੂੰ ਆਪਣੇ ਹਲਕੇ ਵਿਚ ਜਾਣ ਦੀ ਫਿਕਰ ਨਹੀਂ ਹੈ ਤਾਂ ਫਿਰ ਕਾਨੂੰਨ ਤੁਹਾਡੀ ਮਦਦ ਕਿਉਂ ਕਰੇ।' ਕੇਸ ਦੀ ਸੁਣਵਾਈ ਦੌਰਾਨ ਸਿਖਰਲੀ ਅਦਾਲਤ ਨੇ ਸਵਾਲ ਪੁੱਛਿਆ ਕਿ ਕੀ ਸੰਸਦ ਤੇ ਸਰਕਾਰ ਨੂੰ ਵੋਟ ਪਾਉਣ ਵਾਲੀ ਥਾਂ ਨਿਰਧਾਰਿਤ ਕਰਨ ਦਾ ਕੋਈ ਅਧਿਕਾਰ ਹੈ। ਉਧਰ, ਪਟੀਸ਼ਨਰ ਵੱਲੋਂ ਪੇਸ਼ ਐਡਵੋਕੇਟ ਕਲੀਸਵਰਮ ਰਾਜ ਨੇ ਅਦਾਲਤ ਨੂੰ ਦੱਸਿਆ ਕਿ ਪੋਸਟਲ ਬੈਲਟ ਪੇਪਰ ਦੀ ਵਿਵਸਥਾ ਕੁਝ ਲੋਕਾਂ ਤੱਕ ਹੀ ਸੀਮਤ ਹੈ। ਪਟੀਸ਼ਨਰ ਨੇ ਚੋਣ ਹਲਕੇ ਤੋਂ ਬਾਹਰ ਰਹਿੰਦੇ ਸਾਰੇ ਰਜਿਸਟਰਡ ਵੋਟਰਾਂ ਨੂੰ ਪੋਸਟਲ ਬੈਲਟ ਦੀ ਸਹੂਲਤ ਦੇ ਘੇਰੇ 'ਚ ਲਿਆਉਣ ਦੀ ਮੰਗ ਕੀਤੀ ਹੈ।

## ਭਾਜਪਾ ਆਗੂ ਨਸ਼ੇ ਦੇ ਦੋਸ਼ ਹੇਠ ਗ੍ਰਿਫਤਾਰ

**ਕੋਲਕਾਤਾ:** ਭਾਜਪਾ ਦੇ ਯੂਥ ਵਿੰਗ ਆਗੂ ਪਾਮੇਲਾ ਗੋਸਵਾਮੀ ਨੂੰ ਨਸ਼ੇ ਦੇ ਇਕ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਅ ਭਾਜਪਾ ਦੇ ਆਪਣੇ ਸਾਥੀ ਰਾਕੇਸ਼ ਸਿੰਘ 'ਤੇ ਸਾਜ਼ਿਸ਼ ਤਹਿਤ ਫਸਾਉਣ ਦਾ ਦੋਸ਼ ਲਾਉਂਦਿਆਂ ਉਸ ਨੂੰ ਗ੍ਰਿਫਤਾਰ ਕਰਨ ਅਤੇ ਮਾਮਲੇ ਦੀ ਸੀ.ਆਈ.ਡੀ. ਜਾਂਚ ਕਰਵਾਉਣ ਦੀ ਮੰਗ ਕੀਤੀ।

ਪੁਲਿਸ ਮੁਤਾਬਕ, ਭਾਰਤੀ ਜਨਤਾ ਯੁਵਾ ਮੋਰਚਾ ਦੀ ਸੂਬਾ ਸਕੱਤਰ ਗੋਸਵਾਮੀ ਨੂੰ ਉਸ ਦੇ ਦੋਸਤ ਪ੍ਰਦੀਪ ਕੁਮਾਰ ਡੇਅ ਅਤੇ ਨਿੱਜੀ ਸਕਿਉਰਿਟੀ ਗਾਰਡ ਨਾਲ ਕੋਲਕਾਤਾ ਦੇ ਨਿਊ ਏਅਰਪੋਰਟ ਖੇਤਰ ਵਿਚੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਉਸ ਦੇ ਬੈਗ ਵਿਚੋਂ 90 ਗ੍ਰਾਮ ਕੋਕੀਨ ਬਰਾਮਦ ਕੀਤੀ ਸੀ। ਉਸ ਨੂੰ 26 ਤੱਕ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ।

# ਪੰਜਾਬ ਬਜਟ 8 ਮਾਰਚ ਨੂੰ, ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਵਿਧਾਨ ਸਭਾ ਦਾ ਬਜਟ ਸੈਸ਼ਨ ਪਹਿਲੀ ਮਾਰਚ ਤੋਂ 10 ਮਾਰਚ ਤੱਕ ਸੱਦਣ ਸਮੇਤ ਕਈ ਹੋਰ ਅਹਿਮ ਫੈਸਲੇ ਲਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਤੈਅ ਹੋਇਆ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 8 ਮਾਰਚ ਨੂੰ ਸੂਬੇ ਦਾ ਬਜਟ ਪੇਸ਼ ਕਰਨਗੇ।

ਹੋਰ ਫੈਸਲਿਆਂ ਵਿਚ ਮੌੜ ਬੰਬ ਧਮਾਕੇ ਦੇ ਪੀੜਤ ਪਰਿਵਾਰਾਂ ਨੂੰ ਚਾਰ ਸਾਲਾਂ ਬਾਅਦ ਨੌਕਰੀਆਂ ਦੇਣ, ਵੱਖ-ਵੱਖ ਵਿਭਾਗਾਂ ਲਈ 1875 ਅਸਾਮੀਆਂ ਦੀ ਸਿਰਜਣਾ ਕਰਨ, ਮੁਹਾਲੀ ਵਿਚ ਨਿੱਜੀ ਯੂਨੀਵਰਸਿਟੀ ਖੋਲ੍ਹਣ, ਇੰਡੀਅਨ ਪਾਰਟਨਰਸ਼ਿਪ ਐਕਟ, 1932 ਵਿਚ ਸੋਧ ਨੂੰ ਮਨਜ਼ੂਰੀ ਦੇਣ, 'ਮਿਸ਼ਨ ਲਾਲ ਲਕੀਰ' ਨੂੰ ਸਾਰੇ ਪਿੰਡਾਂ ਵਿਚ ਲਾਗੂ ਕਰਨ ਨੂੰ ਮਨਜ਼ੂਰੀ, ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਲੰਮੇ ਸਮੇਂ ਤੋਂ ਕਬਜ਼ੇ ਹੇਠਲੀਆਂ ਜ਼ਮੀਨਾਂ ਅਲਾਟ ਕਰਨ, ਵਿੱਤੀ ਜਵਾਬਦੇਹੀ ਤੇ ਬਜਟ ਪ੍ਰਬੰਧਨ ਐਕਟ 2003 ਵਿੱਚ ਸੋਧ ਕਰਨ ਅਤੇ ਏ.ਡੀ.ਸੀ. ਸ਼ਹਿਰੀ ਵਿਕਾਸ ਦੀਆਂ 22 ਨਵੀਆਂ ਅਸਾਮੀਆਂ ਕਾਇਮ ਕਰਨ ਨੂੰ ਵੀ ਪ੍ਰਵਾਨਗੀ ਆਦਿ ਸ਼ਾਮਲ ਹਨ। ਪੰਜਾਬ ਸਰਕਾਰ ਨੇ 31 ਜਨਵਰੀ, 2017 ਨੂੰ ਮੌੜ ਮੰਡੀ ਬੰਬ ਧਮਾਕੇ ਵਿਚ ਮਾਰੇ ਗਏ ਚਾਰ ਨਾਬਾਲਗਾਂ ਜਪਸਿਮਰਨ ਸਿੰਘ, ਸੌਰਵ ਸਿੰਗਲਾ, ਅੰਕੁਸ਼, ਅਤੇ ਰਿਪਨਦੀਪ ਸਿੰਘ ਦੇ ਪਰਿਵਾਰਾਂ ਦੇ ਮੈਂਬਰ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦਾ ਫੈਸਲਾ ਲਿਆ ਹੈ। ਵਜ਼ਾਰਤ ਵੱਲੋਂ ਕੀਤੇ ਗਏ ਫੈਸਲੇ ਨਾਲ 1875 ਨਵੀਆਂ ਅਸਾਮੀਆਂ ਦੀ ਸਿਰਜਣਾ ਹੋਵੇਗੀ ਜਦੋਂ ਕਿ ਸੰਦਰਭਹੀਣ ਤੇ ਗੈਰ-ਤਰਕਸੰਗਤ ਹੋ ਗਈਆਂ, ਮੌਜੂਦਾ 3720 ਅਸਾਮੀਆਂ ਦਾ ਸਮਰਪਣ ਕੀਤਾ ਜਾਵੇਗਾ।




ਬਜਟ ਇਜਲਾਸ ਦੌਰਾਨ ਪ੍ਰਾਈਵੇਟ ਐਮਿਟੀ ਯੂਨੀਵਰਸਿਟੀ ਦੀ ਸਥਾਪਨਾ ਲਈ ਬਿੱਲ ਸਦਨ ਵਿਚ ਪੇਸ਼ ਕੀਤਾ ਜਾਵੇਗਾ। ਇਹ ਯੂਨੀਵਰਸਿਟੀ ਆਈ.ਟੀ. ਸਿਟੀ, ਮੁਹਾਲੀ 'ਚ ਇਸੇ ਸਾਲ ਕਾਰਜਸ਼ੀਲ ਹੋ ਜਾਵੇਗੀ। ਮੰਤਰੀ ਮੰਡਲ ਨੇ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ ਐਕਟ-2016 ਵਿਚ ਸੋਧ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੰਜਾਬ ਕੈਬਨਿਟ ਨੇ ਜੀ.ਐਸ.ਟੀ. ਫਾਰਮੂਲੇ ਦਾ ਘੇਰਾ ਮੋਕਲਾ ਕਰਨ ਲਈ ਸਨਅਤੀ ਤੇ ਵਪਾਰ ਵਿਕਾਸ ਨੀਤੀ, 2017 ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਹੈ ਤਾਂ ਜੋ ਇਸ ਨੀਤੀ ਤਹਿਤ 17 ਅਕਤੂਬਰ, 2022 ਤੱਕ ਰਿਆਇਤਾਂ ਹਾਸਲ ਕੀਤੀਆਂ ਜਾ ਸਕਣ।

ਪੰਜਾਬ ਕੈਬਨਿਟ ਨੇ ਸੂਬੇ ਦੇ ਸਾਰੇ ਪਿੰਡਾਂ ਵਿਚ ਮਿਸ਼ਨ ਲਾਲ ਲਕੀਰ ਲਾਗੂ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮਿਸ਼ਨ ਤਹਿਤ ਸਵਾਮੀਤੱਵ ਸਕੀਮ ਅਧੀਨ ਭਾਰਤ ਸਰਕਾਰ ਦੇ ਸਹਿਯੋਗ ਨਾਲ ਰਾਜ ਦੇ ਪਿੰਡਾਂ ਵਿੱਚ ਲਾਲ ਲਕੀਰ ਵਿਚਲੀਆਂ ਜਾਇਦਾਦਾਂ ਦਾ ਰਿਕਾਰਡ ਤਿਆਰ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਅਣਅਧਿਕਾਰਤ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਕਬਜ਼ੇ ਵਾਲੀ ਜ਼ਮੀਨ ਦੀ ਅਲਾਟਮੈਂਟ ਕਰਨ ਲਈ 'ਦਿ ਪੰਜਾਬ (ਬੇਜ਼ਮੀਨੇ, ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਵਿਵਸਥਾ ਕਰਨਾ) ਅਲਾਟਮੈਂਟ ਆਫ ਸਟੇਟ ਗਵਰਨਮੈਂਟ ਲੈਂਡ ਰੂਲਜ਼, 2021' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਮੰਤਰੀ ਮੰਡਲ ਵੱਲੋਂ ਕਲੈਰੀਕਲ ਅਮਲੇ ਜਿਵੇਂ ਕਿ ਕਲਰਕ, ਜੂਨੀਅਰ ਸਹਾਇਕ, ਸਟੈਨੋ-ਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗ੍ਰਾਫਰ ਜੋ ਕਿ ਮਾਸਟਰ/ਮਿਸਟਰੈਸ ਦੇ ਕਾਡਰ ਵਿਚ ਨਾਨ-ਟੀਚਿੰਗ ਸਟਾਫ ਵਜੋਂ ਕੰਮ ਕਰਦੇ ਹਨ, ਨੂੰ 1 ਫੀਸਦੀ ਤਰੱਕੀ ਕੋਟਾ ਮੁਹੱਈਆ ਕੀਤੇ ਜਾਣ ਲਈ ਲੋੜੀਂਦੇ ਨਿਯਮਾਂ ਵਿਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਨ੍ਹਾਂ ਸਟਾਫ ਮੈਂਬਰਾਂ ਨੂੰ ਹੁਣ ਲਾਇਬ੍ਰੇਰੀਅਨ, ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ ਅਤੇ ਸੀਨੀਅਰ ਲੈਬਾਰੇਟਰੀ ਅਟੈਂਡੈਂਟ ਦੇ ਬਰਾਬਰ ਤਰੱਕੀਆਂ 'ਚ ਕੋਟਾ ਮਿਲੇਗਾ।

ਮੰਤਰੀ ਮੰਡਲ ਵੱਲੋਂ ਐਕਟ ਦੀ ਧਾਰਾ 71 ਅਧੀਨ ਸ਼ਡਿਊਲ-1 ਵਿਚ ਫਰਮਾਂ ਦੀ ਰਜਿਸਟ੍ਰੇਸ਼ਨ, ਰਿਕਾਰਡਾਂ ਦੀ ਅਪਡੇਸ਼ਨ, ਨਿਰੀਖਣ ਅਤੇ ਕਾਪੀ ਕਰਨ ਸਬੰਧੀ ਦਰਜ ਵੱਖ-ਵੱਖ ਸੇਵਾਵਾਂ ਲਈ ਫੀਸ ਵਿਚ ਸੋਧ ਕਰਨ ਹਿੱਤ 'ਇੰਡੀਅਨ ਪਾਰਟਨਰਸ਼ਿਪ (ਪੰਜਾਬ ਸੋਧ) ਬਿੱਲ, 2021' ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸੋਧ ਮੁਤਾਬਕ ਹੁਣ ਬਿਨੈ-ਪੱਤਰ ਰਜਿਸਟ੍ਰੇਸ਼ਨ ਦੀ ਸਟੇਟਮੈਂਟ ਲਈ ਤਿੰਨ ਰੁਪਏ ਦੀ ਬਜਾਏ 5000 ਰੁਪਏ ਵਸੂਲ ਕੀਤੇ ਜਾਣਗੇ। ਕਾਰੋਬਾਰ ਦੇ ਮੁੱਖ ਸਥਾਨ ਅਤੇ ਫਰਮ ਦੇ ਨਾਮ ਵਿਚ ਤਬਦੀਲੀਆਂ ਦਰਜ ਕਰਵਾਉਣ, ਸ਼ਾਖਾਵਾਂ ਨੂੰ ਬੰਦ ਕਰਨ ਅਤੇ ਖੋਲ੍ਹਣ ਦੀ ਸੂਚਨਾ ਦੇਣ, ਭਾਗੀਦਾਰਾਂ ਦੇ ਨਾਮ ਅਤੇ ਪਤੇ ਵਿਚ ਤਬਦੀਲੀ, ਕਿਸੇ ਫਰਮ ਵਿਚ ਤਬਦੀਲੀਆਂ ਅਤੇ ਭੰਗ ਕਰਨ, ਕਿਸੇ ਨਾਬਾਲਗ ਦਾ ਨਾਂ ਵਾਪਸ ਲੈਣ ਤੋਂ ਇਲਾਵਾ ਗਲਤੀਆਂ ਦੇ ਸੁਧਾਰ ਲਈ ਅਰਜ਼ੀ ਦੇਣ ਵਰਗੀਆਂ ਸੇਵਾਵਾਂ ਲਈ 1 ਰੁਪਏ ਦੀ ਥਾਂ 'ਤੇ ਹਰੇਕ ਸਟੇਟਮੈਂਟ ਲਈ 500 ਰੁਪਏ ਅਦਾ ਕਰਨਗੇ ਪੈਣਗੇ। ਇਸ ਤੋਂ ਇਲਾਵਾ ਫਰਮਾਂ ਦੇ ਰਜਿਸਟਰ ਦੇ ਇਕ ਭਾਗ ਦੀ ਜਾਂਚ ਕਰਨ ਅਤੇ ਫਰਮ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਦੀ ਜਾਂਚ ਲਈ ਹੁਣ 50 ਪੈਸੇ ਦੀ ਥਾਂ 'ਤੇ 100 ਰੁਪਏ ਲਏ ਜਾਣਗੇ।

## ਉਦਯੋਗਿਕ ਪ੍ਰੋਜੈਕਟਾਂ ਲਈ ਸਵੈ-ਨਵੀਨੀਕਰਨ ਨੂੰ ਮਨਜ਼ੂਰੀ

ਮੰਤਰੀ ਮੰਡਲ ਵੱਲੋਂ ਉਦਯੋਗਾਂ ਨੂੰ ਕਿਸੇ ਤਰ੍ਹਾਂ ਦੇ ਨਵੀਨੀਕਰਨ ਲਈ ਅਗਾਊਂ ਵਿਭਾਗੀ ਮਨਜ਼ੂਰੀ ਤੋਂ ਛੋਟ ਦਿੰਦਿਆਂ ਸਵੈ-ਨਵੀਨੀਕਰਨ ਦੀ ਇਜਾਜ਼ਤ ਦੇਣ ਦਾ ਫੈਸਲਾ ਲਿਆ, ਤਾਂ ਜੋ ਸਨਅਤਕਾਰਾਂ ਨੂੰ ਪਰੇਸ਼ਾਨੀ ਨਾ ਹੋਵੇ। ਇਸੇ ਤਰ੍ਹਾਂ ਸਨਅਤਾਂ ਦੂਜੀਆਂ ਕਈ ਕਾਨੂੰਨੀ ਇਜਾਜ਼ਤ ਵੀ ਆਪਣੇ ਤੌਰ 'ਤੇ ਹੀ ਲੈ ਸਕਣਗੀਆਂ, ਜਿਸ ਲਈ ਵਿਭਾਗ ਨੂੰ ਸੂਚਿਤ ਕੀਤਾ ਜਾਵੇਗਾ। ਰਾਜ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਵੱਲੋਂ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ ਬਿੱਲ 'ਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਤਾਂ ਜੋ ਨਵੀਆਂ ਸਥਾਪਿਤ ਹੋ ਰਹੀਆਂ ਯੂਨਿਟਾਂ, ਜਿਨ੍ਹਾਂ 'ਚ ਪ੍ਰਦੂਸ਼ਣ ਕੰਟਰੋਲ ਬੋਰਡ ਪੰਜਾਬ ਫੂਡ ਤੇ ਡਰੱਗ ਐਡਮਨਿਸ਼ਟ੍ਰੇਸ਼ਨ, ਖੁਰਾਕ ਅਤੇ ਸਿਵਲ ਸਪਲਾਈ, ਕਿਰਤ ਕਮਿਸ਼ਨਰ, ਸਥਾਨਕ ਸਰਕਾਰਾਂ, ਆਬਕਾਰੀ ਅਤੇ ਕਰ ਵਿਭਾਗ ਅਤੇ ਸ਼ਹਿਰੀ ਵਿਕਾਸ ਵਿਭਾਗ ਆਦਿ ਸ਼ਾਮਲ ਹਨ, ਦੀਆਂ ਮਨਜ਼ੂਰੀਆਂ ਲਈ ਨਿਵੇਸ਼ਕ ਇਕ ਸਵੈ-ਪ੍ਰਮਾਣ ਪੱਤਰ ਦੇਣਗੇ, ਜਿਸ 'ਚ ਉਨ੍ਹਾਂ ਵੱਲੋਂ ਉਕਤ ਸਾਰੇ ਐਕਟ ਅਤੇ ਨਿਯਮਾਂ ਦੀ ਪਾਲਣਾਂ ਦਾ ਭਰੋਸਾ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਅਜਿਹੀਆਂ ਮਨਜ਼ੂਰੀਆਂ ਲੈਣ ਦੇ ਕੰਮ 'ਚ ਹੁੰਦੀ ਦੇਰੀ ਤੋਂ ਬਚਾਇਆ ਜਾ ਸਕੇਗਾ।

## ਕਾਂਗਰਸ ਨੂੰ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਘੇਰਾਂਗੇ: ਚੀਮਾ

**ਸ਼ੇਰਪੁਰ:** ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ 'ਆਪ' ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ 'ਚ ਆਮ ਆਦਮੀ ਪਾਰਟੀ ਕਰਜ਼ਾ ਮੁਆਫੀ ਮੁੱਦੇ 'ਤੇ ਸੂਬਾ ਸਰਕਾਰ ਨੂੰ ਘੇਰੇਗੀ ਕਿਉਂਕਿ ਪੰਜਾਬ ਦੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਕੀਤੇ ਵਾਅਦੇ ਤੋਂ ਕਾਂਗਰਸ ਭੱਜ ਰਹੀ ਹੈ। 'ਆਪ' ਆਗੂ ਨੇ ਖੇਤੀ ਕਾਨੂੰਨਾਂ ਖਿਲਾਫ ਤੇ ਕਰਜ਼ਾ ਮੁਆਫੀ ਨਾ ਹੋਣ ਕਾਰਨ ਪੰਜਾਬ 'ਚ ਪਿਉ-ਪੁੱਤ ਵੱਲੋਂ ਕੀਤੀ ਗਈ ਖੁਦਕੁਸ਼ੀ ਦਾ ਹਵਾਲਾ ਦਿੰਦਿਆਂ ਇਸ ਲਈ ਕੈਪਟਨ ਤੇ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਇਆ।

# ਸਰਕਾਰ ਦੇ ਦਾਬਿਆਂ ਨਾਲ ਖਤਮ ਨਹੀਂ ਹੋਵੇਗਾ ਅੰਦੋਲਨ: ਜਥੇਬੰਦੀਆਂ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਕਿਸਾਨ ਮਹਾਪੰਚਾਇਤ ਕੀਤੀ ਗਈ। 'ਨੌਜਵਾਨ ਕਿਸਾਨ ਏਕਤਾ ਚੰਡੀਗੜ੍ਹ' ਵੱਲੋਂ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਰੱਖੀ ਗਈ ਮਹਾਪੰਚਾਇਤ ਵਿਚ ਪੰਜਾਬ ਅਤੇ ਹਰਿਆਣਾ ਦੇ ਕੋਨੇ-ਕੋਨੇ ਤੋਂ ਕਿਸਾਨ ਬੀਬੀਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਲਵਾਈ।

ਉਨ੍ਹਾਂ ਖੇਤੀ ਕਾਨੂੰਨਾਂ ਨੂੰ ਕਾਲੇ ਕਰਾਰ ਦਿੰਦਿਆਂ ਇਨ੍ਹਾਂ ਨੂੰ ਰੱਦ ਕਰਵਾਉਣ ਦਾ ਅਹਿਦ ਕੀਤਾ। ਇਸ ਤੋਂ ਇਲਾਵਾ ਵਧੀਆਂ ਤੇਲ ਕੀਮਤਾਂ ਤੇ ਮਹਿੰਗਾਈ ਦਾ ਮੁੱਦਾ ਵੀ ਪੰਚਾਇਤ ਵਿਚ ਗੂੰਜਿਆ। ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਝੂਠੇ ਕੇਸ ਦਰਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਕੇਸਾਂ ਦੇ ਡਰ ਤੋਂ ਖਤਮ ਹੋਣ ਵਾਲਾ ਨਹੀਂ ਹੈ, ਇਹ ਤਾਂ ਖੇਤੀ ਕਾਨੂੰਨ ਰੱਦ ਹੋਣ ਤੋਂ ਬਾਅਦ ਹੀ ਖਤਮ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਦੇ ਡਰ ਤੋਂ ਖੇਤੀ ਕਾਨੂੰਨ ਰੱਦ ਨਹੀਂ ਕਰ ਰਹੀ ਹੈ ਜਿਨ੍ਹਾਂ ਦੇਸ਼ ਵਿਚ



20 ਹਜ਼ਾਰ ਮੀਟ੍ਰਿਕ ਟਨ ਅਨਾਜ ਦੇ ਭੰਡਾਰਨ ਲਈ ਗੁਦਾਮ ਤਿਆਰ ਕਰ ਲਏ ਹਨ। ਉਗਰਾਹਾਂ ਨੇ ਕਿਹਾ ਕਿ ਕਿਸਾਨ ਆਗੂਆਂ 'ਤੇ ਦਰਜ ਕੀਤੇ ਗਏ ਝੂਠੇ ਕੇਸਾਂ ਵਿਚ ਕਿਸੇ ਨੂੰ ਗ੍ਰਿਫਤਾਰ ਨਹੀਂ ਹੋਣ ਦਿੱਤਾ ਜਾਵੇਗਾ।

ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਤੇਲ ਤੇ ਗੈਸ ਦੀ ਕੀਮਤ ਨਵੀਆਂ ਸਿਖਰਾਂ ਉਤੇ ਹੈ ਪਰ ਕੇਂਦਰ ਸਰਕਾਰ ਕੁਝ ਚੋਣਵੇਂ ਕਾਰਪੋਰੇਟਾਂ ਦੇ ਹੱਕ ਵਿਚ ਫੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਸ਼ਹਿਰ ਵਿਚ ਇਕ ਮਾਲ ਖੁੱਲ੍ਹਣ ਨਾਲ 100 ਦੁਕਾਨਾਂ ਬੰਦ ਹੋ ਜਾਂਦੀਆਂ ਹਨ। ਜੇਕਰ ਹੁਣ ਪ੍ਰਾਈਵੇਟ ਮੰਡੀ ਸਿਸਟਮ ਸ਼ੁਰੂ ਹੋ ਗਿਆ ਤਾਂ ਮੰਡੀਆਂ ਦਾ ਕਾਰੋਬਾਰ ਖਤਮ ਹੋ ਜਾਵੇਗਾ। ਇਸ ਦਾ ਅਸਰ ਪਿੰਡਾਂ ਦੇ ਵਿਕਾਸ 'ਤੇ ਵੀ ਪਵੇਗਾ। ਉਨ੍ਹਾਂ ਲੋਕਾਂ ਨੂੰ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਚੱਲ ਰਹੇ ਸੰਘਰਸ਼ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਪਿੰਡ ਬਚਾਓ ਸੰਘਰਸ਼ ਕਮੇਟੀ, ਚੰਡੀਗੜ੍ਹ ਦੇ ਸਰਪ੍ਰਸਤ ਸਾਧੂ ਸਿੰਘ ਨੇ ਵੀ ਕਿਸਾਨ ਸੰਘਰਸ਼ ਵਿਚ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਹੁਣ ਜਨ ਅੰਦੋਲਨ ਬਣ ਚੁੱਕਿਆ ਹੈ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਕਿਸਾਨ ਕਿਸੇ ਦੇ ਡਰ ਤੋਂ ਦੱਬਣ ਵਾਲੇ ਨਹੀਂ ਹਨ।

## ਅੰਦੋਲਨ ਪੜਾਅਵਾਰ ਅੱਗੇ ਵਧਾਉਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ ਵਿਚ ਸਾਢੇ ਚਾਰ ਮਹੀਨਿਆਂ ਤੋਂ ਚੱਲ ਰਹੇ ਕਿਸਾਨੀ ਘੋਲ ਦੌਰਾਨ ਸੰਘਰਸ਼ੀ ਅਖਾੜਿਆਂ ਤੋਂ ਅੰਦੋਲਨ ਨੂੰ ਪੜਾਅਵਾਰ ਅੱਗੇ ਵਧਾਉਣ ਅਤੇ ਦਿੱਲੀ ਮੋਰਚੇ ਦੀ ਮਜ਼ਬੂਤੀ ਲਈ ਲਗਾਤਾਰ ਜਥੇ ਭੇਜਣ ਦਾ ਸੱਦਾ ਦਿੱਤਾ ਗਿਆ। ਕਿਸਾਨ ਜਥੇਬੰਦੀਆਂ ਨੇ 'ਰੇਲ ਰੋਕੋ' ਅੰਦੋਲਨ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਢੇ ਚਾਰ ਮਹੀਨਿਆਂ ਤੋਂ ਸ਼ਾਂਤਮਈ ਢੰਗ ਨਾਲ ਚੱਲ ਰਹੇ ਕਿਸਾਨ ਅੰਦੋਲਨ ਨੇ ਮੋਦੀ ਸਰਕਾਰ ਦੀਆਂ ਪਰੇਸ਼ਾਨੀਆਂ ਵਧਾ ਦਿੱਤੀਆਂ ਹਨ। ਇਹੀ ਕਾਰਨ ਹੈ ਕਿ ਸਰਕਾਰ ਵੱਲੋਂ ਅੰਦੋਲਨ ਨੂੰ ਬਦਨਾਮ ਕਰਨ, ਜਥੇਬੰਦੀਆਂ 'ਚ ਪਾੜ ਪਾਉਣ ਅਤੇ ਦਿੱਲੀ ਦੀਆਂ ਬਰੂੰਹਾਂ 'ਤੇ ਕਿਸਾਨ ਮੋਰਚਿਆਂ ਦੀ ਕਿਲਾਬੰਦੀ ਕਰਨ ਸਮੇਤ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਦਾ ਕੋਈ ਵੀ ਹਥਕੰਡਾ ਕਿਸਾਨ ਅੰਦੋਲਨ ਨੂੰ ਢਾਹ ਨਹੀਂ ਲਾ ਸਕਦਾ।

# ਸਰਕਾਰ ਦੀ ਮਗਨਰੇਗਾ ਤਹਿਤ ਰੁਜ਼ਗਾਰ ਤੋਂ ਮੂੰਹ ਫੇਰਨ ਦੀ ਰਣਨੀਤੀ

**ਚੰਡੀਗੜ੍ਹ:** ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਕਾਨੂੰਨ (ਮਗਨਰੇਗਾ) ਤਹਿਤ ਘੱਟੋ-ਘੱਟ ਸੌ ਦਿਨ ਦੇ ਰੁਜ਼ਗਾਰ ਦੀ ਸੰਵਿਧਾਨਕ ਗਰੰਟੀ ਮਜ਼ਦੂਰਾਂ ਲਈ ਉਮੀਦ ਬਣੀ ਹੋਈ ਹੈ। ਕੋਵਿਡ-19 ਦੌਰਾਨ ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਸ਼ਹਿਰਾਂ ਤੋਂ ਆਪੋ-ਆਪਣੇ ਰਾਜਾਂ ਅਤੇ ਪਿੰਡਾਂ ਨੂੰ ਪਰਤ ਗਏ ਸਨ। ਸਾਲ 2020-21 ਦੇ ਬਜਟ ਵਿਚ ਮਗਨਰੇਗਾ ਲਈ 61500 ਕਰੋੜ ਰੁਪਏ ਰੱਖੇ ਸਨ।

ਤਾਲਾਬੰਦੀ ਦੌਰਾਨ ਬੇਕਾਰ ਹੋਏ ਮਜ਼ਦੂਰਾਂ ਨੂੰ ਕੰਮ ਦੇਣ ਲਈ ਕੇਂਦਰ ਸਰਕਾਰ ਨੇ 40 ਹਜ਼ਾਰ ਕਰੋੜ ਰੁਪਏ ਵਾਧੂ ਫੰਡ ਦੇਣ ਦਾ ਫੈਸਲਾ ਕੀਤਾ। ਇਹ 1,11500 ਕਰੋੜ ਰੁਪਏ ਦੇ ਕਰੀਬ ਪੈਸਾ ਵੀ ਵਿੱਤੀ ਸਾਲ ਮੁਕੰਮਲ ਹੋਣ ਤੋਂ ਪਹਿਲਾਂ ਹੀ ਖਰਚ ਹੋ ਗਿਆ। ਹਾਲ ਹੀ ਵਿਚ ਛਪੀਆਂ ਰਿਪੋਰਟਾਂ ਅਨੁਸਾਰ ਦਸੰਬਰ 2020 ਅਤੇ ਜਨਵਰੀ 2021 ਦੇ ਮਹੀਨਿਆਂ ਦੌਰਾਨ ਕੰਮ ਦੀ ਮੰਗ ਅਗਸਤ-ਸਤੰਬਰ 2020 ਦੇ ਲਗਭਗ ਬਰਾਬਰ ਹੈ। ਪਿਛਲੇ ਸਾਲ 1 ਅਪਰੈਲ ਤੋਂ 17 ਫਰਵਰੀ 2021 ਤੱਕ 7.7 ਕਰੋੜ ਪਰਿਵਾਰਾਂ ਨੂੰ ਮਗਨਰੇਗਾ ਤਹਿਤ ਕੰਮ ਮਿਲਿਆ।

ਸਰਕਾਰ ਦਾ ਸਾਲ 2021-22 ਲਈ ਮਗਨਰੇਗਾ ਵਾਸਤੇ ਰੱਖਿਆ ਗਿਆ ਬਜਟ (73000 ਕਰੋੜ ਰੁਪਏ) ਪਿਛਲੇ ਸਾਲ ਦੇ ਸੋਧੇ ਬਜਟ ਅਨੁਮਾਨਾਂ ਤੋਂ 34.5 ਫੀਸਦੀ ਘੱਟ ਹੈ। ਸਵਾਲ ਇਹ ਹੈ ਕਿ ਇਸ ਬਜਟ ਨਾਲ ਲੋਕਾਂ ਦੀ ਰੁਜ਼ਗਾਰ ਦੀ ਮੰਗ ਕਿਵੇਂ ਪੂਰੀ ਹੋਵੇਗੀ। ਰੁਜ਼ਗਾਰ ਦੀ ਹਾਲਤ ਸੁਧਰਨ ਦੀ ਸੰਭਾਵਨਾ ਪਹਿਲਾਂ ਹੀ ਨਹੀਂ ਹੈ। ਕੋਵਿਡ-19 ਤੋਂ ਪਹਿਲਾਂ ਵੀ 2017-18 ਦੌਰਾਨ ਜਾਰੀ ਹੋਏ ਅੰਕੜਿਆਂ ਵਿਚ ਕਿਹਾ ਗਿਆ ਸੀ ਕਿ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਨਾਲੋਂ ਸਭ ਤੋਂ ਵੱਧ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿਚ ਹਰ ਸਾਲ ਦੋ ਕਰੋੜ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦਾ



ਦਾਅਵਾ ਕੀਤਾ ਸੀ। ਕੋਵਿਡ-19 ਦੌਰਾਨ ਹੋਈ ਤਾਲਾਬੰਦੀ ਨਾਲ ਤਾਂ ਆਰਥਿਕ ਵਿਕਾਸ ਦੀ ਦਰ ਧੜੰਮ ਕਰ ਕੇ ਹੇਠਾਂ ਡਿੱਗ ਪਈ ਹੈ। ਛੋਟੇ ਅਤੇ ਸੀਮਾਂਤ ਉਦਯੋਗਾਂ ਵਿਚੋਂ ਬਹੁਤੇ ਸੰਕਟ ਵਿਚ ਚਲੇ ਗਏ। ਇਸ ਸਮੇਂ ਸਭ ਨੂੰ ਸਰਕਾਰ ਦੀ ਤਰਫੋਂ ਲੋੜੀਂਦੀ ਮਦਦ ਦੀ ਉਮੀਦ ਸੀ ਜੋ ਪੂਰੀ ਨਹੀਂ ਹੋਈ।

ਆਰਥਿਕ ਮਾਹਿਰਾਂ ਮੁਤਾਬਕ, ਇਸ ਸਮੇਂ ਸਰਕਾਰਾਂ ਦੁਆਰਾ ਪੈਸਾ ਖਰਚ ਕਰਨਾ ਨਿਹਾਇਤ ਜਰੂਰੀ ਹੈ। ਮਾਰਕੀਟ 'ਚ ਮੰਗ ਦਾ ਸੰਕਟ ਹੈ। ਔਕਸਫੈਮ ਦੀ ਰਿਪੋਰਟ ਅਨੁਸਾਰ ਕੋਵਿਡ-19 ਦੌਰਾਨ ਹੀ ਦੇਸ਼ ਦੇ 11 ਸਭ ਤੋਂ ਵੱਡੇ ਅਰਬਪਤੀਆਂ ਦੀ ਆਮਦਨ 'ਚ ਇੰਨਾ ਵਾਧਾ ਹੋ ਗਿਆ ਕਿ 10 ਸਾਲ ਤੱਕ ਮਗਨਰੇਗਾ ਦੇ ਬਜਟ ਦੀ ਲੋੜ ਪੂਰਤੀ ਹੋ ਸਕਦੀ ਹੈ ਜਾਂ ਦਸ ਸਾਲ ਤੱਕ ਪੂਰੇ ਦੇਸ਼ ਨੂੰ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਸਰਕਾਰ ਨੀਤੀਗਤ ਤੌਰ 'ਤੇ ਕਾਰਪੋਰੇਟ ਪੱਖੀ ਪਹੁੰਚ ਤੋਂ ਪਿੱਛੇ ਨਹੀਂ ਮੁੜ ਰਹੀ। ਇਸ ਲਈ ਲੋਕਾਂ ਨੂੰ ਰੁਜ਼ਗਾਰ ਦੇ ਸੰਕਟ ਨਾਲ ਜੂਝਣਾ ਪਵੇਗਾ। ਬੇਰੁਜ਼ਗਾਰੀ ਕਾਰਨ ਭੁੱਖਮਰੀ ਅਤੇ ਸਿਹਤ ਦਾ ਸੰਕਟ ਵਧਣਗੇ।

# ਨਨਕਾਣਾ ਸਾਹਿਬ ਸਾਕਾ ਸ਼ਤਾਬਦੀ ਸਮਾਗਮ: ਸਰਕਾਰ ਦੇ ਰਵੱਈਏ ਖਿਲਾਫ ਰੋਹ

**ਚੰਡੀਗੜ੍ਹ:** ਨਨਕਾਣਾ ਸਾਹਿਬ ਵਿਚ ਵਾਪਰੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਸਮਾਗਮਾਂ 'ਚ ਸ਼ਾਮਲ ਹੋਣ ਲਈ ਸਿੱਖਾਂ ਦੇ ਜਥੇ ਨੂੰ ਰੋਕਣ ਉਤੇ ਮੋਦੀ ਸਰਕਾਰ ਖਿਲਾਫ ਸਿੱਖ ਜਗਤ ਵਿਚ ਰੋਹ ਭਖ ਗਿਆ ਹੈ। ਕੇਂਦਰ ਸਰਕਾਰ ਦੇ ਇਨ੍ਹਾਂ ਨਿਰਦੇਸ਼ਾਂ ਦੀ ਨਿਖੇਧੀ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਨੂੰ ਮੰਦਭਾਗਾ ਫੈਸਲਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੇ ਸਰਕਾਰ ਦੇ ਫੈਸਲੇ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਸੁਰੱਖਿਆ ਦੇ ਤਰਕ ਕਾਰਨ ਜਥੇ ਦੀ ਯਾਤਰਾ 'ਤੇ ਰੋਕ ਲਗਾਉਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ "ਕਿਉਂਕਿ ਲੰਘੇ ਨਵੰਬਰ ਮਹੀਨੇ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰ ਕੇ ਆਇਆ ਹੈ। ਜੇਕਰ ਉਸ ਵਕਤ ਖਤਰਾ ਨਹੀਂ ਸੀ ਤਾਂ ਹੁਣ ਖਤਰਾ ਕਿਵੇਂ ਪੈਦਾ ਹੋ ਗਿਆ।" ਜਗੀਰ ਕੌਰ ਅਨੁਸਾਰ ਭਾਰਤ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਨੇ ਸਭ ਸ਼ਰਧਾਲੂਆਂ ਬਾਰੇ ਜਾਣਕਾਰੀ ਲੈਣ ਅਤੇ ਜਾਂਚ ਤੋਂ ਬਾਅਦ ਹੀ ਪਾਕਿਸਤਾਨ ਦੂਤਾਵਾਸ ਨੇ ਵੀਜ਼ੇ ਜਾਰੀ ਕੀਤੇ ਸਨ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੂੰ ਪੱਤਰ ਭੇਜ ਕੇ ਜਥੇ 'ਤੇ ਰੋਕ ਲਗਾ ਦਿੱਤੀ। ਗ੍ਰਹਿ ਮੰਤਰਾਲੇ ਦੇ ਪੱਤਰ ਅਨੁਸਾਰ ਜਥੇ ਨੂੰ ਸੁਰੱਖਿਆ ਅਤੇ ਕਰੋਨਾ ਦੇ ਕਾਰਨਾਂ ਕਰ ਕੇ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਸਿਆਸੀ ਮਾਹਿਰ ਇਹ ਸਵਾਲ ਉਠਾ ਰਹੇ ਹਨ ਕਿ ਕੀ ਕੇਂਦਰੀ ਸਰਕਾਰ ਨਨਕਾਣਾ ਸਾਹਿਬ ਗੁਰਦੁਆਰੇ ਵਿਚ 100 ਸਾਲ ਪਹਿਲਾਂ ਹੋਏ ਸਿੱਖਾਂ ਦੇ ਕਤਲੇਆਮ ਦੀ ਘਟਨਾ ਦੇ ਮਹੱਤਵ ਤੋਂ ਅਣਜਾਣ ਹੈ ਜਾਂ ਅਜਿਹਾ ਕੁਝ ਹੋਰ ਕਾਰਨਾਂ ਕਰ ਕੇ ਕੀਤਾ ਜਾ ਰਿਹਾ ਹੈ। 100 ਸਾਲ ਪਹਿਲਾਂ ਭਾਈ ਲਛਮਣ ਸਿੰਘ ਦੀ ਅਗਵਾਈ ਵਿਚ ਨਨਕਾਣਾ ਸਾਹਿਬ ਪਹੁੰਚੇ ਜਥੇ ਨੇ ਅਜੀਮ ਕੁਰਬਾਨੀਆਂ ਦੇ ਕੇ ਨਨਕਾਣਾ ਸਾਹਿਬ ਨੂੰ ਮਹੰਤ ਨਰਾਇਣ ਦਾਸ ਦੇ ਕਬਜ਼ੇ 'ਚੋਂ ਛੁਡਾਉਣ ਦਾ ਰਾਹ ਪੱਧਰਾ ਕੀਤਾ। ਮਹੰਤ ਅਤੇ ਉਸ ਦੇ ਹਮਾਇਤੀਆਂ, ਜਿਨ੍ਹਾਂ ਦੀ ਪਿੱਠ 'ਤੇ ਅੰਗਰੇਜ਼ ਸਰਕਾਰ ਸੀ, ਨੇ ਜਥੇ 'ਤੇ ਅਕਹਿ ਜ਼ੁਲਮ ਢਾਏ ਪਰ ਜਥੇ ਦੇ ਸਾਰੇ ਮੈਂਬਰਾਂ ਨੇ ਸ਼ਾਂਤਮਈ ਰਹਿ ਕੇ ਅਨੂਠਾ ਸੰਜਮ ਅਤੇ ਸਬਰ ਦਿਖਾਇਆ। ਸੈਂਕੜੇ ਸਿੱਖਾਂ ਨੇ ਕੁਰਬਾਨੀ ਦਿੱਤੀ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਸਮੁੱਚੇ ਸਿੱਖ ਜਗਤ ਅਤੇ ਪੰਜਾਬੀ ਆਗੂਆਂ ਦੇ ਨਾਲ ਨਾਲ ਮਹਾਤਮਾ ਗਾਂਧੀ, ਸ਼ੌਕਤ ਅਲੀ ਅਤੇ ਹੋਰ ਕੌਮੀ ਆਗੂ ਨਨਕਾਣਾ ਸਾਹਿਬ ਪਹੁੰਚੇ। ਅਜਿਹੇ ਦਿਹਾੜੇ ਦੇ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋ ਰਹੇ ਜਥੇ ਨੂੰ ਰੋਕਣਾ ਅਸੰਵੇਦਨਸ਼ੀਲਤਾ ਦੀ ਸਿਖਰ ਹੈ।

ਇਸ ਸਾਲ ਇਸ ਸ਼ਹੀਦੀ ਸਾਕੇ ਦੀ 100ਵੀਂ ਵਰ੍ਹੇਗੰਢ ਮਨਾਈ ਗਈ। ਇਸ ਸਬੰਧੀ ਪਾਕਿਸਤਾਨ ਗੁਰਦੁਆਰਾ ਕਮੇਟੀ ਵਲੋਂ ਪਿਛਲੇ ਕਈ ਮਹੀਨਿਆਂ ਤੋਂ ਤਿਆਰੀਆਂ ਅਰੰਭੀਆਂ ਹੋਈਆਂ ਸਨ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਆਪਣੇ ਤੌਰ ਉਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ 500 ਤੋਂ ਵੱਧ ਸ਼ਰਧਾਲੂਆਂ ਅਤੇ ਸਮੁੱਚੇ ਤੌਰ ਉਤੇ ਭਾਰਤ ਤੋਂ 700 ਦੇ ਲਗਭਗ ਸ਼ਰਧਾਲੂਆਂ ਨੇ ਅਟਾਰੀ-ਵਾਹਗੇ ਦੀ ਸਰਹੱਦ ਰਾਹੀਂ ਨਨਕਾਣਾ ਸਾਹਿਬ (ਪਾਕਿਸਤਾਨ) ਜਾ ਕੇ ਉਥੇ ਹੋਣ ਵਾਲੇ ਸਮਾਗਮਾਂ ਵਿਚ ਸ਼ਾਮਲ ਹੋਣਾ ਸੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਨੀਆਂ ਸਨ। ਪਰ ਅਚਾਨਕ ਇਕ ਦਿਨ ਪਹਿਲਾਂ ਗ੍ਰਹਿ ਮੰਤਰਾਲੇ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਪਾਕਿਸਤਾਨ ਵਿਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਖਤਰਾ ਹੈ ਅਤੇ ਉਥੇ ਕਰੋਨਾ ਵੀ ਫੈਲਿਆ ਹੋਇਆ ਹੈ। ਇਸ ਕਰਕੇ ਜਥੇ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਸੁਭਾਵਿਕ ਤੌਰ 'ਤੇ ਗ੍ਰਹਿ ਮੰਤਰਾਲੇ ਦੇ ਇਸ ਫੈਸਲੇ ਦਾ ਸਿੱਖ ਭਾਈਚਾਰੇ ਵਿਚ ਤਿੱਖਾ ਪ੍ਰਤੀਕਰਮ ਹੋਇਆ ਹੈ। ਬਹੁਤ ਸਾਰੇ ਸਿੱਖ ਸ਼ਰਧਾਲੂ ਜੋ ਦੇਸ਼ ਦੇ ਹੋਰ ਹਿੱਸਿਆਂ ਤੋਂ ਪਾਕਿਸਤਾਨ ਜਾਣ ਲਈ ਅੰਮ੍ਰਿਤਸਰ ਪਹੁੰਚ ਚੁੱਕੇ ਸਨ, ਨੂੰ ਵੀ ਗ੍ਰਹਿ ਮੰਤਰਾਲੇ ਦੇ ਇਸ ਤਾਨਾਸ਼ਾਹੀ ਫੈਸਲੇ ਨਾਲ ਡੂੰਘੀ ਠੇਸ ਪਹੁੰਚੀ ਹੈ।

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇਕਰ ਜਥੇ 'ਚ ਪਾਕਿਸਤਾਨ ਜਾਣ ਵਾਲੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਲਈ ਕੋਈ ਗੰਭੀਰ ਖਤਰਾ ਸੀ ਤਾਂ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਫੀ ਸਮਾਂ ਪਹਿਲਾਂ ਅਤੇ ਉਚਿਤ ਢੰਗ ਨਾਲ ਦੱਸਿਆ ਜਾਣਾ ਚਾਹੀਦਾ ਸੀ। ਜਿਥੋਂ ਤੱਕ ਕਰੋਨਾ ਫੈਲਣ ਦੀ ਗੱਲ ਹੈ, ਪਾਕਿਸਤਾਨ ਵਿਚ ਭਾਰਤ ਨਾਲੋਂ ਕਰੋਨਾ ਦੇ ਮਾਮਲੇ ਕਿਤੇ ਘੱਟ ਸਾਹਮਣੇ ਆਏ ਹਨ। ਇਸ ਸਮੇਂ ਉਥੇ ਕਰੋਨਾ ਕੋਈ ਵੱਡਾ ਮਸਲਾ ਨਹੀਂ ਹੈ। ਬਹੁਤੇ ਲੋਕ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ ਫੈਸਲੇ ਨੂੰ ਕਿਸਾਨ ਅੰਦੋਲਨ ਨਾਲ ਜੋੜ ਕੇ ਦੇਖ ਰਹੇ ਹਨ। ਕੇਂਦਰੀ ਸਰਕਾਰ ਨੂੰ ਇਹ ਮਹਿਸੂਸ ਹੋਇਆ ਹੈ ਕਿ ਜੇਕਰ ਪੰਜਾਬ ਤੋਂ ਜਾਂ ਦੇਸ਼ ਦੇ ਹੋਰ ਹਿੱਸਿਆਂ ਤੋਂ ਸਿੱਖ ਸ਼ਰਧਾਲੂ ਪਾਕਿਸਤਾਨ ਜਾਣਗੇ ਤਾਂ ਚਾਹੇ ਅਣਚਾਹੇ ਢੰਗ ਨਾਲ ਉਥੇ ਮੀਡੀਆ ਵਿਚ ਭਾਰਤ ਸਰਕਾਰ ਦੇ ਕਿਸਾਨ ਅੰਦੋਲਨ ਪ੍ਰਤੀ ਰਵੱਈਏ ਬਾਰੇ ਖਬਰਾਂ ਨਸ਼ਰ ਹੋ ਜਾਣਗੀਆਂ ਤੇ ਇਸ ਨਾਲ ਭਾਰਤ ਸਰਕਾਰ ਨੂੰ ਬਦਨਾਮੀ ਦਾ ਸਾਹਮਣਾ ਕਰਨਾ ਪਵੇਗਾ।



## ਕੇਂਦਰ ਦਾ ਮਾੜਾ ਰਵੱਈਆ ਕਦੇ ਨਹੀਂ ਭੁੱਲਾਂਗੇ: ਜਥੇਦਾਰ



**ਬਟਾਲਾ:** ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸੌ ਸਾਲ ਪਹਿਲਾਂ ਵਾਪਰੇ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਪਿੰਡ ਗੋਧਰਪੁਰ ਵਿਚ ਕਰਵਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਦੇ ਆਖਰੀ ਦਿਨ ਸਾਕੇ ਨਾਲ ਸਬੰਧਤ ਸ਼ਹੀਦਾਂ ਦੇ 32 ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਵੇਂ ਮਹੰਤ ਨਰੈਣੂ ਨੂੰ ਸਿੱਖ ਅੱਜ ਵੀ ਨਹੀਂ ਭੁੱਲੇ, ਇਸੇ ਤਰ੍ਹਾਂ ਭਾਰਤ ਸਰਕਾਰ ਦੇ ਸਿੱਖਾਂ ਪ੍ਰਤੀ ਮਾੜੇ ਰਵੱਈਏ ਨੂੰ ਵੀ ਉਹ ਨਹੀਂ ਭੁੱਲਣਗੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਹੋਣ ਵਾਲੇ ਸ਼ਤਾਬਦੀ ਸਮਾਗਮ 'ਚ ਜਾਣ ਲਈ ਜਥੇ ਨੂੰ ਆਖਰੀ ਸਮੇਂ 'ਤੇ ਰੋਕਣਾ ਮੰਦਭਾਗਾ ਹੈ।

## ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਸਾਹਮਣੇ ਆਇਆ: ਬਡੂੰਗਰ



**ਬੱਸੀ ਪਠਾਣਾਂ:** ਨਨਕਾਣਾ ਸਾਹਿਬ ਸਾਕੇ ਦੇ ਸ਼ਤਾਬਦੀ ਸਮਾਗਮ ਨੂੰ ਸਮਰਪਿਤ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਕੇਂਦਰ ਸਰਕਾਰ ਵੱਲੋਂ ਐਨ ਮੌਕੇ 'ਤੇ ਬਹਾਨੇਬਾਜ਼ੀ ਕਰਕੇ ਰੋਕੇ ਜਾਣ ਨਾਲ ਕੇਂਦਰ ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪ੍ਰਗਟਾਏ। ਪ੍ਰੋ. ਬਡੂੰਗਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਹੁਣ ਕਰੋਨਾ ਦੇ ਨਾਮ 'ਤੇ ਜਥੇ 'ਤੇ ਰੋਕ ਲਗਾ ਦਿੱਤੀ ਗਈ ਹੈ, ਜਦੋਂਕਿ ਕਰੋਨਾ ਤਾਂ ਪਹਿਲਾਂ ਵੀ ਦਿਸਦਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਸ਼ੁਰੂ ਤੋਂ ਹੀ ਘੱਟ ਗਿਣਤੀਆਂ ਖਾਸ ਕਰ ਸਿੱਖ ਕੌਮ ਵਿਰੋਧੀ ਫੈਸਲੇ ਲੈਂਦੀ ਆਈ ਹੈ।

## ਆਗਿਆ ਨਾ ਦੇਣਾ ਭਾਈਚਾਰੇ 'ਤੇ ਹਮਲੇ ਵਾਂਗ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਉਨ੍ਹਾਂ ਸਿੱਖ ਸ਼ਰਧਾਲੂਆਂ ਨੂੰ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਤਾਬਦੀ ਸਮਾਗਮਾਂ 'ਚ ਸ਼ਾਮਲ ਹੋਣ ਲਈ ਪਾਕਿਸਤਾਨ ਜਾਣ ਦੀ ਆਗਿਆ ਕਿਉਂ ਨਹੀਂ ਦਿੱਤੀ? ਉਨ੍ਹਾਂ ਸਰਕਾਰ ਦੇ ਇਸ ਫੈਸਲੇ ਨੂੰ 'ਸਿੱਖ ਭਾਈਚਾਰੇ 'ਤੇ ਇਕ ਹਮਲਾ ਕਰਾਰ ਦਿੱਤਾ ਹੈ।' ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸਵਾਲ ਕੀਤਾ ਕਿ ਉਨ੍ਹਾਂ ਇਹ ਮੁੱਦਾ ਕੇਂਦਰ ਸਰਕਾਰ ਕੋਲ ਕਿਉਂ ਨਹੀਂ ਚੁੱਕਿਆ। ਸੁਖਬੀਰ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦਾਸਪੁਰ 'ਚ ਕਰਵਾਏ ਸਮਾਗਮ ਮੌਕੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਿੱਖ ਧਰਮ ਵਿਚ ਸੇਵਾ ਅਤੇ ਸ਼ਹਾਦਤ ਦੇ ਅਹਿਮ ਥੰਮ੍ਹ ਹਨ। ਜਦੋਂ ਵੀ ਦੇਸ਼ ਵਿਚ ਕੋਈ ਸੰਕਟ ਆਇਆ ਤਾਂ ਸਿੱਖਾਂ ਨੇ ਅੱਗੇ ਹੋ ਕੇ ਲੜਾਈ ਲਈ।

# ਕੋਟਕਪੂਰਾ-ਬਹਿਬਲ ਗੋਲੀ ਕਾਂਡ ਦੀ ਸੁਣਵਾਈ 12 ਮਾਰਚ ਤੱਕ ਟਲੀ

**ਫਰੀਦਕੋਟ:** ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਇਥੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਅਦਾਲਤ ਵਿਚ ਹੋਈ। ਇਸ ਦੌਰਾਨ ਦੋਹਾਂ ਮਾਮਲਿਆਂ ਵਿਚ ਨਾਮਜ਼ਦ ਸਾਰੇ ਮੁਲਜ਼ਮ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਮਾਮਲੇ ਦੀ ਸੁਣਵਾਈ 12 ਮਾਰਚ ਤੱਕ ਟਾਲ ਦਿੱਤੀ ਹੈ।

ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਤੇ ਐਸ.ਪੀ. ਬਲਜੀਤ ਸਿੰਘ ਆਦਿ ਅਦਾਲਤ ਵਿਚ ਹਾਜ਼ਰ ਸਨ। ਇਨ੍ਹਾਂ ਮਾਮਲਿਆਂ ਵਿਚ ਸੁਮੇਧ ਸੈਣੀ ਖਿਲਾਫ ਚਲਾਨ ਪੇਸ਼ ਹੋ ਚੁੱਕਾ ਹੈ, ਜੋ ਅਜੇ ਤੱਕ ਸੈਣੀ ਦੇ ਪੇਸ਼ ਨਾ ਹੋਣ ਕਰਕੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਚੱਲ ਰਿਹਾ ਹੈ। ਅਦਾਲਤ ਨੇ ਕਿਹਾ ਕਿ ਸੁਮੇਧ ਸੈਣੀ ਦਾ ਚਲਾਨ ਵੀ ਸੈਸ਼ਨ ਕੋਰਟ ਵਿਚ ਪੁੱਜ ਜਾਵੇ ਤਾਂ ਸਾਰੇ ਮਾਮਲਿਆਂ ਦੀ ਇਕੱਠੀ



ਸੁਣਵਾਈ ਸ਼ੁਰੂ ਕੀਤੀ ਜਾਵੇਗੀ। ਕੋਟਕਪੂਰਾ ਗੋਲੀ ਕਾਂਡ ਵਿਚ ਸੁਮੇਧ ਸੈਣੀ ਖਿਲਾਫ ਚਲਾਨ ਪੇਸ਼ ਹੋਣ ਮਗਰੋਂ ਇਲਾਕਾ ਮੈਜਿਸਟਰੇਟ ਨੇ ਉਨ੍ਹਾਂ ਨੂੰ ਦੁਬਾਰਾ ਸੰਮਨ ਜਾਰੀ ਕਰਦਿਆਂ 26 ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਸੁਮੇਧ ਸੈਣੀ ਨੇ ਪੇਸ਼ੀ ਤੋਂ ਛੋਟ ਮੰਗੀ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ।

# ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਸੰਗਤ ਵੱਲੋਂ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦਾ

**ਲਾਹੌਰ:** ਸਾਕਾ ਨਨਕਾਣਾ ਸਾਹਿਬ ਸ਼ਤਾਬਦੀ ਸਮਾਗਮ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿਚ ਸਥਾਨਕ ਤੇ ਦੂਰ ਦੁਰਾਡਿਓਂ ਪਹੁੰਚੀ ਸੰਗਤ ਨੇ ਭਰਵੀਂ ਸ਼ਮੂਲੀਅਤ ਕਰ ਕੇ ਸ਼ਹੀਦਾਂ ਨੂੰ ਯਾਦ ਕੀਤਾ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮਾਗਮ 'ਚ 'ਜ਼ੂਮ' ਰਾਹੀਂ ਹਾਜ਼ਰੀ ਲਵਾਈ। ਚੇਤੇ ਰਹੇ ਕਿ ਕੇਂਦਰ ਸਰਕਾਰ ਵੱਲੋਂ ਐਨ ਆਖਰੀ ਮੌਕੇ ਹਰੀ ਝੰਡੀ ਨਾ ਦਿੱਤੇ ਜਾਣ ਕਰਕੇ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਨਹੀਂ ਹੋ ਸਕਿਆ।



ਭਾਰਤ ਤੇ ਪਾਕਿਸਤਾਨ ਵਿਖੇ ਹੋਏ ਸ਼ਤਾਬਦੀ ਸਮਾਗਮਾਂ ਦੌਰਾਨ ਮੋਦੀ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਗਈ ਹੈ। ਗੁਰਦੁਆਰਾ ਪ੍ਰਕਾਸ਼ ਅਸਥਾਨ ਨਨਕਾਣਾ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ ਦੇ ਸਬੰਧ ਵਿਚ ਰੱਖੇ ਗਏ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਵਿਚ ਨਨਕਾਣਾ ਸਾਹਿਬ, ਪਿਸ਼ਾਵਰ, ਸਿੰਧ, ਸੱਖਰ ਤੇ ਹੋਰ ਥਾਵਾਂ ਤੋਂ ਪੁੱਜੀ ਸਿੱਖ ਸੰਗਤ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿਚ ਵੱਡੀ ਗਿਣਤੀ ਵਿਚ ਬੀਬੀਆਂ ਵੀ ਸ਼ਾਮਲ ਸਨ। ਪਾਕਿਸਤਾਨ ਸਰਕਾਰ ਦੇ ਫੈਡਰਲ ਮੰਤਰੀ ਬ੍ਰਿਗੇਡੀਅਰ (ਸੇਵਾ ਮੁਕਤ) ਇਜਾਜ਼ ਸ਼ਾਹ ਅਤੇ ਹੋਰ ਸਥਾਨਕ ਆਗੂ ਵੀ ਸਮਾਗਮ ਵਿਚ ਸ਼ਾਮਲ ਹੋਏ। ਸਮਾਗਮ ਦੇ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ ਬੋਰਡ ਵੱਲੋਂ ਕੀਤੇ ਗਏ ਸਨ। ਇਸ ਮੌਕੇ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਖਾਸ ਕਰਕੇ ਸਿੱਖ ਆਗੂਆਂ ਨੇ ਭਾਰਤ ਸਰਕਾਰ ਵਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਰੋਕੇ ਜਾਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਪੀ.ਜੀ.ਪੀ.ਸੀ. ਦੇ ਪ੍ਰਧਾਨ ਸਤਵੰਤ ਸਿੰਘ ਨੇ ਆਪਣੇ ਸੰਬੋਧਨ 'ਚ ਪਾਕਿਸਤਾਨ ਸਰਕਾਰ ਵੱਲੋਂ ਸ਼ਤਾਬਦੀ ਸਮਾਗਮਾਂ ਦੇ ਪ੍ਰਬੰਧਾਂ ਵਿਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

'ਜ਼ੂਮ' ਐਪ ਰਾਹੀਂ ਸਮਾਗਮ ਨਾਲ ਜੁੜੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਵਿਖੇ ਸਿੱਖ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਉਸ ਵੇਲੇ ਦੇ ਹਾਲਾਤ ਨੂੰ ਸੰਗਤ ਦੇ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਸ਼ਹੀਦਾਂ ਨੂੰ ਕਦੇ ਭੁੱਲ ਨਹੀਂ ਸਕਦੀ, ਜਿਨ੍ਹਾਂ ਨੇ ਆਪਣੀਆਂ ਸ਼ਹਾਦਤਾਂ ਨਾਲ ਸਿੱਖ ਕੌਮ ਦੀਆਂ ਨੀਂਹਾਂ ਨੂੰ ਮਜ਼ਬੂਤ ਕੀਤਾ ਹੈ। ਇਸ ਮੌਕੇ ਉਨ੍ਹਾਂ ਪਾਕਿਸਤਾਨ ਸਰਕਾਰ ਵਲੋਂ ਸ਼ਤਾਬਦੀ ਸਮਾਗਮਾਂ ਲਈ ਦਿੱਤੇ ਸਹਿਯੋਗ ਦੀ ਜਿੱਥੇ ਸ਼ਲਾਘਾ ਕੀਤੀ, ਉਥੇ ਭਾਰਤ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਰੋਕੇ ਜਾਣ 'ਤੇ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਸ਼ਹੀਦਾਂ ਦੀ ਯਾਦ ਵਿਚ ਹਰ ਵਰ੍ਹੇ ਇਹ ਦਿਹਾੜਾ ਮਨਾਉਂਦੀ ਰਹੇਗੀ।

## ਜਥਾ ਨਾ ਪੁੱਜਣ ਕਾਰਨ ਪਾਕਿਸਤਾਨੀ ਸਿੱਖ ਨਿਰਾਸ਼

**ਇਸਲਾਮਾਬਾਦ:** ਪਾਕਿਸਤਾਨ ਵਾਲੇ ਪਾਸੇ ਵਾਹਗਾ ਸਰਹੱਦ 'ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਦੇ ਆਗੂ ਭਾਰਤ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਜੀ ਆਇਆਂ ਕਹਿਣ ਵਾਸਤੇ ਪੁੱਜੇ ਹੋਏ ਸਨ ਪਰ ਜਥੇ ਦਾ ਪ੍ਰੋਗਰਾਮ ਅਚਨਚੇਤੀ ਰੱਦ ਹੋ ਜਾਣ ਕਾਰਨ ਉਨ੍ਹਾਂ ਨੂੰ ਨਿਰਾਸ਼ਾ ਹੋਈ ਹੈ। ਪੀ.ਜੀ.ਪੀ.ਸੀ. ਦੇ ਇਨ੍ਹਾਂ ਆਗੂਆਂ ਵਿਚ ਪ੍ਰਧਾਨ ਸਤਵੰਤ ਸਿੰਘ, ਜਨਰਲ ਸਕੱਤਰ ਅਮੀਰ ਸਿੰਘ ਅਤੇ ਹੋਰ ਸ਼ਾਮਲ ਸਨ। ਉਹ ਭਾਰਤੀ ਜਥੇ ਦੇ ਸਵਾਗਤ ਵਾਸਤੇ ਹਾਰ ਅਤੇ ਗੁਲਦਸਤੇ ਲੈ ਕੇ ਪੁੱਜੇ ਹੋਏ ਸਨ। ਇਸ ਸਬੰਧੀ ਉਨ੍ਹਾਂ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਪ੍ਰਧਾਨ ਸਤਵੰਤ ਸਿੰਘ ਨੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਆਉਣ ਤੋਂ ਰੋਕਣ ਵਾਸਤੇ ਭਾਰਤ ਸਰਕਾਰ ਦੀ ਕਰੜੀ ਨਿੰਦਾ ਕੀਤੀ ਅਤੇ ਇਸ ਨੂੰ ਸਿੱਖ ਕੌਮ ਨਾਲ ਵਿਤਕਰਾ ਕਰਾਰ ਦਿੱਤਾ।

# ਕਰੋਨਾ ਟੀਕੇ ਦੀਆਂ ਕਿਸਮਾਂ ਅਤੇ ਹੌਸਪਿਸ ਢਾਂਚਾ

## ਸਿਹਤ

**ਸ਼ਿਕਾਗੋ (ਬਿਊਰੋ):** ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਮਹੀਨਾਵਾਰ ਮੀਟਿੰਗ ਬੀਤੇ ਬੁਧਵਾਰ ਹੋਈ, ਜਿਸ ਵਿਚ ਦੋ ਵਿਸ਼ਿਆਂ 'ਤੇ ਵਿਚਾਰ ਚਰਚਾ ਹੋਈ। ਪਹਿਲੇ ਭਾਗ ਵਿਚ ਬੀਬੀ ਰਮਨਦੀਪ ਕੌਰ ਨੇ ਕਰੋਨਾ ਦੀਆਂ ਵੱਖ-ਵੱਖ ਕਿਸਮਾਂ ਦੇ ਟੀਕਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਦੂਜੇ ਭਾਗ ਵਿਚ ਬੀਬੀ ਅਮਨਜੀਤ ਕੌਰ ਤੇ ਕੈਟੀ ਨੇ ਹੌਸਪਿਸ ਢਾਂਚੇ ਬਾਰੇ ਵੇਰਵਾ ਦੱਸਿਆ।

ਬੀਬੀ ਰਮਨਦੀਪ ਕੌਰ ਐਮ. ਡੀ. ਕੋਰਸ ਦੀ ਚੌਥੇ ਸਾਲ ਦੀ ਵਿਦਿਆਰਥਣ ਹੈ ਤੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀ ਕਰੋਨਾ ਟੀਮ ਵਿਚ ਵਾਲੰਟੀਅਰ ਕਰਦੀ ਹੈ। ਉਨ੍ਹਾਂ ਮੁਤਾਬਕ ਹਾਲੇ ਅਮਰੀਕਾ ਵਿਚ ਦੋ ਹੀ ਟੀਕੇ ਲਾਏ ਜਾਂਦੇ ਹਨ-ਫਾਈਜ਼ਰ ਤੇ ਮੋਡਰਨਾ। ਦੋਹਾਂ ਦੀ ਅਲੱਗ-ਅਲੱਗ ਤਰਤੀਬ ਹੈ। ਤੀਜਾ ਟੀਕਾ, ਜੋ ਜੋਨਸਨ ਐਂਡ ਜੋਨਸਨ ਦਾ ਹੈ, ਦੀ ਹਾਲੇ ਮਨਜ਼ੂਰੀ ਨਹੀਂ ਮਿਲੀ। ਫਾਈਜ਼ਰ ਟੀਕਾ 96 ਫੀਸਦੀ ਅਸਰਦਾਇਕ ਹੈ। ਇਹ ਟੀਕਾ ਮੋਢੇ ਵਿਚ 16 ਸਾਲ ਤੋਂ ਉਪਰ ਵਾਲਿਆਂ ਨੂੰ ਲਗ ਰਿਹਾ ਹੈ। ਦੂਜੀ ਕਿਸ਼ਤ 21 ਦਿਨਾਂ ਬਾਅਦ ਲਗਦੀ ਹੈ। ਇਸ ਵਿਚ 4 ਦਿਨ ਘਟ-ਵਧ ਹੋ ਸਕਦੇ ਹਨ। ਜੇ ਵਕਫਾ ਥੋੜ੍ਹਾ ਵਧ ਵੀ ਜਾਵੇ ਤਾਂ ਵੀ ਕੋਈ ਆਫਤ ਨਹੀਂ। ਨਿਰਧਾਰਤ ਸਮੇਂ ਵਿਚ ਦੂਜੀ ਕਿਸ਼ਤ ਲੱਗ ਜਾਵੇ ਤਾਂ ਵੀ ਅਸਰ ਪੂਰਾ ਹੁੰਦਾ ਹੈ। ਮੋਡਰਨਾ 94 ਫੀਸਦੀ ਅਸਰਦਾਇਕ ਹੈ ਤੇ 18 ਸਾਲ ਤੋਂ ਉਪਰ ਵਾਲਿਆਂ ਨੂੰ ਲਗਦਾ ਹੈ। ਦੂਜੀ ਕਿਸ਼ਤ 28 ਦਿਨਾਂ ਬਾਅਦ ਲਗਦੀ ਹੈ।

ਬੀਬੀ ਰਮਨਦੀਪ ਕੌਰ ਅਨੁਸਾਰ ਟੀਕਾ ਲਗਣ ਬਾਅਦ ਬਾਂਹ ਵਿਚ ਦਰਦ ਆਮ ਟੀਕੇ ਵਾਂਗ ਹੀ ਹੁੰਦਾ ਹੈ। ਥੋੜ੍ਹਾ ਬੁਖਾਰ, ਸਰੀਰ ਵਿਚ ਤੋੜ ਲਗਣੀ, ਦਰਦ ਸੁਭਾਵਿਕ ਹੈ। ਦੂਜੀ ਕਿਸ਼ਤ 'ਤੇ ਦਰਦ ਅਤੇ ਤੋੜ ਵਧ ਲਗਦੀ ਹੈ, ਕਾਂਬਾ ਵੀ ਚੜ੍ਹ ਸਕਦਾ ਹੈ। ਦਰਦ ਘਟਾਉਣ ਦੀ ਦਵਾਈ ਲੈ ਸਕਦੇ ਹੋ, ਜਿਵੇਂ ਟਾਈਲੇਨੋਲ ਜਾਂ ਆਈਬੂਪ੍ਰੋਫਨ। ਜਿਨ੍ਹਾਂ ਨੂੰ ਕੋਵਿਡ-19 ਹੋ ਚੁੱਕਾ ਹੈ, ਉਨ੍ਹਾਂ ਅੰਦਰ 90 ਦਿਨ ਤੱਕ ਐਂਟੀ-ਬਾਡੀਜ਼ ਰਹਿੰਦੀਆਂ ਹਨ। ਟੀਕੇ ਦਾ ਗਰਭਵਤੀ ਔਰਤਾਂ ਜਾਂ ਦੁੱਧ ਚੁੰਘਾਉਂਦੀਆਂ ਮਾਂਵਾਂ 'ਤੇ ਕੋਈ ਬੁਰਾ ਅਸਰ ਨਹੀਂ। ਜਿਨ੍ਹਾਂ ਨੂੰ



ਰਮਨਦੀਪ ਕੌਰ

ਐਲਰਜੀ ਜ਼ਬਰਦਸਤ ਹੋਵੇ, ਉਨ੍ਹਾਂ ਨੂੰ ਟੀਕੇ ਲਵਾਉਣ ਲਈ ਸੁਚੇਤ ਰਹਿਣਾ ਚਾਹੀਦਾ ਹੈ। ਟੀਕੇ ਐਮ. ਆਰ. ਐਨ. ਏ. ਪ੍ਰੋਟੀਨ 'ਤੇ ਨਿਰਧਾਰਤ ਹਨ। ਜਿਨ੍ਹਾਂ ਨੂੰ ਜ਼ੁਕਾਮ ਆਦਿ ਹੋਇਆ ਹੋਵੇ, ਉਨ੍ਹਾਂ ਨੂੰ ਟੀਕਾ 14 ਦਿਨ ਇੰਤਜ਼ਾਰ ਕਰਨ ਬਾਅਦ ਲਵਾਉਣਾ ਚਾਹੀਦਾ ਹੈ। ਜੇ ਐਲਰਜੀ ਦਾ ਜ਼ਿਆਦਾ ਇਤਿਹਾਸ ਹੋਵੇ ਤਾਂ ਐਲਰਜੀ ਟੈਸਟ ਵੀ ਕਰਾ ਸਕਦੇ ਹੋ।

ਜੋਨਸਨ ਐਂਡ ਜੋਨਸਨ ਟੀਕਾ ਮਾਰਚ ਦੇ ਅਖੀਰ ਵਿਚ ਮਨਜ਼ੂਰ ਹੋਣ ਦੀ ਉਮੀਦ ਹੈ। ਟੀਕਾ 66 ਫੀਸਦੀ ਅਸਰਦਾਇਕ ਹੈ ਤੇ ਸਿਰਫ ਇਕ ਹੀ ਟੀਕਾ ਲਗਦਾ ਹੈ। ਇਹ ਟੀਕੇ, ਜੋ ਕੋਵਿਡ-19 ਦੇ ਨਵੇਂ ਰੂਪ ਆ ਰਹੇ ਹਨ, ਉਨ੍ਹਾਂ 'ਤੇ ਵੀ ਅਸਰਦਾਇਕ ਸਿੱਧ ਹੋ ਰਹੇ ਹਨ। ਟੀਕਿਆਂ ਦੀ ਖੋਜ ਹਾਲੇ ਜਾਰੀ ਹੈ। ਜਿਉਂ-ਜਿਉਂ ਨਤੀਜੇ ਮਿਲ ਜਾਣਗੇ, ਲਾਗੂ ਕੀਤੇ ਜਾਣਗੇ। ਇਹ ਸਾਰੀ ਕਾਰਵਾਈ ਸੀ. ਡੀ. ਸੀ. (ਰੋਗ ਕੰਟਰੋਲ ਕਮੇਟੀ) ਕਰਦੀ ਹੈ। ਫਾਈਜ਼ਰ ਤੇ ਮੋਡਰਨਾ ਦੇ ਹਾਲੇ ਦੋਵੇਂ ਟੀਕੇ ਲਵਾਉਣੇ ਲਾਜ਼ਮੀ ਹਨ, ਜਦੋਂ ਤਕ ਹੋਰ ਖੋਜ ਨਹੀਂ ਹੋ ਜਾਂਦੀ।

ਇਹ ਪੁੱਛਣ 'ਤੇ ਕਿ ਕੀ ਦੋਵੇਂ ਟੀਕੇ ਲੱਗਣ ਬਾਅਦ ਲੋਕ ਯਾਤਰਾ ਕਰ ਸਕਣਗੇ, ਤਾਂ ਰਮਨਦੀਪ ਕੌਰ ਨੇ ਦੱਸਿਆ ਕਿ ਜਦੋਂ ਬਹੁਤੇ ਲੋਕਾਂ ਨੂੰ ਟੀਕੇ ਲੱਗ ਗਏ, ਉਦੋਂ ਅਜਿਹਾ ਕੀਤਾ ਜਾ ਸਕਦਾ ਹੈ। ਅਮਰੀਕਾ ਵਿਚ ਹਾਲੇ 1 ਬੀ. ਕੈਟਾਗਰੀ ਚੱਲ ਰਹੀ ਹੈ। 29 ਮਾਰਚ ਤੋਂ 1 ਸੀ. ਸ਼ੁਰੂ ਹੋਵੇਗੀ, ਜਿਸ ਵਿਚ 65 ਸਾਲ ਤੋਂ ਥੱਲੇ ਵਾਲਿਆਂ ਨੂੰ ਟੀਕੇ ਲੱਗਣਗੇ। ਫੇਜ਼ ਜ਼ੈੱਡ ਮਈ ਵਿਚ ਸ਼ੁਰੂ ਹੋਵੇਗੀ। ਟੀਕੇ ਲਵਾਉਣ ਲਈ ਵੱਖ-ਵੱਖ ਸੰਸਥਾਵਾਂ ਵਿਚ ਰਜਿਸਟੇਸ਼ਨ ਕਰਵਾਉਣੀ ਪੈਂਦੀ ਹੈ। ਕਈ ਦਵਾਖਾਨਿਆਂ ਨੇ ਵੀ ਵੈਬਸਾਈਟ ਸ਼ੁਰੂ ਕੀਤੀ ਹੈ। ਕਈ ਸਰਕਾਰੀ ਸੰਸਥਾਵਾਂ ਨੇ ਵੀ ਵੈਬਸਾਈਟ ਬਣਾਈ ਹੈ; ਜਿਵੇਂ ਕਾਊਂਟੀ, ਵਾਲਗਰੀਨਜ਼, ਵਾਲਮਾਰਟ, ਜਿਊਲ ਓਸਕੋ ਇਤਿਆਦ।

ਦੂਜੇ ਭਾਗ ਵਿਚ ਬੀਬੀ ਅਮਨਜੀਤ ਕੌਰ ਸੇਖੋਂ, ਜੋ ਹਰਟਲੈਂਡ ਕੰਪਨੀ ਦੀ ਕੇਟੀ ਨਾਲ ਕੰਮ ਕਰਦੀ ਹੈ, ਨੇ ਹੌਸਪਿਸ ਬਾਰੇ ਜਾਣਕਾਰੀ ਦਿੱਤੀ। ਹੌਸਪਿਸ ਦਾ ਕੰਮ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਡਾਕਟਰ ਬਿਮਾਰੀ ਨੂੰ ਲਾਇਲਾਜ ਕਰਾਰ ਦੇ ਦਿੰਦਾ ਹੈ ਤੇ ਮਰੀਜ਼ ਦਾ ਆਖਰੀ ਵਕਤ ਐਲਾਨ ਦਿੰਦਾ ਹੈ। ਹੌਸਪਿਸ ਸਿਰਫ ਮਰੀਜ਼ ਨੂੰ ਆਰਾਮ ਹੀ ਪ੍ਰਦਾਨ ਨਹੀਂ ਕਰਦੀ, ਸਗੋਂ ਪਰਿਵਾਰ, ਸਬੰਧੀਆਂ, ਦੋਸਤਾਂ ਦੀ ਸਹਾਇਕ ਬਣਦੀ ਹੈ। ਪਿਛਲੇ 10 ਕੁ ਸਾਲਾਂ ਤੋਂ ਇਹ ਕੰਪਨੀਆਂ ਹੋਂਦ ਵਿਚ ਆਈਆਂ ਹਨ। ਹੌਸਪਿਸ ਕੋਸ਼ਿਸ਼ ਕਰਦੀ ਹੈ ਕਿ ਜਾਣ ਵਾਲੇ ਨੂੰ ਹਰ ਸੰਭਵ ਆਰਾਮ ਸੁਵਿਧਾ ਪਹੁੰਚਾਈ ਜਾਵੇ। ਪਰਿਵਾਰ ਤੇ ਸਬੰਧੀਆਂ ਲਈ ਵਿਛੋੜਾ ਤੇ ਨਰਸਿੰਗ ਹੋਮ ਕਿਤੇ ਵੀ ਪ੍ਰਦਾਨ ਕੀਤੀ ਜਾ ਸਕਦੀ ਹੈ। ਜਾਣ ਵਾਲਾ ਭਾਵੇਂ ਗੱਡੀ ਵਿਚ ਕਿਉਂ ਨਾ ਰਹਿੰਦਾ ਹੋਵੇ, ਤਕਰੀਬਨ ਪੂਰਾ ਖਰਚਾ ਮੈਡੀਕੇਅਰ ਮੈਡੀਕੇਡ ਜਾਂ ਬੀਮਾ ਕੰਪਨੀਆਂ ਉਠਾਦੀਆਂ ਹਨ। ਸੇਵਾ ਦੇਣ ਤੋਂ ਪਹਿਲਾਂ ਸੋਸ਼ਲ ਵਰਕਰ ਬੀਮਾ ਕੰਪਨੀ ਨਾਲ ਤੈਅ ਕਰ ਲੈਂਦੇ ਹਨ। ਸੇਵਾਵਾਂ ਕਿੰਨੀਆਂ ਦਿੱਤੀਆਂ ਜਾ ਸਕਦੀਆਂ ਹਨ, ਇਹ ਬੀਮਾ ਕੰਪਨੀਆਂ ਅਤੇ ਪਰਿਵਾਰ ਤੈਅ ਕਰਦੇ ਹਨ। ਸੇਵਾ ਦਿਨਾਂ ਤੋਂ ਲੈ ਕੇ ਹਫਤੇ, ਮਹੀਨਿਆਂ ਤਕ ਦਿੱਤੀ ਜਾਂਦੀ ਹੈ। ਕਈ ਵਾਰ ਸਾਲਾਂ ਬੱਧੀ ਵੀ ਚੱਲ ਸਕਦਾ ਹੈ। ਇਹ ਸਭ ਬਿਮਾਰੀ ਅਤੇ ਇਲਾਜ 'ਤੇ ਨਿਰਭਰ ਕਰਦਾ ਹੈ। ਇਸ ਲਈ ਡਾਕਟਰ ਦਾ ਆਰਡਰ ਜ਼ਰੂਰੀ ਹੈ। ਇਲਾਜ ਚਲਦਾ ਰਹਿੰਦਾ ਹੈ। ਸੇਵਾ ਮਰੀਜ਼ ਅਤੇ ਪਰਿਵਾਰ ਦੀ ਖਾਹਿਸ਼ ਮੁਤਾਬਿਕ ਚਲਦੀ ਹੈ। ਸੇਵਾਵਾਂ ਵਿਚ ਜ਼ਰੂਰਤ ਦੀ ਹਰ ਚੀਜ਼, ਦਵਾਈ, ਮੰਜਾ-ਬਿਸਤਰਾ ਪ੍ਰਦਾਨ ਕੀਤਾ ਜਾਂਦਾ ਹੈ। ਵ੍ਹੀਲ ਚੇਅਰ ਵਾਕਰ, ਖੂੰਡੀ ਆਦਿ ਵੀ। ਵਿਟਾਮਿਨ ਤੇ ਥਾਇਰਾਇਡ ਦਵਾਈ ਤੋਂ ਬਿਨਾ।

ਕੰਪਨੀ ਦੇਖਭਾਲ ਲਈ ਪੂਰੀ ਟੀਮ ਭੇਜਦੀ ਹੈ, ਜਿਸ ਵਿਚ ਕੇਸ ਮੈਨੇਜਰ ਹੁੰਦਾ ਹੈ। ਨਰਸ ਹਫਤੇ ਵਿਚ ਕਰੀਬ ਦੋ ਵਾਰ ਘੰਟੇ-ਦੋ ਘੰਟੇ ਵਾਸਤੇ ਆਉਂਦੀ ਹੈ, ਜਿਸ ਦੌਰਾਨ ਮਰੀਜ਼ ਦੀ ਹਾਲਤ ਪਰਖਦੀ ਹੈ। ਜ਼ਖਮਾਂ 'ਤੇ ਪੱਟੀ ਆਦਿ ਕਰਦੀ ਹੈ। ਹਰ ਮਰੀਜ਼ ਲਈ ਸੇਵਾ ਅਲੱਗ-ਅਲੱਗ ਨਿਰਧਾਰਤ ਹੁੰਦੀ ਹੈ। ਜਿਉਂ-ਜਿਉਂ ਮਰੀਜ਼ ਦੇ ਜਾਣ ਦਾ ਵਕਤ ਨੇੜੇ ਆਉਂਦਾ ਜਾਂਦਾ ਹੈ, ਆਉਣ ਦੀ ਰਫਤਾਰ ਵਧਾਈ ਜਾ ਸਕਦੀ ਹੈ। ਨਰਸ ਸਿਰ ਤੋਂ ਪੈਰ ਤੱਕ ਨਿਰੀਖਣ ਕਰਦੀ ਹੈ। ਦੂਜੀ ਟੀਮ ਮੈਂਬਰ ਸੀ. ਐਨ. ਏ. ਹੈ, ਜੋ ਮਰੀਜ਼ ਦੀ ਸਫਾਈ ਦਾ ਖਿਆਲ ਰੱਖਦੀ ਹੈ। ਫਿਰ ਸੋਸ਼ਲ ਵਰਕਰ ਹੈ, ਜੋ ਮਹੀਨੇ ਵਿਚ ਚੱਕਰ ਲਾਉਂਦੀ ਹੈ। ਪੇਪਰ ਵਰਕ ਜਾਂ ਹੋਰ ਲੋੜਾਂ ਦੇਖਦੀ ਹੈ। ਫਿਰ ਧਾਰਮਿਕ ਵਿਅਕਤੀ ਹੁੰਦਾ ਹੈ, ਜੋ ਰੂਹਾਨੀ ਜ਼ਰੂਰਤਾਂ ਨਿਭਾਉਂਦਾ ਹੈ। ਲੋੜ ਮੁਤਾਬਕ ਰਫਤਾਰ ਤੈਅ ਕੀਤੀ ਜਾਂਦੀ ਹੈ। ਦੋ ਡਾਕਟਰ ਮੁੱਖ ਡਾਕਟਰ ਨਾਲ ਤਾਲਮੇਲ ਰਖਦੇ ਹਨ। ਨਰਸ ਪ੍ਰੈਕਟੀਸ਼ਨਰ ਵੀ ਚੱਕਰ ਲਾ ਜਾਂਦੀ ਹੈ। ਉਹ ਦਵਾਈ ਵੀ ਲਿਖ ਸਕਦੀ ਹੈ। ਡਾਕਟਰ ਘਰੇ ਆ ਕੇ ਜਾਂ ਫੇਸ ਟਾਈਮ ਕਰ ਸਕਦੇ ਹਨ। ਕਦੇ ਸੰਗੀਤ ਥੈਰੇਪੀ, ਮਸਾਜ ਥੈਰੇਪੀ, ਪੇਸ਼ੇ ਸਬੰਧੀ ਥੈਰੇਪੀ ਦਾ ਇੰਤਜ਼ਾਮ ਵੀ ਕੀਤਾ ਜਾਂਦਾ ਹੈ। ਪਰਿਵਾਰ ਵਿਚ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਆਖਰੀ ਵਕਤ ਲਈ ਤਿਆਰ ਕੀਤਾ ਜਾਂਦਾ ਹੈ। ਜੇ ਮਰੀਜ਼ ਦਾ ਪਰਿਵਾਰ ਮੈਂਬਰ ਨਾ ਮਿਲੇ ਤਾਂ ਵਾਲੰਟੀਅਰਾਂ ਦਾ ਇੰਤਜ਼ਾਮ ਵੀ ਕਰਦੇ ਹਨ।

ਇਹ ਸਾਰੀਆਂ ਸੇਵਾਵਾਂ ਲੋੜ ਮੁਤਾਬਿਕ ਘਟਾਈਆਂ-ਵਧਾਈਆਂ ਜਾਂਦੀਆਂ ਹਨ। ਸਿੱਖ ਸੀਨੀਅਰਜ਼ ਅਜਿਹੇ ਪ੍ਰੋਗਰਾਮ ਹਰ ਮਹੀਨੇ ਕਰਦੇ ਹਨ। ਇਸ ਤੋਂ ਬਿਨਾ ਹਰ ਵੀਰਵਾਰ ਨੂੰ ਸ਼ਿਕਾਗੋ ਦੇ ਸਮੇਂ ਮੁਤਾਬਕ ਦੋ ਤੋਂ ਤਿੰਨ ਵਜੇ ਸ਼ਾਮ ਗੁਰਬਾਣੀ ਵਿਚਾਰ ਜ਼ੂਮ 'ਤੇ ਕਰਦੇ ਹਨ।

ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਵਧੇਰੇ ਜਾਣਕਾਰੀ ਲਈ ਸ. ਇਕਬਾਲ ਸਿੰਘ ਚੋਪੜਾ ਨੂੰ ਫੋਨ: 224-358-7769, ਸ. ਸੁਰਿੰਦਰਪਾਲ ਸਿੰਘ ਕਾਲੜਾ ਨੂੰ 847-305-9119 ਜਾਂ basatit@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਲ ਇੰਡੀਆ ਕਿਸਾਨ ਸਭਾ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ

**ਨਵੀਂ ਦਿੱਲੀ:** ਆਲ ਇੰਡੀਆ ਕਿਸਾਨ ਸਭਾ ਨੇ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਸਭਾ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਜ ਸਭਾ ਤੇ ਲੋਕ ਸਭਾ ਵਿਚ ਖੇਤੀ ਕਾਨੂੰਨਾਂ ਬਾਰੇ ਦਿੱਤੇ ਬਿਆਨ ਸੱਚਾਈ ਤੋਂ ਕੋਹਾਂ ਦੂਰ ਹਨ। ਆਲ ਇੰਡੀਆ ਕਿਸਾਨ ਸਭਾ ਦੇ ਆਗੂ ਹਨਨ ਮੌਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਖਦੇ ਹਨ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਪ੍ਰਬੰਧ ਸੀ, ਹੈ ਤੇ ਹਮੇਸ਼ਾ ਰਹੇਗਾ। ਉਨ੍ਹਾਂ ਕਿਹਾ ਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਜਿਸ ਤਹਿਤ ਲਾਗਤ ਕੀਮਤ ਉਪਰ 50 ਫੀਸਦ ਲਾ ਕੇ ਫਸਲਾਂ ਦੇ ਭਾਅ ਤੈਅ ਕੀਤੇ ਜਾਣ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕੇਂਦਰ ਦੀ ਸੱਤਾ ਵਿੱਚ ਆਏ 7 ਸਾਲ ਹੋ ਗਏ ਹਨ, ਪਰ ਮੋਦੀ ਸਰਕਾਰ ਨੇ ਅਜੇ ਤੱਕ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਕਿਸਾਨ ਆਗੂਆਂ ਨੇ ਪੱਤਰਕਾਰਾਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਕਿਸਾਨਾਂ ਤੋਂ 18 ਤੋਂ 30 ਰੁਪਏ ਕਿਲੋ ਬਾਸਮਤੀ ਖਰੀਦੀ ਜਾਂਦੀ ਹੈ ਤੇ ਕਾਰਪੋਰੇਟ ਅੱਗੇ ਇਸੇ ਬਾਸਮਤੀ ਨੂੰ 208 ਰੁਪਏ ਕਿਲੋ ਵੇਚਦੇ ਹਨ। ਇਸੇ ਤਰ੍ਹਾਂ ਕੌਫੀ ਦੇ ਬੀਜ ਕਿਸਾਨਾਂ ਤੋਂ 120-130 ਰੁਪਏ ਕਿਲੋ ਖਰੀਦ ਕੇ ਅੱਗੇ ਔਸਤਨ 3 ਹਜ਼ਾਰ ਰੁਪਏ ਵਿੱਚ ਕੌਫ਼ੀ ਪਾਊਡਰ ਵੇਚਿਆ ਜਾਂਦਾ ਹੈ। ਕਈ ਮਾਰਕੇ ਤਾਂ 8000-12000 ਰੁਪਏ ਪ੍ਰਤੀ ਕਿਲੋ ਵੀ ਵੇਚੇ ਜਾਂਦੇ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ, ਰਾਜ ਸਰਕਾਰਾਂ ਨਾਲ ਮਿਲ ਕੇ ਐਮ.ਐਸ.ਪੀ, ਸੀ2 ਜਮ੍ਹਾਂ 50 ਫੀਸਦੀ ਤਹਿਤ ਦੇਸ਼ ਵਿਚ ਫਸਲਾਂ ਦੇ ਭਾਅ ਤੈਅ ਕਰੇ ਤੇ ਸਾਰੀਆਂ ਫਸਲਾਂ ਲਈ ਖਰੀਦ ਗਾਰੰਟੀ ਕਾਨੂੰਨ ਯਕੀਨੀ ਬਣਾਏ।

## ਪ੍ਰਧਾਨ ਮੰਤਰੀ ਦੀ ਤੁਲਨਾ 'ਹੰਕਾਰੀ ਰਾਜੇ' ਨਾਲ ਕੀਤੀ

**ਲਖਨਊ:** ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਪੁਰਾਣੀਆਂ ਕਹਾਣੀਆਂ ਦੇ 'ਹੰਕਾਰੀ ਰਾਜੇ' ਨਾਲ ਕਰਦਿਆਂ ਕਿਹਾ ਕਿ ਉਹ ਇਹ ਕਦੀ ਨਹੀਂ ਸਮਝ ਸਕਣਗੇ ਕਿ ਦੇਸ਼ ਦੀ ਰਾਖੀ ਕਰਨ ਵਾਲੇ ਜਵਾਨ ਵੀ ਕਿਸਾਨਾਂ ਦੇ ਹੀ ਪੁੱਤ ਹਨ। ਮੁਜ਼ੱਫਰਨਗਰ 'ਚ ਕਿਸਾਨ ਮਹਾਂਪੰਚਾਇਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਤੇਲ ਕੀਮਤਾਂ ਸਮੇਤ ਵੱਖ-ਵੱਖ ਮੁੱਦਿਆਂ 'ਤੇ ਘੇਰਦਿਆਂ ਦੋਸ਼ ਲਾਇਆ ਕਿ ਉਹ ਕਿਸਾਨਾਂ ਦੀ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਵੱਲ ਧਿਆਨ ਨਹੀਂ ਦੇ ਰਹੇ ਕਿਉਂਕਿ ਉਨ੍ਹਾਂ ਦੀ ਸਿਆਸਤ ਦਾ ਮਕਸਦ ਸਿਰਫ ਆਪਣੇ ਆਪ ਤੇ ਆਪਣੇ ਅਰਬਪਤੀ ਮਿੱਤਰਾਂ ਲਈ ਹੈ। ਉਨ੍ਹਾਂ ਕਿਹਾ, 'ਪੁਰਾਣੀਆਂ ਕਹਾਣੀਆਂ 'ਚ ਹੰਕਾਰੀ ਰਾਜਾ ਹੁੰਦੇ ਸੀ। ਲੋਕ ਉਨ੍ਹਾਂ ਸਾਹਮਣੇ ਸੱਚਾਈ ਕਹਿਣ ਤੋਂ ਡਰਨ ਲੱਗਦੇ ਤੇ ਉਨ੍ਹਾਂ ਸਾਹਮਣੇ ਗੋਡੇ ਟੇਕਣ ਲੱਗਦੇ। ਅਜਿਹਾ ਲੱਗਦਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਵੀ ਇਕ ਤਰ੍ਹਾਂ ਹੰਕਾਰੀ ਰਾਜਿਆਂ ਵਰਗੇ ਬਣ ਗਏ ਹਨ।'

# ਅਮਰੀਕੀ ਕਿਸਾਨ ਸੰਗਠਨ ਭਾਰਤੀ ਕਿਸਾਨਾਂ ਦੀ ਪਿੱਠ 'ਤੇ ਆਏ

**ਮਿਨੀਪੋਲਿਸ:** ਅਮਰੀਕਾ ਦੀਆਂ 87 ਕਿਸਾਨ ਜਥੇਬੰਦੀਆਂ, ਖੇਤੀ ਤੇ ਖੁਰਾਕੀ ਹੱਕਾਂ ਬਾਰੇ ਸੰਘਰਸ਼ ਕਰਨ ਵਾਲੇ ਸੰਗਠਨਾਂ ਨੇ ਭਾਰਤ ਵਿਚ ਜਾਰੀ ਸੰਯੁਕਤ ਕਿਸਾਨ ਮੋਰਚੇ ਦੇ ਇਤਿਹਾਸਕ ਅੰਦੋਲਨ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਬਿਆਨ ਵਿਚ ਅਮਰੀਕੀ ਸੰਗਠਨਾਂ ਨੇ ਭਾਰਤ ਵਿਚ ਇਕਜੁੱਟ ਹੋ ਕੇ ਕੀਤੇ ਜਾ ਰਹੇ ਸੰਘਰਸ਼ ਲਈ ਆਦਰ-ਮਾਣ ਦਾ ਇਜ਼ਹਾਰ ਕਰਦਿਆਂ ਭਾਰਤ ਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਬੇਨਤੀ ਕੀਤੀ ਹੈ ਕਿ ਕਿਸਾਨਾਂ ਦੀ ਮਦਦ ਕੀਤੀ ਜਾਵੇ। ਲੱਖਾਂ ਲੋਕਾਂ ਦੀ ਰੋਜੀ-ਰੋਟੀ ਤੇ ਖੁਰਾਕ ਢਾਂਚੇ ਦੀ ਰਾਖੀ ਯਕੀਨੀ ਬਣਾਈ ਜਾਵੇ। ਅਮਰੀਕੀ ਸੰਗਠਨਾਂ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਭਾਰਤ ਦੇ ਕਿਸਾਨਾਂ ਨੇ ਗ਼ੈਰਵਾਜ਼ਬ ਖੇਤੀ ਕਾਨੂੰਨਾਂ ਖਿਲਾਫ ਵਿਸ਼ਵ ਦੀ ਇਕ ਸਭ ਤੋਂ ਵੱਡੀ ਮੁਹਿੰਮ ਛੇੜੀ ਹੈ।

ਉਨ੍ਹਾਂ ਕਾਹਲੀ ਨਾਲ ਕਾਨੂੰਨ ਸੰਸਦ ਵਿਚ ਪਾਸ ਕਰਨ ਤੇ ਸ਼ਾਂਤੀਪੂਰਨ ਰੋਸ ਪ੍ਰਗਟਾਉਣ ਦੇ ਹੱਕ ਨੂੰ ਦੱਬਣ ਲਈ ਚੱਲੀਆਂ ਗਈਆਂ ਚਾਲਾਂ ਦਾ ਜ਼ਿਕਰ ਵੀ ਕੀਤਾ ਹੈ। ਸੰਗਠਨਾਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਭਰੋਸੇ ਵਿਚ ਲਏ ਬਿਨਾਂ ਮੰਡੀ ਢਾਂਚੇ ਨੂੰ ਆਜ਼ਾਦ ਕਰਨਾ ਠੀਕ ਨਹੀਂ ਹੈ। ਅਮਰੀਕੀ ਸੰਗਠਨ 'ਇੰਸਟੀਚਿਊਟ ਫਾਰ ਐਗਰੀਕਲਚਰ ਐਂਡ ਟਰੇਡ ਪਾਲਿਸੀ' ਦੀ ਕਾਰਜਕਾਰੀ ਡਾਇਰੈਕਟਰ ਸੋਫੀਆ ਮਰਫੀ ਨੇ ਕਿਹਾ ਕਿ ਉਹ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਹਨ ਤੇ ਭਾਰਤ ਦੇ ਕਿਸਾਨਾਂ ਨਾਲ ਖੜ੍ਹੇ ਹਨ।

# ਹੁਣ ਸੋਸ਼ਲ ਮੀਡੀਆ ਦੀ 'ਤਾਕਤ' ਤੋਂ ਸਹਿਮ ਗਈ ਭਾਜਪਾ

**ਕੋਲਕਾਤਾ:** ਸੀਨੀਅਰ ਭਾਜਪਾ ਆਗੂ ਰਾਮ ਮਾਧਵ ਨੇ ਕਿਹਾ ਕਿ ਸੋਸ਼ਲ ਮੀਡੀਆ ਇੰਨਾ ਕੁ ਤਾਕਤਵਾਰ ਹੋ ਗਿਆ ਹੈ ਕਿ ਇਹ ਸਰਕਾਰਾਂ ਦਾ ਰਾਜ ਪਲਟਾ ਕਰ ਸਕਦਾ ਹੈ। ਭਾਜਪਾ ਆਗੂ ਨੇ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਅਰਾਜਕਤਾ ਵਧੇਗੀ ਤੇ ਜਮਹੂਰੀਅਤ ਕਮਜ਼ੋਰ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਮਸਲੇ ਨਾਲ ਨਜਿੱਠਣ ਲਈ ਸੰਵਿਧਾਨਕ ਚੌਖਟੇ 'ਚੋਂ ਹੀ ਕੋਈ ਹੱਲ ਲੱਭਣ ਦੀ ਲੋੜ ਹੈ। ਇਥੇ ਆਪਣੀ ਨਵੀਂ ਆਪਣੀ ਕਿਤਾਬ 'ਬਿਕੌਜ਼ ਇੰਡੀਆ ਕਮਜ਼ ਫਸਟ' ਦੀ ਲਾਂਚ ਮੌਕੇ ਬੋਲਦਿਆਂ ਮਾਧਵ ਨੇ ਕਿਹਾ ਕਿ ਜਮਹੂਰੀਅਤ ਦਬਾਅ ਅਧੀਨ ਹੈ ਤੇ 'ਗੈਰ-ਸਿਆਸੀ ਤੇ 'ਗੈਰ-ਪ੍ਰਦੇਸ਼ਕ' ਉਭਾਰ ਨਾਲ ਇਸ ਨੂੰ ਨਵੇਂ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ। ਉਨ੍ਹਾਂ ਕਿਹਾ, 'ਸੋਸ਼ਲ ਮੀਡੀਆ ਇੰਨਾ ਜ਼ੋਰਾਵਰ ਹੋ ਗਿਆ ਹੈ ਕਿ ਇਹ ਸਰਕਾਰਾਂ ਦਾ ਰਾਜ ਪਲਟਾਉਣ ਦੇ ਸਮਰੱਥ ਹੈ ਤੇ ਇਨ੍ਹਾਂ ਨੂੰ ਕੰਟਰੋਲ ਕਰਨਾ ਔਖਾ ਹੋ ਗਿਆ ਹੈ, ਕਿਉਂਕਿ ਇਨ੍ਹਾਂ ਦੀ ਕੋਈ ਹੱਦਬੰਦੀ ਨਹੀਂ ਹੈ। ਇਹ ਤਾਕਤਾਂ ਅਰਾਜਕਤਾ ਦਾ ਪ੍ਰਚਾਰ ਪਾਸਾਰ ਕਰ ਸਕਦੀਆਂ ਹਨ, ਜਿਸ ਨਾਲ ਜਮਹੂਰੀਅਤ ਕਮਜ਼ੋਰ ਹੋਵੇਗੀ, ਪਰ ਸੰਵਿਧਾਨਕ ਚੌਖਟੇ ਦੇ ਅੰਦਰ ਹੀ ਇਸ ਮੁਸ਼ਕਲ ਦਾ ਹੱਲ ਲੱਭਣਾ ਚਾਹੀਦਾ ਹੈ।' ਭਾਜਪਾ ਆਗੂ ਨੇ ਕਿਹਾ ਕਿ ਮੌਜੂਦਾ ਕਾਨੂੰਨ ਇਸ ਕੰਮ ਲਈ ਨਾਕਾਫੀ ਹਨ।

ਮਾਧਵ ਨੇ ਕਿਹਾ, 'ਸਾਨੂੰ ਇਸ ਦੇ ਟਾਕਰੇ ਲਈ ਨਵੇਂ ਨੇਮਾਂ ਦੀ ਲੋੜ ਹੈ। ਸਰਕਾਰ ਇਸ ਦਿਸ਼ਾ ਵਿਚ ਪਹਿਲਾਂ ਹੀ ਕੰਮ ਕਰ ਰਹੀ ਹੈ।' ਮਾਧਵ ਦੀਆਂ ਇਹ ਟਿੱਪਣੀਆਂ ਸਰਕਾਰ ਤੇ ਮਾਈਕਰੋ ਬਲੌਗਿੰਗ ਸਾਈਟ 'ਟਵਿੱਟਰ' ਦਰਮਿਆਨ ਚੱਲ ਰਹੇ ਵਿਵਾਦ ਨੂੰ ਲੈ ਕੇ ਹੋਰ ਵੀ ਅਹਿਮ ਹਨ। ਭਾਜਪਾ ਆਗੂ ਨੇ ਕਿਹਾ ਕਿ ਉਨ੍ਹਾਂ ਆਪਣੀ ਨਵੀਂ ਕਿਤਾਬ ਵਿਚ ਮੋਦੀ ਸਰਕਾਰ ਵੱਲੋਂ ਲਏ ਫੈਸਲਿਆਂ ਬਾਰੇ ਰਾਏ ਰੱਖੀ ਹੈ।

## ਭੀੜ ਇਕੱਠੀ ਕਰਨ ਨਾਲ ਕਾਨੂੰਨ ਨਹੀਂ ਬਦਲਦੇ: ਤੋਮਰ

**ਗਵਾਲੀਅਰ:** ਕੇਂਦਰ ਸਰਕਾਰ ਦੇ ਤਿੰਨੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਕੇਂਦਰੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਭੀੜ ਇਕੱਠੀ ਕਰਨ ਨਾਲ ਕਾਨੂੰਨ ਨਹੀਂ ਬਦਲਦੇ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਇਹ ਦੱਸਣ ਕਿ ਕਾਨੂੰਨਾਂ ਵਿਚ ਕਿਸਾਨਾਂ ਦੇ ਵਿਰੁੱਧ ਕੀ ਹੈ ਅਤੇ ਸਰਕਾਰ ਉਸ ਵਿਚ ਸੋਧ ਕਰਨ ਲਈ ਤਿਆਰ ਹੈ। ਤੋਮਰ ਨੇ ਕਿਹਾ, 'ਕੇਂਦਰ ਨੇ ਸੰਵੇਦਨਸ਼ੀਲਤਾ ਨਾਲ ਕਿਸਾਨ ਜਥੇਬੰਦੀਆਂ ਨਾਲ 12 ਗੇੜਾਂ ਦੀ ਗੱਲਬਾਤ ਕੀਤੀ ਹੈ, ਪਰ ਗੱਲਬਾਤ ਦਾ ਫੈਸਲਾ ਉਦੋਂ ਹੁੰਦਾ ਹੈ ਜਦੋਂ ਇਤਰਾਜ਼ ਦੱਸਿਆ ਜਾਵੇ।' ਉਨ੍ਹਾਂ ਕਿਹਾ, 'ਸਿੱਧਾ ਕਹੋਗੇ ਕਾਨੂੰਨ ਰੱਦ ਕਰ ਦਿਓ। ਅਜਿਹਾ ਨਹੀਂ ਹੁੰਦਾ ਹੈ ਕਿ ਭੀੜ ਇਕੱਠੀ ਹੋ ਜਾਵੇ ਅਤੇ ਕਾਨੂੰਨ ਰੱਦ ਹੋ ਜਾਣ।'

# ਵਰਵਰਾ ਰਾਓ ਨੂੰ 6 ਮਹੀਨਿਆਂ ਲਈ ਜ਼ਮਾਨਤ

**ਮੁੰਬਈ:** ਬੰਬੇ ਹਾਈ ਕੋਰਟ ਨੇ ਐਲਗਰ ਪ੍ਰੀਸ਼ਦ ਮਾਮਲੇ ਵਿਚ ਗ੍ਰਿਫਤਾਰ ਕਵੀ ਤੇ ਸਮਾਜਿਕ ਕਾਰਕੁਨ ਵਰਵਰਾ ਰਾਓ ਨੂੰ ਮੈਡੀਕਲ ਆਧਾਰ 'ਤੇ 6 ਮਹੀਨਿਆਂ ਲਈ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਐਸ.ਐਸ.ਸ਼ਿੰਦੇ ਤੇ ਮਨੀਸ਼ ਪਿਤਲੇ ਦੀ ਅਗਵਾਈ ਵਾਲੇ ਬੈਂਚ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਜ਼ਮਾਨਤ ਲਈ ਕੁਝ ਸ਼ਰਤਾਂ ਲਾਗੂ ਹੋਣਗੀਆਂ। ਰਾਓ ਨੂੰ ਮੁੰਬਈ 'ਚ ਹੀ ਰਹਿਣਾ ਹੋਵੇਗਾ ਤੇ ਉਹ ਲੋੜ ਪੈਣ 'ਤੇ ਜਾਂਚ ਲਈ ਉਪਲਬਧ ਰਹਿਣਗੇ।

# ਜੰਮੂ ਤੇ ਕਸ਼ਮੀਰ ਮਸਲੇ ਦਾ ਹੱਲ ਗੱਲਬਾਤ ਨਾਲ ਹੀ ਸੰਭਵ: ਮਹਿਬੂਬਾ

**ਸ੍ਰੀਨਗਰ:** ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਦੀ ਮੁਖੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਜੰਮੂ ਤੇ ਕਸ਼ਮੀਰ ਮਸਲੇ ਨੂੰ ਗੱਲਬਾਤ ਨਾਲ ਹੀ ਹੱਲ ਕਰ ਸਕਦੇ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਸਲੇ ਨੂੰ ਜੰਗ ਜਾਂ ਬੰਦੂਕਾਂ ਨਾਲ ਨਹੀਂ ਸੁਲਝਾਇਆ ਜਾ ਸਕਦਾ। ਮਹਿਬੂਬਾ ਨੇ ਕਿਹਾ ਕਿ ਦੋਵਾਂ ਮੁਲਕਾਂ ਦਰਮਿਆਨ ਸੰਵਾਦ ਦੇ ਅਮਲ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਮੁਫਤੀ ਨੇ ਇਹ ਟਿੱਪਣੀਆਂ ਲੰਘੇ ਦਿਨੀਂ ਦਹਿਸ਼ਤੀ ਹਮਲੇ 'ਚ ਸ਼ਹੀਦ ਹੋਏ ਪੁਲੀਸ ਕਾਂਸਟੇਬਲ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਨ ਮਗਰੋਂ ਕੀਤੀਆਂ।



ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਵਿਚ ਪਿਛਲੇ ਕਈ ਸਾਲਾਂ ਤੋਂ (ਦਹਿਸ਼ਤੀ ਹਮਲਿਆਂ ਵਿਚ) ਜਾ ਰਹੀਆਂ ਜਾਨਾਂ 'ਤੇ ਉਨ੍ਹਾਂ ਨੂੰ ਅਫਸੋਸ ਹੈ, ਪਰ ਕੇਂਦਰ ਸਰਕਾਰ ਨੂੰ ਇਸ ਸਭ ਕਾਸੇ ਦੀ ਕੋਈ ਫਿਕਰ ਨਾ ਹੋਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਭਾਰਤ ਜੇਕਰ ਚੀਨ ਨਾਲ ਗੱਲਬਾਤ ਕਰ ਸਕਦਾ ਹੈ ਤਾਂ ਇਸ ਨੂੰ ਪਾਕਿਸਤਾਨ ਨਾਲ ਵੀ ਗੱਲ ਕਰਨੀ ਚਾਹੀਦੀ ਹੈ। ਮੁਫਤੀ ਨੇ ਕਿਹਾ, 'ਚੀਨ ਸਾਡੇ ਇਲਾਕੇ 'ਚ ਦਾਖਲ ਹੋਇਆ ਤੇ ਸਾਡੇ 20 ਤੋਂ ਵੱਧ (ਥਲ ਸੈਨਾ ਦੇ) ਜਵਾਨਾਂ ਨੂੰ ਮਾਰ ਮੁਕਾਇਆ। ਪਰ ਇਸ ਦੇ ਬਾਵਜੂਦ ਉਨ੍ਹਾਂ ਨਾਲ ਸੰਵਾਦ ਹੋ ਰਿਹੈ, ਜੋ ਚੰਗੀ ਗੱਲ ਹੈ। ਦਰਜਨਾਂ ਵਾਰ ਗੱਲਬਾਤ ਕਰਨ ਮਗਰੋਂ ਹੁਣ ਮਸਲੇ ਦਾ ਹੱਲ ਵੇਖਿਆ ਜਾ ਸਕਦਾ ਹੈ।' ਪੀ.ਡੀ.ਪੀ. ਮੁਖੀ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ, ਭਾਰਤ ਤੇ ਪਾਕਿਸਤਾਨ ਦਰਮਿਆਨ 'ਜੰਗ ਦਾ ਮੈਦਾਨ' ਬਣ ਗਿਆ ਹੈ ਤੇ ਦੋਵਾਂ ਮੁਲਕਾਂ ਵਿੱਚ ਲੋਕਾਂ, ਪੁਲਿਸ ਮੁਲਾਜ਼ਮਾਂ, ਆਮ ਲੋਕਾਂ ਤੇ ਸੁਰੱਖਿਆ ਅਮਲੇ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਜੰਗ ਇਸ ਮਸਲੇ ਦਾ ਹੱਲ ਨਹੀਂ।'

# ਗੁਰਦੁਆਰਾ ਪੈਲਾਟਾਈਨ ਵਿਖੇ ਕਾਰਸੇਵਾ ਦੀ 12ਵੀਂ ਵਰ੍ਹੇਗੰਢ ਮਨਾਈ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਟਾਈਨ ਵਿਖੇ ਲੰਘੀ 7 ਫਰਵਰੀ ਨੂੰ ਕਾਰਸੇਵਾ ਦੀ 12ਵੀਂ ਵਰ੍ਹੇਗੰਢ ਮਨਾਈ ਗਈ। ਸ਼ੁਰੂ ਵਿਚ ਸਤਨਾਮ ਸਿੰਘ ਔਲਖ ਨੇ ਕਾਰਸੇਵਾ ਲਈ ਸਮੂਹ ਸੰਗਤ, ਪ੍ਰਬੰਧਕ ਕਮੇਟੀ ਅਤੇ ਪ੍ਰੀਤਵਾਨ ਕਾਰਸੇਵਕਾਂ ਦੀ ਕੋਵਿਡ-19 ਵਿਚ ਲਗਾਤਾਰ ਮਿਹਨਤ ਤੇ ਸਹਿਯੋਗ ਦਾ ਧੰਨਵਾਦ ਕੀਤਾ।

ਇਸ ਮੌਕੇ ਅਮਨੀਤ ਕੌਰ ਨੇ ਕਾਰਸੇਵਾ ਬਾਰੇ ਪੇਸ਼ਕਾਰੀ ਬਹੁਤ ਸੁਚੱਜੇ ਢੰਗ ਨਾਲ ਪੰਜਾਬੀ ਅਤੇ ਅੰਗਰੇਜ਼ੀ ਵਿਚ ਕੀਤੀ। ਇਹ ਪੇਸ਼ਕਾਰੀ ਕਾਰਸੇਵਾ ਦੀ ਆਈ. ਟੀ. ਟੀਮ, ਜਿਸ ਵਿਚ ਅੱਛਰ ਸਿਘ, ਜੈਰਾਮ ਸਿੰਘ ਕਾਹਲੋਂ ਤੇ ਅਮਰਜੀਤ ਸਿੰਘ ਸ਼ਾਮਿਲ ਹਨ, ਨੇ ਤਿਆਰ ਕੀਤੀ। ਇਹ ਪੇਸ਼ਕਾਰੀ ਨਵੀਂ ਪੀੜ੍ਹੀ ਕੋਲੋਂ ਕਰਵਾਈ ਗਈ, ਜਿਸ ਦਾ ਉਪਰਾਲਾ ਬੀਬੀ ਸਲਵਿੰਦਰ ਕੌਰ ਸੰਧੂ ਨੇ ਕੀਤਾ।

ਉਥੇ ਵਿਦਵਾਨ ਤਰਲੋਚਨ ਸਿੰਘ ਮੁਲਤਾਨੀ ਨੇ 2008 ਤੋਂ ਹੁਣ ਤੱਕ ਕਾਰਸੇਵਾ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਅਤੇ ਗੁਰੂ ਸਾਹਿਬਾਨ ਦੇ ਕਾਰਸੇਵਾ ਦੇ ਫਲਸਫੇ ਨੂੰ ਬਹੁਤ ਚੰਗੀ ਤਰ੍ਹਾਂ ਸੰਗਤਾਂ ਦੇ ਰੂ-ਬ-ਰੂ ਰੱਖਿਆ। ਨਾਲ ਹੀ ਕਾਰਸੇਵਕਾਂ ਦੀ ਸ਼ਲਾਘਾ ਤੇ ਹੌਸਲਾ-ਅਫਜ਼ਾਈ ਕੀਤੀ। ਸਤਨਾਮ ਸਿੰਘ ਔਲਖ ਨੇ ਗੁਰਦੁਆਰਾ ਸਾਹਿਬ ਦੇ ਬਾਨੀ ਮੈਂਬਰ ਬਲਵੰਤ ਸਿੰਘ ਹੰਸਰਾ ਦਾ ਸੁਨੇਹਾ ਪੜ੍ਹਿਆ ਅਤੇ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਬਾਰੇ ਜਾਣੂ ਕਰਵਾਇਆ ਤੇ ਦੱਸਿਆ ਕਿ ਉਸ ਵਕਤ ਕਈ ਪਰਿਵਾਰਾਂ ਦੀ ਸਖਤ ਮਿਹਨਤ ਜਿਸ ਨਾਲ ਗੁਰਦੁਆਰਾ ਉਸਾਰਿਆ ਗਿਆ। ਸਾਲ 2000 ਤੋਂ 2006 ਤਕ ਗੁਰਦੁਆਰੇ ਅੰਦਰ ਨਵੀਆਂ ਉਸਾਰੀਆਂ ਜਿਵੇਂ ਡਿਉੜੀ, ਲੰਗਰ ਹਾਲ, ਗੁਰਮਤਿ ਸਕੂਲ ਅਤੇ ਰਸੋਈ ਵਿਚ ਯੋਗਦਾਨ ਪਾਉਣ ਵਾਲਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ 2010-13 ਤਕ ਦੀਆਂ ਉਸਾਰੀਆਂ ਜਿਵੇਂ ਗੁੰਬਦ, ਨਵਾਂ ਸੁਖਆਸਣ, ਅਖੰਡਪਾਠ ਵਾਲਾ ਕਮਰਾ, ਨਵਾਂ ਜੋੜਾ ਘਰ ਅਤੇ ਹੱਥ-ਪੈਰ ਸੁੱਚੇ ਕਰਨ ਵਾਸਤੇ ਪਾਣੀ ਦੀਆਂ ਟੂਟੀਆਂ ਲਾਈਆਂ। ਪਿਛਲੇ ਬਾਰਾਂ ਸਾਲ 2008 ਤੋਂ ਲੈ ਕੇ 2020 ਤੱਕ ਦੀ ਪ੍ਰਦਰਸ਼ਨੀ ਵੱਡੀ ਡਿਉੜੀ ਵਿਚ ਲਾਈ ਗਈ, ਜਿਸ ਨੂੰ ਦੇਖ ਕੇ ਕਾਰਸੇਵਕਾਂ ਨੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਇਹ ਕਾਰਸੇਵਾ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਖੁਦ ਸੰਗਤਾਂ ਨੂੰ ਬਿਆਨ ਕਰਦੀਆਂ ਹਨ।

ਹਰ ਸਾਲ ਦੀ ਤਰ੍ਹਾਂ ਕਾਰਸੇਵਾ ਦੀ ਆਈ. ਟੀ. ਟੀਮ ਨੇ ਸਾਲਾਨਾ ਕਾਰਸੇਵਾ ਦਾ ਕਿਤਾਬਚਾ ਬਹੁਤ ਸਿਆਣਪ ਕਾਲ ਸੰਵਾਰਿਆ, ਜਿਸ ਵਿਚ ਪਿਛਲੇ ਸਾਲ 2020 ਵਿਚ ਕਾਰਸੇਵਾ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਕਾਰਸੇਵਾ ਦੇ ਕੰਮਾਂ ਵਾਸਤੇ ਦਾਨ, ਨਵੇਂ ਸ਼ੈੱਡ ਵਿਚ ਤਕਨੀਕੀ ਮਾਹਰਾਂ ਤੇ ਕਾਰਸੇਵਕਾਂ ਦੇ ਹੱਥੀਂ ਸੇਵਾ ਕਰਨ ਵਾਲਿਆਂ ਦਾ ਨਾਮ ਲਿਖਿਆ ਗਿਆ। ਇਉਂ ਹੱਥੀਂ ਸੇਵਾ ਕਰ ਕੇ 34,400 ਡਾਲਰ ਦੀ ਬੱਚਤ ਕੀਤੀ ਹੈ।

ਇਸ ਤੋਂ ਇਲਾਵਾ ਕਿਤਾਬ ਵਿਚ ਕੋਵਿਡ-19 ਦੇ ਫਰੰਟ ਲਾਈਨ ਕਾਰਸੇਵਕਾਂ ਅਤੇ ਕਰੋਨਾ ਤੋਂ ਬਚਣ ਵਾਸਤੇ ਸਮਾਨ ਦੇਣ ਵਾਲੇ ਗੁਰਦੀਪ ਕੌਰ ਡੰਡੋਨਾ, ਪਰਦੀਪ ਸਿੰਘ ਦਿਉਲ (ਪੁਲਿਸ ਅਫਸਰ), ਬਲਵਿੰਦਰ ਸਿੰਘ ਸੰਧੂ, ਡਾ. ਜਸਵਿੰਦਰ ਸਿੰਘ ਚਾਵਲਾ, ਲਖਵੀਰ ਸਿੰਘ ਸਹੋਤਾ ਦਾ ਜ਼ਿਕਰ ਕੀਤਾ ਗਿਆ, ਜਿਨ੍ਹਾਂ ਨੇ ਮਾਸਕ, ਸੈਨੇਟਾਈਜ਼ਰ, ਸਾਬਣ, ਮਨੁੱਖੀ ਤਾਪਮਾਨ ਚੈੱਕ ਵਾਸਤੇ ਯੰਤਰ ਦਿੱਤਾ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜੋ ਕਾਰਸੇਵਾ ਸੰਨ 2008 ਵਿਚ ਕੁਝ ਔਜਾਰਾਂ ਨਾਲ ਸ਼ੁਰੂ ਹੋਈ ਸੀ, ਹੁਣ 2020 ਵਿਚ ਉਨ੍ਹਾਂ ਦੀ ਕੀਮਤ 50,000 ਡਾਲਰ ਤੋਂ ਉਪਰ ਹੋਵੇਗੀ ਅਤੇ ਕਾਰਸੇਵਾ ਦੇ ਔਜਾਰਾਂ, ਮਸ਼ੀਨਾਂ ਆਦਿ ਦੀ ਲਿਸਟ ਇਨਵੈਂਟਰੀ ਰਜਿਸਟਰ ਵਿਚ ਦਰਜ ਕੀਤੀ ਜਾਵੇਗੀ, ਜਿਸ ਦੀ ਇਕ ਕਾਪੀ ਜਨਰਲ ਸਕੱਤਰ ਅਤੇ ਰਿਕਾਰਡ ਕਮੇਟੀ ਨੂੰ ਭੇਜੀ ਜਾਵੇਗੀ। ਇਸ ਦੇ ਨਾਲ-ਨਾਲ ਕਾਰਸੇਵਾ ਦੀਆਂ ਘਾਹ ਕੱਟਣ ਵਾਲੀਆਂ ਮਸ਼ੀਨਾਂ, ਡਰਿਲਾਂ, ਔਜਾਰਾਂ ਦੀ ਮੁਰੰਮਤ ਅਤੇ ਪੁਰਜ਼ਿਆਂ ਦੀ ਬਦਲੀ ਵੀ ਗੁਰਦੁਆਰਾ ਸਾਹਿਬ ਵਿਖੇ ਹੁੰਦੀ ਹੈ। ਇਹ ਸਾਰਾ ਕੰਮ ਕਰਨ ਲਈ ਪਾਲ ਸਿੰਘ ਧਾਲੀਵਾਲ, ਤਰਲੋਚਨ ਸਿੰਘ ਢਿੱਲੋਂ ਅਮਰਜੀਤ ਸਿੰਘ ਅਤੇ ਕਾਰਸੇਵਕ ਹਰ ਵਕਤ ਤਤਪਰ ਅਤੇ ਤਿਆਰ ਰਹਿੰਦੇ ਹਨ।

ਸ. ਔਲਖ ਨੇ ਦੱਸਿਆ ਕਿ ਇਹ ਸਾਰਾ ਕੰਮ ਗੁਰੂ ਘਰ ਵਿਚ ਕਰਨ ਨਾਲ ਮਾਇਆ ਅਤੇ ਸਮੇਂ ਦੀ ਬਹੁਤ ਬਚਤ ਹੋਈ ਹੈ ਅਤੇ ਸ਼ੈੱਡ ਬਣਨ ਤੋਂ ਬਾਅਦ ਅਸੀਂ ਮੁਰੰਮਤ ਦੇ ਸਿਲਸਲੇ ਨੂੰ ਹੋਰ ਵੀ ਆਧੁਨਿਕ ਬਣਾਇਆ ਜਾਵੇਗਾ। ਛੋਟੇ ਪੁਰਜੇ ਅਤੇ ਔਜਾਰ ਪਲਾਸਟਿਕ ਦੇ ਡੱਬਿਆਂ ਵਿਚ ਤਰਤੀਬ ਨਾਲ ਰੱਖਣ ਵਾਸਤੇ ਬਲਦੇਵ ਸਿੰਘ ਗਿੱਲ ਅਤੇ ਕੁਲਬੀਰ ਸਿੰਘ ਦਿਉਲ ਸੇਵਾ ਕਰਦੇ ਹਨ। ਇਸ ਸਾਲ ਹੋਰ ਵੀ ਸੁਚੱਜੇ ਢੰਗ ਨਾਲ ਤਰਤੀਬ ਦੇਣ ਵਾਸਤੇ ਕਾਰਸੇਵਾ ਦੇ ਆਗੂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਜੈਰਾਮ ਸਿੰਘ ਕਾਹਲੋਂ, ਅਮਰਜੀਤ ਸਿੰਘ ਤੇ ਕਰਮਬੀਰ ਸਿੰਘ ਨਿੱਤ ਨਵੀਂ ਕੋਸ਼ਿਸ਼ ਕਰ ਰਹੇ ਹਨ। ਸੰਗਤ ਨੂੰ ਵੀ ਬੇਨਤੀ ਹੈ ਕਿ ਔਜਾਰ ਵਰਤਣ ਤੋਂ ਬਾਅਦ ਸਾਫ ਕਰ ਕੇ ਉਸੇ ਹੀ ਡੱਬੇ ਵਿਚ ਪਾਉਣੇ ਹਨ।

ਇਸ ਮੌਕੇ ਸ. ਔਲਖ ਨੇ ਸਭ ਸੰਗਤ ਦਾ ਤਨ, ਮਨ, ਧਨ ਨਾਲ ਕਾਰਸੇਵਾ ਕਰਨ ਅਤੇ ਸਹਿਯੋਗ ਦੇਣ ਦਾ ਧੰਨਵਾਦ ਕੀਤਾ ਅਤੇ ਸਥਾਨਕ ਨਿਊਜ਼ਪੇਪਰ 'ਪੰਜਾਬ ਟਾਈਮਜ਼' ਅਤੇ 'ਅੰਮ੍ਰਿਤਸਰ ਟਾਈਮਜ਼' ਦੀ ਪ੍ਰਸ਼ੰਸਾ ਕੀਤੀ, ਜੋ ਕਾਰਸੇਵਾ ਦਾ ਸੁਨੇਹਾ ਪਬਲਿਕ ਤੱਕ ਪਹੁੰਚਾਉਂਦੀਆਂ ਹਨ। ਉਨ੍ਹਾਂ ਕਾਰਸੇਵਾ ਦੇ ਕਿਤਾਬਚੇ ਦੀ ਪੀ. ਡੀ. ਐਫ. ਸੰਗਤ ਨੂੰ ਈ-ਮੇਲ ਰਾਹੀਂ ਪਹੁੰਚਾਉਣ ਲਈ ਜਨਰਲ ਸਕੱਤਰ ਅਮਰਦੇਵ ਸਿੰਘ ਬੰਦੇਸ਼ਾ ਨੂੰ ਬੇਨਤੀ ਕੀਤੀ। ਜੇ ਸੰਗਤ ਵਿਚੋਂ ਕਿਸੇ ਨੂੰ ਇਸ ਸਾਲਾਨਾ ਕਿਤਾਬਚੇ ਦੀ ਲੋੜ ਹੋਵੇ ਤਾਂ ਸਤਨਾਮ ਸਿੰਘ ਔਲਖ ਨਾਲ ਫੋਨ: 847-809-6145 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕਾਰਸੇਵਾ ਦੇ ਜਥੇਦਾਰ ਉਂਕਾਰ ਸਿੰਘ ਢਿੱਲੋਂ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਗੁਰਸੇਵਾ ਦੇ ਫਲਸਫੇ ਬਾਰੇ ਵਿਸਥਾਰ ਵਿਚ ਦੱਸਿਆ। ਗੁਰੂ ਨਾਨਕ ਦੇਵ ਜੀ ਨੇ 18 ਸਾਲ ਖੇਤੀ ਕਰ ਕੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੁਨੇਹਾ ਸਾਰੀ ਮਨੁੱਖਤਾ ਨੂੰ ਦਿੱਤਾ।

ਸਮਾਗਮ ਤੋਂ ਬਾਅਦ ਹਾਜ਼ਰ ਕਾਰਸੇਵਕਾਂ ਦੀ ਮੀਟਿੰਗ ਹੋਈ, ਜਿਸ ਵਿਚ ਹੇਠ ਲਿਖੇ ਫੈਸਲੇ ਕਰਨ ਵਿਚ ਸਭ ਨੇ ਸਹਿਮਤੀ ਪ੍ਰਗਟਾਈ:

1. ਸੰਨ 2021 ਵਿਚ ਸਮੂਹ ਕਾਰਸੇਵਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗੀ ਅਤੇ ਉਨ੍ਹਾਂ ਦੇ ਫਲਸਫੇ ਤੇ ਸਿਖਿਆਵਾਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ ਤੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਵੇਗਾ।
2. ਕਾਰਸੇਵਾ ਦਾ ਸਾਲਾਨਾ ਸਮਾਗਮ ਹਰ ਸਾਲ ਮਾਰਚ ਮਹੀਨੇ ਦੇ ਤੀਸਰੇ ਐਤਵਾਰ ਨੂੰ ਹੋਇਆ ਕਰੇਗਾ।
3. ਵੱਡੀਆਂ ਤਿੰਨ ਕਾਰਸੇਵਾ ਬਹਾਰ, ਗਰਮੀ ਅਤੇ ਪਤਝੜ ਅੰਦਰਲੇ ਤੇ ਬਾਹਰਲੇ ਵਾਤਾਵਰਨ ਨੂੰ ਸਾਫ ਸੁਥਰਾ ਤੇ ਦਰਖਤਾਂ, ਸਦਾ ਬਹਾਰ ਝਾੜੀਆਂ ਅਤੇ ਘਾਹ ਦੀ ਸੇਵਾ ਸੰਭਾਲ ਕੀਤੀ ਜਾਵੇਗੀ।
4. ਨਵੀਂ ਪੱਧਰੀ ਕੀਤੀ ਥਾਂ ਵਿਚ ਫੁਲਦਾਰ ਦਰਖਤ ਡੀਅਰ ਸਟ੍ਰੀਟ 'ਤੇ ਲਾਏ ਜਾਣਗੇ, ਜਿਨ੍ਹਾਂ ਦੀ ਸੇਵਾ ਸੰਗਤ ਦੇ ਚਾਰ ਮੈਂਬਰਾਂ ਨੇ ਲਈ ਹੈ। ਬੇਨਤੀ ਹੈ ਕਿ ਬਾਕੀ ਦਰਖਤਾਂ ਦੀ ਸੇਵਾ ਲੈਣ ਵਾਸਤੇ ਕਾਰਸੇਵਾ ਦੇ ਜਥੇਦਾਰ ਜਾਂ ਕਾਰਸੇਵਕ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
5. ਗਰਮੀਆਂ ਵਿਚ ਫਲਦਾਰ ਤੇ ਫੁੱਲਦਾਰ ਦਰਖਤਾਂ ਨੂੰ ਲਗਾਤਾਰ ਪਾਣੀ ਦੇਣਾ ਤੇ ਸੇਵਾ ਸੰਭਾਲ ਕਰਨ ਬਾਰੇ ਕਾਰਸੇਵਕਾਂ ਦੀ ਇਹ ਪਹਿਲੀ ਮੀਟਿੰਗ ਸੀ। ਕਾਰਸੇਵਕਾਂ ਨੇ ਫੈਸਲਾ ਕੀਤਾ ਹੈ ਕਿ ਹਰ ਸਾਲ ਸਮਾਗਮ ਤੋਂ ਬਾਅਦ ਸਾਲਾਨਾ ਕਾਰਸੇਵਾ ਮੀਟਿੰਗ ਹੋਇਆ ਕਰੇਗੀ।

ਅਖੀਰ ਵਿਚ ਸ. ਔਲਖ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਾਰਸੇਵਾ ਵਿਚ ਤਨ, ਮਨ, ਧਨ ਨਾਲ ਯੋਗਦਾਨ ਪਾਉਣ ਦੀ ਸਭ ਨੂੰ ਅਪੀਲ ਕੀਤੀ। ਕੋਵਿਡ ਸਾਲ ਵਿਚ ਤਰਲੋਚਨ ਸਿੰਘ ਢਿੱਲੋਂ ਅਤੇ ਕਾਰਸੇਵਕਾਂ ਨੇ ਪਾਰਕਿੰਗ ਲਾਟ ਏ. ਬੀ. ਸੀ. ਅਤੇ ਡੀ. ਦੀ ਸਾਫ-ਸਫਾਈ ਕੀਤੀ ਅਤੇ ਪ੍ਰਬੰਧਕ ਕਮੇਟੀ ਨੂੰ ਬਾਹਰੋਂ ਮਾਹਿਰਾਂ ਪਾਸੋਂ ਮੁਰੰਮਤ ਕਰਵਾਉਣ ਵਾਸਤੇ ਪੰਜ ਐਸਟੀਮੇਟ ਲੈ ਕੇ ਦਿੱਤੇ ਤਾਂ ਕਿ ਜ਼ਰੂਰਤ ਮੁਤਾਬਕ ਇਨ੍ਹਾਂ ਲਾਟਾਂ ਦੀ ਮੁਰੰਮਤ ਕੀਤੀ ਜਾਵੇ, ਜੋ ਹਰ ਸਾਲ ਬਰਫ ਪੈਣ ਕਰ ਕੇ ਟੁੱਟ ਜਾਂਦੇ ਹਨ ਅਤੇ ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਦੀ ਮੁਰੰਮਤ ਨਹੀਂ ਹੋ ਸਕੀ।

ਕਾਰਸੇਵਕਾਂ ਨੇ ਕਾਰਸੇਵਾ ਦੇ ਕੰਮਾਂ ਵਾਸਤੇ ਕਰੀਬ 18,831 ਡਾਲਰ ਇਕੱਠੇ ਕੀਤੇ ਅਤੇ ਹੱਥੀਂ ਸੇਵਾ ਕਰ ਕੇ 91,087 ਡਾਲਰਾਂ ਦੀ ਬੱਚਤ ਕੀਤੀ, ਜਿਸ ਦਾ ਹਿਸਾਬ ਕਿਤਾਬ ਕਿਤਾਬਚੇ ਵਿਚ ਦਰਜ ਹੈ। ਇਕੱਠੇ ਕੀਤੇ ਪੈਸੇ ਤੇ ਗੁਰਦੁਆਰਾ ਸਾਹਿਬ ਦੇ ਕਰੈਡਿਟ ਦੀ ਮਾਹਵਾਰੀ ਰਿਪੋਰਟ ਵਿੱਤ ਸਕੱਤਰ ਨੂੰ ਦਿੱਤੀ ਹੈ, ਜਿਸ ਦੀ ਤਸਵੀਰ ਕਿਤਾਬਚੇ ਦੇ ਪਹਿਲੇ ਸਫੇ 'ਤੇ ਦਰਜ ਹੈ।

ਗੁਰਦੁਆਰਾ ਸਾਹਿਬ ਦੀ ਸਾਹਮਣੇ ਵਾਲੀ ਵਿਨੇਟਕਾ ਸਟ੍ਰੀਟ ਨੂੰ ਹੋਰ ਸੰਵਾਰਨ ਵਾਸਤੇ ਕਾਰਸੇਵਕ ਜਥੇਦਾਰ ਭਰਪੂਰ ਸਿੰਘ ਅਤੇ ਸਤਨਾਮ ਸਿੰਘ ਔਲਖ ਨੇ ਸਦਾਬਹਾਰ ਝਾੜੀਆਂ ਲਵਾਈਆਂ ਤਾਂ ਕਿ ਗਵਾਂਢੀ ਤੇ ਆਉਂਦੀ-ਜਾਂਦੀ ਸੰਗਤ ਇਸ ਸਾਫ ਸੁਥਰੇ ਵਾਤਾਵਰਨ ਦਾ ਅਨੰਦ ਮਾਣ ਸਕੇ।

ਗਰਮੀਆਂ ਵਿਚ ਘਾਹ ਦੀ ਲਗਾਤਾਰ ਕਟਾਈ ਦੀ ਪਿਛਲੇ 12 ਸਾਲਾਂ ਤੋਂ ਕੀਤੀ ਜਾ ਰਹੀ ਸੇਵਾ ਦੇ ਮੋਢੀ ਆਗੂ ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਢਿੱਲੋਂ, ਕੁਲਬੀਰ ਸਿੰਘ ਦਿਉਲ, ਬਲਦੇਵ ਸਿੰਘ ਗਿੱਲ, ਉਂਕਾਰ ਸਿੰਘ ਲਾਲ ਜੀ, ਅਮਰਜੀਤ ਸਿੰਘ, ਕਰਮਬੀਰ ਸਿੰਘ ਢਿੱਲੋਂ, ਜੈਰਾਮ ਸਿੰਘ ਕਾਹਲੋਂ ਨੇ ਘਾਹ ਅਤੇ ਪਾਰਕਿੰਗ ਨੂੰ ਸਾਫ ਸੁਥਰਾ ਰੱਖਣ ਵਾਸਤੇ ਲਗਾਤਾਰ ਸੇਵਾ ਨਿਭਾਈ।

2017 ਵਿਚ ਨਵੀਂ ਖਰੀਦੀ ਪ੍ਰਾਪਰਟੀ 1050 ਡੀਅਰ ਅਵੈਨਿਊ ਨੂੰ ਅੰਦਰੋਂ-ਬਾਹਰੋਂ ਸਾਫ ਸਫਾਈ ਵਾਸਤੇ ਕਾਰਸੇਵਕਾਂ ਨੇ ਲਗਾਤਾਰ ਮਿਹਨਤ ਕਰ ਕੇ ਸੰਵਾਰਿਆ, ਜਿਸ ਦੇ ਮੋਢੀ ਬਲਦੇਵ ਸਿੰਘ ਗਿੱਲ ਤੇ ਕੁਲਬੀਰ ਸਿੰਘ ਦਿਉਲ ਹਨ। 2019 ਵਿਚ ਦੀਵਾਨ ਹਾਲ ਨੂੰ ਗਰਮੀ ਤੇ ਠੰਢ ਪੈਦਾ ਕਰਨ ਵਾਲੀਆਂ ਮਸ਼ੀਨਾਂ ਦੇ ਉਪਰ ਹਿਫਾਜ਼ਤੀ ਛੱਤ ਟੁੱਟ ਗਈ ਸੀ, ਜੋ ਕੇਹਰ ਸਿੰਘ ਦੀ ਕੰਪਨੀ ਅਤੇ ਸੇਵਾਦਾਰਾਂ ਨੇ ਮਿਲ ਕੇ ਛੱਤ ਬਦਲੀ ਕੀਤੀ। ਜੇ ਪਿਛਲੇ ਸਾਲ 2020 ਵਿਚ ਇਹ ਬਦਲੀ ਨਾ ਕਰਦੇ ਤਾਂ ਇਸ ਸਾਲ ਦੀਵਾਨ ਹਾਲ ਦੀ ਛੱਤ ਤੋਂ ਬਰਫ ਦੇ ਭਾਰੀ ਤੋਦੇ ਡਿਗਣ ਨਾਲ ਬਹੁਤ ਨੁਕਸਾਨ ਹੋਣਾ ਸੀ।

ਬੀਬੀ ਪਰਵੇਸ਼ ਕੌਰ ਮਹਿਤਾ ਅਤੇ ਗਗਨਦੀਪ ਕੌਰ ਚੀਮਾ ਨੇ ਗੁਰਦੁਆਰੇ ਦੇ ਸਾਹਮਣੇ ਵਿਹੜੇ ਨੂੰ ਸੰਵਾਰਿਆ ਤੇ ਚਮਕਾਇਆ। ਕੋਵਿਡ ਕਾਰਨ ਵੱਡੀਆਂ ਕਾਰਸੇਵਾ ਦਾ ਬੰਦੋਬਸਤ ਨਹੀਂ ਹੋ ਸਕਿਆ ਅਤੇ ਥੋੜ੍ਹੇ ਜਿਹੇ ਮਿਹਨਤੀ ਕਾਰਸੇਵਕਾਂ ਦੀ ਲਗਾਤਾਰ ਮਿਹਨਤ ਸਦਕਾ ਦਰਖਤਾਂ, ਘਾਹ ਤੇ ਸਦਾਬਹਾਰ ਝਾੜੀਆਂ ਨੂੰ ਪਾਣੀ ਖਾਦ ਤੇ ਰੂੜੀ ਪਾਈ ਗਈ ਅਤੇ ਉਨ੍ਹਾਂ ਨੂੰ ਸੁੱਕਣ ਤੋਂ ਬਚਾਇਆ ਗਿਆ। ਕਰੀਬ 200 ਦਰਖਤ ਅਤੇ 500 ਝਾੜੀਆਂ ਦੀ ਲਗਾਤਾਰ ਦੇਖਭਾਲ ਕਾਰਸੇਵਕ ਕਰਮਬੀਰ ਸਿੰਘ ਢਿੱਲੋਂ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ ਚਾਹਲ, ਬਲਦੇਵ ਸਿੰਘ ਗਿੱਲ, ਕੁਲਬੀਰ ਸਿੰਘ ਦਿਉਲ, ਗੁਰਬਚਨ ਸਿੰਘ ਸੰਧੂ, ਜੈਰਾਮ ਸਿੰਘ ਕਾਹਲੋਂ, ਤਰਲੋਚਨ ਸਿਘ ਢਿੱਲੋਂ, ਤਰਲੋਚਨ ਸਿੰਘ ਗਿੱਲ, ਬਲਵਿੰਦਰ ਸਿੰਘ ਸੇਖੋਂ, ਉਂਕਾਰ ਸਿੰਘ ਢਿੱਲੋਂ, ਪਾਲ ਸਿੰਘ ਧਾਲੀਵਾਲ, ਸਤਨਾਮ ਸਿਘ ਔਲਖ ਨੇ ਕੀਤੀ। ਦੱਸਣਾ ਜ਼ਰੂਰੀ ਹੈ ਕਿ ਲੱਕੀ ਸਹੋਤਾ ਨੇ ਗੁਰੂ ਘਰ ਕਾਰਸੇਵਾ ਨੂੰ ਗੱਡੀ (ਵੈਨ) ਦਾਨ ਦਿੱਤੀ ਹੈ, ਜਿਸ ਨਾਲ ਕਾਰਸੇਵਕਾਂ ਨੂੰ ਸਮਾਨ ਲਿਆਉਣ ਵਿਚ ਸਮੇਂ ਅਤੇ ਮਾਇਆ ਦੀ ਬਚਤ ਹੋਈ। ਇਸ ਦੇ ਨਾਲ ਹੀ ਉਨ੍ਹਾਂ ਇਕ ਸਾਲ ਦੀ ਇੰਸ਼ੋਰੈਂਸ ਵਾਸਤੇ ਗੁਰਦੁਆਰੇ ਨੂੰ ਵਿੱਤੀ ਮਦਦ ਦਿੱਤੀ। ਅਖੀਰ ਵਿਚ ਜਰਨਲ ਸਕੱਤਰ ਅਮਰਦੇਵ ਸਿੰਘ ਬੰਦੇਸ਼ਾ ਨੇ ਸਭ ਕਾਰਸੇਵਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਇਹ ਸਮਾਗਮ ਨੂੰ ਸਮੇਟਿਆ।













# ਭਾਜਪਾ ਨੇ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਦੇ 'ਭੁਲੇਖੇ' ਦੂਰ ਕਰਨ ਲਈ ਵਿੱਢੀ ਮੁਹਿੰਮ

**ਨਵੀਂ ਦਿੱਲੀ:** ਭਾਜਪਾ ਨੇ ਖੇਤੀਬਾੜੀ ਸੈਕਟਰ 'ਚ ਸੁਧਾਰਾਂ ਲਈ ਅਤੇ ਕੋਵਿਡ-19 ਦੀ ਸਥਿਤੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ 'ਚ ਯੋਗ ਅਗਵਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਨ ਲਈ ਮਤਾ ਪਾਸ ਕੀਤਾ। ਇਹ ਮਤਾ ਭਾਜਪਾ ਦੇ ਨਵੇਂ ਕੌਮੀ ਅਹੁਦੇਦਾਰਾਂ ਦੀ ਪਹਿਲੀ ਬੈਠਕ ਦੌਰਾਨ ਪਾਸ ਕੀਤਾ ਗਿਆ।

ਬੈਠਕ ਦੀ ਅਗਵਾਈ ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨੇ ਕੀਤੀ। ਬੈਠਕ ਦੌਰਾਨ ਮੋਦੀ ਨੇ ਪਾਰਟੀ ਆਗੂਆਂ ਨੂੰ ਨਵੇਂ ਖੇਤੀ ਕਾਨੂੰਨਾਂ ਦਾ ਲਾਭ ਕਿਸਾਨਾਂ ਤੱਕ ਪਹੁੰਚਾਉਣ ਲਈ ਕਿਹਾ। ਬੈਠਕ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੀਤਾ ਗਿਆ ਅਤੇ ਬੈਠਕ ਦੀ ਸ਼ੁਰੂਆਤ ਕਰੋਨਾ ਵਾਇਰਸ ਕਾਰਨ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕਰ ਕੇ ਕੀਤੀ ਗਈ। ਭਾਜਪਾ ਦੇ ਉਪ ਪ੍ਰਧਾਨ ਰਮਨ ਸਿੰਘ ਨੇ ਕਿਹਾ ਕਿ ਖੇਤੀਬਾੜੀ ਦੇ ਸੈਕਟਰ 'ਚ ਸੁਧਾਰਾਂ ਲਈ ਅਤੇ ਮਹਾਂਮਾਰੀ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਯੋਗ ਅਗਵਾਈ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨ ਲਈ ਸਿਆਸੀ ਮਤਾ ਪਾਸ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਮਤੇ 'ਚ ਮਹਾਂਮਾਰੀ ਦੌਰਾਨ ਗਰੀਬ ਕਲਿਆਣ ਯੋਜਨਾ, ਬਜਟ ਅਤੇ ਚੀਨ ਦੇ ਨਾਲ ਅਸਲ ਕੰਟਰੋਲ ਰੇਖਾ ਉਤੇ ਸਥਿਤੀ ਨੂੰ ਸੰਭਾਲਣ ਦਾ ਵੀ ਜ਼ਿਕਰ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਵਰਕਰਾਂ ਨੂੰ ਪਹਿਲਾਂ ਦੇਸ ਦੇ ਸਿਧਾਂਤ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਵਿਸਤਾਰ ਕਰਨ ਲਈ ਕਿਹਾ ਅਤੇ ਕਿਹਾ ਕਿ ਪਾਰਟੀ ਦਾ ਮਿਸ਼ਨ ਦੇਸ ਲਈ ਕੰਮ ਕਰਨਾ ਹੈ। ਭਾਜਪਾ ਦੇ ਜਨਰਲ ਸਕੱਤਰ ਭੁਪੇਂਦਰ ਯਾਦਵ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਦੇ ਕੌਮੀ ਅਹੁਦੇਦਾਰਾਂ ਦੀ ਬੈਠਕ ਦੌਰਾਨ ਕਿਹਾ ਕਿ ਪਾਰਟੀ ਦਾ ਮਿਸ਼ਨ ਦੇਸ ਲਈ ਕੰਮ ਕਰਨਾ ਅਤੇ ਉਸ ਦਾ ਵਿਕਾਸ ਕਰਨਾ ਹੈ।

ਯਾਦਵ ਨੇ ਅੱਗੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਵਰਕਰਾਂ ਨੂੰ ਪਹਿਲਾਂ ਦੇਸ ਦੇ ਸਿਧਾਂਤ ਨਾਲ ਸੰਗਠਨ ਨੂੰ ਮਜ਼ਬੂਤ ਅਤੇ ਇਸ ਦਾ ਵਿਸਤਾਰ ਕਰਨ ਲਈ ਕਿਹਾ। ਇਹ ਬੈਠਕ, ਜਿਸ ਵਿਚ ਭਾਜਪਾ ਸੂਬਾ ਇਕਾਈਆਂ ਦੇ ਪ੍ਰਧਾਨ ਵੀ ਹਾਜ਼ਰ ਸਨ, ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਇਹ 3 ਨਵੇਂ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ ਦੇ ਕਿਸਾਨਾਂ ਵਲੋਂ ਕੀਤੇ ਜਾ ਰਹੇ ਵਿਰੋਧ ਦੇ ਦਰਮਿਆਨ ਹੋਈ ਹੈ।

ਕਿਸਾਨ ਯੂਨੀਅਨਾਂ ਦੇ ਆਗੂ ਮੁੱਦੇ ਉਤੇ ਮੋਦੀ ਸਰਕਾਰ 'ਤੇ ਆਪਣੇ ਹਮਲੇ ਤੇਜ ਕਰ ਰਹੇ ਹਨ। ਭਾਜਪਾ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ, ਜਿਥੇ ਚੋਣਾਂ ਹੋਣੀਆਂ ਹਨ, ਵਿਚ ਚੋਣ ਲੜਨ ਦੀ ਵੀ ਤਿਆਰੀ ਕਰ ਰਹੀ ਹੈ।

ਬੈਠਕ 'ਚ ਸ਼ਾਮਲ ਹੋਏ ਅਹੁਦੇਦਾਰਾਂ ਦੀ ਚੋਣ ਨੱਢਾ ਦੇ ਪਾਰਟੀ ਪ੍ਰਧਾਨ ਬਣਨ ਦੇ ਬਾਅਦ ਪਿਛਲੇ ਸਾਲ ਕੀਤੀ ਗਈ ਸੀ ਅਤੇ ਕੋਵਿਡ-19 ਮਹਾਂਮਾਰੀ ਕਾਰਨ ਇਨ੍ਹਾਂ ਦੀ ਕੋਈ ਵੀ ਮੀਟਿੰਗ ਨਹੀਂ ਸੀ ਕੀਤੀ ਜਾ ਸਕੀ।

ਪੰਜਾਬ ਟਾਈਮਜ਼

*ਸਨਿਚਰਵਾਰ, 27 ਫਰਵਰੀ 2021*

# ਅੜੀ ਅਤੇ ਅੜਾਉਣੀ

ਕਿਸਾਨਾਂ ਨੂੰ ਦਿੱਲੀ ਦੀਆਂ ਬਰੂਹਾਂ ਉਤੇ ਬੈਠਿਆਂ ਨੂੰ ਤਿੰਨ ਮਹੀਨੇ ਹੋ ਚੱਲੇ ਹਨ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਨੇ ਕਿਸਾਨ ਸੰਘਰਸ਼ ਦੇ ਦਬਾਅ ਹੇਠ ਕਿਸਾਨਾਂ ਨਾਲ ਗੱਲਬਾਤ ਦੇ ਗਿਆਰਾਂ ਗੇੜ ਚਲਾਏ ਪਰ ਮਸਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕੇਂਦਰ ਸਰਕਾਰ ਨਵੇਂ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਰਾਜ਼ੀ ਨਹੀਂ ਹੋ ਰਹੀ ਅਤੇ ਨਾ ਹੀ ਇਹ ਸਰਕਾਰ ਵੱਲੋਂ ਵੱਖ-ਵੱਖ ਫਸਲਾਂ ਦੀ ਖਰੀਦ ਲਈ ਹਰ ਸਾਲ ਐਲਾਨੇ ਜਾਂਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਨੂੰ ਕਾਨੂੰਨੀ ਜਾਮਾ ਪਹਿਨਾਉਣ ਵਾਲੇ ਪਾਸੇ ਹੀ ਤੁਰ ਰਹੀ ਹੈ। ਉਧਰ, ਕਿਸਾਨ ਵੀ ਕਹਿ ਰਹੇ ਹਨ ਕਿ ਉਹ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਘਰ ਨਹੀਂ ਜਾਣਗੇ। ਇਸ ਕਸ਼ਮਕਸ਼ ਦੌਰਾਨ ਕੇਂਦਰ ਸਰਕਾਰ ਨੇ ਇਸ ਮਿਸਾਲੀ ਕਿਸਾਨ ਸੰਘਰਸ਼ ਨੂੰ ਪਹਿਲਾਂ ਬਦਨਾਮ ਕਰਨ ਅਤੇ ਫਿਰ ਖਦੇੜਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਨਾਕਾਮਯਾਬ ਰਹੀ। 26 ਜਨਵਰੀ ਨੂੰ ਹੋਈਆਂ ਕੁਝ ਘਟਨਾਵਾਂ ਨੂੰ ਆਧਾਰ ਬਣਾ ਕੇ ਮੋਦੀ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਉਖਾੜ ਸੁੱਟਣ ਦਾ ਯਤਨ ਤਾਂ ਕੀਤਾ ਪਰ ਇਸ ਮਾਮਲੇ ਵਿਚ ਵੀ ਇਹ ਆਖਰਕਾਰ ਨਾਕਾਮ ਰਹੀ। ਇਨ੍ਹਾਂ ਘਟਨਾਵਾਂ ਤੋਂ ਬਾਅਦ ਕਿਸਾਨ ਮੋਰਚੇ ਅੰਦਰ ਕੁਝ ਕੁ ਮੱਤਭੇਦ ਵੀ ਉਭਰਨੇ ਸ਼ੁਰੂ ਹੋਏ ਪਰ ਕੁੱਲ ਮਿਲਾ ਕੇ ਸਾਰੇ ਇਸ ਤੱਥ ਨਾਲ ਸਹਿਮਤ ਸਨ ਕਿ 26 ਜਨਵਰੀ ਵਾਲੀਆਂ ਘਟਨਾਵਾਂ ਨਾਲ ਚੱਲ ਰਹੇ ਕਿਸਾਨ ਅੰਦੋਲਨ ਦਾ ਨੁਕਸਾਨ ਹੀ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਕਿਵੇਂ ਨਾ ਕਿਵੇਂ ਇਸ ਨੁਕਸਾਨ ਦੀ ਭਰਪਾਈ ਕਰਨ ਵਿਚ ਕਿਸਾਨ ਆਗੂ ਕਾਮਯਾਬ ਰਹੇ ਹਨ।

ਅਸਲ ਵਿਚ ਇਸ ਕਿਸਾਨ ਅੰਦੋਲਨ ਦਾ ਜਿੰਨਾ ਵੱਡਾ ਘੇਰਾ ਬਣ ਗਿਆ ਹੈ, ਉਸ ਵਿਚ ਸਭ ਤਰ੍ਹਾਂ ਦੀਆਂ ਧਿਰਾਂ ਸਰਗਰਮ ਹਨ ਅਤੇ ਹਰ ਕੋਈ ਚਾਹੁੰਦਾ ਹੈ ਕਿ ਸਮੁੱਚਾ ਅੰਦੋਲਨ ਉਨ੍ਹਾਂ ਦੀ ਰਾਏ ਨਾਲ ਹੀ ਚੱਲੇ। ਕਿਸਾਨ ਆਗੂ ਮੁੱਢ ਤੋਂ ਹੀ ਵਾਰ-ਵਾਰ ਇਹ ਐਲਾਨ ਕਰ ਰਹੇ ਹਨ ਕਿ ਇਹ ਅੰਦੋਲਨ ਸਿਰਫ ਕਿਸਾਨ ਮੰਗਾਂ ਲਈ ਹੀ ਹੈ। ਇਸੇ ਕਰ ਕੇ ਹੀ ਉਨ੍ਹਾਂ ਨੇ ਆਪਣੇ ਮੰਚ ਤੋਂ ਕਿਸੇ ਸਿਆਸੀ ਧਿਰ ਨੂੰ ਕੋਈ ਥਾਂ ਨਹੀਂ ਦਿੱਤੀ। ਸ਼ਾਇਦ ਇਸੇ ਕਰ ਕੇ ਹੀ ਉਹ ਇਸ ਕਿਸਾਨ ਅੰਦੋਲਨ ਨੂੰ ਇਥੋਂ ਤੱਕ ਲਿਆਉਣ ਵਿਚ ਕਾਮਯਾਬ ਰਹੇ ਹਨ। ਹੁਣ ਤਾਂ ਭਾਰਤ ਵਿਚ ਹੀ ਨਹੀਂ, ਦੁਨੀਆਂ ਭਰ ਤੋਂ ਇਸ ਅੰਦੋਲਨ ਨੂੰ ਵੱਡੀ ਪੱਧਰ 'ਤੇ ਹਮਾਇਤ ਮਿਲ ਰਹੀ ਹੈ। ਪਿਛਲੇ ਦਿਨੀਂ ਅਮਰੀਕਾ ਦੀਆਂ 87 ਜਥੇਬੰਦੀਆਂ ਨੇ ਇਸ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ ਅਤੇ ਨਾਲ ਹੀ ਕਾਰਪੋਰੇਟਾਂ ਵੱਲੋਂ ਕੀਤੀ ਜਾ ਰਹੀ ਲੁੱਟ ਦਾ ਮਸਲਾ ਉਭਾਰਿਆ ਹੈ। ਇਨ੍ਹਾਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਅੱਜ ਜੋ ਕੁਝ ਪੰਜਾਬ ਜਾਂ ਭਾਰਤ ਦੇ ਕਿਸਾਨਾਂ ਨਾਲ ਹੋਣ ਜਾ ਰਿਹਾ ਹੈ, ਉਹ ਉਨ੍ਹਾਂ ਨਾਲ ਅਮਰੀਕਾ ਵਿਚ ਕਈ ਦਹਾਕੇ ਪਹਿਲਾਂ ਹੋ ਚੁੱਕਾ ਹੈ ਅਤੇ ਅੱਜ ਖੇਤੀ ਉਤੇ ਕਾਰਪੋਰੇਟ ਜਗਤ ਹਾਵੀ ਹੋ ਗਿਆ ਹੈ। ਇਸ ਪੱਖ ਤੋਂ ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਅਹਿਮੀਅਤ ਅਖਤਿਆਰ ਕਰ ਜਾਂਦਾ ਹੈ। ਇਸ ਤੋਂ ਇਹ ਕਨਸੋਅ ਮਿਲਦੀ ਹੈ ਕਿ ਜੇ ਇਹ ਕਿਸਾਨ ਅੰਦੋਲਨ ਕੁਝ ਕਦਮ ਹੋ ਚੱਲ ਜਾਂਦਾ ਹੈ ਜਿਸ ਦੀ ਉਮੀਦ ਵੀ ਹੈ, ਤਾਂ ਇਹ ਸਮੁੱਚੇ ਸੰਸਾਰ ਦੀ ਖੇਤੀ ਆਰਥਿਕਤਾ ਲਈ ਕੋਈ ਸੁੱਖ ਸੁਨੇਹਾ ਹੋ ਸਕਦਾ ਹੈ। ਇਸ ਸੁਨੇਹੇ ਵਿਚੋਂ ਕਿਸਾਨਾਂ ਦੇ ਹੱਕ ਵਿਚ ਆਵਾਜ਼ ਸੰਸਾਰ ਪੱਧਰ ਦੀਆਂ ਉਨ੍ਹਾਂ ਸੰਸਥਾਵਾਂ ਵਿਚ ਪੁੱਜ ਸਕਦੀ ਹੈ ਜਿਹੜੀਆਂ ਸੰਸਾਰ ਭਰ ਵਿਚ ਨੀਤੀਆਂ ਤੈਅ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ।

ਸਪਸ਼ਟ ਹੈ ਕਿ ਖੇਤੀ ਦਾ ਜਿਹੜਾ ਮਾਡਲ ਅੱਜਕੱਲ੍ਹ ਚੱਲ ਰਿਹਾ ਹੈ ਅਤੇ ਜਿਸ ਦੀ ਪੈਰਵੀ ਸੰਸਾਰ ਭਰ ਦੀਆਂ ਬਹੁਤੀਆਂ ਸਰਕਾਰਾਂ ਵੀ ਕਰ ਰਹੀਆਂ ਹਨ, ਉਸ ਸਭ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਕੌਮਾਂਤਰੀ ਸੰਸਥਾਵਾਂ ਦੀਆਂ ਨੀਤੀਆਂ ਦੇ ਆਧਾਰ 'ਤੇ ਹੀ ਚੱਲ ਰਿਹਾ ਹੈ। ਇਹ ਸੰਸਥਾਵਾਂ ਆਪਣੀਆਂ ਸ਼ਰਤਾਂ ਰਾਹੀਂ ਲੋਕ ਭਲਾਈ ਦੀਆਂ ਸਭ ਸਕੀਮਾਂ ਬੰਦ ਕਰਵਾ ਰਹੀਆਂ ਹਨ ਅਤੇ ਧਨ-ਦੌਲਤ ਧਨਾਢਾਂ ਦੀਆਂ ਜੇਬਾਂ ਅੰਦਰ ਪਾਉਣ ਵਾਲੀਆਂ ਨੀਤੀਆਂ ਲੈ ਕੇ ਆ ਰਹੀਆਂ ਹਨ ਤਾਂ ਕਿ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਆਪਣੇ ਹਿਸਾਬ ਨਾਲ ਚਲਾਇਆ ਜਾ ਸਕੇ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਸੰਸਥਾਵਾਂ ਨੇ ਜਿਥੇ-ਜਿੱਥੇ ਵੀ ਪੈਰ ਪਾਇਆ ਹੈ, ਉਥੇ ਲੋਕ ਪੱਖੀ ਸਕੀਮਾਂ ਦਾ ਘਾਣ ਹੀ ਹੋਇਆ ਹੈ। ਇਸੇ ਕਰ ਕੇ ਕਿਸਾਨ ਆਗੂ ਵਾਰ-ਵਾਰ ਲੋਕਾਂ ਨੂੰ ਸਮਝਾ ਰਹੇ ਹਨ ਕਿ ਇਹ ਲੜਾਈ ਸਿਰਫ ਮੋਦੀ ਸਰਕਾਰ ਨਾਲ ਨਹੀਂ ਹੈ, ਸਗੋਂ ਦੁਨੀਆ ਭਰ ਵਿਚ ਜਾਲ ਵਿਛਾ ਕੇ ਬੈਠੇ ਕਾਰਪੋਰੇਟ ਸਿਸਟਮ ਨਾਲ ਹੈ ਅਤੇ ਲੰਮੀ ਚੱਲਣੀ ਹੈ। ਇਸ ਲਈ ਇਹ ਲੜਾਈ ਪੂਰੇ ਸਬਰ ਨਾਲ ਅਤੇ ਸ਼ਾਂਤੀਪੂਰਵਕ ਢੰਗ-ਤਰੀਕਿਆਂ ਨਾਲ ਲੜਨੀ ਪਵੇਗੀ। ਇਸ ਲੜਾਈ ਵਿਚ ਸਰਕਾਰ ਨੂੰ ਕੋਈ ਅਜਿਹਾ ਮੌਕਾ ਨਹੀਂ ਦੇਣਾ ਚਾਹੀਦਾ ਜਿਸ ਨਾਲ ਸਰਕਾਰ ਕਿਸਾਨ ਅੰਦੋਲਨ ਉਤੇ ਤਸ਼ੱਦਦ ਕਰਨ ਦਾ ਕੋਈ ਬਹਾਨਾ ਬਣਾ ਲਵੇ। ਜਿਹੜੇ ਲੋਕ ਕਿਸਾਨ ਲੀਡਰਸ਼ਿਪ ਉਤੇ ਸਵਾਲ ਉਠਾ ਰਹੇ ਹਨ ਅਤੇ ਬਹੁਤੀ ਵਾਰ ਹਮਲਾ ਵੀ ਕਰ ਰਹੇ ਹਨ, ਉਨ੍ਹਾਂ ਨੂੰ ਇਹ ਤੱਥ ਗੰਭੀਰਤਾ ਨਾਲ ਵਿਚਾਰਨਾ ਪਵੇਗਾ ਕਿ ਅਜਿਹੀਆਂ ਕਾਰਵਾਈਆਂ ਸਰਕਾਰਾਂ ਦੇ ਹੱਥ ਹੀ ਮਜ਼ਬੂਤ ਕਰਦੀਆਂ ਹਨ। ਇਸ ਵਕਤ ਮੌਕਾ ਲੀਡਰਸ਼ਿਪ ਦੇ ਕੀੜੇ ਕੱਢਣ ਦਾ ਨਹੀਂ ਸਗੋਂ ਉਨ੍ਹਾਂ ਦੇ ਪਿਛੇ ਮਜ਼ਬੂਤ ਧਿਰ ਬਣ ਕੇ ਖੜ੍ਹਨ ਦਾ ਹੈ। ਸਰਕਾਰ ਦੀ ਇਹ ਕੋਸ਼ਿਸ਼ ਵੀ ਰਹੀ ਹੈ ਕਿ ਇਸ ਅੰਦੋਲਨ ਨੂੰ ਸਿਰਫ ਪੰਜਾਬ ਤੱਕ ਹੀ ਸੀਮਤ ਕੀਤਾ ਜਾਵੇ ਜਦਕਿ ਇਹ ਹੁਣ ਭਾਰਤ ਪੱਧਰ 'ਤੇ ਫੈਲ੍ਹ ਚੁੱਕਾ ਹੈ। ਇਸ ਦੇ ਨਾਲ ਹੀ ਕਿਸਾਨ ਲੀਡਰਸ਼ਿਪ ਨੂੰ ਵੀ ਚਾਹੀਦਾ ਹੈ ਕਿ ਮੋਦੀ ਵਰਗੀ ਬੇਕਿਰਕ ਸਰਕਾਰ ਨਾਲ ਲੜਾਈ ਲਈ ਸਾਰੀਆਂ ਧਿਰਾਂ ਸੁਣ ਕੇ ਚੱਲਣ। ਉਂਜ ਇਹ ਅੰਦੋਲਨ ਜਿਸ ਮੁਕਾਮ ਉਤੇ ਅੱਪੜ ਗਿਆ ਹੈ, ਉਸ ਨੇ ਆਮ ਲੋਕਾਂ ਅੰਦਰ ਬਹੁਤ ਸਾਰੀਆਂ ਆਸਾਂ-ਉਮੀਦਾਂ ਜਗਾਈਆਂ ਹਨ। ਇਨ੍ਹਾਂ ਆਸਾਂ-ਉਮੀਦਾਂ ਦੀ ਪੂਰਤੀ ਲਈ ਸਭ ਨੂੰ ਆਪੋ-ਆਪਣੇ ਵਿਤ ਮੁਤਾਬਿਕ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਇਸ ਅੰਦੋਲਨ ਨੂੰ ਹੋਰ ਮਜ਼ਬੂਤ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਿਲੋ ਰਜਾਈ ਵਿਦਵਾਨਾਂ ਨੂੰ!*

ਕਰਦੇ ਤਿੰਨ ਕਾਨੂੰਨਾਂ ਦੀ ਗੱਲ ਇੱਕੋ, ਰੱਦ ਕਰਾਉਣ ਲਈ ਟਿੱਲ ਨੇ ਲਾਈ ਜਾਂਦੇ।
ਚੱਲ ਰਹੇ ਅੰਦੋਲਨ ਨੂੰ ਕਰਨ ਤਿੱਖਾ, ਟਰੈਕਟਰ-ਟਰਾਲੀਆਂ ਦਿੱਲੀ ਲਿਜਾਈ ਜਾਂਦੇ।
ਕਿਰਤੀ ਮਿਹਨਤੀ ਦੂਸਰੇ ਸੂਬਿਆਂ ਦੇ, ਸੋਭਾ ਰਲ ਕੇ ਪੰਜਾਬ ਦੀ ਗਾਈ ਜਾਂਦੇ।
ਐਦਾਂ ਕੀਤਾ ਕਿਉਂ ਚਾਹੀਦਾ ਇੰਜ ਹੋਣਾ, ਨੁਕਤਾਚੀਨ ਕਈ ਕਰੀ ਭਕਾਈ ਜਾਂਦੇ।
ਟੱਬਰ ਆਪਣਾ ਆਖੇ ਨਾ ਲੱਗਦਾ ਐ, ਹੋਏ ਇਕੱਠਾਂ 'ਤੇ ਸ਼ੱਕਾਂ ਜਤਾਈ ਜਾਂਦੇ।
ਘਰੇ ਬੈਠ 'ਰਜਾਈ ਵਿਦਵਾਨ' ਬਣ ਕੇ, 'ਫੇਸਬੁੱਕ' ਉਤੇ ਸਿੰਗ ਫਸਾਈ ਜਾਂਦੇ!

## 87 ਅਮਰੀਕੀ ਫਾਰਮਰ ਜਥੇਬੰਦੀਆਂ ਦਾ ਸਾਂਝਾ ਬਿਆਨ

# 'ਅਸੀਂ ਭਾਰਤ ਦੇ ਕਿਸਾਨਾਂ ਦੇ ਨਾਲ ਹਾਂ!'

*ਭਾਰਤ ਦੇ ਮੌਜੂਦਾ ਅੰਦੋਲਨ ਦੇ ਮਹੱਤਵ ਨੂੰ ਭਾਰਤ ਦੇ ਕਿਸਾਨਾਂ ਨੇ ਤਾਂ ਸਮਝਿਆ ਹੀ ਹੈ, ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਕਿਸਾਨ ਵੀ ਇਸ ਦੇ ਇਤਿਹਾਸਕ ਮਹੱਤਵ ਨੂੰ ਪਛਾਣ ਕੇ ਇਸ ਦੀ ਹਮਾਇਤ ਕਰ ਰਹੇ ਹਨ। ਇਸ ਹਮਾਇਤ ਅਤੇ ਇਕਮੁੱਠਤਾ ਦਾ ਘੇਰਾ ਦਿਨੋ-ਦਿਨ ਵਸੀਹ ਹੋ ਰਿਹਾ ਹੈ। ਇਹ ਇਕਮੁੱਠਤਾ ਆਰ. ਐਸ. ਐਸ.-ਬੀ. ਜੇ. ਪੀ. ਸਰਕਾਰ ਦੇ ਦਾਅਵਿਆਂ ਦੇ ਥੋਥ ਨੂੰ ਬੇਨਕਾਬ ਕਰਨ ਲਈ ਕਾਫੀ ਹੈ ਜੋ ਇਹ ਝੂਠ ਦੁਹਰਾ ਰਹੇ ਹਨ ਕਿ ਅੰਦੋਲਨ ਸਿਰਫ ਪੰਜਾਬ-ਹਰਿਆਣਾ ਤੱਕ ਸੀਮਤ ਹੈ। ਹੁਣ ਅਮਰੀਕਾ ਦੀਆਂ 87 ਜਥੇਬੰਦੀਆਂ ਨੇ ਸਾਂਝਾ ਬਿਆਨ ਜਾਰੀ ਕਰ ਕੇ ਇਸ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ ਹੈ। ਇਨ੍ਹਾਂ ਵਿਚ ਨੈਸ਼ਨਲ ਫੈਮਿਲੀ ਕੋਲੀਸ਼ਨ, ਰੂਰਲ ਕੋਲੀਸ਼ਨ, ਨਾਰਥ-ਵੈਸਟ ਮਰੀਨ ਅਲਾਇੰਸ, ਇੰਸਟੀਚਿਊਟ ਫਾਰ ਐਗਰੀਕਲਚਰ ਐਂਡ ਟਰੇਡ ਪਾਲਿਸੀ, ਗ੍ਰਾਸਰੂਟ ਗਲੋਬਲ ਜਸਟਿਸ ਅਲਾਇੰਸ ਅਤੇ ਹੋਰ ਜਥੇਬੰਦੀਆਂ ਸ਼ਾਮਲ ਹਨ। ਇਹ ਉਹ ਜਥੇਬੰਦੀਆਂ ਹਨ ਜਿਨ੍ਹਾਂ ਨੇ ਸਾਂਝਾ ਬਿਆਨ ਜਾਰੀ ਕੀਤਾ ਹੈ, ਇਨ੍ਹਾਂ ਤੋਂ ਬਿਨਾਂ, ਬੇਸ਼ੁਮਾਰ ਐਸੇ ਸਮਾਜੀ ਸਮੂਹ, ਸੰਸਥਾਵਾਂ, ਸ਼ਖਸੀਅਤਾਂ ਹਨ ਜੋ ਇਸ ਸੰਘਰਸ਼ ਦੀ ਹਮਾਇਤ ਕਰ ਰਹੇ ਹਨ। ਪਰਵਾਸੀ ਭਾਰਤੀ ਨਾ ਸਿਰਫ ਇਸ ਸੰਘਰਸ਼ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰ ਰਹੇ ਹਨ ਸਗੋਂ ਵਿਦੇਸ਼ਾਂ ਵਿਚ ਪ੍ਰਦਰਸ਼ਨ ਕਰ ਕੇ ਸੰਘ ਬ੍ਰਿਗੇਡ ਦਾ ਜਾਬਰ ਚਿਹਰਾ ਵੀ ਦੁਨੀਆ ਦੇ ਲੋਕਾਂ ਨੂੰ ਦਿਖਾ ਰਹੇ ਹਨ। ਅਸੀਂ ਅਮਰੀਕਨ ਜਥੇਬੰਦੀਆਂ ਦੇ ਸਾਂਝੇ ਬਿਆਨ ਦਾ ਪੰਜਾਬੀ ਰੂਪ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਅਸੀਂ ਅਮਰੀਕੀ ਫਾਰਮਰ ਅਤੇ ਅਲਾਇਡ ਫੂਡ ਭਾਰਤ ਵਿਚ ਉਨ੍ਹਾਂ ਅਨਿਆਂਪੂਰਨ ਖੇਤੀ ਕਾਨੂੰਨਾਂ ਵਿਰੁਧ ਚੱਲ ਰਹੇ ਕਿਸਾਨ ਵਿਰੋਧ-ਪ੍ਰਦਰਸ਼ਨ ਨਾਲ ਇਕਮੁੱਠਤਾ ਪ੍ਰਗਟਾਉਂਦੇ ਹਾਂ ਜੋ ਉਨ੍ਹਾਂ ਦੀ ਭੋਜਨ ਵਿਵਸਥਾ ਉਪਰ ਖੇਤੀ-ਕਾਰੋਬਾਰ ਦੀ ਜਕੜ ਵਧਾਉਣ ਵਾਲੇ ਹਨ। ਭਾਰਤ ਦੇ ਕਿਸਾਨਾਂ ਨੇ ਲਾਮਬੰਦ ਹੋ ਕੇ ਇਤਿਹਾਸ ਦਾ ਸਭ ਤੋਂ ਜੋਸ਼ੀਲਾ ਵਿਰੋਧ ਪ੍ਰਦਰਸ਼ਨ ਖੜ੍ਹਾ ਕੀਤਾ ਹੈ ਅਤੇ ਉਨ੍ਹਾਂ ਨੂੰ ਨਵੀਂ ਦਿੱਲੀ ਦੀਆਂ ਬਰੂਹਾਂ ਉਪਰ ਪੱਕੇ ਡੇਰੇ ਲਾਈ ਬੈਠਿਆਂ ਨੂੰ ਢਾਈ ਮਹੀਨੇ ਤੋਂ ਜ਼ਿਆਦਾ ਹੋ ਗਏ ਹਨ। ਉਹ ਇਕੱਠੇ ਹੋ ਕੇ ਉਨ੍ਹਾਂ ਤਿੰਨ ਨਹੱਕੇ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ ਜੋ ਉਨ੍ਹਾਂ ਨੂੰ ਦੱਸੇ ਜਾਂ ਉਨ੍ਹਾਂ ਨਾਲ ਮਸ਼ਵਰਾ ਕੀਤੇ ਬਗੈਰ ਪਾਸ ਕਰ ਦਿੱਤੇ ਗਏ ਸਨ। ਅਸੀਂ ਦੁਨੀਆ ਭਰ ਦੇ ਹੋਰ ਕਿਸਾਨਾਂ ਨਾਲ ਮਿਲ ਕੇ ਉਨ੍ਹਾਂ ਬੇਸ਼ੁਮਾਰ ਕਿਸਾਨਾਂ ਨਾਲ ਇਕਮੁੱਠਤਾ ਜ਼ਾਹਿਰ ਕਰਦੇ ਹਾਂ ਜੋ ਆਪਣੇ ਹੱਕਾਂ ਅਤੇ ਮਾਣ-ਸਨਮਾਨ ਲਈ ਪੁਰਅਮਨ ਤਰੀਕੇ ਨਾਲ ਅਤੇ ਬਹਾਦਰੀ ਨਾਲ ਡਟੇ ਹੋਏ ਹਨ।

ਅੰਦੋਲਨ ਦੀਆਂ ਮੁੱਖ ਮੰਗਾਂ ਵਿਚੋਂ ਇਕ ਇਹ ਹੈ ਕਿ ਕਿਸਾਨਾਂ ਨੂੰ ਸਬਜ਼ੀਆਂ ਸਮੇਤ ਸਾਰੀਆਂ ਉਪਜਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਮਿਲੇ ਜੋ ਸਿਹਤਮੰਦ ਭੋਜਨ ਲਈ ਜ਼ਰੂਰੀ ਹਨ - ਇਸ ਵਕਤ ਕੁਝ ਕੁ ਫਸਲਾਂ ਲਈ ਹੀ ਇਹ ਵਿਵਸਥਾ ਯਕੀਨੀ ਬਣਾਈ ਗਈ ਹੈ। ਇਸ ਨਾਲ ਇਹ ਯਕੀਨੀ ਬਣੇਗਾ ਕਿ ਭਾਰਤ ਵਿਚ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਨਿਆਂਪੂਰਨ ਮੁੱਲ ਮਿਲੇ ਜੋ ਪਹਿਲਾਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਪਿਸ ਰਹੇ ਹਨ। ਐਮ. ਐਸ. ਪੀ. ਉਹ ਮੁੱਲ ਹੈ ਜਿਸ ਉਪਰ ਭਾਰਤ ਸਰਕਾਰ ਕਣਕ ਅਤੇ ਝੋਨਾ ਵਰਗੇ ਅਨਾਜ ਕਿਸਾਨਾਂ ਤੋਂ ਆਪਣੇ ਜਨਤਕ ਅਨਾਜ ਵੰਡ ਪ੍ਰੋਗਰਾਮਾਂ ਲਈ ਖਰੀਦਦੀ ਹੈ ਤਾਂ ਜੋ ਗਰੀਬ ਲੋਕ ਸਬਸਿਡੀ ਵਾਲਾ ਅਨਾਜ ਖਰੀਦ ਸਕਣ। ਭਾਰਤ ਸਰਕਾਰ ਭਾਵੇਂ ਆਪਣੇ ਅਨਾਜ ਵੰਡ ਪ੍ਰੋਗਰਾਮਾਂ ਲਈ ਬਹੁਤ ਥੋੜ੍ਹੀ ਫੀਸਦੀ ਫਸਲਾਂ ਹੀ ਖਰੀਦਦੀ ਹੈ, ਇਸ ਦੇ ਬਾਵਜੂਦ ਐਮ. ਐਸ. ਪੀ. ਭਾਰਤ ਦੇ ਹੋਰ ਵਪਾਰੀਆਂ ਲਈ ਅਹਿਮ ਮੁੱਲ ਸੂਚਨਾ ਹੈ ਜੋ ਇਹ ਯਕੀਨੀ ਬਣਾਉਂਦੀ ਹੈ ਕਿ ਕਿਸਾਨਾਂ ਨੂੰ ਇਨ੍ਹਾਂ ਖਾਸ ਫਸਲਾਂ ਦਾ ਨਿਆਂਪੂਰਨ ਮੁੱਲ ਲਾਜ਼ਮੀ ਮਿਲੇ।

ਸਾਡਾ ਮੰਨਣਾ ਹੈ ਕਿ ਉਹ ਹਾਲਾਤ ਪੈਦਾ ਕਰਨ ਵਿਚ ਅਮਰੀਕੀ ਸਰਕਾਰ ਦੀ ਭੂਮਿਕਾ ਵੀ ਹੈ ਜਿਨ੍ਹਾਂ ਦੇ ਨਤੀਜੇ ਵਜੋਂ ਇਹ ਜਾਬਰ ਕਾਨੂੰਨ ਬਣਾਏ ਗਏ। ਅਮਰੀਕਾ ਉਨ੍ਹਾਂ ਖਾਸ ਤਾਕਤਾਂ ਵਿਚੋਂ ਇਕ ਹੈ ਜੋ ਆਲਮੀ ਵਪਾਰ ਸੰਸਥਾ (ਡਬਲਿਊ. ਟੀ. ਓ.) ਵਿਖੇ ਭਾਰਤ ਵੱਲੋਂ ਐਮ. ਐਸ. ਪੀ. ਦੇ ਸੀਮਤ ਇਸਤੇਮਾਲ ਕਰਨ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਆਸਟਰੇਲੀਆ, ਕੈਨੇਡਾ ਅਤੇ ਯੂਰਪੀ ਮੁਲਕਾਂ ਦੇ ਗੱਠਜੋੜ ਨਾਲ ਮਿਲ ਕੇ ਅਮਰੀਕਾ ਦਾ ਦਾਅਵਾ ਹੈ ਕਿ ਭਾਰਤ ਦੀ ਐਮ. ਐਸ. ਪੀ. ਵਿਵਸਥਾ ਕਰ ਕੇ ਵਪਾਰ 'ਚ ਗੜਬੜ ਹੁੰਦੀ ਹੈ।

ਲੇਕਿਨ, ਇਹ ਹੈਰਾਨੀਜਨਕ ਨਹੀਂ ਹੈ: ਅਮਰੀਕਨ ਸਰਕਾਰ ਦਹਾਕਿਆਂ ਤੋਂ ਆਪਣੇ ਮੁਲਕ ਵਿਚ ਮੁੱਲ ਸਮਾਨਤਾ ਦੀ ਧਾਰਨਾ (ਜੋ ਭਾਰਤ ਦੀ ਐਮ. ਐਸ. ਪੀ. ਵਿਵਸਥਾ ਨਾਲ ਮਿਲਦੀ-ਜੁਲਦੀ ਹੈ) ਨੂੰ ਖੋਰਾ ਲਾਉਂਦੀ ਆ ਰਹੀ ਹੈ। ਹੁਣ ਬਾਇਡਨ ਪ੍ਰਸ਼ਾਸਨ ਲਈ ਮੌਕਾ ਹੈ ਕਿ ਇਹ ਅਮਰੀਕਾ ਦੀ ਵਪਾਰ ਨੀਤੀ ਨੂੰ ਇਸ ਤਰ੍ਹਾਂ ਬਣਾਵੇ ਤਾਂ ਜੋ ਹੋਰ ਮੁਲਕ ਆਪਣੇ ਕਿਸਾਨਾਂ ਲਈ ਨਿਆਂਕਾਰੀ ਸੁਤੰਤਰ ਮੰਡੀ ਵਿਵਸਥਾ ਬਣਾ ਸਕਣ, ਨਾਲ ਹੀ ਇਹ ਆਪਣੀ ਖੇਤੀ ਨੀਤੀ ਨੂੰ ਇਸ ਤਰ੍ਹਾਂ ਬਣਾਵੇ ਕਿ ਸਾਡੇ ਆਪਣੇ ਅਨਾਜ ਪੈਦਾ ਕਰਨ ਵਾਲਿਆਂ ਦਾ ਜੀਵਨ-ਗੁਜ਼ਾਰਾ ਸੁਨਿਸ਼ਚਿਤ ਹੋ ਸਕੇ।

**ਅਨੁਵਾਦ: ਬੂਟਾ ਸਿੰਘ**
**ਫੋਨ: +91-94634-74342**

ਹਾਲਾਂਕਿ ਅਮਰੀਕਨ ਖੇਤੀਬਾੜੀ ਖੇਤਰ ਨੂੰ ਬਹੁਤ ਸਾਰੇ ਮੁਲਕਾਂ ਦੇ ਮੁਕਾਬਲੇ ਹੱਦੋਂ ਵੱਧ ਸਰਕਾਰੀ ਸਹਾਇਤਾ ਤਾਂ ਦਿੱਤੀ ਜਾ ਰਹੀ ਹੈ, ਲੇਕਿਨ ਇਹ ਸਹਾਇਤਾ ਸਾਰਿਆਂ ਦੀ ਬਰਾਬਰ ਪਹੁੰਚ ਵਿਚ ਨਹੀਂ ਹੈ; ਖਾਸ ਕਰ ਕੇ ਸਿਆਹਫਾਮ, ਮੂਲਵਾਸੀ, ਲਾਤੀਨੋ, ਏਸ਼ੀਆ-ਪੈਸੀਫਿਕ ਅਤੇ ਜਿਨ੍ਹਾਂ ਹੋਰ ਲੋਕਾਂ ਨਾਲ ਰੰਗਭੇਦ ਹੁੰਦਾ ਹੈ, ਉਨ੍ਹਾਂ ਨੂੰ ਇਤਿਹਾਸਕ ਤੌਰ 'ਤੇ ਇਸ ਤੋਂ ਬਾਹਰ ਰੱਖਿਆ ਗਿਆ ਹੈ ਜਿਨ੍ਹਾਂ ਕੋਲ ਸੁਰੱਖਿਅਤ ਭੋਂਇ-ਸੰਪਤੀ ਨਹੀਂ ਹੈ ਅਤੇ ਜੋ ਸਬਜ਼ੀਆਂ ਅਤੇ ਛੋਟੇ ਪੈਮਾਨੇ 'ਤੇ ਪਸ਼ੂ-ਪਾਲਣ ਦੇ ਖੇਤਰਾਂ ਵਿਚ ਕੰਮ ਕਰਦੇ ਹਨ। ਜਿਨ੍ਹਾਂ ਸੁਤੰਤਰ ਕਿਸਾਨ ਪਰਿਵਾਰਾਂ ਦੀ ਅਸੀਂ ਆਵਾਜ਼ ਹਾਂ, ਉਨ੍ਹਾਂ ਦੀ ਬਜਾਏ ਸਰਕਾਰੀ ਸਹਾਇਤਾ ਬੜੇ-ਬੜੇ ਖੇਤੀ ਕਾਰੋਬਾਰੀਆਂ ਨੂੰ ਜਾ ਰਹੀ ਹੈ।

ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਅੱਜ ਜੋ ਭਾਰਤੀ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ, ਅਮਰੀਕਾ ਵਿਚ ਇਹ ਚਾਰ ਦਹਾਕੇ ਪਹਿਲਾਂ ਹੋ ਚੁੱਕਾ ਹੈ। ਰੀਗਨ ਦੇ ਰਾਜ ਵਿਚ ਕੇਂਦਰੀ ਨੀਤੀ ਬਦਲਾਵਾਂ ਨਾਲ, ਫਸਲਾਂ ਦੇ ਮੁੱਲਾਂ ਦੀ ਸਮਾਨਤਾ ਦੇ ਜੜ੍ਹੀਂ ਤੇਲ ਦੇ ਕੇ ਅਤੇ ਹੋਰ ਕੰਟਰੋਲ-ਹਟਾਊ ਯਤਨਾਂ ਜ਼ਰੀਏ ਖੇਤੀ ਸੰਕਟ ਨੂੰ ਹੋਰ ਵਧਾਇਆ ਗਿਆ। ਸਾਡੀ ਹਕੂਮਤ ਦਾ ਮੰਤਰ ਰਿਹਾ ਹੈ - "ਬੜੇ ਬਣ ਜਾਓ ਜਾਂ ਬਾਹਰ ਹੋ ਜਾਓ"। ਜਿਨ੍ਹਾਂ ਕੋਲ ਮਜ਼ਬੂਤ ਹੋਣ ਦੇ ਵਸੀਲੇ ਸਨ, ਉਨ੍ਹਾਂ ਨੂੰ ਇਕ-ਫਸਲੀ ਖੇਤੀ ਲਈ ਬਖਸ਼ਿਸ਼ਾਂ ਕੀਤੀਆਂ ਗਈਆਂ; ਜਦਕਿ ਅਮਰੀਕਾ ਦੇ ਖੇਤੀਬਾੜੀ ਖੇਤਰ ਵਿਚ ਅਸਲ ਯੋਗਦਾਨ ਕਬਾਇਲੀ ਭਾਈਚਾਰਿਆਂ ਅਤੇ ਰਵਾਇਤੀ ਅੰਨ ਉਤਪਾਦਕਾਂ ਅਤੇ ਛੋਟੇ ਕਾਸ਼ਤਕਾਰਾਂ ਹੈ ਜੋ ਸਦਾ ਪੌਣਪਾਣੀ ਹਿਤੈਸ਼ੀ ਫਸਲੀ ਵੰਨ-ਸਵੰਨਤਾ ਵਾਲੀ ਖੇਤੀ ਕਰਦੇ ਰਹੇ ਹਨ ਜਾਂ ਜਿਨ੍ਹਾਂ ਨੇ ਇਹ ਮਾਡਲ ਅਪਣਾ ਲਿਆ ਹੈ। ਆਮਦਨੀ 'ਚ ਸਰਕਾਰੀ ਸਹਾਇਤਾ ਤੋਂ ਬਗ਼ੈਰ ਇਹ ਅੰਨ ਉਤਪਾਦਕ ਜੀਵਨ-ਗੁਜ਼ਾਰਾ ਨਹੀਂ ਕਰ ਸਕਦੇ। ਇਹ ਹੈਰਾਨੀ ਦੀ ਗੱਲ ਨਹੀਂ ਕਿ ਅਮਰੀਕਾ ਦੇ ਪੇਂਡੂ ਖੇਤਰ ਵਿਚ ਖੇਤੀ ਸਬਸਿਡੀਆਂ ਬਾਕੀ ਵਸੋਂ ਦੇ ਮੁਕਾਬਲੇ 45ਫੀ ਸਦੀ ਜ਼ਿਆਦਾ ਹਨ।

ਦਰਅਸਲ, ਡਬਲਿਊ. ਟੀ. ਓ. ਨੇ ਆਲਮੀ ਦੱਖਣ ਅਤੇ ਆਲਮੀ ਉਤਰ ਦਰਮਿਆਨ ਖੇਡ ਮੈਦਾਨ ਜੋ ਪਹਿਲਾਂ ਹੀ ਅਸਾਵਾਂ ਹੈ, ਨੂੰ ਹੋਰ ਜ਼ਿਆਦਾ ਬਦਤਰ ਬਣਾ ਦਿੱਤਾ ਹੈ। ਹਰ ਕੌਮੀ ਰਾਜ ਘੱਟੋ-ਘੱਟ ਇਹ ਤਾਂ ਕਰ ਹੀ ਸਕਦਾ ਹੈ ਕਿ ਕੰਟਰੋਲ-ਮੁਕਤ ਕਰਨ ਦੀ ਮੁਹਿੰਮ ਤੋਂ ਛੋਟੇ ਕਿਸਾਨਾਂ ਦਾ ਬਚਾਓ ਕਰੇ ਜੋ ਕਿਸਾਨਾਂ ਦੀ ਸੌਦੇਬਾਜ਼ੀ ਕਰਨ ਦੀ ਸੀਮਤ ਸਮਰੱਥਾ ਨੂੰ ਖਤਮ ਕਰਦੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਖੇਤਾਂ ਤੋਂ ਬੇਦਖਲ ਕਰਦੀ ਹੈ, ਜਿਵੇਂ ਭਾਰਤ ਦੇ ਤਿੰਨ ਖੇਤੀ ਕਾਨੂੰਨ ਹਨ। ਅਮਰੀਕਾ ਵਿਚ ਇਹ ਕਿਹਾ ਜਾਂਦਾ ਹੈ ਕਿ ਪਿਛਲੀ ਸਰਕਾਰ ਦਾ ਜੋ "ਮੁੱਖ ਰੂਪ 'ਚ ਮੰਡੀ ਨੂੰ ਕੰਟਰੋਲ-ਮੁਕਤ ਕਰਨ ਅਤੇ ਜਿਣਸ ਉਤਪਾਦਕ ਫਾਰਮਰਾਂ ਲਈ ਸਹਾਇਤਾ ਵਿਚ ਵਾਧਾ ਕਰਨ ਜਦਕਿ ਲੋੜਵੰਦ ਪਰਿਵਾਰਾਂ ਲਈ ਭੋਜਨ ਸਹਾਇਤਾ ਵਿਚ ਕਟੌਤੀ ਕਰਨ ਉਪਰ ਕੇਂਦਰਤ" ਪ੍ਰੋਗਰਾਮ ਸੀ, ਉਸ ਦੀਆਂ "ਚਿਰ-ਸਥਾਈ ਅਰਥ-ਸੰਭਾਵਨਾਵਾਂ" ਹਨ।

ਬਾਇਡਨ-ਹੈਰਿਸ ਸਰਕਾਰ ਦਾ ਆਗਾਜ਼ ਸੰਭਾਵਨਾਵਾਂ ਵਾਲਾ ਹੁੰਦਿਆਂ ਹੋਇਆਂ ਵੀ ਘਰੇਲੂ ਅਤੇ ਕੌਮਾਂਤਰੀ ਦੋਨੋਂ ਪੱਧਰਾਂ ਉਪਰ ਭੋਜਨ ਅਤੇ ਖੇਤੀਬਾੜੀ ਨੀਤੀ ਬਾਬਤ ਸਮਾਨਤਾ ਅਤੇ ਵਾਤਾਵਰਨੀ ਅਤੇ ਨਸਲੀ ਨਿਆਂ ਲਈ ਬਹੁਤ ਕੁਝ ਕਰਨ ਵਾਲਾ ਹੈ। ਇਹ ਜ਼ਰੂਰੀ ਹੈ ਕਿ ਅਮਰੀਕਨ ਸਰਕਾਰ ਛੋਟੇ ਫਾਰਮਰਾਂ ਦੀ ਬਜਾਏ ਖੇਤੀ-ਕਾਰੋਬਾਰੀਆਂ ਦੇ ਹਿਤਾਂ ਨੂੰ ਤਰਜੀਹ ਦੇਣਾ ਅਤੇ ਨਾਲ ਹੀ ਸਾਡੇ ਇੱਥੇ ਅਤੇ ਹੋਰ ਮੁਲਕਾਂ ਵਿਚ ਭੋਜਨ ਵਿਵਸਥਾ ਦਾ ਹੋਰ ਕਾਰਪੋਰੇਟੀਕਰਨ ਕਰਨਾ ਬੰਦ ਕਰੇ। ਇਹ ਲਾਜ਼ਮੀ ਹੈ ਕਿ ਅਮਰੀਕਾ ਭਾਰਤ ਦੇ ਪੌਣਪਾਣੀ ਦੇ ਅਨੁਕੂਲ, ਜੀਵ-ਭਿੰਨਤਾ ਵਾਲੀਆਂ ਅਤੇ ਪਾਣੀ ਦੀ ਸੰਭਾਲ ਕਰਨ ਵਾਲੀਆਂ ਭੋਜਨ ਵਿਵਸਥਾਵਾਂ ਦੀ ਸਹਾਇਤਾ ਕਰਨ ਵਾਲੇ ਸ਼ਾਸਨ ਦੇ ਬਹੁਧਿਰੀ ਨੇਮਾਂ ਨੂੰ ਵੀ ਸਹਿਮਤੀ ਦੇਵੇ ਅਤੇ ਇਹ ਸਹਾਇਤਾ ਸਾਰੇ ਉਤਪਾਦਕਾਂ ਤੱਕ ਪਹੁੰਚੇ। ਇਸ ਦਾ ਭਾਵ ਸਮਾਨਤਾ ਵਾਲੀ ਮੁੱਲ ਵਿਵਸਥਾ ਅਤੇ ਫਸਲਾਂ ਦੀ ਸਰਕਾਰੀ ਖਰੀਦ ਸਮੇਤ ਵਪਾਰ ਦੇ ਨੇਮਾਂ ਦਾ ਸੁਮੇਲ ਕਰਨਾ ਵੀ ਹੋਵੇਗਾ।

ਅਸੀਂ ਕਿਸਾਨਾਂ ਅਤੇ ਖੇਤੀ ਕਾਮਿਆਂ ਦੇ ਸਾਂਝੇ ਸੰਘਰਸ਼ ਉਸਾਰਨ ਲਈ ਸੰਯੁਕਤ ਕਿਸਾਨ ਮੋਰਚਾ ਦਾ ਬੇਹੱਦ ਸਤਿਕਾਰ ਕਰਦੇ ਹਾਂ ਅਤੇ ਅਸੀਂ ਉਨ੍ਹਾਂ ਨਾਲ ਡੱਟ ਕੇ ਖੜ੍ਹੇ ਹਾਂ। ਅਸੀਂ ਦੋਨੋਂ ਸਰਕਾਰਾਂ ਨੂੰ ਸੁਤੰਤਰ ਕਿਸਾਨ ਪਰਿਵਾਰਾਂ ਅਤੇ ਸਥਾਨਕ ਭੋਜਨ ਪ੍ਰਣਾਲੀਆਂ ਦੀ ਸਹਾਇਤਾ ਕਰਨ, ਭੋਜਨ ਪ੍ਰਭੂਸੱਤਾ ਯਕੀਨੀ ਬਣਾਉਣ ਅਤੇ ਉਨ੍ਹਾਂ ਕਰੋੜਾਂ ਲੋਕਾਂ ਨੂੰ ਜੀਵਨ-ਗੁਜ਼ਾਰੇ ਦੀ ਸੁਰੱਖਿਆ ਦੇਣ ਦੀ ਪੁਰਜ਼ੋਰ ਅਪੀਲ ਕਰਦੇ ਹਾਂ ਜੋ ਉਨ੍ਹਾਂ ਦੀ ਭੋਜਨ ਸੁਰੱਖਿਆ ਅਤੇ ਸਿਹਤਮੰਦ ਜ਼ਿੰਦਗੀ ਦਾ ਆਧਾਰ ਹੈ।

# ਕਿਸਾਨ ਅੰਦੋਲਨ ’ਚ ਲੀਡਰਸ਼ਿਪ ਦੀ ਭੂਮਿਕਾ ਦੇ ਮਾਇਨੇ

ਪੰਜਾਬ ਵਿਚ ਕਿਸਾਨ ਅੰਦੋਲਨਾਂ ਦੀਆਂ ਇਤਿਹਾਸਕ ਪ੍ਰੰਪਰਾਵਾਂ ਸਦਕਾ ਐਗਰੋ-ਬਿਜ਼ਨਸ ਪੂੰਜੀਵਾਦ ਜਿਸ ਦੀ ਝਲਕ ਨਰਿੰਦਰ ਮੋਦੀ ਦੀ ਹਕੂਮਤ ਦੇ ਤਿੰਨ ਖੇਤੀ ਐਕਟਾਂ ਰਾਹੀਂ ਸਾਹਮਣੇ ਆਈ ਸੀ, ਖਿਲਾਫ ਉਠੇ ਕਿਸਾਨ ਸੰਘਰਸ਼ ਵਿਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਇਸ ਨੇ ਪਹਿਲਾਂ ਹਰਿਆਣਾ ਦੀ ਕਿਸਾਨੀ ਨੂੰ ਉਠਣ ਲਈ ਪ੍ਰੇਰਿਆ ਅਤੇ ਫਿਰ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰ ਸੂਬਿਆਂ ਦੀ ਕਿਸਾਨੀ ਨੂੰ ਸੰਘਰਸ਼ ਵਿਚ ਸ਼ਾਮਲ ਹੋਣ ਲਈ ਹਲੂਣਾ ਦਿੱਤਾ। ਹੁਣ ਇਹ ਦੇਸ਼ਵਿਆਪੀ ਸੰਘਰਸ਼ ਦਾ ਰੂਪ ਧਾਰ ਰਿਹਾ ਹੈ ਅਤੇ ਕਿਸਾਨੀ ਤੋਂ ਇਲਾਵਾ ਹੋਰ ਵਰਗਾਂ ਨੂੰ ਵੀ ਕਲਾਵੇ ਵਿਚ ਲੈ ਰਿਹਾ ਹੈ। ਕਿਸੇ ਵੀ ਸੰਘਰਸ਼ ਵਿਚ ਅਗਵਾਈ ਦੀ ਭੂਮਿਕਾ ਨੂੰ ਸਮਝਣ ਲਈ ਹਰਾਵਲ ਦਸਤੇ ਦੇ ਸੰਕਲਪ ਦੀ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ। ਹਰ ਸਮਤਾਵਾਦੀ ਲਹਿਰ ਵਿਚ ਕੋਈ ਇਕ ਖੇਤਰ ਵਧੇਰੇ ਉੱਨਤ ਹੁੰਦਾ ਹੈ ਜੋ ਅਗਵਾਈ ਦਿੰਦਾ ਹੈ। ਇਹੀ ਖੇਤਰ ਸਮਾਜ ਦੇ ਹੋਰ ਵਿਦਰੋਹੀ ਤਬਕਿਆਂ ਦੇ ਹਿੱਤਾਂ, ਖਾਹਸ਼ਾਂ ਤੇ ਜਜ਼ਬਿਆਂ ਨੂੰ ਬਿਆਨ ਕਰਦਾ ਹੈ।



**ਪ੍ਰੋ. ਪ੍ਰੀਤਮ ਸਿੰਘ**
ਫੋਨ: +44-7922657957

ਹਾਲਾਂਕਿ ਹਰਾਵਲ ਦਸਤੇ ਦੇ ਸੰਕਲਪ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ, ਫਿਰ ਵੀ ਇਸ ਨੂੰ ਵਧਾ ਚੜ੍ਹਾਅ ਕੇ ਪੇਸ਼ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹਰ ਸਮਾਜ ਅੰਦਰ ਆਰਥਿਕ ਰਸੂਖ, ਸਮਾਜਿਕ ਇਕਜੁੱਟਤਾ, ਵਿਦਿਅਕ ਚੇਤਨਾ ਅਤੇ ਸਿਆਸੀ ਸੰਗਠਨ ਦੇ ਲਿਹਾਜ਼ ਤੋਂ ਵਖਰੇਵੇਂ ਹੁੰਦੇ ਹਨ; ਇਸ ਦੇ ਸਿੱਟੇ ਵਜੋਂ ਕੁਝ ਜਮਾਤਾਂ ਜਾਂ ਸਮਾਜਿਕ ਗਰੁਪ ਦੂਜਿਆਂ ਨਾਲੋਂ ਵਧੇਰੇ ਉੱਨਤ ਹੁੰਦੇ ਹਨ ਤੇ ਸਮਾਜ ਦੇ ਆਗੂਆਂ ਵਜੋਂ ਉਭਰਦੇ ਹਨ। ਇਸੇ ਤਰ੍ਹਾਂ, ਕਿਸੇ ਜਮਾਤ ਜਾਂ ਸਮਾਜਿਕ ਗਰੁਪ (ਧਰਮ, ਭਾਸ਼ਾ, ਲਿੰਗ, ਜਾਤ, ਨਸਲ ਦੇ ਪੱਖ ਤੋਂ ਪਰਿਭਾਸ਼ਤ) ਵਿਚ ਕੋਈ ਅਜਿਹਾ ਖੇਤਰ ਹੁੰਦਾ ਹੈ ਜੋ ਹੋਰਨਾਂ ਲਈ ਆਗੂ ਭੂਮਿਕਾ ਦੇਣ ਦੇ ਵਧੇਰੇ ਸਮੱਰਥ ਹੁੰਦਾ ਹੈ। ਸਾਨੂੰ ਹਰਾਵਲ ਦਸਤੇ ਦੀਆਂ ਸੀਮਤਾਈਆਂ ਨੂੰ ਵੀ ਸਮਝਣਾ ਚਾਹੀਦਾ ਹੈ; ਜੇ ਅਸੀਂ ਹਰਾਵਲ ਦਸਤੇ ਦੀ ਭੂਮਿਕਾ ਨੂੰ ਲੋੜੋਂ ਵੱਧ ਅਹਿਮੀਅਤ ਦੇਵਾਂਗੇ ਤਾਂ ਲੀਡਰਸ਼ਿਪ ਅਤੇ ਉਨ੍ਹਾਂ ਨਾਲ ਜੁੜੇ ਲੋਕਾਂ ਵਿਚਕਾਰ ਪਾੜਾ ਵਧ ਸਕਦਾ ਹੈ ਅਤੇ ਇਕ ਹੀ ਖੇਤਰ ਦੀ ਜ਼ਿਆਦਾ ਸਰਗਰਮੀ ਤੇ ਮੋਹਰੀ ਭੂਮਿਕਾ ਦੇਖ ਕੇ ਦੂਜੇ ਖੇਤਰ ਢੈਲੇ ਪੈ ਸਕਦੇ ਹਨ ਤੇ ਪਿੱਛੇ ਹੋ ਜਾਂਦੇ ਹਨ।

ਸਰਗਰਮ ਭੂਮਿਕਾ ਤੇ ਪਿਛਾਂਹ ਚੱਲਣ ਦੀ ਇਹ ਬਾਨਗੀ ਅੱਗੇ ਚੱਲ ਕੇ ਕਿਸੇ ਸਮਾਜ ਜਾਂ ਜਥੇਬੰਦੀ ਦੇ ਨੌਕਰਸ਼ਾਹੀਕਰਨ ਵੱਲ ਲੈ ਕੇ ਜਾਂਦੀ ਹੈ ਅਤੇ ਜਮਹੂਰੀ ਕਾਰਵਿਹਾਰ ਨੂੰ ਕਮਜ਼ੋਰ ਕਰਦੀ ਹੈ। ਇਹ ਅਮਲ ਜਨ ਸਮੂਹ ਦੀ ਰਚਨਾਤਮਿਕਤਾ ਨੂੰ ਵੀ ਸੀਮਤ ਕਰਦੀ ਹੈ। ਹਰਾਵਲ ਦਸਤੇ ਦੀ ਭੂਮਿਕਾ ਦੀ ਲੋੜੋਂ ਵੱਧ ਅਹਿਮੀਅਤ ਨੂੰ ਹਰਾਵਲ ਦਸਤਾਵਾਦ ਵੀ ਕਰਾਰ ਦਿੱਤਾ ਜਾਂਦਾ ਹੈ ਅਤੇ ਅਰਾਜਕਤਾਵਾਦੀ/ਖਿੰਡਾਓਵਾਦੀ ਸਿਆਸੀ ਦਰਸ਼ਨ ਵਲੋਂ ਇਸ ਦੇ ਖਤਰਿਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਹੈ। ਇਕ ਸਿਆਸੀ ਲਹਿਰ ਵਜੋਂ ਅਰਾਜਕਤਾਵਾਦ ਦਾ ਨਾਂ ਭਾਰਤੀ ਸਿਆਸੀ ਸਭਿਆਚਾਰ ਵਿਚ ਸਤਿਕਾਰ ਨਾਲ ਨਹੀਂ ਲਿਆ ਜਾਂਦਾ ਜਿਸ ਕਰ ਕੇ ਪੀਟਰ ਕਰੋਪੋਟਕਿਨ (1842-1921) ਜਿਨ੍ਹਾਂ ਦੀ ਸੌ ਸਾਲਾ ਜਨਮ ਸ਼ਤਾਬਦੀ ਇਸ ਅੱਠ ਫਰਵਰੀ ਨੂੰ ਲੰਘੀ ਹੈ, ਜਿਹੇ ਅਰਾਜਕਤਾਵਾਦੀ ਚਿੰਤਕਾਂ ਦੇ ਯੋਗਦਾਨ ਬਾਰੇ ਲੋਕ ਘੱਟ ਹੀ ਜਾਣਦੇ ਹਨ। ਭਾਰਤ ਵਿਚ ਅਰਾਜਕਤਾਵਾਦ ਨੂੰ ਆਮ ਤੌਰ ਤੇ ਅਫਰਾ-ਤਫਰੀ ਦੀ ਵੰਨਗੀ ਵਜੋਂ ਲਿਆ ਜਾਂਦਾ ਹੈ ਪਰ ਅਰਾਜਕਤਾਵਾਦੀ ਸੋਚ ਅਤੇ ਸਿਆਸੀ ਅਮਲ ਦੀ ਅਸਲ ਖੂਬਸੂਰਤੀ ਲੋਕਤੰਤਰ ਦੇ ਲਗਾਤਾਰ ਨਵੀਨੀਕਰਨ ਅਤੇ ਸਹਿਕਾਰੀ ਕਾਰਜਸ਼ੀਲਤਾ ਵਿਚ ਪਈ ਹੈ ਜੋ ਕਿਸੇ ਵੀ ਜਥੇਬੰਦੀ ਜਾਂ ਲਹਿਰ ਵਿਚ ਦਰਜਾਬੰਦੀ ਅਤੇ ਨੌਕਰਸ਼ਾਹੀਪੁਣੇ ਕਰ ਕੇ ਆਉਂਦੇ ਨਿਘਾਰ ਨੂੰ ਰੋਕਦੀ ਹੈ। ਹਰਾਵਲ ਦਸਤੇ ਦੀ ਭੂਮਿਕਾ ਦੀਆਂ ਸੰਭਾਵਨਾਵਾਂ ਤੇ ਸੀਮਤਾਈਆਂ ਦੇ ਮੱਦੇਨਜ਼ਰ ਆਓ ਮੌਜੂਦਾ ਅੰਦੋਲਨ ਵਿਚ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਲੋਂ ਨਿਭਾਈ ਇਤਿਹਾਸਕ ਭੂਮਿਕਾ ਅਤੇ ਇਸ ਦੇ ਸੰਭਾਵੀ ਸਿੱਟਿਆਂ ਦੀ ਅਹਿਮੀਅਤ ਨੂੰ ਸਮਝਣ ਲਈ ਕੁਝ ਇਤਿਹਾਸਕ ਮਿਸਾਲਾਂ ਤੇ ਨਜ਼ਰ ਮਾਰੀਏ।

ਬਰਤਾਨੀਆ ਵਿਚ 1974 ਵਿਚ ਨੈਸ਼ਨਲ ਯੂਨੀਅਨ ਆਫ ਮਾਈਨਰਜ਼ (ਐਨ. ਯੂ. ਐਮ.) ਦੀ ਅਗਵਾਈ ਹੇਠ ਕੋਲਾ ਮਜ਼ਦੂਰ ਮੁਲਕ ਦੀ ਮਜ਼ਦੂਰ ਜਮਾਤ ਦਾ ਹਰਾਵਲ ਦਸਤਾ ਸੀ। ਉਨ੍ਹਾਂ ਨੇ ਉਜਰਤਾਂ ਵਿਚ ਨਾਕਾਫੀ ਵਾਧੇ ਨੂੰ ਲੈ ਕੇ ਉਸ ਵੇਲੇ ਦੀ ਕਨਜ਼ਰਵੇਟਿਵ ਸਰਕਾਰ ਖਿਲਾਫ ਹੜਤਾਲ ਦਾ ਬਿਗਲ ਵਜਾ ਦਿੱਤਾ ਅਤੇ ਸਮਾਜ ਦੇ ਹੋਰਨਾਂ ਤਬਕਿਆਂ ਦਾ ਸਰਗਰਮ ਸਾਥ ਹਾਸਲ ਕਰ ਕੇ ਸਰਕਾਰ ਨੂੰ ਝੁਕਾ ਦਿੱਤਾ ਤੇ ਇੰਜ ਲੇਬਰ ਪਾਰਟੀ ਦੀ ਜਿੱਤ ਦਾ ਰਾਹ ਪੱਧਰਾ ਕਰ ਦਿੱਤਾ ਸੀ। ਉਂਜ, ਇਸ ਜਿੱਤ ਤੋਂ ਬਾਅਦ ਐਨ. ਯੂ. ਐਮ. ਨੇ ਆਪਣੇ ਦਬਦਬੇ ਦੇ ਬੋਲੋੜੇ ਅੰਦਾਜ਼ਿਆਂ ਕਰ ਕੇ ਕਈ ਹੋਰ ਐਕਸ਼ਨ ਐਲਾਨ ਦਿੱਤੇ ਜਿਸ ਕਰ ਕੇ ਹੜਤਾਲਾਂ ਖਿਲਾਫ ਕਨਜ਼ਰਵੇਟਿਵ ਤਬਕਿਆਂ ਦਾ ਵਿਰੋਧ ਉੱਭਰ ਗਿਆ ਤੇ 1979 ਵਿਚ ਸੱਜੇ ਪੱਖੀ ਆਗੂ ਮਾਰਗਰੇਟ ਥੈਚਰ ਦੀ ਅਗਵਾਈ ਹੇਠ ਸਰਕਾਰ ਬਣੀ ਅਤੇ ਅਗਲੇ 18 ਸਾਲਾਂ ਤੱਕ ਕਨਜ਼ਰਵੇਟਿਵ ਹੀ ਸੱਤਾ ਵਿਚ ਬਣੇ ਰਹੇ। ਪਹਿਲੇ ਪੜਾਅ ਤੇ ਐਨ. ਯੂ. ਐਮ. ਦੀ ਮੋਹਰੀ ਭੂਮਿਕਾ ਹਾਂ-ਪੱਖੀ ਸੀ ਤੇ ਉਸ ਨੇ ਜਨਤਕ ਲਾਮਬੰਦੀ ਪੈਦਾ ਕਰ ਕੇ ਜਿੱਤ ਦਰਜ ਕੀਤੀ ਪਰ ਕੋਈ ਇਹ ਦਲੀਲ ਦੇ ਸਕਦਾ ਹੈ ਕਿ ਹਰਾਵਲ ਦਸਤੇ ਵਜੋਂ ਉਸ ਕੋਲ ਕੋਲਾ ਮਜ਼ਦੂਰਾਂ ਅਤੇ ਆਮ ਲੋਕਾਂ ਦੀ ਭਰਵੀਂ ਜਮਹੂਰੀ ਹਮਾਇਤ ਹਾਸਲ ਨਹੀਂ ਸੀ ਜਿਸ ਕਰ ਕੇ ਉਲਟ ਨਤੀਜੇ ਸਾਹਮਣੇ ਆਏ ਸਨ। ਜੇ ਦੂਜੀ ਹੜਤਾਲ ਵੇਲੇ, ਖਾਸਕਰ 1984 ਵਿਚ ਜਨਤਕ ਲਾਮਬੰਦੀ ਹਾਸਲ ਕਰ ਕੇ ਕੋਲਾ ਮਜ਼ਦੂਰ ਜਿੱਤ ਜਾਂਦੇ ਤਾਂ ਇਸ ਨਾਲ ਕਲਿਆਣਕਾਰੀ ਰਾਜ ਵਜੋਂ ਬਰਤਾਨੀਆ ਵਿਚ ਜਮਹੂਰੀ ਸਮਾਜਵਾਦ ਦੇ ਪੈਰ ਜੰਮਣ ਦੇ ਆਸਾਰ ਬਣ ਸਕਦੇ ਸਨ। ਦੂਜੇ ਗੇੜ ਦੀ ਹਾਰ ਤੋਂ ਬਾਅਦ ਬਰਤਾਨੀਆ ਵਿਚ ਟਰੇਡ ਯੂਨੀਅਨ ਵਿਰੋਧੀ ਸੱਜੇ ਪੱਖੀ ਨੀਤੀਆਂ ਪ੍ਰਚੰਡ ਹੋ ਗਈਆਂ ਜਿਨ੍ਹਾਂ ਦਾ 1997 ਤੋ ਲੈ ਕੇ ਟੋਨੀ ਬਲੇਅਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਤੇ ਵੀ ਖਾਸਾ ਅਸਰ ਰਿਹਾ। ਬਿਨਾਂ ਸ਼ੱਕ, ਕੋਲਾ ਮਜ਼ਦੂਰਾਂ ਦੀ ਹਾਰ ਲੀਡਰਸ਼ਿਪ ਦੀਆਂ ਨਾਕਾਮੀਆਂ ਕਰ ਕੇ ਹੀ ਨਹੀਂ ਹੋਈ ਸੀ ਸਗੋਂ ਤਕਨਾਲੋਜੀ ਵਿਚ ਆਈਆਂ ਤਬਦੀਲੀਆਂ ਕਰ ਕੇ ਵੀ ਹੋਈ ਸੀ ਜਿਸ ਨਾਲ ਬਰਤਾਨਵੀ ਸਮਾਜ ਅੰਦਰ ਕੋਲਾ ਮਜ਼ਦੂਰਾਂ ਦੀ ਅਹਿਮੀਅਤ ਘਟ ਗਈ। ਉਂਜ, ਹਰਾਵਲ ਦਸਤੇ ਨੇ ਸ਼ੁਰੂਆਤੀ ਜਿੱਤ ਅਤੇ ਮਗਰਲੀ ਹਾਰ ਦੋਵਾਂ ਵਿਚ ਯੋਗਦਾਨ ਪਾਇਆ ਸੀ।

1974 ਵਿਚ ਹੀ ਭਾਰਤ ਵਿਚ ਰੇਲ ਕਰਮੀ ਹਰਾਵਲ ਦਸਤੇ ਦੇ ਰੂਪ ਵਿਚ ਸਨ। ਉਨ੍ਹਾਂ ਦੀ ਹਾਰ ਨਾਲ ਇੰਦਰਾ ਗਾਂਧੀ ਦੀ ਅਗਵਾਈ ਹੇਠ ਐਮਰਜੈਂਸੀ ਦੇ ਰੂਪ ਵਿਚ ਸੱਤਾਵਾਦੀ ਸ਼ਾਸਨ ਦੇ ਉਭਾਰ ਦਾ ਰਾਹ ਪੱਧਰਾ ਹੋਇਆ ਸੀ। ਜੇ ਰੇਲ ਕਰਮੀ ਜਿੱਤ ਜਾਂਦੇ ਤਾਂ ਸਮਾਜਵਾਦੀ ਸੁਧਾਰਾਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋ ਜਾਣੀ ਸੀ। 1960ਵਿਆਂ ਵਿਚ ਬੰਬਈ ਦੇ ਕੱਪੜਾ ਮਜ਼ਦੂਰ ਹਰਾਵਲ ਦਸਤੇ ਦੇ ਰੂਪ ਵਿਚ ਸਾਹਮਣੇ ਆਏ ਅਤੇ ਬਹੁਤ ਸਾਰੇ ਕਮਿਊਨਿਸਟ ਤੇ ਸਮਾਜਵਾਦੀ ਆਗੂਆਂ ਨੂੰ ਚੁਣ ਕੇ ਸੰਸਦ ਵਿਚ ਭੇਜਿਆ। ਕੱਪੜਾ ਮਿੱਲ ਮਜ਼ਦੂਰਾਂ ਦੇ ਸੰਘਰਸ਼ ਨੂੰ ਕੁਚਲਣ ਨਾਲ ਸੱਜੇ ਪੱਖੀ ਸ਼ਿਵ ਸੈਨਾ ਦਾ ਉਭਾਰ ਹੋਇਆ ਸੀ। ਨੇਪਾਲ ਵਿਚ ਰਾਜਸ਼ਾਹੀ ਨੂੰ ਉਖਾੜਨ ਵਾਸਤੇ ਨੇਪਾਲੀ ਮਾਓਵਾਦੀ ਹਰਾਵਲ ਦਸਤਾ ਬਣੇ। 2007-08 ਵਿਚ ਉਨ੍ਹਾਂ ਦੀ ਜਿੱਤ ਪਿਛਲੇ 250 ਸਾਲਾਂ ਤੋਂ ਚਲੀ ਆ ਰਹੀ ਰਾਜਸ਼ਾਹੀ ਪ੍ਰਣਾਲੀ ਨੂੰ ਹੂੰਝਣ ਵਿਚ ਫੈਸਲਾਕੁਨ ਮੋੜ ਸਾਬਿਤ ਹੁੰਦੀ ਹੈ। ਜੇ ਕਿਤੇ ਮਾਓਵਾਦੀ ਖੁੰਝ ਜਾਂਦੇ ਤਾਂ ਰਾਜਸ਼ਾਹੀ ਨੂੰ ਅਮਰੀਕਾ ਤੇ ਭਾਰਤ ਤੋਂ ਹਮਾਇਤ ਹਾਸਲ ਹੋ ਜਾਣੀ ਸੀ ਜਿਸ ਕਰ ਕੇ ਨੇਪਾਲ ਵਿਚ ਵੱਡੇ ਪੱਧਰ ਤੇ ਕਤਲੇਆਮ ਹੋ ਸਕਦਾ ਸੀ। ਜਦੋਂ ਅਮਰੀਕਾ ਅਤੇ ਭਾਰਤ ਵਿਚ ਰਾਜਸ਼ਾਹੀ ਪੱਖੀ ਤਾਕਤਾਂ ਨੂੰ ਨੇਪਾਲ ਵਿਚ ਰਾਜਸ਼ਾਹੀ ਦੇ ਖਿਲਾਫ ਸ਼ਕਤੀ ਸੰਤੁਲਨ ਅਤੇ ਮਾਓਵਾਦੀਆਂ ਦੀ ਫੌਜੀ ਤਾਕਤ ਦਾ ਅਹਿਸਾਸ ਹੋਇਆ ਤਾਂ ਉਹ ਪਿਛਾਂਹ ਹਟ ਗਏ। 1921 ਵਿਚ ਬਾਲਸ਼ਵਿਕਾਂ ਦੇ ਸ਼ਾਸਨ ਵਾਲੇ ਰੂਸ ਵਿਚ ਕਰੌਂਸਟਾਟ ਦੇ ਮਲਾਹ ਸਮਾਜਵਾਦੀ ਲੋਕਰਾਜ ਕਾਇਮ ਕਰਨ ਲਈ ਮਜ਼ਦੂਰ ਜਮਾਤ ਦਾ ਹਰਾਵਲ ਦਸਤਾ ਬਣੇ ਸਨ। ਕਰੌਂਸਟਾਟ ਦੇ ਮਲਾਹਾਂ ਦੇ ਵਿਦਰੋਹ ਨੂੰ ਕੁਚਲਣ ਨਾਲ ਸਟਾਲਿਨਵਾਦ ਦਾ ਉਭਾਰ ਹੋਇਆ ਅਤੇ 1917 ਵਿਚ ਉੱਭਰੀ ਸਮਾਜਵਾਦੀ ਇਨਕਲਾਬ ਦੀ ਚਿਣਗ ਮੱਠੀ ਪੈ ਗਈ।



**ਖੇਤੀ ਐਕਟਾਂ ਖਿਲਾਫ ਮੌਜੂਦਾ ਅੰਦੋਲਨ ਹਾਲੇ ਤੱਕ ਬਹੁਵਾਦ ਅਤੇ ਵੰਨ-ਸਵੰਨਤਾ ਦਾ ਮਾਡਲ ਬਣ ਕੇ ਉਭਰਿਆ ਹੈ। ਸੰਘਰਸ਼ ਵਿਚ ਹਿੱਸਾ ਲੈ ਰਹੀਆਂ ਕਿਸਾਨ ਜਥੇਬੰਦੀਆਂ ਦੇ ਇਤਿਹਾਸ, ਪ੍ਰੇਰਨਾ ਸਰੋਤ ਅਤੇ ਵਿਚਾਰਧਾਰਕ ਸੂਤਰ ਵੱਖੋ-ਵੱਖਰੇ ਹਨ ਪਰ ਉਨ੍ਹਾਂ ਸਾਂਝੇ ਕਾਰਜ ਤੈਅ ਕਰਨ ਵਿਚ ਆਪਸੀ ਸਤਿਕਾਰ ਕਾਇਮ ਕਰਨ ਦੀ ਬੇਮਿਸਾਲ ਕਾਬਲੀਅਤ ਦਿਖਾਈ ਹੈ।**

ਅਜੋਕੇ ਭਾਰਤ ਵਿਚ ਪੰਜਾਬੀ ਤੇ ਹਰਿਆਣਵੀ ਕਿਸਾਨ ਭਾਰਤ ਦੇ ਸਮੁੱਚੇ ਕਿਸਾਨੀ ਭਾਈਚਾਰੇ ਅਤੇ ਕਿਸਾਨੀ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੁੜੇ ਹੋਰਨਾਂ ਖੇਤਰਾਂ (ਇੱਥੋਂ ਤਕ ਕਿ ਸ਼ਹਿਰੀ ਮੱਧ ਵਰਗ ਵੀ ਜੋ ਕਿਸਾਨਾਂ ਤੇ ਖੇਤ ਮਜ਼ਦੂਰਾਂ ਵਲੋਂ ਪੈਦਾ ਕੀਤੀਆਂ ਜਾਂਦੀਆਂ ਖੇਤੀ ਉਪਜਾਂ ਦੀ ਖਪਤ ਕਰਦਾ ਹੈ) ਦਾ ਹਰਾਵਲ ਦਸਤੇ ਬਣੇ ਹੋਏ ਹਨ। ਇਸੇ ਤਰ੍ਹਾਂ ਕਿਸਾਨੀ ਸੰਘਰਸ਼ ਦਾ ਸਿੱਟਾ ਭਾਰਤੀ ਲੋਕਤੰਤਰ ਅਤੇ ਲੋਕ ਪੱਖੀ ਨੀਤੀਆਂ ਜਾਂ ਫਿਰ ਕਾਰਪੋਰੇਟ ਅਤੇ ਸੱਤਾਵਾਦੀ ਹਿੰਦੂ ਰਾਸ਼ਟਰਵਾਦ ਪੱਖੀ ਨੀਤੀਆਂ ਦਾ ਨਿਤਾਰਾ ਕਰੇਗਾ। ਭਾਰਤ ਜਾਂ ਹੋਰ ਥਾਈਂ ਕਿਸੇ ਵੀ ਰੰਗ ਦੇ ਅਗਾਂਹਵਧੂ ਸ਼ਖਸ ਨੂੰ ਕਿਸਾਨ ਅੰਦੋਲਨ ਦੀ ਪਿੱਠ 'ਤੇ ਖਲੋਣ ਦੀ ਲੋੜ ਹੈ। ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਜਨ-ਜਮਹੂਰੀਅਤ ਦੀ ਮਿਸਾਲ ਹੈ। ਉਹ ਦਿੱਲੀ ਨੂੰ ਘੇਰੀ ਬੈਠੇ ਕਿਸਾਨਾਂ ਦੇ ਵਡੇਰੇ ਹਿੱਸਿਆਂ ਨੂੰ ਇਸ ਅੰਦੋਲਨ ਵਿਚ ਲਏ ਗਏ ਹਰ ਕਦਮ ਬਾਰੇ ਬਾਖਬਰ ਰੱਖ ਰਹੀ ਹੈ। ਆਪਣੇ ਆਧਾਰ ਨਾਲ ਉਨ੍ਹਾਂ ਦੇ ਲਗਾਤਾਰ ਰਾਬਤੇ ਸਦਕਾ ਉਹ ਹਰਾਵਲ ਦਸਤੇ ਦੀ ਭੂਮਿਕਾ ਨਾਲ ਜੁੜੇ ਨੌਕਰਸ਼ਾਹਵਾਦ ਨੂੰ ਚਾਕ ਕਰ ਸਕੇ ਹਨ ਅਤੇ ਇਸ ਦੀ ਜਮਹੂਰੀ ਸੰਭਾਵਨਾਵਾਂ ਨੂੰ ਵਧਾ ਸਕੇ ਹਨ। 26 ਜਨਵਰੀ ਵਾਲੇ ਦਿਨ ਕੀਤੀ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹੇ ਤੇ ਵਾਪਰੀਆਂ ਘਟਨਾਵਾਂ ਨੇ ਕਿਸਾਨ ਸੰਘਰਸ਼ ਨੂੰ ਸੱਟ ਮਾਰੀ ਸੀ ਪਰ ਸੰਭਾਵੀ ਤੌਰ ਤੇ ਇਹ ਕਿਸਾਨ ਆਗੂਆਂ ਵਲੋਂ ਦਿੱਤੀ ਜਾ ਰਹੀ ਅਗਵਾਈ ਵਿਚ ਵਕਤੀ ਧੱਕਾ ਹੀ ਸਾਬਿਤ ਹੋਈ।

**ਕਿਸਾਨ ਆਗੂ ਅਤੇ ਇਸ ਦੇ ਜਨ ਹਮਾਇਤੀ ਨਵੀਂ ਕਿਸਮ ਦਾ ਇਤਿਹਾਸ ਲਿਖ ਰਹੇ ਹਨ ਅਤੇ ਜਿਸ ਨੂੰ ਅਸੀਂ ਵਿਕਾਸ ਕਹਿੰਦੇ ਹਾਂ, ਉਸ ਵਿਚ ਖੇਤੀਬਾੜੀ ਤੇ ਕਿਸਾਨੀ ਨੂੰ ਦੇਖਣ ਦਾ ਤਰੀਕਾਕਾਰ ਬਦਲ ਰਹੇ ਹਨ। ਉਹ ਨਵਾਂ ਵਿਕਾਸ ਮਾਡਲ ਸਿਰਜ ਰਹੇ ਹਨ। ਕਿਸਾਨ ਅੰਦੋਲਨ ਵਿਕਾਸ ਦੇ ਬਿਆਨੀਏ ਵਿਚ ਖੇਤੀਬਾੜੀ ਦੀ ਵਡੇਰੀ ਅਹਿਮੀਅਤ ਬਾਰੇ ਨਵੀਂ ਸੋਚ ਅਪਨਾਉਣ ਦੀ ਸ਼ੁਰੂਆਤ ਕਰ ਰਿਹਾ ਹੈ।**

ਸਾਰੀਆਂ ਲੋਕ ਲਹਿਰਾਂ ਵਿਚ ਵੱਖੋ-ਵੱਖਰੇ ਰੁਝਾਨ ਹੁੰਦੇ ਹਨ- ਕੁਝ ਖਾੜਕੂ ਹੁੰਦੀਆਂ ਹਨ ਤੇ ਕੁਝ ਘੱਟ ਖਾੜਕੂ ਹੁੰਦੀਆਂ ਹਨ ਅਤੇ ਕਿਸੇ ਵੱਡੀ ਲੋਕ ਲਹਿਰ ਦੀ ਤਾਕਤ ਅਤੇ ਪ੍ਰੌਢਤਾ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਇਹ ਹਰ ਗਰੁਪ ਵੱਲੋਂ ਪਾਏ ਯੋਗਦਾਨ ਨੂੰ ਪਛਾਣ ਕੇ ਉਸ ਦਾ ਸਤਿਕਾਰ ਕਰਦੀ ਹੈ ਜਾਂ ਨਹੀਂ। ਆਓ, ਅਸੀਂ ਆਧੁਨਿਕ ਭਾਰਤੀ ਇਤਿਹਾਸ ਨੂੰ ਵਾਚੀਏ। ਭਾਰਤ ਦੀ ਆਜ਼ਾਦੀ ਲਈ ਕੌਮੀ ਲਹਿਰ ਦੀ ਗੱਲ ਹੋਵੇ ਜਾਂ ਭ੍ਰਿਸ਼ਟ ਮਹੰਤਾਂ ਤੋਂ ਗੁਰਦੁਆਰੇ ਮੁਕਤ ਕਰਵਾਉਣ ਲਈ 1920ਵਿਆਂ ਵਿਚ ਚੱਲੀ ਅਕਾਲੀ ਲਹਿਰ ਹੋਵੇ ਜਾਂ ਫਿਰ 1950 ਤੋ ਸਮਾਜਿਕ ਆਰਥਿਕ ਇਨਸਾਫ ਖਾਤਰ ਚੱਲੀਆਂ ਕਮਿਊਨਿਸਟ ਜਾਂ ਸਮਾਜਵਾਦੀ ਲਹਿਰਾਂ ਜਾਂ 1970ਵਿਆਂ ਵਿਚ ਐਮਰਜੈਂਸੀ ਖਿਲਾਫ ਜਮਹੂਰੀ ਬਹਾਲੀ ਲਈ ਅੰਦੋਲਨ ਜਾਂ ਸਮਾਜਿਕ ਸਮਾਨਤਾ ਲਈ ਦਲਿਤ ਅੰਦੋਲਨ - ਇਨ੍ਹਾਂ ਸਾਰੇ ਅੰਦੋਲਨਾਂ ਵਿਚ ਕੁਝ ਤਿੱਖੇ ਅਤੇ ਕੁਝ ਦਬਵੇਂ ਰੁਝਾਨ ਜਾਂ ਤੱਤ ਸਨ ਜਿਨ੍ਹਾਂ ਨੇ ਇਨ੍ਹਾਂ ਦੀ ਸਮੁੱਚੀ ਜਿੱਤ ਵਿਚ ਯੋਗਦਾਨ ਪਾਇਆ ਸੀ। ਇਨ੍ਹਾਂ ਲਹਿਰਾਂ ਦੇ ਵੱਖੋ-ਵੱਖਰੇ ਰੁਝਾਨਾਂ ਜੋ ਕਦੇ ਕਦਾਈਂ ਇਕ ਦੂਜੇ ਨਾਲ ਟਕਰਾਵੇਂ ਵੀ ਨਜ਼ਰ ਆਉਂਦੇ ਸਨ, ਨੇ ਸਮੁੱਚੇ ਅੰਦੋਲਨ ਦੌਰਾਨ ਇਕ ਦੂਜੇ ਨੂੰ ਬਲ ਬਖਸ਼ਿਆ।

ਖੇਤੀ ਐਕਟਾਂ ਖਿਲਾਫ ਮੌਜੂਦਾ ਅੰਦੋਲਨ ਹਾਲੇ ਤੱਕ ਬਹੁਵਾਦ ਅਤੇ ਵੰਨ-ਸਵੰਨਤਾ ਦਾ ਮਾਡਲ ਬਣ ਕੇ ਉਭਰਿਆ ਹੈ। ਸੰਘਰਸ਼ ਵਿਚ ਹਿੱਸਾ ਲੈ ਰਹੀਆਂ ਕਿਸਾਨ ਜਥੇਬੰਦੀਆਂ ਦੇ ਇਤਿਹਾਸ, ਪ੍ਰੇਰਨਾ ਸਰੋਤ ਅਤੇ ਵਿਚਾਰਧਾਰਕ ਸੂਤਰ ਵੱਖੋ-ਵੱਖਰੇ ਹਨ ਪਰ ਉਨ੍ਹਾਂ ਸਾਂਝੇ ਕਾਰਜ ਤੈਅ ਕਰਨ ਵਿਚ ਆਪਸੀ ਸਤਿਕਾਰ ਕਾਇਮ ਕਰਨ ਦੀ ਬੇਮਿਸਾਲ ਕਾਬਲੀਅਤ ਦਿਖਾਈ ਹੈ। ਬਹੁਵਾਦ ਦੀ ਇਹ ਚਿਣਗ ਹੋਰ ਵੀ ਫੈਲਾਉਣ ਦੀ ਲੋੜ ਹੈ ਨਾ ਕਿ ਮਤਭੇਦਾਂ ਕਾਰਨ ਇਸ ਨੂੰ ਸੁੰਗੇੜਿਆ ਜਾਵੇ ਜੋ 26 ਜਨਵਰੀ ਦੇ ਮਾਰਚ ਕਰ ਕੇ ਪੈਦਾ ਹੋ ਗਏ ਸਨ। 26 ਜਨਵਰੀ ਦੇ ਮਾਰਚ ਬਾਰੇ ਗੋਦੀ ਮੀਡੀਆ ਦੇ ਬਿਰਤਾਂਤ ਦਾ ਸ਼ਿਕਾਰ ਬਣਨ ਦੀ ਬਜਾਇ ਕਿਸਾਨ ਆਗੂਆਂ ਨੂੰ ਨਾਰਾਜ਼ ਖੇਮਿਆਂ ਦੇ ਰੋਸ ਵਿਚ ਸ਼ਿਰਕਤ ਦੇ ਤਰੀਕਾਕਾਰ ਬਾਰੇ ਫੌਰੀ ਵਖਰੇਵਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ, ਮੁੱਖਧਾਰਾ ਦੀ ਲੀਡਰਸ਼ਿਪ ਨਾਲ ਮਤਭੇਦਾਂ ਦੇ ਹੁੰਦਿਆਂ-ਸੁੰਦਿਆਂ ਉਸ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਲੀਡਰਸ਼ਿਪ ਅਤੇ ਨਾਰਾਜ਼ ਖੇਮਿਆਂ ਦੋਵਾਂ ਨੂੰ ਮਤਭੇਦਾਂ ਦੇ ਬਾਵਜੂਦ ਆਪਸੀ ਸਤਿਕਾਰ ਦਾ ਵਿਖਾਲਾ ਕਰਨਾ ਚਾਹੀਦਾ ਹੈ। ਇਹ ਲੋਕ ਲਹਿਰਾਂ ਦੀ ਸਫਲਤਾ ਦੀ ਦਲੀਲ ਹੈ। ਜੇ ਲੀਡਰਸ਼ਿਪ ਬਹੁਤ ਜ਼ਿਆਦਾ ਸੱਤਾਵਾਦੀ ਬਣ ਜਾਵੇ ਜਾਂ ਘੱਟਗਿਣਤੀ ਖੇਮੇ ਆਪਣੇ ਵੱਖਰੇ ਰਾਹ ਜਾਂ ਏਜੰਡਾ ਲੈ ਕੇ ਚੱਲ ਪੈਣ ਤਾਂ ਲੋਕ ਲਹਿਰ ਨੂੰ ਗਹਿਰੀ ਸੱਟ ਵੱਜਦੀ ਹੈ।

ਇਹ ਗੱਲ ਅਹਿਮ ਹੈ ਕਿ 26 ਜਨਵਰੀ ਦਾ ਧੱਕਾ ਵੱਜਣ ਦੇ ਬਾਵਜੂਦ ਕਿਸਾਨ ਅੰਦੋਲਨ ਦੀ ਅਗਵਾਈ ਸੂਝਵਾਨ ਅਤੇ ਤਜਰਬੇਕਾਰ ਲੀਡਰਸ਼ਿਪ ਦੇ ਹੱਥਾਂ ਵਿਚ ਹੀ ਰਹੀ ਹੈ ਜਿਸ ਦੇ ਨਿਰਦੇਸ਼ਾਂ ਦੀ ਸਾਰੇ ਕਦਰ ਕਰਦੇ ਹਨ ਜਿਨ੍ਹਾਂ ਵਿਚ ਨੌਜਵਾਨ, ਤੱਤੇ ਅਤੇ ਬਾਗੀ ਖੇਮੇ ਵੀ ਸ਼ਾਮਲ ਹਨ। ਲੀਡਰਸ਼ਿਪ ਦੀ ਸਭ ਤੋਂ ਸਲਾਹੁਣਯੋਗ ਭੂਮਿਕਾ ਇਹ ਰਹੀ ਹੈ ਕਿ ਇਸ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਦੇ ਬਹੁਤ ਸਾਰੇ ਪੱਖਾਂ ਨੂੰ ਰੋਸ਼ਨੀ ਵਿਚ ਲਿਆਂਦਾ ਹੈ। ਇਨ੍ਹਾਂ ਵਿਚ ਘੱਟੋ-ਘੱਟ ਸਮਰਥਨ ਮੁੱਲ ਦੀ ਪਰਿਭਾਸ਼ਾ ਅਤੇ ਇਸ ਸਬੰਧੀ ਸਰਕਾਰ ਦੀ ਪੁਜ਼ੀਸ਼ਨ ਵਿਚ ਭੰਬਲਭੂਸਾ, ਖੇਤੀ ਕਾਰੋਬਾਰੀ ਇਕਾਈਆਂ ਦੇ ਪੱਖ ਵਾਲਾ ਕੰਟਰੈਕਟ ਖੇਤੀ ਚੌਖਟਾ, ਝਗੜਾ ਨਿਬੇੜੂ ਪ੍ਰਬੰਧ ਵਿਚੋਂ ਦੀਵਾਨੀ ਅਦਾਲਤਾਂ ਨੂੰ ਬਾਹਰ ਰੱਖਣਾ, ਝਗੜਾ ਨਜਿੱਠਣ ਦੇ ਫੈਸਲੇ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਕਿਸਾਨ ਤੇ ਪਾਏ ਜਾਣ ਵਾਲੇ ਲੱਕ ਤੋੜੂ ਜੁਰਮਾਨੇ, ਏ. ਪੀ. ਐਮ. ਸੀ. ਮੰਡੀਆਂ ਵਿਚ ਲਾਗੂ ਹੁੰਦੇ ਸੂਬਾਈ ਕਾਨੂੰਨਾਂ ਅਤੇ ਏ. ਪੀ. ਐਮ. ਸੀ. ਮੰਡੀਆਂ ਤੋਂ ਬਾਹਰ ਚੱਲਣ ਵਾਲੇ ਮੰਡੀ ਫੜ੍ਹਾਂ ਵਿਚ ਲਾਗੂ ਹੋਣ ਵਾਲੇ ਕੇਂਦਰੀ ਕਾਨੂੰਨਾਂ ਵਿਚਕਾਰ ਟਕਰਾਅ ਜਿਹੇ ਪੱਖ ਸ਼ਾਮਲ ਹਨ।

ਜ਼ਰੂਰੀ ਵਸਤਾਂ ਸੋਧ ਕਾਨੂੰਨ ਦੇ ਅਮਲ ਵਿਚੋਂ ਪੈਦਾ ਹੋਣ ਵਾਲੀ ਬਨਾਉਟੀ ਜ਼ਖੀਰੇਬਾਜ਼ੀ ਦੇ ਆਸਾਰ ਅਤੇ ਜਨਤਕ ਵੰਡ ਪ੍ਰਣਾਲੀ ਸਬੰਧੀ ਸੰਭਾਵੀ ਸਿੱਟਿਆਂ ਬਾਰੇ ਅਹਿਮ ਨੁਕਸਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਵੇਲੇ ਭਾਰਤ ਦੇ ਘੱਟ ਆਮਦਨ ਵਾਲੇ 67 ਫੀਸਦ ਪਰਿਵਾਰਾਂ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਅਨਾਜ ਵੰਡਿਆ ਜਾ ਰਿਹਾ ਹੈ। ਕਿਸਾਨਾਂ ਦੀ ਲੀਡਰਸ਼ਿਪ ਨੂੰ ਇਸ ਕਾਨੂੰਨ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਜਿਵੇਂ ਜਿਵੇਂ ਇਸ ਸੋਧ ਬਾਰੇ ਜ਼ਿਆਦਾ ਗਿਆਨ ਫੈਲੇਗਾ ਤਾਂ ਇਸ ਵਿਚ ਜ਼ਖੀਰੇਬਾਜ਼ੀ ਤੇ ਕਾਲਾਬਾਜ਼ਾਰੀ ਦੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਤੇ ਪੈਣ ਵਾਲੇ ਮਾੜੇ ਅਸਰ ਬਾਰੇ ਜਾਣ ਕੇ ਸ਼ਹਿਰੀ ਖਪਤਕਾਰ ਵੱਧ ਤੋਂ ਵੱਧ ਕਿਸਾਨ ਅੰਦੋਲਨ ਨਾਲ ਜੁੜਨਗੇ। ਸਰਕਾਰ ਹੁਣ ਇਨ੍ਹਾਂ ਕਾਨੂੰਨਾਂ ਨੂੰ ਡੇਢ ਸਾਲ ਲਈ ਮੁਲਤਵੀ ਕਰਨ ਦੀ ਪੇਸ਼ਕਸ਼ ਕਰ ਰਹੀ ਹੈ ਜਿਸ ਤੋਂ ਕਿਸਾਨ ਲੀਡਰਸ਼ਿਪ ਦੀ ਇਸ ਪੁਜ਼ੀਸ਼ਨ ਦੀ ਮਜ਼ਬੂਤੀ ਦਾ ਪਤਾ ਚਲਦਾ ਹੈ ਕਿ ਇਨ੍ਹਾਂ ਨੂੰ 6 ਜੂਨ ਨੂੰ ਆਰਡੀਨੈਂਸ ਰਾਹੀ ਜਾਰੀ ਕਰਨ ਦੀ ਕੋਈ ਤੁੱਕ ਨਹੀਂ ਬਣਦੀ ਸੀ।

ਕਿਸਾਨ ਆਗੂ ਅਤੇ ਇਸ ਦੇ ਜਨ ਹਮਾਇਤੀ ਨਵੀਂ ਕਿਸਮ ਦਾ ਇਤਿਹਾਸ ਲਿਖ ਰਹੇ ਹਨ ਅਤੇ ਜਿਸ ਨੂੰ ਅਸੀਂ ਵਿਕਾਸ ਕਹਿੰਦੇ ਹਾਂ, ਉਸ ਵਿਚ ਖੇਤੀਬਾੜੀ ਤੇ ਕਿਸਾਨੀ ਨੂੰ ਦੇਖਣ ਦਾ ਤਰੀਕਾਕਾਰ ਬਦਲ ਰਹੇ ਹਨ। ਉਹ ਨਵਾਂ ਵਿਕਾਸ ਮਾਡਲ ਸਿਰਜ ਰਹੇ ਹਨ। ਕਿਸਾਨ ਅੰਦੋਲਨ ਵਿਕਾਸ ਦੇ ਬਿਆਨੀਏ ਵਿਚ ਖੇਤੀਬਾੜੀ ਦੀ ਵਡੇਰੀ ਅਹਿਮੀਅਤ ਬਾਰੇ ਨਵੀਂ ਸੋਚ ਅਪਨਾਉਣ ਦੀ ਸ਼ੁਰੂਆਤ ਕਰ ਰਿਹਾ ਹੈ। ਰਵਾਇਤੀ ਸੱਜੇ ਪੱਖੀ ਸੋਚ (ਜਿਵੇਂ ਰੋਸਟੋਅ ਦੇ ਵਿਕਾਸ ਦੇ ਪੜਾਅ ਜਾਂ ਲੂਈਸ ਦੇ ਦੋਹਰੇ ਆਰਥਿਕ ਮਾਡਲ ਦੋਵੇਂ ਹੀ ਇਸ ਨਜ਼ਰੀਏ ਦੀਆਂ ਮਿਸਾਲਾਂ ਹਨ) ਅਤੇ ਭਾਰੂ ਖੱਬੇ ਪੱਖੀ ਸੋਚ (ਸਟਾਲਿਨ ਦਾ ਸਮੂਹਿਕਵਾਦ ਇਸ ਦਾ ਕੱਟੜ ਰੂਪ) ਦੋਵੇਂ ਹੀ ਖੇਤੀਬਾੜੀ ਤੋਂ ਸਨਅਤ ਵੱਲ ਤਬਦੀਲੀ ਨੂੰ ਵਿਕਾਸ ਤੇ ਖੁਸ਼ਹਾਲੀ ਦਾ ਸੂਚਕ ਮੰਨਦੇ ਹਨ।

ਆਲਮੀ ਜਲਵਾਯੂ ਤਬਦੀਲੀ ਦੇ ਮੌਜੂਦਾ ਦੌਰ ਵਿਚ ਜਦੋਂ ਤਪਸ਼ ਅਤੇ ਰਵਾਇਤੀ ਆਰਥਿਕ ਮਾਰਗਾਂ ਕਰ ਕੇ ਜੈਵ ਵੰਨ-ਸਵੰਨਤਾ ਦੇ ਵਧ ਰਹੇ ਖਾਤਮੇ ਕਰ ਕੇ ਧਰਤੀ ਦੀ ਹੋਂਦ ਦਾ ਖਤਰਾ ਪੈਦਾ ਹੋ ਰਿਹਾ ਹੈ ਤਾਂ ਰਵਾਇਤੀ ਸੱਜੇ ਪੱਖੀ ਚੌਖਟਾ ਹੋਵੇ ਜਾਂ ਖੱਬੇ ਪੱਖੀ ਤਾਂ ਚੌਗਿਰਦੇ ਦੇ ਟਿਕਾਊਪਣ ਨਾਲ ਮੇਲ ਖਾਣ ਵਾਲੀ ਖੇਤੀਬਾੜੀ ਦੀ ਜੀਵਨ ਜਾਚ ਬਾਰੇ ਮੁੜ ਸੋਚਣ ਦੀ ਬਹੁਤ ਜ਼ਿਆਦਾ ਅਹਿਮੀਅਤ ਬਣ ਗਈ ਹੈ। ਰਵਾਇਤੀ ਸੱਜੇ ਪੱਖੀ ਸੋਚ ਅਤੇ ਰਵਾਇਤੀ ਖੱਬੇ ਪੱਖੀ ਸੋਚ ਦੇ ਆਲੋਚਕ ਦੇ ਤੌਰ ਤੇ ਚੌਗਿਰਦੇ ਪੱਖੀ ਸਮਾਜਵਾਦੀ ਨਜ਼ਰੀਆ ਇਸ ਵੇਲੇ ਮਾਨਵਤਾ ਨੂੰ ਦਰਪੇਸ਼ ਚੌਗਿਰਦੇ ਅਤੇ ਸਿਹਤ ਦੀਆਂ ਚੁਣੌਤੀਆਂ ਨਾਲ ਸਿੱਝਣ ਦਾ ਉਪਰਾਲਾ ਹੈ।

ਇਸ ਗੱਲ ਦੀ ਉਮੀਦ ਕੀਤੀ ਜਾ ਸਕਦੀ ਹੈ ਕਿ ਕਿਸਾਨ ਅੰਦੋਲਨ ਦੇ ਅਮਲ ਸਦਕਾ ਇਸ ਦੀ ਲੀਡਰਸ਼ਿਪ ਅਤੇ ਜਨ ਹਮਾਇਤ ਭਵਿੱਖ ਦੀ ਖੇਤੀਬਾੜੀ ਖਾਸਕਰ ਛੋਟੀ ਕਿਸਾਨੀ ਦੀ ਭੂਮਿਕਾ ਦੇ ਅਜਿਹੇ ਨਵੇਂ ਸੰਕਲਪਾਂ ਨਾਲ ਸਾਂਝ ਪੁਆਵੇਗੀ ਜਿਸ ਵਿਚੋਂ ਵਾਤਾਵਰਨ ਪ੍ਰਤੀ ਜਾਗਰੂਕਤਾ ਵਾਲਾ ਵਿਕਾਸ ਮਾਡਲ ਨਿਕਲ ਕੇ ਸਾਹਮਣੇ ਆਵੇਗਾ।

# ਸ਼ਹਿਰੀ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਧਿਰਾਂ ਨੂੰ ਸੋਚਣ ਲਾ ਦਿੱਤੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਚ ਲੋਕਤੰਤਰੀ ਪ੍ਰਕਿਰਿਆ ਹੇਠ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਾਸਤੇ 14 ਫਰਵਰੀ ਨੂੰ ਵੋਟਾਂ ਪੈਣ ਅਤੇ 17 ਨੂੰ ਨਤੀਜੇ ਨਿਕਲਣ ਨਾਲ ਕਈ ਕੁਝ ਸਾਫ ਹੋ ਗਿਆ ਹੈ। ਇਸ ਚੋਣ ਬਾਰੇ ਕਿਹਾ ਗਿਆ ਸੀ ਕਿ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਨੇ ਜਦੋਂ ਪੰਜ ਸਾਲ ਰਾਜ ਕਰਨ ਵਾਲੀ ਸਰਕਾਰ ਚੁਣਨੀ ਹੈ, ਉਨ੍ਹਾਂ ਚੋਣਾਂ ਲਈ ਇਹ ਇੱਕ ਤਰ੍ਹਾਂ ਦਾ ਸੈਮੀ-ਫਾਈਨਲ ਸੀ। ਪੰਜਾਬ ਦੇ ਅੱਠ ਵੱਡੇ ਸ਼ਹਿਰਾਂ ਦੇ ਲਈ ਮਿਉਂਸਪਲ ਕਾਰਪੋਰੇਸ਼ਨਾਂ ਤੇ ਇੱਕ ਸੌ ਨੌਂ ਛੋਟੇ ਸ਼ਹਿਰਾਂ, ਕਸਬਿਆਂ ਅਤੇ ਵੱਡੇ ਪਿੰਡਾਂ ਲਈ ਚੋਣ ਹੋਈ ਹੋਵੇ ਤਾਂ ਇਸ ਨੂੰ ਸੈਮੀ-ਫਾਈਨਲ ਕਹਿਣਾ ਗਲਤ ਨਹੀਂ ਹੈ। ਨਤੀਜੇ ਨਿਕਲੇ ਤਾਂ ਕਾਂਗਰਸ ਪਾਰਟੀ ਦੀ ਵੱਡੀ ਜਿੱਤ ਹੋਈ ਅਤੇ ਸਿਆਸਤ ਦੇ ਮੈਦਾਨ ਵਿਚ ਇਸ ਦਾ ਬਦਲ ਬਣਨ ਦੀਆਂ ਚਾਹਵਾਨ ਤਿੰਨੇ ਮੁੱਖ ਸਿਆਸੀ ਧਿਰਾਂ ਆਪਣੀ ਹਾਰ ਦਾ ਕਾਰਨ ਦੱਸਣ ਦੇ ਲਈ ਬਹਾਨੇ ਭਾਲ ਰਹੀਆਂ ਹਨ। ਆਪਣੀ ਹਾਰ ਦੇ ਅਸਲੀ ਕਾਰਨਾਂ ਦਾ ਉਨ੍ਹਾਂ ਨੂੰ ਵੀ ਪਤਾ ਹੈ, ਪਰ ਜਿਵੇਂ ਉਹ ਤਿੰਨੇ ਧਿਰਾਂ ਆਪੋ-ਆਪਣੀ ਹਾਰ ਦੇ ਅਸਲੀ ਕਾਰਨ ਨਹੀਂ ਮੰਨਦੀਆਂ ਅਤੇ ਹੋਰ ਬਹਾਨੇ ਭਾਲਦੀਆਂ ਫਿਰਦੀਆਂ ਹਨ, ਇਸੇ ਤਰ੍ਹਾਂ ਕਾਂਗਰਸ ਵੀ ਆਪਣੀ ਜਿੱਤ ਦੇ ਅਸਲ ਕਾਰਨ ਨਹੀਂ ਦੱਸਦੀ ਅਤੇ ਆਪਣੀ ਹਰਮਨ-ਪਿਆਰਤਾ ਦੀ ਡੁਗਡੁਗੀ ਵਜਾ ਕੇ ਖੁਸ਼ ਹੋਣਾ ਚਾਹੁੰਦੀ ਹੈ।

ਵੱਡੇ ਅੱਠ ਸ਼ਹਿਰਾਂ ਵਿਚੋਂ ਕਿਸੇ ਇੱਕ ਵਿਚ ਵੀ ਵਿਰੋਧੀ ਧਿਰ ਦੀ ਕਿਸੇ ਪਾਰਟੀ ਦੇ ਪੈਰ ਨਹੀਂ ਲੱਗ ਸਕੇ ਤੇ ਇਨ੍ਹਾਂ ਸਾਰੇ ਸ਼ਹਿਰਾਂ ਵਿਚ ਕਾਂਗਰਸ ਏਨੀ ਭਾਰੂ ਸਾਬਤ ਹੋਈ ਕਿ ਸੱਤਾਂ ਵਿਚ ਉਸ ਕੋਲ ਸਿੱਧੀ ਬਹੁ-ਗਿਣਤੀ ਅਤੇ ਅੱਠਵੇਂ ਵਿਚ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਆਜ਼ਾਦ ਵੀ ਉਸ ਨਾਲ ਆਣ ਜੁੜੇ ਹਨ। ਸਾਫ ਹੈ ਕਿ ਸਾਰੇ ਸ਼ਹਿਰਾਂ ਵਿਚ ਮੇਅਰ ਇਸ ਵਾਰੀ ਇਕੱਲੀ ਕਾਂਗਰਸ ਪਾਰਟੀ ਦੇ ਬਣਨਗੇ। ਪੰਜਾਬ ਦੀ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਦੇ ਸ਼ਹਿਰ ਪਠਾਨਕੋਟ ਦੀ ਮਿਉਂਸਪਲ ਕਾਰਪੋਰੇਸ਼ਨ ਵਿਚ ਵੀ ਕਾਂਗਰਸ ਅਠੱਤੀ ਸੀਟਾਂ ਜਿੱਤ ਗਈ ਅਤੇ ਭਾਜਪਾ ਨੂੰ ਮਸਾਂ ਗਿਆਰਾਂ ਮਿਲੀਆਂ ਹਨ, ਜਦ ਕਿ ਇੱਕ ਸੀਟ ਅਕਾਲੀ ਦਲ ਜਿੱਤਿਆ ਹੈ। ਹੁਸ਼ਿਆਰਪੁਰ ਵਿਚ ਕਾਂਗਰਸ ਪੰਜਾਹ ਵਿਚੋਂ ਇਕਤਾਲੀ ਸੀਟਾਂ ਜਿੱਤਣ ਵਿਚ ਸਫਲ ਰਹੀ ਤੇ ਭਾਜਪਾ ਨੂੰ ਸਿਰਫ ਚਾਰ ਸੀਟਾਂ ਮਿਲੀਆਂ ਹਨ। ਇਥੇ ਭਾਜਪਾ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਦੀ ਪਤਨੀ ਵੀ ਹਾਰ ਗਈ, ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਸਾਂਪਲਾ ਦੇ ਵਾਰਡ ਵਿਚ ਵੀ ਭਾਜਪਾ ਜਿੱਤ ਨਾ ਸਕੀ ਤੇ ਕਈ ਰਾਜਾਂ ਦੇ ਭਾਜਪਾ ਇੰਚਾਰਜ ਅਵਿਨਾਸ਼ ਖੰਨਾ ਦੇ ਵਾਰਡ ਤੋਂ ਵੀ ਭਾਜਪਾ ਉਮੀਦਵਾਰ ਹਾਰ ਗਿਆ ਹੈ। ਇਸ ਪਾਰਟੀ ਵੱਲੋਂ ਖੜੋਤੇ ਜਿਲਾ ਪੱਧਰ ਦੇ ਕਈ ਅਹੁਦੇਦਾਰ ਵੀ ਨਹੀਂ ਜਿੱਤੇ ਤਾਂ ਕਾਰਨ ਸਾਫ ਹੈ ਕਿ ਕਿਸਾਨ ਸੰਘਰਸ਼ ਦੌਰਾਨ ਇਸ ਪਾਰਟੀ ਦੇ ਪੰਜਾਬ ਵਾਲੇ ਲੀਡਰਾਂ ਨੇ ਜਿਵੇਂ ਆਪਣੀ ਕੇਂਦਰੀ ਲੀਡਰਸ਼ਿਪ ਨੂੰ ਖੁਸ਼ ਕਰਨ ਲਈ ਕੁੜੱਤਣ ਫੈਲਾਉਂਦੇ ਬਿਆਨ ਦਾਗਣ ਦਾ ਕੰਮ ਕੀਤਾ ਸੀ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਬਿਲਕੁਲ ਹੀ ਪਸੰਦ ਨਹੀਂ ਕੀਤਾ। ਭਾਜਪਾ ਦੇ ਆਗੂਆਂ ਵਿਚੋਂ ਜਿਨ੍ਹਾਂ ਨੂੰ ਸਮਝ ਪੈ ਗਈ ਕਿ ਇਸ ਵਾਰੀ ਪੰਜਾਬ ਦੇ ਲੋਕ ਇਸ ਪਾਰਟੀ ਨਾਲ ਨਾਰਾਜ਼ ਹਨ, ਉਨ੍ਹਾਂ ਵਿਚੋਂ ਕਈ ਇਸ ਪਾਰਟੀ ਵੱਲੋਂ ਟਿਕਟ ਲੈ ਕੇ ਵੀ ਆਜ਼ਾਦ ਉਮੀਦਵਾਰ ਬਣ ਕੇ ਚੋਣ ਲੜੇ ਤੇ ਸਾਰੀ



ਚੋਣ ਦੌਰਾਨ ਭਾਜਪਾ ਦਾ ਜ਼ਿਕਰ ਤੱਕ ਨਹੀਂ ਸੀ ਕਰ ਰਹੇ, ਉਹ ਫਿਰ ਵੀ ਹਾਰ ਗਏ। ਕਾਰਨ ਇਹ ਸੀ ਕਿ ਉਹ ਜਿੰਨਾ ਮਰਜ਼ੀ ਲੁਕਾਉਂਦੇ ਰਹੇ, ਆਮ ਲੋਕਾਂ ਨੂੰ ਉਨ੍ਹਾਂ ਦਾ ਸਾਰਾ ਪਤਾ ਸੀ ਕਿ ਇਹ ਉਮੀਦਵਾਰ ਜਿੱਤ ਗਿਆ ਤਾਂ ਕੱਲ੍ਹ ਨੂੰ ਨਰਿੰਦਰ ਮੋਦੀ ਦੀ ਅਗਵਾਈ ਦੀ ਜਿੱਤ ਹੀ ਕਹੇਗਾ।

ਆਮ ਆਦਮੀ ਪਾਰਟੀ ਪਹਿਲੀ ਸਥਿਤੀ ਨੂੰ ਸੁਧਾਰਨ ਵਿਚ ਕਾਮਯਾਬ ਰਹੀ ਹੈ, ਪਰ ਪੰਜਾਬ ਦੀ ਇੱਕ ਵੀ ਸ਼ਹਿਰੀ ਸੰਸਥਾ ਵਿਚ ਆਪਣਾ ਪ੍ਰਧਾਨ ਚੁਣ ਸਕਣ ਦਾ ਮਾਣ ਨਹੀਂ ਖੱਟ ਸਕੀ। ਇਸ ਦੇ ਪੰਜਾਬ ਦੇ ਪ੍ਰਧਾਨ ਦੀ ਦੋ ਵਾਰ ਜਿੱਤੀ ਲੋਕ ਸਭਾ ਸੀਟ ਅਤੇ ਜਿਨ੍ਹਾਂ ਹਲਕਿਆਂ ਵਿਚ ਇਸ ਪਾਰਟੀ ਦੇ ਵਿਧਾਇਕ ਬੈਠੇ ਹਨ, ਉਨ੍ਹਾਂ ਵਿਚ ਵੀ ਪਾਰਟੀ ਤੋਂ ਜਿਸ ਤਰ੍ਹਾਂ ਦੀ ਕਾਰਗੁਜ਼ਾਰੀ ਦੀ ਆਸ ਸੀ, ਓਨੀ ਉਹ ਨਹੀਂ ਵਿਖਾ ਸਕੇ। ਇਸ ਨਾਲ ਪਾਰਟੀ ਨੂੰ ਸੋਚਣਾ ਪੈਣਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਨੂੰ ਕੀ ਕੁਝ ਕਰਨ ਦੀ ਲੋੜ ਹੈ ਤੇ ਇਹ ਵੀ ਕਿ ਦਿੱਲੀ ਤੋਂ ਇਸ ਪਾਰਟੀ ਦੀ ਲੀਡਰਸ਼ਿਪ ਜਿਹੜੇ ਤਜਰਬੇ ਕਰ ਰਹੀ ਹੈ, ਉਹ ਪੰਜਾਬ ਵਿਚ ਪਾਰਟੀ ਦਾ ਭਵਿੱਖ ਸੁਧਾਰਨ ਵਾਲੇ ਨਹੀਂ। ਪਹਿਲਾਂ ਇੱਕ ਸਾਊ ਆਦਮੀ ਜਰਨੈਲ ਸਿੰਘ ਨੂੰ ਪੰਜਾਬ ਦਾ ਇੰਚਾਰਜ ਲਾਇਆ ਅਤੇ ਫਿਰ ਉਸ ਨਾਲ ਸਹਾਇਕ ਇੰਚਾਰਜ ਇਹੋ ਜਿਹਾ ਵਿਅਕਤੀ ਲਾ ਦਿੱਤਾ, ਜਿਸ ਦੇ ਅੰਦਰੋਂ ਲੀਡਰੀ ਦੀ ਖਾਹਿਸ਼ ਉਬਾਲੇ ਖਾ ਕੇ ਬਾਹਰ ਨੂੰ ਨਿਕਲਦੀ ਅਤੇ ਬਾਕੀ ਸਾਰਿਆਂ ਦੇ ਪੈਰ ਮਿੱਧਣ ਦਾ ਪ੍ਰਭਾਵ ਦਿੰਦੀ ਹੈ। ਉਸ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਇਸ ਪਾਰਟੀ ਦਾ ਕੁਝ ਸੰਵਾਰਨ ਦੀ ਥਾਂ ਪਾਰਟੀ ਲਈ ਭਵਿੱਖ 'ਚ ਮੁਸ਼ਕਿਲਾਂ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ, ਜਿਸ ਬਾਰੇ ਲੀਡਰਸ਼ਿਪ ਨੂੰ ਸੋਚਣਾ ਪਵੇਗਾ।

ਇਸ ਤੋਂ ਪਹਿਲਾਂ ਕਿ ਖਦ ਨੂੰ ਕਾਂਗਰਸ ਦਾ ਬਦਲ ਦੱਸ ਕੇ ਖੁਸ਼ ਹੁੰਦੇ ਅਕਾਲੀ ਆਗੂਆਂ ਦਾ ਜ਼ਿਕਰ ਕੀਤਾ ਜਾਵੇ, ਇੱਕ ਗੱਲ ਇਨ੍ਹਾਂ ਚੋਣਾਂ ਬਾਰੇ ਹੋਰ ਕਰਨੀ ਬਣਦੀ ਹੈ। ਗਿਆਨੀ ਜ਼ੈਲ ਸਿੰਘ ਦੇ ਰਾਜ ਵੇਲੇ ਪੰਜਾਬ ਦੀ ਵਿਧਾਨ ਸਭਾ ਵਿਚ ਕਮਿਊਨਿਸਟਾਂ ਦੇ 11 ਮੈਂਬਰ ਹੁੰਦੇ ਸਨ, ਅਗਲੀ ਵਾਰੀ ਦੋਂਹ ਪਾਰਟੀਆਂ ਦੇ ਮਿਲਾ ਕੇ 15 ਹੋ ਗਏ ਤੇ ਉਦੋਂ ਅਗਲੀ ਵਾਰੀ 14 ਜਿੱਤੇ ਸਨ, ਪਰ ਪਿਛਲੀਆਂ ਚਾਰ ਕੁ ਵਾਰੀਆਂ ਤੋਂ ਕੋਈ ਵੀ ਨਹੀਂ ਜਿੱਤ ਸਕਿਆ। ਸ਼ਹਿਰਾਂ ਦੇ ਲਈ ਤਾਜ਼ਾ ਚੋਣਾਂ ਵਿਚ ਪੰਜਾਬ ਵਿਚ ਕਿਸੇ ਵੀ ਥਾਂ ਉਹ ਕੋਈ ਸੀਟ ਨਹੀਂ ਜਿੱਤ ਸਕੇ, ਪਰ ਮਾਨਸਾ ਜਿਲੇ ਵਿਚਲੇ ਜੋਗਾ ਕਸਬੇ 'ਚ ਉਨ੍ਹਾਂ ਨੇ 13 'ਚੋਂ 12 ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਆਜ਼ਾਦੀ ਲਹਿਰ ਦੌਰਾਨ ਪਰਜਾ ਮੰਡਲ ਲਹਿਰ ਦੇ ਮੋਹਰੀ ਆਗੂ ਕਾਮਰੇਡ ਜਗੀਰ ਸਿੰਘ ਜੋਗਾ ਦੇ ਇਸ ਪਿੰਡ ਦੀ ਚੋਣ 'ਚ ਸੀ. ਪੀ. ਆਈ. ਉਮੀਦਵਾਰਾਂ ਦੀ ਇਸ ਸ਼ਾਨਦਾਰ ਜਿੱਤ ਦੇ ਕਈ ਅਰਥ ਨਿਕਲੇ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਦਾ ਆਧਾਰ ਅਜੇ ਵੀ ਕਾਇਮ ਹੈ। ਕਿਸਾਨਾਂ ਦੇ ਸੰਘਰਸ਼ ਦੌਰਾਨ ਖੱਬੇ ਪੱਖੀਆਂ ਦੀ ਸਰਗਰਮੀ ਜਿਸ ਤਰ੍ਹਾਂ ਲਗਾਤਾਰ ਰਹੀ ਤੇ ਜਿਸ ਸਿਰੜ ਦਾ ਇਨ੍ਹਾਂ ਦਾ ਪ੍ਰਭਾਵ ਆਮ ਲੋਕਾਂ 'ਤੇ ਪਿਆ ਹੈ, ਇਸ ਜਿੱਤ 'ਚ ਉਸ ਪ੍ਰਭਾਵ ਦਾ ਵੀ ਤਕੜਾ ਯੋਗਦਾਨ ਹੈ।

ਅਖੀਰ ਵਿਚ ਅਕਾਲੀ ਦਲ ਦੀ ਗੱਲ ਕਰਨੀ ਬਣਦੀ ਹੈ। ਇਸ ਪਾਰਟੀ ਨੇ ਇਹ ਦਾਅਵਾ ਕਰ ਦਿੱਤਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਇਹੋ ਪਾਰਟੀ ਕਾਂਗਰਸ ਦਾ ਅਸਲ ਬਦਲ ਬਣ ਸਕਦੀ ਹੈ। ਇਹੋ ਜਿਹੇ ਦਾਅਵੇ ਕਰਨ ਵਾਲੀ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ ਵੱਡੇ ਝਟਕੇ ਲੱਗੇ ਹਨ। ਬਠਿੰਡਾ ਸ਼ਹਿਰ 63 ਸਾਲਾਂ ਤੱਕ ਅਕਾਲੀ ਦਲ ਦੀ ਪ੍ਰਧਾਨਗੀ ਹੇਠ ਰਿਹਾ ਸੀ, ਇਸ ਵਾਰ ਇਨ੍ਹਾਂ ਕੋਲੋਂ ਖੁੱਸ ਗਿਆ ਤਾਂ ਉਸ ਦੇ ਬਹਾਨੇ ਲੱਭੇ ਜਾ ਸਕਦੇ ਹਨ, ਪਰ ਮੁਕਤਸਰ ਸਾਹਿਬ, ਮਲੋਟ ਅਤੇ ਹੋਰ ਤਾਂ ਹੋਰ, ਜਲਾਲਾਬਾਦ ਵਰਗਾ ਸ਼ਹਿਰ, ਜਿੱਥੇ ਅਕਾਲੀ ਦਲ ਦਾ ਪ੍ਰਧਾਨ ਭਵਿੱਖ ਦਾ ਮੁੱਖ ਮੰਤਰੀ ਬਣਨ ਦੀ ਝਾਕ ਵਿਚ ਲਗਾਤਾਰ ਕੈਂਪ ਲਾ ਕੇ ਬੈਠਾ ਰਿਹਾ ਸੀ, ਉਥੇ ਵੀ ਹਾਰ ਝੱਲਣੀ ਪੈ ਗਈ ਹੈ। ਕਾਂਗਰਸ ਪਾਰਟੀ ਉਥੇ ਸਤਾਰਾਂ ਵਿਚੋਂ ਗਿਆਰਾਂ ਸੀਟਾਂ ਜਿੱਤ ਗਈ ਅਤੇ ਅਕਾਲੀ ਦਲ ਨੂੰ ਸਿਰਫ ਪੰਜ ਮਿਲੀਆਂ ਹਨ ਤਾਂ ਅਕਾਲੀ ਲੀਡਰਸ਼ਿਪ ਨੇ ਇਸ ਦਾ ਕਾਰਨ ਕਾਂਗਰਸ ਪਾਰਟੀ ਵੱਲੋਂ ਧੱਕੇਸ਼ਾਹੀ ਅਤੇ ਪੁਲਿਸ ਤੇ ਪ੍ਰਸ਼ਾਸਨ ਦੀ ਦੁਰਵਰਤੋਂ ਦੱਸਿਆ ਹੈ। ਮਾਝੇ ਵਿਚ ਇਸੇ ਪਾਰਟੀ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿਚ ਮਜੀਠਾ ਦੀ ਨਗਰ ਕੌਂਸਲ ਦੀਆਂ ਤੇਰਾਂ ਸੀਟਾਂ ਵਿਚੋਂ ਦਸ ਅਕਾਲੀ ਦਲ ਨੇ ਜਿੱਤੀਆਂ ਹਨ, ਪ੍ਰਸ਼ਾਸਨ ਦੀ ਦੁਰਵਰਤੋਂ ਹੋਈ ਹੁੰਦੀ ਤਾਂ ਉਥੇ ਵੀ ਕੀਤੀ ਜਾਣੀ ਸੀ ਤੇ ਬਿਕਰਮ ਸਿੰਘ ਨਾਲ ਕਾਂਗਰਸ ਦੀ ਕੁੜੱਤਣ ਉਂਜ ਵੀ ਸਿਖਰਾਂ ਉੱਤੇ ਹੈ, ਉਹ ਫਿਰ ਵੀ ਜਿੱਤ ਗਿਆ ਹੈ। ਸੁਖਬੀਰ ਸਿੰਘ ਬਾਦਲ ਨੂੰ ਹਕੀਕਤਾਂ ਨਾਲ ਅੱਖ ਮਿਲਾਉਣ ਦਾ ਹੌਸਲਾ ਦਿਖਾਉਣਾ ਚਾਹੀਦਾ ਹੈ ਤੇ ਹਕੀਕਤਾਂ ਇਹ ਹਨ ਕਿ ਜਿਨ੍ਹਾਂ ਸ਼ਹਿਰਾਂ 'ਚ ਕਿਸੇ ਵੀ ਕਿਸਮ ਦਾ ਕੋਈ ਰੌਲਾ ਨਹੀਂ ਪਿਆ, ਉਨ੍ਹਾਂ ਵਿਚ ਵੀ ਅਕਾਲੀ ਦਲ ਨੂੰ ਲੋਕਾਂ ਨੇ ਵੋਟਾਂ ਪਾਉਣ ਲਈ ਯੋਗ ਧਿਰ ਨਹੀਂ ਮੰਨਿਆ ਤੇ ਆਗੂ ਦੇ ਪੱਲੇ ਉੱਤੇ ਲੱਗੇ ਹੋਏ ਦਾਗ ਇਸ ਪਾਰਟੀ ਲਈ ਘਾਤਕ ਸਾਬਤ ਹੋਏ ਹਨ। ਇਸ ਪੱਖ ਤੋਂ ਪਾਰਟੀ ਅੰਦਰਲੇ ਸੀਨੀਅਰ ਆਗੂਆਂ ਨੂੰ ਨਵੇਂ ਸਿਰਿਉਂ ਸੋਚਣ ਅਤੇ ਫੈਸਲੇ ਲੈਣ ਦੀ ਲੋੜ ਪੈ ਸਕਦੀ ਹੈ।

ਮੁੜ ਕੇ ਆਈਏ ਕਾਂਗਰਸ ਪਾਰਟੀ ਦੇ ਇਸ ਵਹਿਮ ਵੱਲ ਕਿ ਆਮ ਲੋਕਾਂ ਵਿਚ ਇਸ ਪਾਰਟੀ ਦੇ ਹਰਮਨ ਪਿਆਰੇ ਹੋਣ ਦਾ ਸਿੱਟਾ ਇਨ੍ਹਾਂ ਚੋਣਾਂ ਵਿਚ ਜਿੱਤਾਂ ਦੇ ਰੂਪ ਵਿਚ ਨਿਕਲਿਆ ਹੈ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਪਾਰਟੀ ਦੀ ਹਰਮਨ ਪਿਆਰਤਾ ਏਨੀ ਤਕੜੀ ਸੀ ਤਾਂ ਆਨੰਦਪੁਰ ਸਾਹਿਬ ਵਿਚ ਸਾਰੇ ਦੇ ਸਾਰੇ ਆਜ਼ਾਦ ਉਮੀਦਵਾਰ ਹੀ ਜਿੱਤਦੇ ਗਏ ਹਨ ਤੇ ਹੋਰ ਪਾਰਟੀਆਂ ਦੇ ਨਾਲ ਕਾਂਗਰਸ ਦੀ ਝੋਲੀ ਵੀ ਖਾਲੀ ਰਹੀ ਹੈ, ਉਥੇ ਹਰਮਨ ਪਿਆਰਤਾ ਕਿੱਧਰ ਚਲੀ ਗਈ ਸੀ! ਖਬਰਾਂ ਕਹਿੰਦੀਆਂ ਹਨ ਕਿ ਸ੍ਰੀ ਹਰਗੋਬਿੰਦਪੁਰ ਵਿਚ ਤੇਰਾਂ ਵਿਚੋਂ ਬਾਰਾਂ ਜਣੇ ਆਜ਼ਾਦ ਜਿੱਤੇ ਹਨ ਅਤੇ ਇਹ ਆਜ਼ਾਦ ਵੀ ਉਹੀ ਹਨ, ਜਿਹੜੇ ਟਰੈਕਟਰ ਦੇ ਚੋਣ ਨਿਸ਼ਾਨ ਉੱਤੇ ਚੋਣ ਲੜੇ ਸਨ। ਉਥੇ ਕਾਂਗਰਸ ਦੇ ਪੈਰ ਕਾਹਤੋਂ ਨਾ ਲੱਗ ਸਕੇ, ਇਹ ਗੱਲ ਵੀ ਕਾਂਗਰਸੀ ਆਗੂਆਂ ਨੂੰ ਸੋਚਣੀ ਚਾਹੀਦੀ ਹੈ। ਰਾਜ ਕਰਦੀ ਪਾਰਟੀ ਚੋਣਾਂ ਵਿਚ ਹਮੇਸ਼ਾਂ ਧੱਕੇਸ਼ਾਹੀ ਕਰਨ ਵਾਸਤੇ ਯਤਨ ਕਰਦੀ ਹੁੰਦੀ ਹੈ, ਇਸ ਵਾਰੀ ਵੀ ਇਸ ਦੀਆਂ ਖਬਰਾਂ ਆਈਆਂ ਸਨ, ਫਿਰ ਵੀ ਕਈ ਸ਼ਹਿਰਾਂ ਵਿਚ ਖਬਰਾਂ ਬਣਨ ਜੋਗੇ ਰੌਲੇ ਤੋਂ ਬਿਨਾ ਇਹ ਪਾਰਟੀ ਸਭ ਸੀਟਾਂ ਨੂੰ ਹੂੰਝਾ ਮਰਨ ਵਿਚ ਕਾਮਯਾਬ ਰਹੀ ਹੈ ਤਾਂ ਉਸ ਤੋਂ ਇਹ ਬਹੁਤੀ ਖੁਸ਼ ਨਾ ਹੋਵੇ, ਆਪਣੀਆਂ ਕਮਜ਼ੋਰੀਆਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰੇ।

ਇਹ ਆਮ ਕਿਹਾ ਜਾਂਦਾ ਹੈ ਕਿ ਜਦੋਂ ਰਾਜ ਕਰਦੀ ਪਾਰਟੀ ਆਮ ਚੋਣਾਂ ਤੋਂ ਪਹਿਲੇ ਸਾਲ ਵਿਚ ਵੱਡੀਆਂ ਜਿੱਤਾਂ ਜਿੱਤਦੀ ਹੈ ਤਾਂ ਉਹ ਇਸੇ ਵਹਿਮ ਹੇਠ ਕੰਮ ਕਰਨਾ ਛੱਡ ਕੇ ਅਗਲੀ ਵਾਰੀ ਫਿਰ ਪੱਕੀ ਜਿੱਤ ਦੇ ਸੁਫਨੇ ਲੈਣ ਲੱਗ ਜਾਂਦੀ ਹੁੰਦੀ ਹੈ। ਇਹੋ ਸੁਫਨੇ ਉਸ ਦੇ ਜੜ੍ਹੀਂ ਬੈਠ ਜਾਇਆ ਕਰਦੇ ਹਨ ਤੇ ਫਿਰ ਉਹ 'ਹਰਮਨ ਪਿਆਰਤਾ' ਦੇ ਵਹਿਮ ਕਾਰਨ ਹੀ ਏਦਾਂ ਦੀ ਸੱਟ ਖਾ ਜਾਂਦੀ ਹੈ ਕਿ ਉਸ ਨੂੰ ਲੋਕਾਂ ਮੂਹਰੇ ਜਾਣ ਲਈ ਬਹਾਨਾ ਵੀ ਨਹੀਂ ਲੱਭਦਾ ਹੁੰਦਾ। ਕਾਂਗਰਸ ਵੀ ਅੱਜ ਕੱਲ੍ਹ ਇਸੇ ਵਹਿਮ ਦੀ ਸ਼ਿਕਾਰ ਜਾਪਦੀ ਹੈ।

ਲੋਕਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਏ ਸੈਮੀ-ਫਾਈਨਲ ਵਰਗੇ ਚੋਣ-ਘੋਲ ਵਿਚ ਜਿਸ ਤਰ੍ਹਾਂ ਦਾ ਫਤਵਾ ਦਿੱਤਾ ਹੈ, ਉਸ ਤੋਂ ਇੱਕ ਨਵੀਂ ਚਰਚਾ ਵੀ ਛਿੜੀ ਹੈ ਕਿ ਕਿਸਾਨ ਸੰਘਰਸ਼ ਦੇ ਪ੍ਰਭਾਵ ਹੇਠ ਕਿਸੇ ਇੱਕ ਨਵੀਂ ਸਿਆਸੀ ਧਿਰ ਦਾ ਜਨਮ ਵੀ ਹੋ ਸਕਦਾ ਹੈ। ਸ੍ਰੀ ਹਰਗੋਬਿੰਦਪੁਰ ਦੇ ਚੋਣ-ਤਜਰਬੇ ਹੇਠ ਜੇ ਚਾਰ ਕਿਸਾਨ ਆਗੂ ਹੀ ਕੇਜਰੀਵਾਲ ਬਣਨ ਦਾ ਸੁਫਨਾ ਲੈ ਕੇ ਟਰੈਕਟਰ ਦਾ ਚੋਣ-ਨਿਸ਼ਾਨ ਚੁੱਕ ਕੇ ਤੁਰ ਪਏ ਤਾਂ ਦਮਗਜ਼ੇ ਮਾਰਨ ਵਾਲੀਆਂ ਧਿਰਾਂ ਦੇ ਆਗੂਆਂ ਨੂੰ ਭੱਜਿਆਂ ਰਾਹ ਨਹੀਂ ਲੱਭਣਾ। ਅਜੇ ਇਹ ਸਿਰਫ ਚਰਚਾ ਹੈ, ਕੱਲ੍ਹ ਨੂੰ ਕੀ ਹੋਵੇਗਾ, ਕੋਈ ਨਹੀਂ ਜਾਣਦਾ ਤੇ ਉਸ ਕੱਲ੍ਹ ਤੋਂ ਪਹਿਲਾਂ ਸਿਆਸੀ ਧਿਰਾਂ ਕੋਲ ਸੋਚਣ ਜੋਗਾ ਵਕਤ ਹੈ। ਚੋਣਾਂ ਨੇ ਸੋਚਣ ਦਾ ਮੌਕਾ ਸਭ ਨੂੰ ਦੇ ਦਿੱਤਾ ਹੈ।

# ਸਥਾਨਕ ਸਰਕਾਰਾਂ ਦੀਆਂ ਚੋਣਾਂ 'ਤੇ ਕਿਸਾਨੀ ਸੰਘਰਸ਼ ਦਾ ਪਰਛਾਂਵਾਂ

ਨਿਰੰਜਣ ਬੋਹਾ, ਮਾਨਸਾ
ਫੋਨ: 91-89682-82700

ਪੰਜਾਬ ਵਿਚ ਮਿਊਂਸਪਲ ਕਮੇਟੀਆਂ ਤੇ ਨਗਰ ਨਿਗਮਾਂ ਦੀਆਂ ਚੋਣਾਂ-2021 ਦਾ ਐਲਾਣ ਹੋਣ ਤੋਂ ਪਹਿਲਾਂ ਕੁਝ ਕਿਸਾਨ ਸੰਘਰਸ਼ ਪੱਖੀ ਚਿੰਤਕਾਂ ਨੇ ਇਹ ਮੰਗ ਕੀਤੀ ਸੀ ਕਿ ਇਹ ਚੋਣਾਂ ਅਜੇ ਕੁਝ ਸਮੇਂ ਲਈ ਹੋਰ ਅੱਗੇ ਪਾ ਦਿੱਤੀਆਂ ਜਾਣ, ਕਿਉਂਕਿ ਇਸ ਵੇਲੇ ਪੰਜਾਬ ਦੇ ਕਿਸਾਨ ਲੱਖਾਂ ਦੀ ਗਿਣਤੀ ਵਿਚ ਦਿੱਲੀ ਦੇ ਟਿਕਰੀ ਤੇ ਸਿੰਘੂ ਬਾਰਡਰ 'ਤੇ 'ਕਰੋ ਜਾ ਮਰੋ' ਦੀ ਭਾਵਨਾ ਨਾਲ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦੀ ਦਲੀਲ ਸੀ ਕਿ ਲੋਕਾਂ ਦਾ ਚੋਣਾਂ ਵੱਲ ਧਿਆਨ ਖਿੱਚੇ ਜਾਣ ਨਾਲ ਕਿਸਾਨ ਸੰਘਰਸ਼ ਕਮਜੋਰ ਹੋਵੇਗਾ। ਭਾਵੇਂ ਉਨ੍ਹਾਂ ਦੀ ਚਿੰਤਾ ਵਾਜਬ ਸੀ, ਪਰ ਸੰਵਿਧਾਨਕ ਨਿਯਮਾਂ ਅਨੁਸਾਰ ਇਨ੍ਹਾਂ ਚੋਣਾਂ ਨੂੰ ਵਧੇਰੇ ਸਮਾਂ ਨਹੀਂ ਸੀ ਟਾਲਿਆ ਜਾ ਸਕਦਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼ਹਿਰੀ ਖੇਤਰ ਦੇ ਕੁਝ ਕਿਸਾਨ ਆਪਣੀ ਵੋਟ ਦੀ ਵਰਤੋਂ ਜਾ ਆਪਣੇ ਮਨਪਸੰਦ ਉਮੀਦਵਾਰ ਦੀ ਹਮਾਇਤ ਕਰਨ ਲਈ ਦਿੱਲੀ ਬਾਰਡਰ ਤੋਂ ਪੰਜਾਬ ਪਰਤੇ, ਪਰ ਪਿੰਡਾਂ ਤੋਂ ਕਿਸਾਨਾਂ ਦੇ ਕਾਫਲੇ ਲਗਾਤਰ ਦਿੱਲੀ ਜਾਂਦੇ ਰਹੇ, ਇਸ ਲਈ ਕਿਸਾਨੀ ਸੰਘਰਸ਼ 'ਤੇ ਇਨ੍ਹਾਂ ਚੋਣਾਂ ਦਾ ਬਹੁਤਾ ਅਸਰ ਨਹੀਂ ਪਿਆ। ਹਾਂ, ਕਿਸਾਨੀ ਸੰਘਰਸ਼ ਦਾ ਇਨ੍ਹਾਂ ਚੋਣਾਂ 'ਤੇ ਪਿਆ ਅਸਰ ਸਾਫ ਵਿਖਾਈ ਦਿੰਦਾ ਹੈ। ਸਥਾਨਕ ਸਰਕਾਰਾਂ ਦੀਆਂ ਇਨ੍ਹਾਂ ਚੋਣਾਂ 'ਤੇ ਕਿਸਾਨ ਸੰਘਰਸ਼ ਦਾ ਪਿਆ ਪਰਛਾਂਵਾਂ ਪੰਜਾਬ ਦੇ ਭਵਿੱਖਤ ਰਾਜਨੀਤਕ ਸਮੀਕਰਨਾਂ ਨੂੰ ਬਦਲਣ ਦੇ ਨਾਲ ਨਾਲ ਸੂਬੇ ਦੀ ਸਮਾਜਿਕ ਤੇ ਸਭਿਆਚਾਰਕ ਦਿਸ਼ਾ ਵਿਚ ਨਵੀਆਂ ਤਬਦੀਲੀਆਂ ਆਉਣ ਦੇ ਸੰਕੇਤ ਦੇ ਰਿਹਾ ਹੈ।

ਮਿਊਂਸਪਲ ਤੇ ਨਗਰ ਨਿਗਮ ਦੀਆਂ ਚੋਣਾਂ ਵਿਚ ਚੋਣ-ਲੜਾਈ ਦਾ ਮੈਦਾਨ ਛੋਟਾ ਹੁੰਦਾ ਹੈ, ਇਸ ਲਈ ਹਰ ਉਮੀਦਵਾਰ ਆਪਣੇ ਵੋਟਰਾਂ ਨੂੰ ਨਿਜੀ ਤੌਰ 'ਤੇ ਜਾਣਦਾ ਵੀ ਹੁੰਦਾ ਹੈ ਤੇ ਉਹ ਆਪਣੀ ਚੋਣ ਮੁਹਿੰਮ ਦੌਰਾਨ ਆਪਣੇ ਵੋਟਰਾਂ ਦੇ ਲਗਾਤਾਰ ਸੰਪਰਕ ਵਿਚ ਵੀ ਰਹਿੰਦਾ ਹੈ। ਉਮੀਦਵਾਰ ਤੇ ਵੋਟਰਾਂ ਵਿਚਾਲੇ ਨੇੜਲਾ ਸੰਪਰਕ ਹੋਣ ਕਾਰਨ ਲੋਕ ਸਭਾ ਜਾਂ ਵਿਧਾਨ ਸਭਾ ਦੀਆਂ ਚੋਣਾਂ ਦੇ ਮੁਕਾਬਲੇ ਵਿਚ ਇਨ੍ਹਾਂ ਚੋਣਾਂ ਦੌਰਾਨ ਪੈਣ ਵਾਲੀਆਂ ਵੋਟਾਂ ਦੀ ਪ੍ਰਤੀਸ਼ਤ ਵੀ ਵੱਧ ਹੁੰਦੀ ਹੈ। ਇਸ ਵਾਰ ਕਿਸਾਨ ਅੰਦੋਲਨ ਦੇ ਚਲਦਿਆਂ ਦਿੱਲੀ ਬਾਰਡਰ 'ਤੇ ਬੈਠੇ ਵਧੇਰੇ ਸ਼ਹਿਰੀ ਖੇਤਰ ਦੇ ਕਿਸਾਨਾਂ ਨੇ ਆਪਣੀ ਵੋਟ ਦੀ ਵਰਤੋਂ ਨਾਲੋਂ ਸੰਘਰਸ਼ ਵਿਚ ਡੱਟੇ ਰਹਿਣ ਨੂੰ ਵਧੇਰੇ ਪਹਿਲ ਦਿੱਤੀ, ਇਸ ਲਈ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਪੋਲਿੰਗ ਵੋਟ ਪ੍ਰਤੀਸ਼ਤ ਘਟਿਆ ਹੈ। ਮੋਹਾਲੀ ਵਿਚ ਤਾਂ ਸਿਰਫ 60 ਫੀਸਦੀ ਹੀ ਪੋਲਿੰਗ ਹੋਈ ਹੈ। ਨਵਾਂਸ਼ਹਿਰ ਦੀ 69.71 , ਹੁਸ਼ਿਆਰਪੁਰ ਦੀ 66.68, ਕਪੂਰਥਾਲਾ ਦੀ 64.65, ਪਟਿਆਲਾ ਦੀ 70.9 ਤੇ ਗੁਰਦਾਸਪੁਰ ਦੀ ਪੋਲਿੰਗ ਵੀ 70 ਪ੍ਰਤੀਸ਼ਤ ਤੱਕ ਹੀ ਸਮਿਟ ਕੇ ਰਹਿ ਗਈ। ਮਾਨਸਾ ਜਿਲੇ ਵਿਚ ਸਭ ਤੋਂ ਵੱਧ ਪੋਲਿੰਗ 82% ਹੋਣ ਦਾ ਕਾਰਨ ਇਸ ਖੇਤਰ ਦਾ ਦਿੱਲੀ ਬਾਰਡਰ ਦੇ ਨੇੜੇ ਹੋਣਾ ਵੀ ਹੈ, ਜਿਥੋਂ ਕਿਸਾਨ ਪੰਜ ਛੇ ਘੰਟਿਆਂ ਦਾ ਸਫਰ ਕਰਕੇ ਵੋਟ ਪਾਉਣ ਤੋਂ ਬਾਅਦ ਅਸਾਨੀ ਨਾਲ ਵਾਪਸ ਦਿੱਲੀ ਪਰਤ ਸਕਦੇ ਸਨ।

ਕਿਸਾਨੀ ਅੰਦੋਲਨ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਤੋਂ ਦੂਰ ਰੱਖ ਕੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਜਿਹੜੀ ਸਿਆਸੀ ਮੋਹਭੰਗਤਾ ਦੀ ਭਾਵਨਾ ਪੈਦਾ ਕੀਤੀ ਹੈ, ਉਸ ਕਾਰਨ ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਨਿਸ਼ਾਨ 'ਤੇ ਚੋਣ ਲੜਾਉਣ ਲਈ ਉਮੀਦਵਾਰਾਂ ਦੀ ਭਾਲ ਕਰਨ ਵਿਚ ਵੀ ਬਹੁਤ ਮੁਸ਼ਕਿਲ ਪੇਸ਼ ਆਈ। ਖਾਸ ਤੌਰ 'ਤੇ ਛੋਟੇ ਸ਼ਹਿਰਾਂ ਵਿਚ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਵੀ ਆਜ਼ਾਦ ਚੋਣ ਲੜਣ ਨੂੰ ਪਹਿਲ ਦਿੰਦੇ ਵਿਖਾਈ ਦਿੱਤੇ, ਜਿਸ ਕਾਰਨ ਪਾਰਟੀ ਨਿਸ਼ਾਨ 'ਤੇ ਚੋਣ ਲੜਣ ਵਾਲੇ ਉਮੀਦਵਾਰਾਂ ਨਾਲੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ ਕਈ ਗੁਣਾ ਵੱਧ ਰਹੀ ਹੈ। ਅਨੰਦਪੁਰ ਦੀ ਕੌਂਸਲ ਵਿਚ ਤਾਂ ਰਾਜਸੀ ਪਾਰਟੀਆਂ ਦਾ ਕੋਈ ਵੀ ਉਮੀਦਵਾਰ ਨਹੀਂ ਜਿੱਤ ਸਕਿਆ ਤੇ ਸਾਰੀਆਂ ਸੀਟਾਂ 'ਤੇ ਆਜ਼ਾਦ ਉਮੀਦਵਾਰਾਂ ਨੇ ਬਾਜ਼ੀ ਮਾਰੀ ਹੈ। ਜੋਗਾ ਨਗਰ ਪੰਚਾਇਤ ਦੀਆਂ ਚੋਣਾਂ 'ਚ ਵੋਟਰਾਂ ਨੇ ਮੁੱਖ ਸਿਆਸੀ ਪਾਰਟੀਆਂ ਨੂੰ ਨਕਾਰਦਿਆਂ ਤੇਰਾਂ ਵਿਚੋਂ 12 ਉਮੀਦਵਾਰ ਸੀ. ਪੀ. ਆਈ. ਦੇ ਜਿਤਾਏ ਹਨ।

ਇਨ੍ਹਾਂ ਚੋਣਾਂ ਦੌਰਾਨ ਕਿਸਾਨੀ ਅੰਦੋਲਨ ਦਾ ਸਭ ਤੋਂ ਮਾੜਾ ਪ੍ਰਭਾਵ ਭਾਰਤੀ ਜਨਤਾ ਪਾਰਟੀ 'ਤੇ ਪਿਆ ਹੈ। ਕੇਂਦਰ ਵਿਚ ਰਾਜ ਕਰਨ ਵਾਲੀ ਦੇਸ਼ ਦੀ ਇਸ ਵੇਲੇ ਦੀ ਸਭ ਤੋਂ ਵੱਡੀ ਤੇ ਸ਼ਹਿਰੀ ਆਧਾਰ ਵਾਲੀ ਸਿਆਸੀ ਪਾਰਟੀ ਦੀ ਵੋਟ ਪ੍ਰਤੀਸ਼ਤ 1.68 ਤੱਕ ਸਿਮਟ ਜਾਣਾ ਇਕ ਕ੍ਰਿਸ਼ਮਾ ਹੀ ਹੈ ਤੇ ਕ੍ਰਿਸ਼ਮਾ ਕਿਸਾਨੀ ਸੰਘਰਸ਼ ਨੇ ਵਿਖਾਇਆ ਹੈ। ਛੋਟੇ ਸ਼ਹਿਰਾਂ ਵਿਚ ਤਾਂ ਇਸ ਪਾਰਟੀ ਨੂੰ ਆਪਣੇ ਚੋਣ ਨਿਸ਼ਾਨ 'ਤੇ ਚੋਣ ਲੜਨ ਵਾਲੇ ਉਮੀਦਵਾਰ ਵੀ ਨਹੀਂ ਮਿਲੇ। ਭਾਵੇਂ ਵੱਡੇ ਸ਼ਹਿਰਾਂ ਵਿਚ ਇਸ ਦਾ ਇੱਕਾ ਦੁੱਕਾ ਮੈਂਬਰ ਜਿੱਤ ਵੀ ਗਿਆ ਹੈ, ਪਰ ਇਨ੍ਹਾਂ ਚੋਣਾਂ ਵਿਚ ਹੋਈ ਉਸ ਦੀ ਨਮੋਸ਼ੀ ਭਰੀ ਹਾਰ ਲਾਜ਼ਮੀ ਤੌਰ 'ਤੇ ਵਿਧਾਨ ਸਭਾ ਚੋਣਾਂ-2022 'ਚ ਵੀ ਆਪਣਾ ਪੂਰਾ ਅਸਰ ਵਿਖਾਵੇਗੀ।

ਇਨ੍ਹਾਂ ਚੋਣਾਂ ਦੌਰਾਨ ਵੋਟਰਾਂ ਦੀ ਸਿਆਸੀ ਪਾਰਟੀਆਂ ਪ੍ਰਤੀ ਵਿਖਾਈ ਦਿੱਤੀ ਮੋਹ ਭੰਗਤਾ ਦੇ ਅਜੇ ਹੋਰ ਵੱਧਣ ਦੇ ਅਸਾਰ ਹਨ। ਸਾਰੇ ਉਮੀਦਵਾਰਾਂ ਨੂੰ ਨਾ ਪਸੰਦ ਕਰਨ ਦੇ ਸੰਕੇਤ ਵਜੋਂ ਨੋਟਾ ਦੇ ਬਟਨ ਦੀ ਵਰਤੋਂ ਆਮ ਕਰਕੇ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੌਰਾਨ ਹੀ ਹੁੰਦੀ ਹੈ, ਪਰ ਇਸ ਵਾਰ ਵੋਟਰਾਂ ਨੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਵੀ ਇਸ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਇਸ ਵਾਰ ਬਰੇਟਾ ਵਰਗੇ ਛੋਟੇ ਜਿਹੇ ਸ਼ਹਿਰ ਦੀ ਮਿਊਂਸਪਲ ਚੋਣਾਂ ਵਿਚ 91 ਵੋਟਰਾਂ ਤੇ ਭੁੱਚੋ ਮੰਡੀ ਵਿਚ 83 ਵੋਟਰਾਂ ਨੇ ਆਪਣੀ ਨਾ-ਪਸੰਦਗੀ ਜਾਹਰ ਕਰਦਿਆਂ ਨੋਟਾ ਦਾ ਬਟਣ ਦੱਬਿਆ ਹੈ।

ਇਨ੍ਹਾਂ ਚੋਣਾਂ ਵਿਚ ਵੱਧ ਮਿਊਂਸਪਲ ਕਮੇਟੀਆਂ 'ਤੇ ਕਾਂਗਰਸ ਪਾਰਟੀ ਦਾ ਹੀ ਕਬਜ਼ਾ ਬਰਕਰਾਰ ਰਹਿਣ ਦਾ ਮੁੱਖ ਕਾਰਨ ਭਾਵੇਂ ਇਸ ਪਾਰਟੀ ਦਾ ਪੰਜਾਬ ਵਿਚ ਸੱਤਾਧਾਰੀ ਹੋਣਾ ਹੈ, ਪਰ ਪਿਛਲੇ ਸਮੇਂ ਦੌਰਾਨ ਇਸ ਪਾਰਟੀ ਵੱਲੋਂ ਕਿਸਾਨੀ ਸੰਘਰਸ਼ ਪ੍ਰਤੀ ਅਪਨਾਈ ਗਈ ਕੁਝ ਹਾਂ-ਪੱਖੀ ਪਹੁੰਚ ਨੇ ਵੀ ਇਹ ਕਬਜ਼ਾ ਬਰਕਰਾਰ ਰੱਖਣ ਵਿਚ ਕੁਝ ਮਦਦ ਜ਼ਰੂਰ ਕੀਤੀ ਹੈ। ਭਾਵੇਂ ਕਿਸਾਨ ਜਥੇਬੰਦੀਆਂ ਨੇ ਆਪਣੇ ਸੰਘਰਸ਼ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਤੋਂ ਇੱਕੋ ਜਿਹੀ ਦੂਰੀ ਬਣਾਈ ਰੱਖੀ ਹੈ, ਪਰ ਪੰਜਾਬ ਵਿਧਾਨ ਸਭਾ ਵਿਚ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਮਤਾ ਪਾਸ ਕਰਨ ਤੇ ਸੂਬੇ ਵਿਚ ਰੇਲ ਰੋਕੋ ਅੰਦੋਲਨ ਸਮੇਤ ਹੋਰ ਸੰਘਰਸ਼ੀ ਸਰਗਰਮੀਆਂ ਨੂੰ ਬੇ-ਰੋਕ ਟੋਕ ਚਲਦੇ ਰਹਿਣ ਦੇਣ ਕਾਰਨ ਪੰਜਾਬ ਦੇ ਕਿਸਾਨ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਖਿਲਾਫ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵਿਚ ਵੱਧ ਨਰਮ ਪਹੁੰਚ ਰੱਖਦੇ ਹਨ। ਕਿਸਾਨੀ ਸੰਘਰਸ਼ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਮੁਕਾਬਲੇ ਵਿਚ ਕਾਂਗਰਸ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ ਆਪਣਾ ਵੱਧ ਹੁੰਗਾਰਾ ਦਿੱਤਾ ਹੈ।

ਅਕਾਲੀ ਦਲ ਨੇ ਵੀ ਕਿਸਾਨਾਂ ਦੇ ਦਿੱਲੀ ਸੰਘਰਸ਼ ਨੂੰ ਕਾਮਯਾਬ ਕਰਨ ਲਈ ਆਪਣੇ ਵਰਕਰ ਭਰਵੀਂ ਗਿਣਤੀ ਵਿਚ ਉੱਥੇ ਭੇਜੇ ਹਨ ਤੇ ਕੁਝ ਥਾਂਵਾਂ ਤੋਂ ਹਰ ਰੋਜ਼ ਮੁਫਤ ਬੱਸਾਂ ਵੀ ਦਿੱਲੀ ਭੇਜਣ ਦਾ ਉਪਰਾਲਾ ਕੀਤਾ ਗਿਆ ਹੈ, ਇਸ ਲਈ ਇਹ ਪਾਰਟੀ ਕਿਸਾਨਾਂ ਤੇ ਉਨ੍ਹਾਂ ਦੇ ਸੰਘਰਸ਼ ਦੇ ਹਮਾਇਤੀਆਂ ਦੀ ਥੋੜ੍ਹੀ ਬਹੁਤੀ ਹਮਦਰਦੀ ਹਾਸਿਲ ਕਰਦਿਆਂ ਦੂਜੇ ਸਥਾਨ 'ਤੇ ਰਹੀ ਹੈ। ਭਾਵੇਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਦਰਜਾ ਆਮ ਆਦਮੀ ਪਾਰਟੀ ਕੋਲ ਹੈ, ਪਰ ਸਥਾਨਕ ਸਰਕਾਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧੀ ਧਿਰ ਵਜੋਂ ਆਪਣੀ ਹੋਂਦ ਸਥਾਪਿਤ ਕਰਕੇ ਸੰਕੇਤ ਦੇ ਦਿੱਤਾ ਹੈ ਕਿ ਜੇ ਉਹ ਸ਼ਹਿਰਾਂ ਵਾਂਗ ਪਿੰਡਾਂ ਵਿਚ ਵੀ ਆਪਣਾ ਗੁਆਚਿਆ ਕਿਸਾਨੀ ਆਧਾਰ ਮੁੜ ਹਾਸਿਲ ਕਰਨ ਵਿਚ ਸਫਲ ਰਹੀ ਤਾਂ ਵਿਧਾਨ ਸਭਾ ਚੋਣਾਂ-2022 ਵਿਚ ਸੱਤਾ ਪ੍ਰਾਪਤੀ ਲਈ ਮੁੱਖ ਮੁਕਾਬਲਾ ਇਨ੍ਹਾਂ ਦੋ ਪੁਰਾਣੀਆਂ ਰਵਾਇਤੀ ਪਾਰਟੀਆਂ ਵਿਚਾਲੇ ਹੀ ਹੋਵੇਗਾ। ਆਮ ਆਦਮੀ ਪਾਰਟੀ ਦਾ ਵੱਡੇ ਫਰਕ ਨਾਲ ਇਨ੍ਹਾਂ ਚੋਣਾਂ ਵਿਚ ਤੀਜੇ ਸਥਾਨ 'ਤੇ ਖਿਸਕਣਾ ਉਸ ਲਈ ਸ਼ੁਭ ਸੰਕੇਤ ਨਹੀਂ ਹੈ।

ਕਿਸਾਨੀ ਸੰਘਰਸ਼ ਨਾਲ ਲੋਕਾਂ ਦੀਆਂ ਜੁੜੀਆਂ ਦਿਲੀ ਭਾਵਨਾਵਾਂ ਦਾ ਲਾਹਾ ਲੈਣ ਲਈ ਵਧੇਰੇ ਆਜ਼ਾਦ ਉਮੀਦਵਾਰਾਂ ਨੇ ਇਸ ਵਾਰ ਹੱਲ ਚਲਾਉਂਦੇ ਕਿਸਾਨ ਦਾ ਚੋਣ ਚਿੰਨ੍ਹ ਲਿਆ। ਭਾਵੇਂ

(ਬਾਕੀ ਅਗਲੇ ਸਫੇ 'ਤੇ)

# ਕਿਸਾਨੀ ਬਿਰਤਾਂਤ ਨੂੰ ਗੁਮਰਾਹ ਨਾ ਕਰ ਸਕਣ ਦਾ ਰੁਦਨ

## ਖੇਤ ਵਿਗਾੜਿਆ ਖੜਤੂਆਂ, ਸਭਾ ਵਿਗਾੜੀ ਕੂੜ

*'ਪੰਜਾਬ ਟਾਈਮਜ਼' ਦੇ 20 ਫਰਵਰੀ ਵਾਲੇ ਅੰਕ (8) ਵਿਚ ਕਰਮਜੀਤ ਸਿੰਘ (ਚੰਡੀਗੜ੍ਹ) ਦਾ ਲੇਖ 'ਦਰਦ ਫਿਰ ਜਾਗਾ, ਜ਼ਖਮ ਫਿਰ ਤਾਜ਼ਾ ਹੂਆ' ਛਪਿਆ ਸੀ ਜਿਸ ਵਿਚ ਮੌਜੂਦਾ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਦੀਪ ਸਿੱਧੂ ਦੀ ਗੱਲ ਕੀਤੀ ਗਈ ਸੀ। ਇਸ ਲਿਖਤ ਬਾਰੇ ਸਾਨੂੰ ਹਜ਼ਾਰਾ ਸਿੰਘ, ਮਿਸੀਸਾਗਾ (ਕੈਨੇਡਾ) ਦੀ ਇਹ ਟਿੱਪਣੀ ਪ੍ਰਾਪਤ ਹੋਈ ਹੈ ਜਿਸ ਵਿਚ ਉਨ੍ਹਾਂ ਨੇ ਕਰਮਜੀਤ ਸਿੰਘ ਦੀਆਂ ਟਿੱਪਣੀਆਂ ਬਾਰੇ ਬੜੀ ਤਿੱਖੀ ਪੁਣਛਾਣ ਕੀਤੀ ਹੈ ਅਤੇ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਚੱਲ ਰਹੀ ਸਿਆਸਤ ਬਾਬਤ ਕੁਝ ਨਿੱਗਰ ਨੁਕਤੇ ਸਾਂਝੇ ਕੀਤੇ ਹਨ। -ਸੰਪਾਦਕ*

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਸਰਦਾਰ ਕਰਮਜੀਤ ਸਿੰਘ ਹੁਰਾਂ ਦਾ ਲੇਖ, 'ਦਰਦ ਫਿਰ ਜਾਗਾ, ਜ਼ਖਮ ਫਿਰ ਤਾਜ਼ਾ ਹੂਆ' ਪੜ੍ਹਿਆ। ਲੇਖਕ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਦੀਪ ਸਿੱਧੂ ਨੇ ਕਿਸਾਨਾਂ ਦੇ ਬਿਰਤਾਂਤ ਵਿਚ ਹੋਂਦ ਦੇ ਸੰਕਲਪ ਦੀ ਜੋ ਚਾਸ਼ਨੀ ਰਲਾਈ, ਉਸਦੀ ਬਹੁਤਿਆਂ ਨੂੰ ਸਮਝ ਨਹੀਂ ਆਈ। ਇਸ ਲਈ ਸਟੇਟ ਦੇ ਭੈਅ ਤੋਂ ਮੁਕਤ ਵਿਦਵਾਨ ਮੈਦਾਨ ਵਿਚ ਨਿੱਤਰ ਕੇ ਇਸ ਦੇ ਸੱਚ ਨੂੰ ਸਾਕਾਰ ਕਰਨ। ਦੀਪ ਸਿੱਧੂ ਦਾ ਬਿਰਤਾਂਤ ਕਦ ਨਿਖਰ ਕੇ ਸਾਹਮਣੇ ਆਉਂਦਾ ਹੈ, ਇਸਦਾ ਤਾਂ ਪਤਾ ਨਹੀਂ ਪਰ ਇੱਕ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਦੀਪ ਸਿੱਧੂ ਨੇ ਕਿਸਾਨ ਸੰਘਰਸ਼ ਦੇ ਬਿਰਤਾਂਤ ਵਿਚ ਘਚੋਲਾ ਪਾਉਣ ਦੀ ਕੋਈ ਕਸਰ ਬਾਕੀ ਨਹੀ ਛੱਡੀ।

ਕਰਮਜੀਤ ਸਿੰਘ ਜੀਓ, ਪਿਛਲੇ 30 ਸਾਲਾਂ ਦੇ ਲੰਮੇ ਸਮੇ ਦੌਰਾਨ ਪੰਥਕ ਧਿਰਾਂ ਨਾ ਤਾਂ ਆਪਣਾ ਬਿਰਤਾਂਤ ਸਪੱਸ਼ਟ ਕਰ ਸਕੀਆਂ ਅਤੇ ਨਾ ਹੀ ਵਿਰੋਧੀ ਬਿਰਤਾਂਤ ਦਾ ਤੋੜ ਲੱਭ ਸਕੀਆਂ। ਕਿਸਾਨ

**ਹਜ਼ਾਰਾ ਸਿੰਘ**
ਮਿਸੀਸਾਗਾ , ਕੈਨੇਡਾ।
ਫੋਨ: 905-795-3428

ਧਿਰਾਂ ਇਹ ਜਾਣਦੀਆਂ ਸਨ (ਹਨ) ਕਿ ਵਿਰੋਧੀ ਦੇ ਭੱਥੇ ਵਿਚ ਵੱਖਵਾਦੀ, ਖਾਲਿਸਤਾਨੀ, ਪਾਕਿਸਤਾਨੀ ਸ਼ਹਿ ਪ੍ਰਾਪਤ ਅਨਸਰ ਆਦਿ ਕਿਹੜੇ ਕਿਹੜੇ ਤੀਰ ਹਨ ਜਿਨ੍ਹਾਂ ਦੀ ਵਰਤੋਂ ਸੰਘਰਸ਼ ਦਾ ਬਿਰਤਾਂਤ ਤੋੜਨ ਲਈ ਕੀਤੀ ਜਾ ਸਕਦੀ ਹੈ। ਹੁਣ ਤੱਕ ਇਹ ਸਾਬਿਤ ਵੀ ਹੋ ਚੁੱਕਾ ਹੈ ਕਿ ਕਿਸਾਨ ਸੰਘਰਸ਼ ਨੂੰ ਖਦੇੜਨ ਲਈ ਇਨ੍ਹਾਂ ਦੀ ਬਦਰੇਗ ਵਰਤੋਂ ਹੋਈ ਹੈ ਅਤੇ ਅਜੇ ਵੀ ਜਾਰੀ ਹੈ। ਸੰਘਰਸ਼ ਦੇ ਸ਼ੁਰੂ ਤੋਂ ਹੀ ਸਰਕਾਰ ਐਸਾ ਬਹਾਨਾ ਲੱਭ ਰਹੀ ਸੀ। ਜਦ ਦੀਪ ਸਿੱਧੂ ਨੇ ਕਿਸਾਨਾਂ ਦੇ ਬਿਰਤਾਂਤ ਨੂੰ ਆਪਣੇ ਬਿਰਤਾਂਤ ਦੀ ਚਾਸ਼ਨੀ ਚਾੜ੍ਹਨੀ ਚਾਹੀ ਤਾਂ ਕਿਸਾਨ ਭਾਂਪ ਗਏ ਅਤੇ ਉਨ੍ਹਾਂ ਐਸਾ ਹੋ ਲੈਣ ਤੋਂ ਬਚਾਅ ਕਰ ਲਿਆ। ਸਿੱਖ ਚਿੰਤਕ ਅਜਮੇਰ ਦੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਉਹ ਤਾਂ ਗੁਰੂ ਦੀ ਮਿਹਰ ਦਾ ਕ੍ਰਿਸ਼ਮਾ ਵਿਚਾਰੇ ਓਬੜ ਕਿਸਾਨਾਂ ਦੇ ਹੱਕ ਵਿਚ ਵਾਪਰ ਗਿਆ ਵਰਨਾ ਜਿਸ ਕਿਸਮ ਦੀ ਕਲਾਕਾਰੀ ਨਾਲ ਤੁਹਾਡੇ ਲਾਡਲੇ ਦੀਪ ਨੇ ਉਨ੍ਹਾਂ ਦੀ ਛੇ ਮਹੀਨਿਆਂ ਦੀ ਕੀਤੀ-ਕਰਾਈ ਇਕੋ ਪਲ ਵਿਚ ਖੂਹ ਵਿਚ ਪਾ ਦਿਤੀ ਸੀ, ਉਸ ਨੂੰ ਰਾਕੇਸ਼ ਟਿਕੈਤ ਤਾਂ ਕੀ, ਕੋਈ ਵੀ ਮਾਈ ਦਾ ਲਾਲ ਬਚਾ ਨਹੀਂ ਸਕਦਾ ਸੀ।

ਕਿਸਾਨ ਦੀਪ ਅਤੇ ਉਸ ਦੇ ਬਿਰਤਾਂਤ ਦੇ ਜਾਲ ਵਿਚ ਫਸ ਕੇ ਆਪਣਾ ਬਿਰਤਾਂਤ ਗੰਧਲਾ ਕਰਵਾਉਣ ਤੋਂ ਇਨਕਾਰੀ ਹੋ ਗਏ। ਉਹ ਦੀਪ ਨੂੰ ਵਿਰੋਧੀ ਧਿਰ ਦਾ ਬੰਦਾ ਅਤੇ ਰੂੜੀ ਦਾ ਉਡਦਾ ਫਿਰਦਾ ਲਿਫਾਫਾ ਆਖ ਰਹੇ ਸਨ ਪਰ ਦੀਪ ਸਿੱਧੂ ਧੱਕੇ ਨਾਲ ਸਲਾਹਕਾਰ ਬਣਨਾ ਚਾਹੁੰਦਾ ਸੀ। ਧੱਕੇ ਨਾਲੇ ਸੰਘਰਸ਼ ਦੇ ਢੰਗ ਤਰੀਕੇ ਦੱਸਣਾ ਚਾਹੁੰਦਾ ਸੀ।

ਅਸਲ ਵਿਚ ਦੀਪ ਦੀ ਧਿਰ ਦਾ ਯਤਨ ਕਿਸਾਨ ਸੰਘਰਸ਼ ਵਿਚ ਦਾਦਾਗਿਰੀ ਵਾਲਾ ਦਾਬਾ ਕਾਇਮ ਕਰਨਾ ਸੀ। ਕਿਸਾਨ ਧਿਰਾਂ ਨੂੰ ਕਮਜ਼ੋਰ ਅਤੇ ਵਿਕਣ ਲਈ ਤਿਆਰ ਦੱਸ ਕੇ ਕਿਸਾਨ ਲੀਡਰਸ਼ਿਪ ਨੂੰ ਨੀਵਾਂ ਦਿਖਾਉਣਾ ਸੀ। ਜਦ ਬਿਰਤਾਂਤ ਵਿਚ 'ਚਾਸ਼ਨੀ' ਨਾਂ ਰਲਾਈ ਜਾ ਸਕੀ ਤਾਂ 26 ਜਨਵਰੀ ਵਾਲਾ ਕਾਰਾ ਕਰਕੇ ਸਰਕਾਰ ਨੂੰ ਉਹ ਬਹਾਨਾ ਦਿੱਤਾ ਜੋ ਉਹ ਕਈ ਚਿਰ ਤੋਂ ਲਭਦੇ ਆ ਰਹੇ ਸਨ। ਜਿਸ ਨਾਲ ਕਿਸਾਨ ਸੰਘਰਸ਼ ਦਾ ਨੁਕਸਾਨ ਹੋਇਆ। ਕਿਸਾਨ ਸੰਘਰਸ਼ ਦੇ ਮਾਧਿਅਮ ਨਾਲ ਸਿੱਖੀ ਦੀ ਫੈਲ ਰਹੀ ਮਹਿਮਾ ਨੂੰ ਵੀ ਸੱਟ ਲੱਗੀ।

ਕਿਸਾਨ ਸੰਘਰਸ਼ ਸਿੱਖੀ ਵਿਚਾਰਧਾਰਾ ਦਾ ਨਾ ਤਾਂ ਨੁਕਸਾਨ ਕਰ ਰਿਹਾ ਸੀ ਅਤੇ ਨਾ ਹੀ ਵਿਰੋਧ। ਕਿਸਾਨ ਸੰਘਰਸ਼ ਦੇ ਮਾਧਿਅਮ ਨਾਲ ਤਾਂ ਸਗੋਂ ਸਿੱਖੀ ਦੀ ਮਹਿਮਾ ਫੈਲ ਰਹੀ ਸੀ। ਇਸ ਨਾਲ ਸਿੱਖ ਵਿਚਾਰਧਾਰਾ ਦੇ ਮਾਨਵਵਾਦੀ ਹੋਣ ਦਾ ਪ੍ਰਚਾਰ ਅਤੇ ਪਾਸਾਰ ਹੋ ਰਿਹਾ ਸੀ। ਜਿਸ ਕਾਰਨ ਇਸ ਮੌਕੇ ਦਾ ਲਾਭ ਲੈਣ ਲਈ ਢੁੱਚਰਾਂ ਡਾਹੁਣ ਦੀ ਥਾਂ ਸਹਿਯੋਗ ਦੇਣਾ ਬਣਦਾ ਸੀ। ਪਰ ਸ਼ੰਭੂ ਮੋਰਚੇ ਤੋਂ ਅੱਜ ਤੱਕ ਦੀਪ ਐਂਡ ਕੰਪਨੀ ਦੇ ਹਾਲਾਤ, ਖੇਤ ਵਿਗਾੜਿਆ ਖੜਤੂਆਂ, ਸਭਾ ਵਿਗਾੜੀ ਕੂੜ, ਵਰਗੇ ਰਹੇ, ਜਿਨ੍ਹਾਂ ਦਾ ਸਿਖਰ 26 ਜਨਵਰੀ ਦੀਆਂ ਘਟਨਾਵਾਂ ਸਨ। ਉਸ ਤੋਂ ਬਾਅਦ ਕਿਸਾਨ ਆਗੂਆਂ ਖਿਲਾਫ ਕੂੜ ਦੀ ਹਨੇਰੀ ਝੁੱਲ ਰਹੀ ਹੈ। ਹੈਰਾਨੀ ਦੀ ਗੱਲ ਕਿ ਹਨੇਰੀ ਝੁਲਾਉਣ ਵਾਲੇ ਬੀ ਜੇ ਪੀ ਦੇ ਝੰਡੇ ਉਹਲੇ ਵੀ ਹਨ ਅਤੇ ਕੇਸਰੀ ਨਿਸ਼ਾਨ ਸਾਹਿਬ ਦੇ ਉਹਲੇ ਵੀ। ਇਸ ਸਾਂਝ ਦੀ ਵਿਆਖਿਆ ਕਿਹੜਾ ਵਿਦਵਾਨ ਕਰੇਗਾ? ਜਿਹੜੀ ਵਿਆਖਿਆ ਸ. ਅਜਮੇਰ ਸਿੰਘ ਨੇ ਯੂ ਟਿਊਬ 'ਤੇ 3 ਫਰਵਰੀ ਵਾਲੇ ਆਪਣੇ ਵਖਿਆਨ ਵਿਚ ਕੀਤੀ ਹੈ, ਉਹ ਕਿੰਨੀ ਕੁ ਜਚਣਹਾਰ ਹੈ, ਉਸਦੇ ਫੂਸ ਤਾਂ ਉਸਦਾ ਪੁਰਾਣਾ ਚੇਲਾ ਤੇ ਘਰ ਦਾ ਭੇਤੀ ਮਾਲਵਿੰਦਰ ਸਿੰਘ ਮਾਲੀ ਹੀ ਉਡਾਈ ਜਾ ਰਿਹਾ ਹੈ। ਤੁਹਾਡੇ ਵਾਂਗੂੰ ਹੀ ਅਜਮੇਰ ਸਿੰਘ ਵੀ ਕਿਸਾਨ ਨੇਤਾਵਾਂ ਨੂੰ ਕਾਮਰੇਡਾਂ ਨਾਲ ਜੋੜ ਕੇ ਪਾਣੀ ਪੀ ਪੀ ਕੇ ਭੰਡਦਾ ਹੈ, ਜਦੋਂਕਿ ਤੁਹਾਡੇ ਲਾਡਲੇ ਦੀਪ ਸਿੱਧੂ ਨੂੰ ਸਿਰੇ ਦਾ ਇਮਾਨਦਾਰ, ਨਿਰਛਲ ਅਤੇ ਹੋਰ ਪਤਾ ਨਹੀਂ ਕੀ ਕੀ ਦੱਸੀ ਜਾਂਦਾ ਹੈ। ਉਹ ਦੀਪ ਨੂੰ ਡੀਮੋਨਾਈਜ਼ ਕਰਨ ਦਾ ਰੋਣਾ ਰੋਂਦਾ ਹੈ ਅਤੇ ਯਾਦ ਕਰਾਉਂਦਾ ਹੈ ਕਿ ਇਨ੍ਹਾਂ ਨੇ ਸੰਤ ਭਿੰਡਰਾਂਵਾਲੇ ਨੂੰ ਵੀ ਡੀਮੋਨਾਈਜ਼ ਕਰਨ ਲਈ ਪੂਰੀ ਵਾਹ ਲਾਈ ਸੀ ਪਰ ਉਨ੍ਹਾਂ ਤੇ ਗੁਰੂ ਦੀ ਬਖਸ਼ਿਸ਼ ਹੋਣ ਕਰਕੇ ਇਨ੍ਹਾਂ ਦੀ ਕੂੜ ਮੁਹਿੰਮ ਕਾਮਯਾਬ ਨਾ ਹੋਈ, ਪਰ ਧੁਰੰਤਰ ਸਿੱਖ ਵਿਦਵਾਨ ਆਪਣੇ ਜਚਣਹਾਰ ਤਰੀਕੇ ਨਾਲ ਇਹ ਨਹੀਂ ਦਸ ਸਕਿਆ ਕਿ 26 ਜਨਵਰੀ ਨੂੰ ਗੁਰਾਂ ਦੀ ਬਖਸ਼ਿਸ਼ ਦਾ ਮੀਂਹ ਦੀਪ ਸਿੱਧੂ ਦੀ ਥਾਂ ਕਾਮਰੇਡਾਂ ਦੇ ਸਿਰ 'ਤੇ ਕਿਉਂ ਪੈ ਗਿਆ।

ਕਰਮਜੀਤ ਸਿੰਘ ਜੀਓ, ਜੇ ਦੀਪ ਸਿੱਧੂ ਆਪਣਾ ਬਿਰਤਾਂਤ ਸਪੱਸ਼ਟ ਨਹੀ ਕਰ ਸਕਦਾ ਸੀ ਤਾਂ ਉਸਨੂੰ ਕਿਸਾਨ ਸੰਘਰਸ਼ ਦੇ ਬਿਰਤਾਂਤ ਵਿਚ ਆਪਣੇ ਬਿਰਤਾਂਤ ਦੀ ਚਾਸ਼ਨੀ ਘੋਲਣ ਦਾ ਕੀ ਹੱਕ ਸੀ? ਸੰਤ ਜਰਨੈਲ ਸਿੰਘ ਜਾਂ ਬੁੱਧ ਸਿੰਘ ਵਾਲਾ ਦੀ ਯਾਦ ਤਾਜ਼ਾ ਕਰਵਾਉਣ ਵਾਲਾ ਚੰਗਾ ਲੱਗ ਸਕਦਾ ਹੈ। ਪਰ ਉਨ੍ਹਾਂ ਦੇ ਬਿਰਤਾਂਤ ਦਾ ਕੀ ਬਣਿਆ? ਉਨ੍ਹਾਂ ਦੇ ਬਿਰਤਾਂਤ ਨੂੰ ਬਚਾਉਣ ਵਾਲਾ ਕੋਈ ਅੱਗੇ ਕਿਉਂ ਨਹੀ ਆਇਆ? ਪਿਛਲੇ 30 ਸਾਲਾਂ ਤੋਂ ਇਹ ਬਿਰਤਾਂਤ ਲੋਕਾਂ ਉੱਪਰ ਪਰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਕਿਸਾਨ ਸੰਘਰਸ਼ ਦੇ ਦੂਰ ਦੁਰੇਡੇ ਦੇ ਹਮਦਰਦਾਂ ਨੂੰ ਵੀ ਜਰਨੈਲ ਸਿੰਘ (ਖਾਲਿਸਤਾਨ) ਦੇ ਬਿਰਤਾਂਤ ਨਾਲ ਜੋੜ ਕੇ ਭੰਡਿਆ ਜਾ ਰਿਹਾ ਹੈ। ਜੇ ਕਿਸਾਨਾਂ ਨੇ ਇਸ ਕੁਚਾਲ ਵਿਚ ਫਸ ਕੇ ਸੰਘਰਸ਼ ਦਾ ਘਾਣ ਕਰਵਾਉਣ ਤੋਂ ਨਾਂਹ ਕਰ ਦਿੱਤੀ ਤਾਂ ਉਹ ਕਮਜ਼ੋਰ ਕਿਵੇਂ ਹੋ ਗਏ? ਦੀਪ ਦੇ ਜਿਸ ਕਾਰੇ ਕਾਰਨ ਸਾਰਾ ਸੰਘਰਸ਼ ਹੀ ਵਿਰੋਧੀ ਮਾਰ ਹੇਠ ਆ ਜਾਣ ਕਾਰਨ ਡਾਵਾਂ ਡੋਲ ਹੋ ਗਿਆ ਸੀ, ਉਸਦੀ ਜ਼ਿੰਮੇਵਾਰੀ ਕਿਸਾਨ ਧਿਰਾਂ ਕਿਉਂ ਲੈਂਦੀਆਂ? ਸੰਘਰਸ਼ ਦੀਆਂ ਜੜ੍ਹਾਂ ਹਿਲਾ ਦੇਣ ਵਾਲੀਆਂ ਆਪਹੁਦਰੀਆਂ ਨੂੰ ਕਿਸਾਨ ਧਿਰਾਂ ਕਿਉਂ ਅਪਣਾਉਂਦੀਆਂ? ਤੁਹਾਡੇ ਅਤੇ ਸੰਤ ਅਜਮੇਰ ਸਿੰਘ ਦੇ ਪ੍ਰਵਚਨਾਂ ਸਦਕਾ ਅਗਲੇ ਦੋ ਕੁ ਦਿਨਾਂ ਚ ਮੰਨ ਲਓ ਕਿ ਲੱਖਾ ਸਿਧਾਣਾ ਪਿੰਡ ਮਹਿਰਾਜ ਵਿਖੇ ਰੈਲੀ ਕਰਕੇ ਆਪਣੀ ਜੈ ਜੈ ਕਾਰ ਕਰਵਾ ਵੀ ਜਾਵੇਗਾ ਤਾਂ ਵੀ ਉਸ ਵਿਚੋਂ ਨਿਕਲੇਗਾ ਕੀ। ਅਜ ਪੰਜਾਬ ਅਤੇ ਪੰਜਾਬ ਤੋਂ ਬਾਹਰ ਬੈਠੇ ਹਰ ਪੰਜਾਬੀ ਨੂੰ ਚਿੰਤਾ ਇਸ ਗੱਲ ਦੀ ਹੈ ਕਿ ਇਸ ਕਿਸਮ ਦੀਆਂ ਮਾਅਰੁਕੇਬਾਜੀਆਂ ਨਾਲ ਸਾਰੀ ਕਥਾ ਦਾ ਮੁਹਾਨ ਕਿਤੇ ਨਵੇਂ ਸਿਰਿਓਂ ਸਾਕਾ ਨੀਲਾ ਤਾਰਾ ਵਰਗੇ ਵਡੇ ਦੁਖਾਂਤ ਦਾ ਰੁਖ ਨਾ ਲੈ ਜਾਵੇ।

ਇਹ ਜਿਨ੍ਹਾਂ ਕਿਸਾਨਾਂ ਨੂੰ ਆਪ ਅਣਜਾਣ ਅਤੇ ਅਯੋਗ ਕਹਿ ਕੇ ਭੰਡ ਰਹੇ ਹੋ, ਦੇਸ਼ ਦੇ ਲੋਕ ਅਜ ਉਨ੍ਹਾਂ ਨੂੰ ਲੋਕਤੰਤਰ ਅਤੇ ਦੇਸ਼ ਬਚਾਉਣ ਵਾਲੇ ਸੂਰਬੀਰ ਆਖ ਕੇ ਸਲਾਮਾਂ ਕਰ ਰਹੇ ਹਨ। ਲੋਕ ਕਿਸਾਨਾਂ ਦੇ ਬਲਹਿਾਰੇ ਜਾ ਰਹੇ ਹਨ, ਜਿਨਾਂ ਇਤਿਹਾਸਕ ਅੰਦੋਲਨ ਸਿਰਜ ਕੇ ਦੇਸ਼ ਵਾਸੀਆਂ ਨੂੰ ਕੁੱਝ ਕਰਨ ਜੋਗੇ ਹੋਣ ਦਾ ਅਹਿਸਾਸ ਕਰਵਾਇਆ। ਦੇਸ਼ ਦੇ ਲੋਕ ਇਸ ਅੰਦੋਲਨ ਦਾ ਸਿਹਰਾ ਪੰਜਾਬ ਦੇ ਸਿੱਖ ਕਿਸਾਨਾਂ ਸਿਰ ਬੰਨ੍ਹਦੇ ਹੋਏ ਉਨ੍ਹਾਂ ਨੂੰ ਗੁਰੂ ਦੇ ਜਾਂਬਾਜ਼ ਯੋਧੇ ਜਾਣ ਕੇ ਨਮਸਕਾਰ ਕਰਦੇ ਹਨ। ਯਾਦ ਰਹੇ, ਬਾਕੀ ਦਾ ਦੇਸ਼ ਪੰਜਾਬ ਨੂੰ ਸਿੱਖ ਪੰਜਾਬ ਵਜੋਂ ਹੀ ਦੇਖਦਾ ਹੈ। ਜਿਸ ਕਾਰਨ ਕਿਸਾਨ ਸੰਘਰਸ਼ ਸਿੱਖੀ ਦੀ ਖੁਸ਼ਬੂ ਫੈਲਾਉਣ ਦਾ ਜ਼ਰੀਆ ਬਣ ਗਿਆ। ਸਿੱਖੀ ਦੀਆਂ ਸਿਫਤਾਂ ਦੀ ਗੂੰਜ ਸਾਰੇ ਦੇਸ਼ ਵਿਚ ਗਈ। ਪਿਛਲੇ ਸਮੇ ਦੌਰਾਨ ਸਿੱਖੀ ਅਤੇ ਸਿੱਖਾਂ ਪ੍ਰਤੀ ਪੈਦਾ ਹੋਈਆਂ ਗਲਤਫਹਿਮੀਆਂ ਕਫੂਰ ਵਾਂਗ ਉਡਣੀਆਂ ਸ਼ੁਰੂ ਹੋ ਗਈਆਂ। ਪਿਛਲੇ ਚਾਰ ਦਹਾਕਿਆਂ ਦੌਰਾਨ ਬਦਨਾਮ ਕੀਤੇ ਗਏ ਸਿੱਖ ਮੁੜ ਮੋਹਰੀ ਰੋਲ ਵਿਚ ਆ ਗਏ। ਇਹ ਸਭ ਕੁੱਝ ਕਿਸਾਨ ਆਗੂਆਂ ਦੀ ਮਿਹਨਤ ਸਦਕਾ ਹੀ ਹੋਇਆ। ਇਹ 'ਪੰਜਾਬ ਸਪੈਸਫਿਕ ਜਾਂ ਖਾਲਸਾ ਸਪੈਸਫਿਕ' ਦੇ ਸੰਕਲਪ ਨੂੰ ਉਜਾਗਰ ਕਰਨ ਵਾਲਾ ਕਾਰਜ ਸੀ। ਪਰ ਪੰਥਕ ਮਖੌਟੇ ਵਾਲੀਆਂ ਕਈ ਧਿਰਾਂ ਇਸ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ। ਉਹ ਕਿਸਾਨ ਧਿਰਾਂ ਨੂੰ ਨਕਾਰਨ ਲਈ ਬੂਰੇ ਦੇ ਘਰ ਤੱਕ ਜਾਣ ਲਈ ਤਿਆਰ ਹਨ। ਦੁੱਖਦਾਈ ਗੱਲ ਇਹ ਹੈ ਕਿ ਕਿਸਾਨਾਂ ਦੀ ਲੀਡਰਸ਼ਿਪ ਨੂੰ ਠਿੱਬੀ ਲਾਉਣ ਲਈ ਕੇਸਰੀ ਨਿਸ਼ਾਨ ਨੂੰ ਢਾਲ ਬਣਾ ਕੇ ਵਰਤਿਆ ਜਾ ਰਿਹਾ ਹੈ। ਹੁਣ ਆਪ ਦੱਸੋ ਕਿ ਆਪਦੇ 'ਖਾਲਸਾ ਸਪੈਸਫਿਕ' ਸੰਕਲਪ ਵਾਲੀਆਂ ਜਥੇਬੰਦੀਆਂ ਨੇ ਪਿਛਲੇ 30 ਸਾਲਾਂ ਵਿਚ ਸਿੱਖਾਂ ਪ੍ਰਤੀ ਸਤਿਕਾਰ ਵਧਾਉਣ ਵਾਲਾ ਕਿਹੜਾ ਕੰਮ ਕੀਤਾ?

ਚਲੋ ਕਿਸਾਨ ਜਥੇਬੰਦੀਆਂ ਤਾਂ ਖਾਲਸਾ ਸਪੈਸਫਿਕ ਬਿਰਤਾਂਤ ਦੀ ਸਮਝ ਨਹੀਂ ਸੀ ਰੱਖਦੀਆਂ ਪਰ 25 ਜਨਵਰੀ ਦੀ ਰਾਤ ਨੂੰ ਬਣਾਈ ਗਈ ਪੰਥਕ ਕਮੇਟੀ ਨੇ ਇਸ ਬਿਰਤਾਂਤ ਨੂੰ ਕਿਉਂ ਨਾ ਅਪਣਾਇਆ? ਬਿਰਤਾਂਤ ਇਨ੍ਹਾਂ ਕੋਲ ਸੀ,



ਕਰਮਜੀਤ ਸਿੰਘ — ਅਜਮੇਰ ਸਿੰਘ — ਮਾਲਵਿੰਦਰ ਸਿੰਘ ਮਾਲੀ — ਲੱਖਾ ਸਿਧਾਣਾ

ਨੌਜੁਆਨ ਇਨ੍ਹਾਂ ਕੋਲ ਸੀ, ਆਪਣੀ ਮਰਜ਼ੀ ਨਾਲ ਰੋਕਾਂ ਤੋੜ ਕੇ ਲਾਲ ਕਿਲੇ ਜਾ ਕੇ ਆਪਣਾ ਝੰਡਾ ਝੁਲਾ ਦੇਣ ਦੀ ਸਮਰੱਥਾ ਵੀ ਸੀ। ਸਭ ਕੁੱਝ ਦੇ ਹੁੰਦਿਆਂ ਇਹ ਮੈਦਾਨ ਵਿਚ ਕਿਉਂ ਨਾ ਡਟੇ? ਪੰਥਕ ਕਮੇਟੀ ਅਤੇ ਦੀਪ ਸਿੱਧੂ ਆਪਣੇ ਸਮਰਥਕਾਂ ਨੂੰ ਛੱਡ ਕੇ ਲੁਕ ਕਿਉਂ ਗਏ? ਸਰਕਾਰੀ ਤੰਤਰ ਨੇ ਇਨ੍ਹਾਂ ਕਾਰਵਾਈਆਂ ਦਾ ਬਹਾਨਾ ਬਣਾ ਕੇ ਕਿਸਾਨ ਸੰਘਰਸ਼ ਖਿਲਾਫ ਭੰਡੀ ਅਤੇ ਤਸ਼ੱਦਦ ਦਾ ਝੱਖੜ ਝੁਲਾ ਦਿੱਤਾ, ਸਾਰੇ ਸੰਘਰਸ਼ ਨੂੰ ਖਾਲਿਸਤਾਨੀ ਚਾਦਰ ਵਿਚ ਲਪੇਟ ਕੇ ਸਮਾਪਤ ਕਰਨ ਦੀ ਯੋਜਨਾ ਬਣਾ ਲਈ ਅਤੇ ਸੰਘਰਸ਼ ਉਖੇੜਨਾ ਸ਼ੁਰੂ ਕਰ ਦਿੱਤਾ। ਐਸੇ ਹਾਲਾਤਾਂ ਵਿਚ ਕਿਸਾਨ ਜਥੇਬੰਦੀਆਂ ਸਾਹਮਣੇ ਤਾਂ ਆਪਣੇ ਸੰਘਰਸ਼ ਦੀ ਹੋਂਦ ਬਚਾਉਣ ਦਾ ਸਵਾਲ ਖੜ੍ਹਾ ਹੋ ਗਿਆ ਸੀ। ਜਦ ਆਪਣਾ ਬਿਰਤਾਂਤ ਹੀ ਕਿਸੇ ਹੋਰ ਵੱਲੋਂ ਡੋਲ੍ਹੀ ਚਾਸ਼ਣੀ ਕਾਰਨ ਮਾਰ ਹੇਠ ਆ ਗਿਆ ਹੋਏ ਤਾਂ ਐਸੇ ਮੌਕੇ ਕਿਸੇ ਨਵੇਂ ਬਿਰਤਾਂਤ ਨੂੰ ਅਪਣਾਉਣਾ ਅਤੇ ਉਸਦਾ ਬਚਾ ਕਰਨ ਯੋਗ ਹੋਣਾ ਕਿਸਾਨਾਂ ਵਾਸਤੇ ਸੰਭਵ ਨਹੀ ਸੀ। ਪਰ ਸਭ ਕੁੱਝ ਜਾਨਣ ਵਾਲੇ ਪੰਥਕ ਕਮੇਟੀ ਮੈਂਬਰ ਲਾਲ ਕਿਲੇ ਤੇ ਵਾਪਰੇ 'ਇਤਿਹਾਸਕ ਵਰਤਾਰੇ' ਦਾ ਬਿਰਤਾਂਤ ਸਾਂਭਣ ਲਈ ਅੱਗੇ ਕਿਉਂ ਨਾ ਆਏ? ਸਰਦਾਰ ਕਰਮਜੀਤ ਸਿੰਘ ਆਪਣੀ ਇਕ ਹੋਰ ਫੇਸਬੁਕ ਪੋਸਟ ਉਤੇ ਲਿਖਦੇ ਹਨ, "ਸਾਡੇ ਸਾਹਮਣੇ ਇਕ ਵਡਾ ਸਵਾਲ ਖੜਾ ਹੋ ਗਿਆ ਹੈ, ਜਿਸਦੇ ਜਵਾਬ ਲਭਣ ਦੀ ਹੁਣ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਕੀ ਕਿਸਾਨ ਮੋਰਚੇ ਦਾ ਪੱਲਾ ਹੁਣ ਟਿਕੈਤ ਕੋਲ ਹੈ ਜਾਂ ਦੂਜੇ ਲਫਜ਼ਾਂ ਵਿਚ ਫੈਸਲਾ ਕਰਨ ਦਾ ਸੁਭਾਵਿਕ ਤੇ ਅੰਤਿਮ ਹੱਕ ਇਸ ਸਮੇਂ ਟਿਕੈਤ ਕੋਲ ਹੈ। ਉਸ ਦੇ ਉਲਟ ਪੰਜਾਬ ਦੇ ਕਿਸਾਨ ਆਗੂਆਂ ਦੀ ਇਖਲਾਕੀ ਤਾਕਤ ਅਤੇ ਹੱਕ ਕੀ ਕਮਜੋਰ ਨਹੀਂ ਹੋ ਗਿਆ? ਕਿਸਾਨ ਜਥੇਬੰਦੀਆਂ ਮੰਨਣ ਤੇ ਭਾਵੇਂ ਨਾ ਮੰਨਣ, ਪਰ ਕੌੜਾ ਸੱਚ ਇਹੋ ਹੀ ਹੈ।"

ਭਾਈ ਸਾਹਿਬ ਇਹੋ ਖਾਹਿਸ਼ ਪੂਰੀ ਕਰਨ ਲਈ ਤਾਂ ਤੁਸੀਂ ਅੱਡੀ ਚੋਟੀ ਦਾ ਜੋਰ ਲਾਇਆ ਹੋਇਆ ਸੀ। ਕਰਮਜੀਤ ਸਿੰਘ ਹੁਰੀ ਹੋਰ ਕਹਿੰਦੇ ਹਨ: "ਹੁਣ ਪੰਜਾਬ ਦੇ ਕਿਸਾਨ ਆਗੂ ਇਕ ਤਰ੍ਹਾਂ ਨਾਲ ਕੱਖੋਂ ਹੌਲੇ ਹੋ ਚੁਕੇ ਹਨ। ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਹੀ ਨਹੀਂ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਪ੍ਰੈਸ ਕਾਨਫਰੰਸ ਵਿਚ ਗਰਜਵੀਂ ਆਵਾਜ਼ ਸੁਣਾਈ ਦੇਂਦੀ ਹੈ। ਹੁਣ ਆਓ ਇਹ ਵੇਖੀਏ ਕਿ ਲੱਖਾ ਸਿਧਾਣਾ ਤੇ ਦੀਪ ਸਿੱਧੂ ਕਰ ਕੀ ਰਹੇ ਸਨ? ਇਨ੍ਹਾਂ ਦੋਹਾਂ ਨੂੰ ਹੀ ਤੇ ਖਾਸ ਕਰਕੇ ਦੀਪ ਸਿੱਧੂ ਨੂੰ ਹੱਦੋਂ ਵੱਧ ਪਤਾ ਸੀ ਕਿ ਕਿਸਾਨ ਆਗੂਆਂ ਦਾ ਕੱਦ ਮੋਰਚੇ ਦੇ ਕੱਦ ਨਾਲੋਂ ਕਿਤੇ ਨੀਵਾਂ ਹੈ। ਉਨ੍ਹਾਂ ਆਪਣੇ ਸੰਘਰਸ਼ ਨੂੰ ਕੁਝ ਰਿਆਇਤਾਂ ਲੈਣ ਤਕ ਹੀ ਸੀਮਿਤ ਰਖਿਆ ਸੀ। ਲੰਮੀ ਦੌੜ ਦੇ ਤਾਂ ਉਹ ਘੋੜੇ ਹੀ ਨਹੀਂ ਸਨ, ਜੋ ਇਹ ਸੋਚ ਸਕਣ ਕਿ ਕਿਸਾਨ ਦੀ ਤਕਦੀਰ ਬਦਲਣ ਲਈ ਹੇਠਲੀ ਉਤੇ ਲਿਆਉਣ ਵਾਸਤੇ ਕਿਹੜੀ ਰਣਨੀਤੀ ਅਖਤਿਆਰ ਕੀਤੀ ਜਾਵੇ?"

ਸਰਦਾਰ ਕਰਮਜੀਤ ਸਿੰਘ ਅਤੇ ਅਜਮੇਰ ਸਿੰਘ ਜੀ ਦੀਪ ਸਿੱਧੂ ਦੇ ਜਿਸ ਕਾਰਨਾਮੇ ਨੂੰ ਤੁਸੀ ਵਡਿਆ ਰਹੇ ਹੋ ਅਤੇ ਕਿਸਾਨਾਂ ਨੂੰ ਇਸਦੀ ਅਹਿਮੀਅਤ ਨਾ ਪਤਾ ਹੋਣ ਦਾ ਦੋਸ਼ ਲਗਾ ਰਹੇ ਹੋ ਉਹ ਅਸਲ ਵਿਚ, 'ਹੋਇ ਅੰਞਾਣਾ ਕਰੇ ਕੰਮਿ, ਆਣਿ ਨ ਸਕੇ ਰਾਸਿ' ਵਾਲੀ ਗੱਲ ਸੀ। ਜਿਸ ਕੰਮ ਲਈ ਕੋਈ ਜਥੇਬੰਦੀ ਤਿਆਰ ਨਾ ਹੋਵੇ, ਉਸਦੀ ਜ਼ਿੰਮੇਵਾਰੀ ਉਸ ਸਿਰ ਪਾਉਣ ਦੀ ਕੋਸ਼ਿਸ਼ ਵੀ ਜਾਇਜ਼ ਕਰਮ ਨਹੀ। ਇਹ ਤਾਂ ਕਿਸਾਨਾਂ ਦੇ ਚੱਲ ਸੰਘਰਸ਼ ਨੂੰ ਲੀਹੋਂ ਨਾ ਲਾਹ ਸਕਣ ਦਾ ਪਛਤਾਵਾ ਜਾਪਦਾ ਹੈ, ਕਿਸਾਨਾਂ ਦੇ ਬਿਰਤਾਂਤ ਨੂੰ ਗੁਮਰਾਹ ਨਾ ਕੀਤੇ ਜਾ ਸਕਣ ਦਾ ਰੁਦਨ ਜਾਪਦਾ ਹੈ।

ਕੀ ਤੁਹਾਨੂੰ ਤੁਹਾਡੇ ਕਿਸੇ ਪੈਰੋਕਾਰ ਨੇ ਇਹ ਗੱਲ ਨਹੀਂ ਦੱਸੀ ਕਿ ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠੇ ਸਿੱਖ ਭਾਈਚਾਰੇ ਦੇ ਲੋਕ 26 ਜਨਵਰੀ ਵਾਲੀ ਦੀਪ ਦੀ ਕਰਤੂਤ ਨੂੰ ਵੇਖ ਕੇ ਝੂਰ ਕਿਵੇਂ ਰਹੇ ਸਨ। ਅਖੀਰ ਵਿਚ ਮੇਰੀ ਹੀ ਤੁਹਾਡੇ ਅਗੇ ਬੜੀ ਹੀ ਨਿਮਰਤਾ ਨਾਲ ਬੇਨਤੀ ਹੈ ਕਿ ਸੰਤ ਭਿੰਡਰਾਂਵਾਲੇ ਜਾਂ ਦੀਪ ਸਿੱਧੂ ਨੂੰ ਵਡਿਆਉਣ ਦੀ ਮਾਲੀ ਜਿੱਤਣ ਦੀ ਦੌੜ ਛਡ ਕੇ ਆਪਣੇ ਪੁਰਾਣੇ ਸਾਥੀ ਮਾਲਵਿੰਦਰ ਸਿੰਘ ਮਾਲੀ ਦੀ ਫੇਸਬੁਕ 'ਤੇ ਜਾ ਕੇ ਅਮੋਲਕ ਸਿੰਘ ਫਰਿਜ਼ਨੋ ਨਾਂ ਦੇ ਨੌਜਵਾਨ ਦਾ 'ਰੁਦਨ' ਵੀ ਜਰੂਰ ਸੁਣ ਛਡਿਓ। ਸ਼ਾਇਦ ਤੁਹਾਡੇ ਮਨਾਂ ਵਿਚ ਵੀ ਮਿਹਰ ਪੈ ਜਾਵੇ।

## ਸੁਣੋ! ਸੁਣੋ! ਸੁਣੋ!

ਚੱਕਵੀਆਂ ਪੋਸਟਾਂ ਪਾਉਣ ਵਾਲਿਓ
ਲਿਖ ਲਿਖ ਕੇ ਸਮਝ ਵਾਲਿਓ
ਜੇ ਗੱਲ ਹੋਰਾਂ ਨੂੰ ਸਮਝਾਉਂਦੇ ਓ
ਆਪਣੇ 'ਤੇ ਕਿਉਂ ਨਹੀਂ ਅਜ਼ਮਾਉਂਦੇ ਉਹ?

ਮਰੀਆਂ ਜ਼ਮੀਰਾਂ ਜਗਾਉਣ ਵਾਲਿਓ
ਸੁੱਤਿਆਂ ਤਾਈਂ ਉਠਾਉਣ ਵਾਲਿਓ
ਦੱਸੋ ਤੁਹਾਨੂੰ ਕਦ ਤੇ ਕੌਣ ਉਠਾਵੇਗਾ
ਕਿੱਦਾਂ ਗੱਲ ਕੋਈ ਵਿਗੜੇ ਖਾਨੇ ਪਾਵੇਗਾ?

ਗੱਲ ਗੱਲ 'ਤੇ ਸਿੰਗ ਫਸਾਉਣ ਵਾਲਿਓ
ਗੱਲਾਂ ਤੋਂ ਗੱਲਾਂ 'ਤੇ ਆਉਣ ਵਾਲਿਓ
ਸੱਭਿਅਕ ਹੋ ਕੇ ਅਸੱਭਿਅਕ ਬੋਲਦੇ ਓ
ਕਿਉਂ ਮਾਂ ਬੋਲੀ ਦੀ ਇੱਜਤ ਰੋਲਦੇ ਓ?

ਧਰਮਾਂ ਲਈ ਲੜਾਉਣ ਵਾਲਿਓ
ਜਾਤਾਂ 'ਤੇ ਭੜਕਾਉਣ ਵਾਲਿਓ
ਕਦੀ ਤਾਂ ਪਾ ਲਓ ਬਾਤ ਪਿਆਰਾਂ ਦੀ
ਕਿਉਂ ਹਰਦਮ ਕਰਦੇ ਗੱਲ ਤਕਰਾਰਾਂ ਦੀ?

ਗੋਡੀਂ ਹੱਥ ਲਵਾਉਣ ਵਾਲਿਓ
ਪੈਰੀਂ ਮੱਥੇ ਟੇਕਾਉਣ ਵਾਲਿਓ
ਦੱਸ ਦਿਓ ਕਿੱਥੇ ਰੱਬ ਉਹ ਰਹਿੰਦਾ ਏ
ਕਿਹਨੂੰ ਸਾਧ ਤੇ ਕਾਫਰ ਕਿਹਨੂੰ ਕਹਿੰਦਾ ਏ?

ਸੋਹਲੇ ਬਾਬੇ ਦੇ ਗਾਉਣ ਵਾਲਿਓ
ਬਹਿਜਾ ਬਹਿਜਾ ਕਰਾਉਣ ਵਾਲਿਓ
ਹੱਕਾਂ ਬਾਰੇ ਬਾਬਾ ਕੀ ਕਹਿੰਦਾ ਏ
ਸੂਰ ਕਿਹਨੂੰ ਤੇ ਗਾਂ ਕਿਹਨੂੰ ਕਹਿੰਦਾ ਏ?

ਪੁੱਤ ਬੇਗਾਨੇ ਨਸ਼ੇ ਤੇ ਲਾਉਣ ਵਾਲਿਓ
ਸੱਥਰ ਦਰਾਂ 'ਤੇ ਵਿਛਾਉਣ ਵਾਲਿਓ
ਸਭ ਐਥੇ ਹੀ ਰਹਿ ਜਾਣਾ ਏ
ਜੋੜਿਆ ਧਨ ਕੰਮ ਕਿਸ ਆਣਾ ਏ?

ਜੋ ਕਿਸੇ ਦੇ ਅੱਜ ਲਗਾ ਰਹੇ ਓ
ਕੱਲ੍ਹ ਤੁਹਾਡੇ ਘਰ ਵੀ ਆਵੇਗੀ
ਇਹ ਅੱਗ ਕਿਸੇ ਦੀ ਸਕੀ ਨਹੀਂ
ਤੁਸੀਂ ਭੁੱਲ ਜਾਓ ਇਹ ਨਾ ਭੁਲਾਵੇਗੀ!

*-ਗੁਰਜਿੰਦਰ ਸਿੰਘ ਸਾਧੜਾ*
*ਫੋਨ: 91-98153-02341*

## ਸਥਾਨਕ ਸਰਕਾਰਾਂ ਦੀਆਂ ਚੋਣਾਂ 'ਤੇ ਕਿਸਾਨੀ ਸੰਘਰਸ਼ ਦਾ ਪਰਛਾਂਵਾਂ

(ਪਿਛਲੇ ਸਫੇ ਦੀ ਬਾਕੀ)

ਇਹ ਚੋਣ ਚਿੰਨ੍ਹ ਜਾਰੀ ਕਰਨ ਪਿੱਛੇ ਕੇਂਦਰੀ ਸਰਕਾਰ ਦੀ ਇਹ ਲੁਕਵੀਂ ਮਨਸ਼ਾ ਵੀ ਹੋ ਸਕਦੀ ਹੈ ਕਿ ਕਿਸਾਨੀ ਸੰਘਰਸ਼ ਨੂੰ ਸਿਆਸਤ ਨਾਲ ਰਲਗਡ ਕਰਕੇ ਇਸ ਦੀ ਦਿਸ਼ਾ ਭਟਕਾ ਦਿੱਤੀ ਜਾਵੇ, ਪਰ ਬਹੁਤ ਸਾਰੇ ਉਮੀਦਵਾਰਾਂ ਨੇ ਇਸ ਨਿਸ਼ਾਨ 'ਤੇ ਜਿੱਤ ਪ੍ਰਾਪਤ ਕੀਤੀ ਹੈ, ਜਿਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਅੰਦੋਲਨ ਅਚੇਤ ਤੇ ਸੁਚੇਤ-ਦੋਹਾਂ ਤਰ੍ਹਾਂ ਨਾਲ ਪੰਜਾਬੀਆਂ ਦੀ ਮਾਨਸਿਕਤਾ 'ਤੇ ਹਾਵੀ ਪ੍ਰਭਾਵੀ ਹੈ। ਕਿਸਾਨੀ ਅੰਦੋਲਨ ਨੇ ਹੋਰ ਵੀ ਬਹੁਤ ਸਾਰੇ ਸੂਖਮ ਦਰਸ਼ੀ ਪ੍ਰਭਾਵ ਇਨ੍ਹਾਂ ਚੋਣਾਂ 'ਤੇ ਪਾਏ ਹਨ, ਜੋ ਹੌਲੀ ਹੌਲੀ ਉਘੜ ਕੇ ਸਾਹਮਣੇ ਆਉਣਗੇ।

# ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ



ਸੈਂਕੜੇ ਨਹੀਂ, ਹਜਾਰਾਂ ਵਰ੍ਹਿਆਂ ਤੋਂ ਪੰਜਾਬ ਦੀ ਧਰਤੀ ਦੀ ਖਾਸੀਅਤ ਰਹੀ ਹੈ ਕਿ ਇਹਨੇ ਸਮੁੱਚੀ ਇਨਸਾਨੀਅਤ ਨੂੰ ਸੇਧ ਦੇਣ ਅਤੇ ਅਗਵਾਈ ਕਰਨ ਵਾਲੇ ਗੁਰੂ-ਪੀਰਾਂ, ਸੂਫੀ ਸੰਤਾਂ, ਸੂਰਬੀਰਾਂ, ਯੋਧਿਆਂ ਨੂੰ ਜਨਮ ਦਿੱਤਾ ਹੈ। ਇਸ ਮਿੱਟੀ ਦੀ ਤਾਸੀਰ ਹੀ ਇਹੋ ਜਿਹੀ ਹੈ ਕਿ ਇਹਦੇ ਜਾਇਆਂ ਨੇ ਸਦਾ ਹੀ ਜ਼ੋਰ-ਜ਼ਬਰ ਤੇ ਜ਼ੁਲਮ ਦੇ ਵਿਰੁੱਧ ਜੂਝਦਿਆਂ ਕੁਰਬਾਨੀਆਂ ਦੇਣ ਤੋਂ ਕਦੇ ਵੀ ਪਾਸਾ ਨਹੀਂ ਵੱਟਿਆ। ਕਾਦਰ ਦੀ ਕੁਦਰਤ ਵੱਲੋਂ ਬਖਸ਼ੀਆਂ ਅਣਗਿਣਤ ਰਹਿਮਤਾਂ, ਬਖਸ਼ਿਸ਼ਾਂ ਕਾਰਨ ਇਸ ਜੂਹ ਨੇ ਖਾਧ-ਖੁਰਾਕ ਤੇ ਪਹਿਨਣ-ਪਰਚਣ ਦੀਆਂ ਵਸਤਾਂ ਦੇ ਹੀ ਅੰਬਾਰ ਨਹੀਂ ਲਾਏ, ਕੁੱਲ ਆਲਮ ਦੇ ਭਲੇ ਲਈ ਸਰਬ ਸਾਂਝੇ ਦਰਸ਼ਨ ਤੇ ਫਲਸਫੇ ਵੀ ਸਿਰਜੇ ਨੇ। ਇਹ ਫਲਸਫੇ ਸਾਰੀ ਕਾਇਨਾਤ, ਅਨੰਤ ਬ੍ਰਹਿਮੰਡ ਨੂੰ ਹੀ ਏਕੇ ਵਿਚ ਪ੍ਰੋਅ ਕੇ ਬੰਨ੍ਹਦੇ ਹਨ। ਪੰਜਾਬ ਦੇ ਜੰਮਿਆਂ ਲਈ ਨਾ ਤੇ ਕੋਈ ਓਪਰਾ ਹੈ ਤੇ ਨਾ ਹੀ ਬੇਗਾਨਾ, ਕਿਉਂਕਿ ਉਹ ਸਾਰੇ ਹੀ ਓਸ ਏਕੇ ਦੇ ਹੀ ਹਿੱਸੇ ਹਨ।

ਮਿਥਿਹਾਸਕ ਕਥਾ ਕਹਾਣੀਆਂ ਹੋਣ, ਭਾਵੇਂ ਇਤਿਹਾਸਕ ਘਟਨਾਵਾਂ-ਇਸ ਧਰਤੀ ਦੇ ਪੁੱਤਰਾਂ

ਡਾ. ਨਿਰਮਲ ਸਿੰਘ ਲਾਂਬੜਾ

ਨੇ ਹਮੇਸ਼ਾ ਮਾਅਰਕੇ ਹੀ ਮਾਰੇ ਨੇ। ਆਪਣੀ ਸੂਰਮਗਤੀ ਦੇ ਜੌਹਰ ਵਿਖਾਏ ਹਨ। ਉਂਜ ਤਾਂ ਸਮੁੱਚਾ ਮਾਨਵੀ ਇਤਿਹਾਸ ਅਨੇਕਾਂ ਹੀ ਖੱਟੀਆਂ-ਮਿੱਠੀਆਂ, ਕੌੜੀਆਂ ਕੁਸੈਲੀਆਂ ਯਾਦਾਂ ਦੀ ਪਟਾਰੀ ਹੈ, ਫਿਰ ਵੀ ਬਾਬੇ ਵਾਰਸ਼ ਸ਼ਾਹ ਦੇ ਆਖਣ ਮੂਜਬ 'ਗੁੱਝੀ ਰਹੇ ਨਾ ਹੀਰ ਹਜਾਰ ਵਿਚੋਂ।' ਪੰਜਾਬ ਦਾ ਨਾਂ ਆਪਣੀਆਂ ਸ਼ਾਨਾਂਮੱਤੀਆਂ ਦਾਸਤਾਨਾਂ ਕਾਰਨ ਕਦੀ ਵੀ ਲੁਕਿਆਂ ਨਹੀਂ ਰਿਹਾ। ਰਮਾਇਣ ਕਾਲ ਦੇ ਬਲਵਾਨ ਯੋਧਿਆਂ 'ਲਵ ਅਤੇ ਕੁਸ਼' ਨਾਂ ਦੇ ਮਝੈਲਾਂ ਨੇ ਮਾਹਾਰਾਜੇ ਰਾਮ ਚੰਦਰ ਦੇ ਸੂਰਬੀਰ ਭਰਾ ਲੱਛਮਣ ਨੂੰ ਵੀ ਮੂਰਛਿਤ ਕਰ ਦਿੱਤਾ ਸੀ। ਕਹਿੰਦੇ ਨੇ, ਕੁੱਲ ਦੁਨੀਆਂ ਨੂੰ ਫਤਹਿ ਕਰਨ ਵਾਸਤੇ, ਵੱਡਾ ਲਾਮ ਲਸ਼ਕਰ ਲੈ ਕੇ ਤੁਰੇ ਸਿੰਕਦਰ ਨੂੰ ਵੀ ਪੰਜਾਬੀ ਬਹਾਦਰਾਂ ਨੇ ਭਿੱਜੀ ਬਿੱਲੀ ਵਾਂਗ ਪੂਛ ਦਬਾ ਕੇ ਪਿਛਾਂਹ ਮੁੜਨ ਵਾਸਤੇ ਮਜਬੂਰ ਕਰ ਦਿੱਤਾ ਸੀ। ਉਹਦੇ ਕੋਲੋਂ ਗਹਿਗੱਚ ਜੰਗ ਵਿਚ ਹਾਰ ਕੇ ਵੀ, ਰੂਹਾਨੀ ਤੌਰ 'ਤੇ ਜਿੱਤਣ ਵਾਲਾ ਰਾਜਾ ਪੋਰਸ ਵੀ ਪੰਜਾਬ ਦਾ ਹੀ ਪੁੱਤ ਸੀ। ਦੁੱਲੇ ਭੱਟੀ ਨੇ ਬਾਰ ਦੀ ਜੂਹ ਵਿਚ ਹਾਲ਼ੀਆਂ-ਪਾਲ਼ੀਆਂ ਦੇ ਹੱਕਾਂ ਵਾਸਤੇ ਉਸ ਵੇਲੇ ਦੇ ਸਭ ਤੋਂ ਸਿਰਮੌਰ ਮੁਗਲ ਬਾਦਸ਼ਾਹ, ਅਕਬਰ ਨਾਲ ਜੂਝਦਿਆਂ ਸ਼ਹੀਦੀ ਪਾਈ। ਨਾਬਰੀ ਦੇ ਤੁਖਮ ਇਸ ਜ਼ਰਖੇਜ ਮਿੱਟੀ ਦੀਆਂ ਸ਼ਾਨਾਂ ਨੂੰ ਜੱਗ ਜਾਹਰ ਕਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਸਾਡੇ ਵੱਡਿਆਂ ਤੋਂ ਚਲੀ ਆ ਰਹੀ ਰੀਤ 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ', ਪੰਜਾਬੀਆਂ ਦੇ ਸੁਭਾਅ ਦਾ ਅਟੁੱਟ ਹਿੱਸਾ ਹੈ। ਇਸ ਵਿਰਾਸਤ 'ਤੇ ਪਹਿਰਾ ਦੇਣ ਵਾਸਤੇ ਸਾਨੂੰ ਹਰ ਵੇਲੇ ਆਪਣਾ ਡੇਰਾ ਡਾਂਗ 'ਤੇ ਹੀ ਰੱਖਣਾ ਪੈਂਦਾ ਹੈ। ਤਵਾਰੀਖ ਬੋਲਦੀ ਹੈ ਕਿ ਇਸ ਧਰਤੀ ਦਾ ਅੰਨ ਪਾਣੀ ਛਕਣ ਵਾਲੇ ਕਦੇ ਵੀ ਹੱਕ ਸੱਚ ਲਈ ਜੂਝਣ ਅਤੇ ਜਾਨਾਂ ਵਾਰਨ ਤੋਂ ਪਿੱਛੇ ਨਹੀਂ ਹਟੇ। ਗਰੀਬਾਂ, ਮਜ਼ਲੂਮਾਂ, ਨਿਮਾਣਿਆਂ, ਨਿਤਾਣਿਆਂ ਦੀ ਧਿਰ ਬਣ ਕੇ ਮੈਦਾਨ ਵਿਚ ਨਿੱਤਰਨਾ ਪੰਜਾਬੀਆਂ ਦੀ ਫਿਤਰਤ ਹੈ।

ਪੰਜਾਂ ਪਾਣੀਆਂ ਦੀ ਸਰ-ਜ਼ਮੀਨ ਦੇ ਅਤੀਤ ਦਾ ਕੋਈ ਵਰਕਾ ਫਰੋਲ ਲਵੋ, ਉਹਦਾ ਰੱਤ 'ਚ ਭਿੱਜਿਆਂ ਰੰਗ ਲਾਲ ਸੂਹਾ ਹੀ ਹੋਵੇਗਾ। ਇਹ ਮਹਿਜ ਇਤਫਾਕ ਨਹੀਂ, ਇਸ ਦੇ ਪਿਛੋਕੜ ਵਿਚ ਇਸ ਭਾਗਾਂ ਭਰੀ ਜੂਹ ਦਾ ਜੁਗਰਾਫੀਆ ਅਤੇ ਇਥੇ ਵੱਸਣ ਵਾਲਿਆਂ ਦੀਆਂ ਜਦੋ-ਜਹਿਦਾਂ ਦੀ ਅਮੁੱਕ ਤੇ ਅਟੁੱਟ ਲੜੀ ਹੈ। ਨੇਕੀ ਤੇ ਬਦੀ, ਇਨਸਾਨ ਤੇ ਸ਼ੈਤਾਨ, ਗੁਰਮੁੱਖ ਤੇ ਮਨਮੁੱਖ ਦਰਮਿਆਨ ਤਣਾ-ਤਣੀ ਮੁੱਢ ਕਦੀਮ ਤੋਂ ਹੀ ਤੁਰੀ ਆ ਰਹੀ ਹੈ। ਸਦੀਆਂ ਲੰਘ ਗਈਆਂ, ਜੁਗੜੇ ਬੀਤ ਗਏ, ਪੰਜਾਬੀ ਭਾਵੇਂ ਲਹਿੰਦੇ ਵੰਨੀ ਦੇ ਹੋਣ ਜਾਂ ਚੜ੍ਹਦੇ ਵਾਲੇ ਸੁਭਾਅ ਅਤੇ ਤਾਸੀਰ ਪੱਖੋਂ ਇਕੋ ਜਿਹੇ ਜੌੜੇ ਭਰਾ ਹਨ।

ਪੋਰਸ ਤੋਂ ਸਦੀਆਂ ਬਾਅਦ ਇਸ ਕਰਮਾਂ ਮਾਰੀ ਧਰਤੀ ਨੂੰ ਇਕੋ ਇਕ ਆਪਣਾ ਰਾਜਾ 'ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ' ਦੇ ਰੂਪ ਵਿਚ ਨਸੀਬ ਹੋਇਆ। ਪੰਜਾਬ ਦੇ ਇਸ ਸੱਚ ਮੁੱਚ ਦੇ ਸ਼ੇਰ ਨੇ ਸੈਂਕੜੇ ਵਰ੍ਹਿਆਂ ਤੋਂ ਇਸ ਧਰਤੀ ਨੂੰ ਲੁੱਟਣ, ਕੁੱਟਣ, ਮਿੱਧਣ-ਮਧੋਲਣ ਵਾਲੇ ਅਫਗਾਨੀਆਂ, ਦੁਰਾਨੀਆਂ, ਤੁਰਕਾਂ, ਮੁਗਲਾਂ ਦਾ ਖਹਿਬਰ ਵਾਲਾ ਦਰਵਾਜਾ ਸਦਾ-ਸਦਾ ਲਈ ਬੰਦ ਕਰ ਦਿੱਤਾ। ਪੰਜਾਬ ਦੇ ਸ਼ੇਰ ਪੁੱਤਰ ਰਾਜੇ ਦੀਆਂ ਅੱਖਾਂ ਮੀਟਣ ਉਪਰੰਤ, ਫਿਰੰਗੀਆਂ ਨਾਲ ਰਣ ਤੱਤੇ ਵਿਚ ਦੋ ਹੱਥ ਕਰਨ ਵਾਲੇ ਧੌਲ ਦਾੜ੍ਹੀਏ 'ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ' ਨੂੰ ਭਲਾ ਕਿੰਜ ਭੁਲਾਇਆ ਜਾ ਸਕਦਾ ਹੈ? ਇਹ ਅਸਲ ਵਿਚ ਕਲਗੀਆਂ ਵਾਲੇ ਦਸ਼ਮੇਸ਼ ਗੁਰੂ, ਮਾਈ ਭਾਗੋ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਜੁਝਾਰੂ ਜਾਨਸ਼ੀਨ ਸੀ।

19ਵੀਂ 20ਵੀਂ ਸਦੀ ਵਿਚ ਤਾਂ ਪੰਜਾਬੀਆਂ ਦੀਆਂ ਕੁਰਬਾਨੀਆਂ ਦੀ ਝੜੀ ਹੀ ਲੱਗ ਗਈ। ਕਾਮਾਗਾਟਾ ਮਾਰੂ ਜਾਹਾਜ ਦਾ ਸਾਕਾ ਹੋਵੇ ਜਾਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ, ਅਸੀਂ ਮਰ ਮਰ ਕੇ ਵੀ ਜਿਉਂਦਿਆਂ ਜਾਗਦਿਆਂ ਜ਼ਬਰ ਜ਼ੁਲਮਾਂ ਦੇ ਵਿਰੁਧ ਨਿਰੰਤਰ ਆਢਾ ਲਾਈ ਰੱਖਿਆ। ਭਾਈ ਮਹਾਰਾਜ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਵਰਗੇ ਸ਼ਹੀਦੀ ਜਾਮੇ ਪਾ ਕੇ ਸਦਾ ਸਦਾ ਲਈ ਮੌਤ ਨੂੰ ਮਖੌਲਾਂ ਕਰਦੇ ਸਾਥੋਂ ਰੁਖਸਤ ਹੋ ਗਏ।

ਸੰਨ ਸੰਤਾਲੀ ਵਾਲੀ ਸਾੜ੍ਹਸਤੀ ਨੇ ਤਾਂ ਹੱਦਾਂ ਹੀ ਮੁਕਾ ਦਿੱਤੀਆਂ। ਜਦੋਂ ਖੁਦ ਪੰਜਾਬੀਆਂ ਨੂੰ ਅਜਿਹਾ ਝੱਲ ਚੜ੍ਹਿਆ ਕਿ ਅਸਾਂ ਗੈਰਾਂ ਦੇ ਨਹੀਂ, ਆਪਣਿਆ ਦੇ ਹੀ ਗਾਟੇ ਵੱਢ ਸੁੱਟੇ। ਆਪਣੇ ਹੀ ਮਾਂ ਜਾਇਆਂ ਨੂੰ ਕੋਹ-ਕੋਹ ਕੇ ਮਾਰਿਆ। ਮਾਂਵਾਂ ਭੈਣਾਂ ਤੇ ਧੀਆਂ ਦੀ ਬੇਪਤੀ ਕਰਨ ਦੇ ਕੁਕਰਮ ਕਮਾਏ। ਮਾਂ ਧਰਤੀ ਲੀਰੋ-ਲੀਰ ਹੋ ਗਈ, ਪੰਜਾਬ ਦੋਫਾੜ ਹੋ ਗਿਆ। ਜਨੂੰਨੀਆਂ, ਮੌਕਾਪ੍ਰਸਤ ਸਿਆਸਤਦਾਨਾਂ ਦੇ ਢਹੇ ਚੜ੍ਹ ਕੀਤੀਆਂ ਕਰਤੂਤਾਂ ਦੇ ਜ਼ਖਮ ਅਜੇ ਵੀ ਚਸਕਦੇ ਨੇ। ਅਸੀਂ ਕੰਡਿਆਲੀ ਵਾੜ ਲੱਗਣ ਤੋਂ ਪਿੱਛੋਂ ਵੀ ਮੌਕਾ ਮਿਲਦਿਆਂ ਹੀ ਜੱਫੀਆਂ ਗਲਵੱਕੜੀਆਂ ਆਪ ਮੁਹਾਰੇ ਹੀ ਪਾ ਲੈਂਦੇ ਹਾਂ। ਲੱਖਾਂ ਜੀਆਂ ਦੀ ਸ਼ਹਾਦਤ ਤੇ ਕਰੋੜਾਂ-ਅਰਬਾਂ ਦੀ ਜਾਇਦਾਦ ਗਵਾਉਣ ਤੋਂ ਛੇਤੀ ਹੀ ਬਾਅਦ ਅਸੀਂ ਫੇਰ ਉੱਠ ਖਲੋਏ। ਕਦੀ ਸਾਡੀ ਬੋਲੀ ਦੀ ਦੁਰਗਤੀ, ਕਦੀ ਸਾਡੀ ਕਿਰਤ ਕਮਾਈ ਦੀ ਅਣਦੇਖੀ। ਆਪਣੀ ਜੁਬਾਨ ਨੂੰ ਆਪ ਹੀ ਫਿਰਕੂ ਰੰਗ ਚਾੜ੍ਹ ਵਰ੍ਹਿਆਂ ਬੱਧੀ ਬਾਤ ਦਾ ਬਤੰਗੜ ਬਣਾ ਛੱਡਿਆ। ਆਖਰ ਨੂੰ, ਦੁੱਧ ਦਿੱਤਾ ਉਹ ਵੀ ਮਿੰਗਣਾ ਪਾ ਕੇ। ਪੰਜਾਬ ਫਿਰ ਛਾਂਗਿਆ ਤਰਾਸ਼ਿਆ ਗਿਆ। ਭਰਾਵਾਂ ਨਾਲ ਹੀ ਵੈਰ ਪਵਾ ਕੇ ਧਰਤੀ 'ਚ ਸੇਹ ਦੇ ਤਕਲੇ ਗੱਡ ਕੇ 1966 ਵਿਚ ਚੜ੍ਹਦਾ ਪੰਜਾਬ ਫਿਰ ਤਿੰਨ ਟੋਟਿਆਂ ਵਿਚ ਵੰਡਿਆ ਗਿਆ। ਇਸ ਅਣਹੋਣੀ ਦੇ ਬਾਵਜੂਦ ਪੰਜਾਬੀਆਂ ਨੇ, ਜੰਗ ਭਾਵੇਂ 1962 ਦੀ ਹੋਵੇ ਜਾਂ 65 ਤੇ 71 ਦੀ, ਦੇਸ਼ ਦੀ ਆਬਰੂ ਨੂੰ ਆਂਚ ਨਹੀਂ ਆਉਣ ਦਿੱਤੀ।

ਬਹੁਤ ਗੰਭੀਰ ਮਸਲਾ ਖੜ੍ਹਾ ਹੋ ਗਿਆ! ਮੁਲਕ ਦਾ ਢਿੱਡ ਭਰਨ ਦਾ। ਸਾਡੇ ਭਰਾਵਾਂ ਨੇ ਕਣਕ, ਚੌਲ, ਆਲੂ, ਕਪਾਹ, ਸੂਰਜ-ਮੁਖੀ, ਗੰਨਾ, ਦੁੱਧ-ਅੰਡਿਆਂ, ਕਿਨੂੰਆਂ, ਅੰਗੂਰਾਂ ਤੇ ਹੋਰ ਫਲਾਂ ਦੇ ਅੰਬਾਰ ਲਾ ਦਿੱਤੇ। ਅਖੌਤੀ ਹਰੇ ਇਨਕਲਾਬ ਦਾ ਲਾਹਾ ਤਾਂ ਸਾਰਾ ਹੀ ਦੇਸ ਲੈ ਗਿਆ, ਪੰਜਾਬੀਆਂ ਲਈ ਬਚ ਗਈ ਜ਼ਹਿਰੀ ਹਵਾ, ਧੁਆਂਖੀ ਧੁੱਪ, ਗੰਧਲਿਆ-ਪਲੀਤ ਪਾਣੀ, ਨਸ਼ੇੜੀ ਜਮੀਨ ਅਤੇ ਕੈਂਸਰ ਵਰਗੇ ਅਨੇਕਾਂ ਘਾਤਕ ਰੋਗ। ਆਖਣ ਨੂੰ ਖਾੜਕੂ ਦੌਰ ਦੀਆਂ ਜੜ੍ਹਾ ਅਸਲ ਵਿਚ ਹਰੇ ਇਨਕਲਾਬ ਦੇ ਬੁਲ੍ਹਬੁਲੇ ਦੇ ਫਟਣ ਨਾਲ ਜੁੜਦੀਆਂ ਨੇ। ਸੰਨ 84 ਦਾ ਜੂਨ ਮਹੀਨਾ ਹੋਵੇ ਜਾਂ ਨਵੰਬਰ ਪਿੱਛੋਂ ਪੰਜਾਬ ਦੇ ਸੀਨੇ 'ਚੋਂ ਰੱਤ ਦੀਆਂ ਘਰਾਲਾਂ ਬੇਤਹਾਸ਼ਾ ਵਰ੍ਹਿਆਂ ਬੱਧੀ ਵਗਦੀਆਂ ਰਹੀਆਂ। ਅਸੀਂ ਆਪਣੇ ਹੀ ਸਿਵਿਆਂ ਦੀ ਰਾਖ 'ਚੋਂ ਫੇਰ ਕੁਕਨੂਸ ਵਾਂਗ ਜਿਉਂਦੇ ਜਾਗਦੇ ਹੋਰ ਵੀ ਵਧੇਰੇ ਜੋਸ਼ ਨਾਲ ਉੱਠ ਖਲੋਤੇ। ਮਾਂ ਮਿੱਟੀ ਦਾ ਸੀਨਾ ਫਰੋਲ-ਫਰੋਲ ਕੇ ਕਣਕਾਂ ਦੇ ਬੋਹਲ, ਝੋਨੇ ਦੀਆਂ ਢੇਰੀਆਂ ਇੰਨੀਆਂ ਉਚੀਆਂ ਕਰ ਦਿੱਤੀਆਂ ਕਿ 'ਰੱਬਾ ਰਿਜ਼ਕ ਨਾ ਦੇਵੀਂ, ਪੀਹਣਾ ਪਕਾਉਣਾ ਪਊ।' ਸਾਡੀ ਮਿਹਨਤ ਮੁਸ਼ਕਤ ਨਾਲ ਅੰਨ ਦਾਣੇ ਵਾਲੇ ਗੁਦਾਮ ਨੱਕੋ-ਨੱਕ ਭਰ ਉਛਲਣ ਲੱਗੇ, ਪਰ ਪੰਜਾਬੀਆਂ ਦੀ ਤਕਦੀਰ ਨਾ ਬਦਲੀ। ਆਪਣੇ ਕੋਲੋਂ ਹੀ ਢੇਰਾਂ ਦੇ ਢੇਰ ਮਾਇਆ ਖਰਚ ਕਰ ਕੇ ਜਲਾਵਤਨੀ ਦਾ ਰਾਹ ਫੜ੍ਹ ਮਾਂ ਧਰਤੀ ਨੂੰ ਹੀ ਅਲਵਿਦਾ ਕਹਿਣਾ ਸ਼ੁਰੂ ਕਰ ਦਿੱਤਾ। ਪਿੱਛੇ ਰਹਿ ਗਿਆਂ ਨੂੰ ਕਰਜਿਆਂ ਨੇ ਸਾਹਸਤ ਹੀਣ ਕਰ ਖੁਦਕੁਸ਼ੀਆਂ ਦਾ ਮਾਰੂ ਦਰਵਾਜਾ ਖੋਲ੍ਹ ਦਿੱਤਾ। ਹੁਕਮਰਾਨਾਂ, ਸਰਕਾਰਾਂ ਨੇ ਬਲਦੀ 'ਤੇ ਤੇਲ ਪਾ ਕੇ ਸਿਵਿਆਂ ਦੀ ਅੱਗ ਸੇਕਣ ਤੋਂ ਅੱਗੇ ਕੁਝ ਵੀ ਨਹੀਂ ਕੀਤਾ। ਆਖਰ ਮਰਦਿਆਂ ਨੂੰ ਅੱਕ ਚਬਣਾ ਪਿਆ।

ਸੰਨ 2020-21 ਪੰਜਾਬ ਦੇ ਚੇਤਿਆਂ 'ਚ ਡੂੰਘਾ ਉਕਰਿਆ ਜਾਣਾ ਹੈ। ਇਕ ਪਾਸੇ ਕਰੋਨਾ ਮਹਾਂਮਾਰੀ ਦਾ ਕਹਿਰ ਤੇ ਦੂਜੇ ਬੰਨੇ ਆਖਣ ਨੂੰ ਤਰੱਕੀ ਵਾਲੇ, ਪਰ ਹਕੀਕਤ ਵਿਚ ਕਿਸਾਨੀ ਦੀ ਤਬਾਹੀ ਦੇ ਵਾਰੰਟ ਤਿੰਨ ਕਾਲੇ ਕਾਨੂੰਨ ਅਖੌਤੀ ਲੋਕ ਰਾਜੀ ਸਰਕਾਰ ਨੇ ਸਾਡੇ ਸਿਰ ਮੜ੍ਹ ਦਿੱਤੇ। ਪੰਜਾਬ ਨੂੰ ਇਕ ਵਾਰੀ ਫਿਰ ਯਾਦ ਆਈਆਂ ਆਪਣੀਆਂ ਵਿਰਾਸਤੀ ਆਲੀਸ਼ਾਨ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਕੀਤੀਆਂ ਜੱਦੋ-ਜਹਿਦਾਂ। ਇਨ੍ਹਾਂ ਦਾ ਨਤੀਜਾ ਹੈ ਮੌਜੂਦਾ ਕਿਸਾਨ ਅੰਦੋਲਨ। ਇਹੋ ਜਿਹਾ ਅੰਦੋਲਨ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਸੰਸਾਰ ਭਰ ਦੇ ਸਮਾਜੀ ਇਤਿਹਾਸ ਵਿਚ ਵੀ ਕਦੀ ਨਹੀਂ ਹੋਇਆ। ਪੰਜਾਬ ਦੀ ਅਗਵਾਈ ਵਿਚ ਤੁਰਿਆ ਕਿਰਤੀਆਂ, ਕਿਸਾਨਾਂ, ਛੋਟੇ ਦੁਕਾਨਦਾਰਾਂ, ਪੱਲੇਦਾਰਾਂ, ਆੜ੍ਹਤੀਆਂ ਤੇ ਟਰੱਕਾਂ-ਟੈਕਸੀਆਂ ਵਾਲਿਆਂ ਅਤੇ ਹੋਰ ਕਾਮਿਆਂ ਦਾ ਇਹ ਅੰਦੋਲਨ ਅੱਗੇ ਤੋਂ ਅੱਗੇ ਹੀ ਫੈਲਦਾ ਤੇ ਪਸਰਦਾ ਜਾ ਰਿਹਾ ਹੈ। ਮੱਘਰ-ਪੋਹ ਦੇ ਪਾਲੇ ਵਿਚ ਪਾਣੀ ਦੀਆਂ ਬੁਛਾੜਾਂ ਨਾਲ ਠਰੂੰ ਠਰੂੰ ਕਰਦੇ ਆਮ ਲੋਕ, ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਦੇ, ਪੁਲਿਸ ਵੱਲੋਂ ਲਾਈਆਂ ਰੋਕਾਂ ਨੂੰ ਪਾਰ ਕਰਕੇ ਆਖਰਕਾਰ ਦਿੱਲੀ ਦੀਆਂ ਬਰੂਹਾਂ 'ਤੇ ਪੁੱਜਣ ਵਿਚ ਸਫਲ ਹੋ ਹੀ ਗਏ।

ਗੁਰੂਆਂ ਦੀ ਮਿਹਰ, ਭਗਤਾਂ ਦੀ ਥਾਪਨਾ, ਸੂਫੀ ਫਕੀਰਾਂ ਦੀਆਂ ਦੁਆਵਾਂ ਨਾਲ ਮੰਜ਼ਿਲਾਂ ਸਰ ਕਰਦੇ ਅਸੀਂ ਅੱਗੇ ਤੋਂ ਅੱਗੇ ਇਕਜੁੱਟ ਹੋ ਕੇ ਵਧਦੇ ਹੀ ਚਲੇ ਗਏ। ਪੰਜਾਬ, ਹਰਿਆਣਾ ਤੇ ਯੂ. ਪੀ. ਦੀਆਂ ਸਤਿਕਾਰਯੋਗ ਮਾਂਵਾਂ ਤੇ ਧੀਆਂ ਦੀਆਂ ਸਾਂਝੀਆਂ ਲਲਕਾਰਾਂ ਅਤੇ ਗੱਭਰੂਆਂ ਦੀਆਂ ਵੰਗਾਰਾਂ ਅਜਿਹੇ ਰੂਪ ਵਿਚ ਪਹਿਲੋਂ ਕਦੇ ਕਿਸੇ ਨੇ ਨਹੀਂ ਸਨ ਵੇਖੀਆਂ। ਵੱਡੇ ਬਜੁਰਗ ਜਦੋਂ ਮੰਤਰੀਆਂ-ਸੰਤਰੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲੱਗੇ ਤਾਂ ਸਰਕਾਰਾਂ ਦੀਆਂ ਚੂਲਾਂ ਹਿੱਲ ਗਈਆਂ। ਕੁਝ ਦਿਨਾਂ ਬਾਅਦ ਦਿੱਲੀ ਦੀ ਪਰਿਕਰਮਾ 'ਬਾਹਰਲੀ ਰਿੰਗ ਰੋਡ' ਰਾਹੀਂ ਹਜ਼ਾਰਾਂ ਦੀ ਤਾਦਾਦ ਵਿਚ ਟਰੈਕਟਰਾਂ 'ਤੇ ਝੂਲਦੇ ਕਿਰਸਾਣੀ ਝੰਡਿਆਂ ਅਤੇ ਤਿਰੰਗਿਆਂ ਦੇ ਲਹਿਰਾਉਣ ਦੀਆਂ ਚਹੁੰ-ਕੂੰਟਾਂ ਵਿਚ ਧੁੰਮਾਂ ਪੈ ਗਈਆਂ। ਪੰਜਾਬ, ਹਰਿਆਣਾ, ਯੂ. ਪੀ., ਉਤਰਾਖੰਡ ਦੀ ਤਰਾਈ, ਰਾਜਸਥਾਨ, ਮੱਧ ਪ੍ਰਦੇਸ਼ ਵਾਲਿਆਂ ਨੇ ਦਿੱਲੀ ਦੇ ਸਾਰੇ ਵੱਡੇ ਲਾਂਘਿਆਂ 'ਤੇ ਡੇਰੇ ਜਮਾ ਲਏ। ਇਥੇ 'ਟਰੈਕਟਰਾਂ ਦੇ ਪਿੰਡ' ਵਸਾ ਕੇ ਮੋਰਚੇ ਮੱਲ ਲਏ। ਹਰ ਜਾਤ ਬਰਾਦਰੀ, ਧਰਮ ਮਜੁਬ, ਰੰਗ, ਨਸਲ, ਊਚ-ਨੀਚ ਦੀ ਸ਼ਾਨਦਾਰ ਏਕਤਾ ਵਿਖਾ ਕੇ ਇਹੋ ਜਿਹੇ ਦ੍ਰਿਸ਼ ਸਿਰਜੇ, ਜਿਹੜੇ ਪਹਿਲੋਂ ਕਦੇ ਵੀ ਕਿਸੇ ਨੇ ਨਹੀਂ ਸਨ ਡਿੱਠੇ। ਔਰਤਾਂ, ਮਰਦ, ਨਿਆਣਿਆਂ ਸਿਆਣਿਆਂ ਅਤੇ ਵੱਡੇ ਬਜੁਰਗਾਂ ਦੀ ਆਪਸੀ ਇਕ ਜੁੱਟਤਾ ਨਾਲ ਇਕੋ ਇਕ ਮਸਲਾ ਲੈ ਕੇ, ਦਿੱਲੀ ਵਾਲੀ ਵੱਡੀ ਸਰਕਾਰ ਵਿਰੁੱਧ ਆਢਾ ਲਾ ਕੇ ਪੱਕੇ ਪੈਰੀਂ ਡੱਟ ਗਏ। ਕਮਾਲ ਦੀ ਪ੍ਰਾਪਤੀ ਹੈ ਕਿ ਸਿਰਜਣਹਾਰ ਵੱਲੋਂ ਸਿਰਜੀ ਸਮੂਹ ਜਾਨਦਾਰ ਅਤੇ ਬੇਜਾਨ ਸਿਰਜਣਾ ਦੇ ਪਾਲਣਹਾਰ, ਰਖਵਾਲੇ ਸੱਚ ਦਾ ਪੱਲਾ ਫੜ ਕੇ, ਸਹੀ ਵਿਗਿਆਨਕ ਸੋਚ 'ਤੇ ਪਹਿਰਾ ਦੇ ਰਹੇ ਹਨ। ਅਸੀਂ ਸੁਭਾਗੇ ਹਾਂ ਕਿ ਸਾਡੀਆਂ ਅੱਖਾਂ ਸਾਹਮਣੇ ਇਤਿਹਾਸ ਦਾ ਸੁਨਹਿਰੀ ਪੰਨਾ ਕਾਮਿਆਂ, ਕਿਸਾਨਾਂ, ਕਾਰੀਗਰਾਂ, ਕਲਾਕਾਰਾਂ, ਸਾਹਿਤਕਾਰਾਂ ਅਤੇ ਸੱਚੀਂ ਮੁੱਚੀ ਦੇ ਰੱਬ ਦੇ ਬੰਦਿਆਂ ਵੱਲੋਂ ਲਿਖਿਆ ਜਾ ਰਿਹਾ ਹੈ।

**ਰੱਬ ਖੈਰ ਕਰੇ !**

*ਪੰਜਾਬ, ਹਰਿਆਣਾ, ਯੂ. ਪੀ., ਉਤਰਾਖੰਡ ਦੀ ਤਰਾਈ, ਰਾਜਸਥਾਨ, ਮੱਧ ਪ੍ਰਦੇਸ਼ ਵਾਲਿਆਂ ਨੇ ਦਿੱਲੀ ਦੇ ਸਾਰੇ ਵੱਡੇ ਲਾਂਘਿਆਂ 'ਤੇ ਡੇਰੇ ਜਮਾ ਲਏ। ਇਥੇ 'ਟਰੈਕਟਰਾਂ ਦੇ ਪਿੰਡ' ਵਸਾ ਕੇ ਮੋਰਚੇ ਮੱਲ ਲਏ। ਹਰ ਜਾਤ ਬਰਾਦਰੀ, ਧਰਮ ਮਜੁਬ, ਰੰਗ, ਨਸਲ, ਊਚ-ਨੀਚ ਦੀ ਸ਼ਾਨਦਾਰ ਏਕਤਾ ਵਿਖਾ ਕੇ ਇਹੋ ਜਿਹੇ ਦ੍ਰਿਸ਼ ਸਿਰਜੇ, ਜਿਹੜੇ ਪਹਿਲੋਂ ਕਦੇ ਵੀ ਕਿਸੇ ਨੇ ਨਹੀਂ ਸਨ ਡਿੱਠੇ। ਔਰਤਾਂ, ਮਰਦ, ਨਿਆਣਿਆਂ ਸਿਆਣਿਆਂ ਅਤੇ ਵੱਡੇ ਬਜੁਰਗਾਂ ਦੀ ਆਪਸੀ ਇਕ ਜੁੱਟਤਾ ਨਾਲ ਇਕੋ ਇਕ ਮਸਲਾ ਲੈ ਕੇ, ਦਿੱਲੀ ਵਾਲੀ ਵੱਡੀ ਸਰਕਾਰ ਵਿਰੁੱਧ ਆਢਾ ਲਾ ਕੇ ਪੱਕੇ ਪੈਰੀਂ ਡੱਟ ਗਏ। ਕਮਾਲ ਦੀ ਪ੍ਰਾਪਤੀ ਹੈ ਕਿ ਸਿਰਜਣਹਾਰ ਵੱਲੋਂ ਸਿਰਜੀ ਸਮੂਹ ਜਾਨਦਾਰ ਅਤੇ ਬੇਜਾਨ ਸਿਰਜਣਾ ਦੇ ਪਾਲਣਹਾਰ, ਰਖਵਾਲੇ ਸੱਚ ਦਾ ਪੱਲਾ ਫੜ ਕੇ, ਸਹੀ ਵਿਗਿਆਨਕ ਸੋਚ 'ਤੇ ਪਹਿਰਾ ਦੇ ਰਹੇ ਹਨ।*



## ਸਾਜਿਸ਼

-ਚੰਨ
ਫੋਨ: 908-788-8427

ਹਰ ਸਾਜਿਸ਼ ਤੇਰੀ ਚਾਲ ਹੋਈ ਏ ਨਾਕਾਮ ਤੇਰੇ ਸ਼ਹਿਰ ਵਿਚ।
ਤੇਰੇ ਜਲਵੇ ਦੀ ਢਲਦੀ ਜਾ ਰਹੀ ਏ ਸ਼ਾਮ ਤੇਰੇ ਸ਼ਹਿਰ ਵਿਚ।

ਤੇਰੇ ਚਿਹਰੇ ਤੋਂ ਨਕਾਬ ਲਹਿ ਗਿਆ ਹੈ ਦੁਨੀਆਂ ਦੇ ਸਾਹਮਣੇ
ਤੇਰਾ ਰਹਿ ਗਿਆ ਨਹੀਂ ਕਿਤੇ ਇਹਤਰਾਮ ਤੇਰੇ ਸ਼ਹਿਰ ਵਿਚ।

ਤੇਰੇ ਏਸ ਤਾਨਾਸ਼ਾਹ, ਜ਼ਿੱਦੀ, ਗੈਰ-ਜ਼ਿੰਮੇਵਾਰਾਨਾ ਰਵੱਈਏ ਦਾ
ਯਾਦ ਰੱਖ, ਚੰਗਾ ਨਹੀਂ ਹੋਣ ਲੱਗਾ ਅੰਜ਼ਾਮ ਤੇਰੇ ਸ਼ਹਿਰ ਵਿਚ।

ਇਹ ਤਖਤੋ ਤਾਜ, ਸ਼ਾਨੋ ਸ਼ੌਕਤ ਪਲ ਭਰ ਦੇ ਹੀ ਮਹਿਮਾਨ ਨੇ
ਪਿੱਛੋਂ ਲੈਣਾ ਨਹੀਂ ਕਿਸੇ ਨੇ ਵੀ ਤੇਰਾ ਨਾਮ ਤੇਰੇ ਸ਼ਹਿਰ ਵਿਚ।

ਅੱਜ ਜਿਨ੍ਹਾਂ ਦੀ ਸ਼ਹਿ 'ਤੇ ਜ਼ੁਲਮ ਢਾਹ ਰਿਹਾ ਏਂ ਬੇਕਸੂਰਾਂ 'ਤੇ
ਕਹਿਣ ਨਹੀਂ ਆਣਗੇ ਤੈਨੂੰ ਆਖਰੀ ਸਲਾਮ ਤੇਰੇ ਸ਼ਹਿਰ ਵਿਚ।

ਦੇਸ ਦਾ ਹਰ ਅਦਾਰਾ ਦੀਵਾਲੀਆ ਹੈ, ਬੇਕਾਰੀ ਹੈ, ਭੁੱਖਮਰੀ ਹੈ
ਲੋਕਾਈ ਹੱਕਾਂ ਲਈ ਕਰ ਰਹੀ ਹੈ ਸੰਗਰਾਮ ਤੇਰੇ ਸ਼ਹਿਰ ਵਿਚ।

ਆਪਣੇ ਹੀ ਘਰ ਦੇ ਵਿਹੜੇ 'ਚ ਕਿੱਲ-ਕਾਂਟੇ ਕੰਧਾਂ ਉਸਾਰਨ ਦਾ
ਕੀ ਮਿਲੇਗਾ ਮੁਲਕ ਦੀ ਲੋਕਾਈ ਨੂੰ ਪੈਗਾਮ ਤੇਰੇ ਸ਼ਹਿਰ ਵਿਚ।

ਇਹ ਗੈਰ ਮੁਲਕੀ ਸਰਹੱਦ ਨਹੀਂ ਨਾ ਦੁਸ਼ਮਣ ਦੀ ਘੇਰਾਬੰਦੀ ਹੈ
ਤੇਰੇ ਆਪਣੇ ਲੋਕ ਨੇ, ਲੜਨ ਨਹੀਂ ਆਏ ਲਾਮ ਤੇਰੇ ਸ਼ਹਿਰ ਵਿਚ।

ਜਿਨ੍ਹਾਂ ਨੂੰ ਘੇਰ ਰਿਹਾ ਏਂ ਇਹ ਉਹ ਮਿਹਨਤੀ ਕਿਰਤੀ ਲੋਕ ਨੇ
ਜਿਨ੍ਹਾਂ ਦੇ ਪੈਦਾ ਅਨਾਜ਼ ਤੋਂ ਪੱਕਦੈ ਤੁਆਮ ਤੇਰੇ ਸ਼ਹਿਰ ਵਿਚ।

ਜੇਲ੍ਹਾਂ 'ਚੋਂ ਮਾਫੀ ਮੰਗ ਕੇ ਆਉਣ ਵਾਲਿਆਂ ਦੇ ਬੇਗੈਰਤ ਵਾਰਿਸ
ਅੱਜ ਅਤਿਵਾਦੀ, ਵੱਖਵਾਦੀ ਦੇ ਰਹੇ ਨੇ ਨਾਮ ਤੇਰੇ ਸ਼ਹਿਰ ਵਿਚ।

ਤੇਰਾ ਕਾਨੂੰਨ, ਤੇਰੇ ਕਾਨੂੰਨ ਦੇ ਮੁਹਾਫਿਸ ਗੁੰਡਿਆਂ ਨੂੰ ਨਾਲ ਲੈ ਕੇ
ਸ਼ਾਂਤ ਕਿਸਾਨਾਂ 'ਤੇ ਕਰਦੇ ਨੇ ਜ਼ੁਲਮ ਸ਼ੱਰੇਆਮ ਤੇਰੇ ਸ਼ਹਿਰ ਵਿਚ।

ਵੇਲੇ ਦਾ ਤਕਾਜ਼ਾ ਹੈ ਭਿਖਾਰੀ ਵੀ ਤਖਤੋ-ਤਾਜ ਸਾਂਭਦੇ ਆਏ ਨੇ
ਤਾਕਤ ਨੇ ਭੁਲਾ ਦਿੱਤਾ ਏ ਤੈਨੂੰ ਤੇਰਾ ਮੁਕਾਮ ਤੇਰੇ ਸ਼ਹਿਰ ਵਿਚ।

ਲੋਕ ਸਰਕਾਰਾਂ ਲੋਕਾਂ ਦੀ ਮੁਲਕ ਦੀ ਭਲਾਈ ਲਈ ਬਣਦੀਆਂ ਨੇ
ਲੋਕ ਰਾਏ ਦਾ ਹੋਣਾ ਚਾਹੀਦਾ ਏ ਇਹਤਰਾਮ ਤੇਰੇ ਸ਼ਹਿਰ ਵਿਚ।

ਠੰਡੇ ਪਾਣੀ ਦੀਆਂ ਬੁਛਾੜਾਂ, ਡਾਗਾਂ ਰੋੜੇ ਪੱਥਰ ਮਾਰੇ ਜਾ ਰਹੇ ਨੇ
ਇਹ ਕਿਹੋ ਜਿਹਾ ਬੇਰਹਿਮ ਏ ਤੇਰਾ ਨਿਜ਼ਾਮ ਤੇਰੇ ਸ਼ਹਿਰ ਵਿਚ।

ਤੂੰ ਹਰ ਹਰਬਾ ਵਰਤਿਆ ਏ ਕਿਸਾਨਾਂ ਨੂੰ ਬਦਨਾਮ ਕਰਨ ਦਾ
ਗੱਦਾਰੀ ਦੇ ਵੀ ਧਰੇ ਗਏ ਨੇ ਵੱਡੇ ਇਲਜ਼ਾਮ ਤੇਰੇ ਸ਼ਹਿਰ ਵਿਚ।

ਇਹ ਖਾਪ ਪੰਚਾਇਤਾਂ 'ਚ ਇਕੱਠ, ਧਰਨਿਆਂ 'ਚ ਲੋਕਾਂ ਦਾ ਹੜ੍ਹ
ਦੀਵਾਰ 'ਤੇ ਲਿਖਿਆ ਪੜ੍ਹ ਲੈ ਕੀ ਏ ਪੈਗਾਮ ਤੇਰੇ ਸ਼ਹਿਰ ਵਿਚ।

ਤੈਨੂੰ ਇਤਿਹਾਸ 'ਚ ਕੋਈ ਸ਼ਾਇਦ ਯਾਦ ਰੱਖੇ ਨਾ ਰੱਖੇ, ਕੌਣ ਜਾਣੇ
ਸ਼ਹੀਦ ਕਿਰਸਾਨਾਂ ਨੂੰ ਲੋਕੀਂ ਕਰਨਗੇ ਸਲਾਮ ਤੇਰੇ ਸ਼ਹਿਰ ਵਿਚ।

# ਕਿੱਲ, ਕਾਂਟੇਦਾਰ ਤਾਰ, ਕਿਸਾਨ ਮੋਰਚਾ ਅਤੇ ਲੋਕਰਾਜ

\ਕਿਸਾਨਾਂ ਨੇ ਆਪਣਾ ਅੰਦੋਲਨ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਅਤੇ ਐਮ. ਐਸ. ਪੀ. ਨੂੰ ਕਾਨੂੰਨ ਵਜੋਂ ਪਾਸ ਕਰਵਾ ਕੇ ਖੇਤੀ ਉਪਜ ਦੀ ਖਰੀਦ ਉਸ ਕੀਮਤ 'ਤੇ ਲਾਜ਼ਮੀ ਬਣਾਉਣ ਨੂੰ ਲੈ ਕੇ ਸ਼ੁਰੂ ਕੀਤਾ ਸੀ, ਜਿਸ ਵਿਚ ਚੌਥੀ ਹੋਰ ਕੋਈ ਮੰਗ ਸ਼ਾਮਲ ਨਹੀਂ ਸੀ। ਕਿਸਾਨ ਆਗੂ ਜਾਣਦੇ ਹਨ ਕਿ ਜੇ ਇੱਕ ਵਾਰ ਇਹ ਕਾਨੂੰਨ ਲਾਗੂ ਹੋ ਜਾਂਦੇ ਹਨ ਤਾਂ ਕਿਸਾਨ ਖੇਤੀ ਤੋਂ ਬਾਹਰ ਹੋ ਜਾਵੇਗਾ, ਕਿਉਂਕਿ ਕਾਰਪੋਰੇਟ ਨੂੰ ਕਿਸਾਨ ਦੀ ਲੋੜ ਹੀ ਨਹੀਂ ਰਹਿਣੀ। ਅੱਜ ਦੇ ਕਿਸਾਨ ਆਗੂ ਪੜ੍ਹੇ-ਲਿਖੇ ਹਨ। ਉਨ੍ਹਾਂ ਨੂੰ ਇਹ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਕਾਨੂੰਨ ਗੈਟ ਦੇ ਸਮਝੌਤੇ ਅਨੁਸਾਰ ਬਣਾਏ ਗਏ ਹਨ ਅਤੇ ਇਹ ਲੜਾਈ ਬਹੁਤ ਵੱਡੀ ਅਤੇ ਲੰਬੀ ਹੈ। ਇਹ ਉਹ ਕਿਸਾਨ ਨੇਤਾ ਹਨ, ਜਿਨ੍ਹਾਂ ਦਾ ਕਿਸਾਨ ਸੰਘਰਸ਼ਾਂ ਨੂੰ ਚਲਾਉਣ ਦਾ ਲੰਬਾ ਤਜ਼ਰਬਾ ਹੈ। ਇਹ



ਡਾ. ਗੁਰਨਾਮ ਕੌਰ, ਕੈਨੇਡਾ

ਕੋਈ ਕੱਲ ਹੀ ਉਠ ਕੇ ਆਗੂ ਨਹੀਂ ਬਣੇ, ਸਗੋਂ ਇਨ੍ਹਾਂ ਵਿਚ ਉਹ ਵੀ ਹਨ, ਜੋ 1970ਵਿਆਂ ਤੋਂ ਕਿਸਾਨ ਸੰਘਰਸ਼ਾਂ ਨੂੰ ਸਫਲਤਾ ਪੂਰਵਕ ਚਲਾਉਂਦੇ ਆ ਰਹੇ ਹਨ। ਇਨ੍ਹਾਂ ਨੂੰ ਖੁੱਲ੍ਹੇ ਵਪਾਰ, ਖੁੱਲ੍ਹੀਆਂ ਮੰਡੀਆਂ ਤੋਂ ਲੈ ਕੇ ਕੌਮਾਂਤਰੀ ਵਪਾਰ ਸਮਝੌਤਿਆਂ, ਸ਼ਾਂਤਾ ਕੁਮਾਰ ਰਿਪੋਰਟ, ਸਵਾਮੀਨਾਥਨ ਕਮਿਸ਼ਨ ਤੱਕ ਇੱਕ ਇੱਕ ਕਾਨੂੰਨ ਦੀ ਬਾਰੀਕੀ ਨਾਲ ਸਮਝ ਹੈ।

ਕਿਸਾਨ ਆਗੂ ਆਪਣੀਆਂ ਸਟੇਜਾਂ ਤੋਂ ਦੱਸਦੇ ਹਨ ਕਿ ਗੈਟ ਦੇ 12ਵੇਂ ਅਧਿਆਇ ਵਿਚ ਇਹ ਦਰਜ ਹੈ ਕਿ ਕਿਸਾਨ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਭਾਵੇਂ ਉਹ ਸਬਸਿਡੀ ਹੈ ਜਾਂ ਕੁਝ ਹੋਰ ਰਿਆਇਤਾਂ, ਭਾਰਤ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ। ਉਹ ਇਸ ਦੇ ਇਤਿਹਾਸ ਵਿਚ ਜਾਂਦਿਆਂ ਦੱਸਦੇ ਹਨ ਕਿ ਗੈਟ ਦੀ ਮੀਟਿੰਗ ਵਿਚ ਭਾਰਤ ਦਾ ਪ੍ਰਿੰਸੀਪਲ ਸਕੱਤਰ ਐਸ. ਪੀ. ਸ਼ੁਕਲਾ ਸੀ, ਜਿਸ ਨੇ ਉਦੋਂ ਦੀ ਭਾਰਤ ਸਰਕਾਰ ਨੂੰ ਆਗਾਹ ਕੀਤਾ ਸੀ ਕਿ ਗੈਟ ਦਾ ਖਰੜਾ ਭਾਰਤ ਲਈ ਤਬਾਹਕੁਨ ਅਤੇ ਖਤਰਨਾਕ ਹੈ ਅਤੇ ਭਾਰਤ ਨੂੰ ਇਸ ਸਮਝੌਤੇ 'ਤੇ ਸਹਿਮਤੀ ਨਹੀਂ ਦੇਣੀ ਚਾਹੀਦੀ। ਉਹ ਇਹ ਵੀ ਜਾਣਦੇ ਹਨ ਕਿ ਸੰਸਾਰ ਬੈਂਕ ਨੇ ਭਾਰਤੀ ਸਰਕਾਰ ਨੂੰ ਚਿੱਠੀ ਲਿਖੀ ਸੀ ਕਿ ਐਸ. ਪੀ. ਸ਼ੁਕਲਾ ਨੂੰ ਹਟਾ ਕੇ ਉਸ ਦੀ ਥਾਂ ਅਨਵਰ ਅਲ ਹੁੱਡਾ ਨੂੰ ਪ੍ਰਿੰਸੀਪਲ ਸਕੱਤਰ ਲਾਇਆ ਜਾਵੇ ਅਤੇ ਉਸ ਤੋਂ ਬਾਅਦ ਨਰਸਿਮਹਾ ਰਾਉ ਦੀ ਸਰਕਾਰ ਆਈ, ਜਿਸ ਨੇ ਇਵੇਂ ਹੀ ਕੀਤਾ; ਐਸ. ਪੀ. ਸ਼ੁਕਲਾ ਨੂੰ ਹਟਾ ਕੇ ਉਸ ਦੀ ਥਾਂ ਅਨਵਰ ਅਲ ਹੁੱਡਾ ਨੂੰ ਪ੍ਰਿੰਸੀਪਲ ਸਕੱਤਰ ਬਣਾ ਦਿੱਤਾ।

ਕਿਸਾਨ ਜਾਣਦੇ ਹਨ ਕਿ ਅਮਰੀਕਾ ਦਾ ਸੰਸਾਰ ਬੈਂਕ 'ਤੇ ਦਬਦਬਾ ਕਾਇਮ ਹੈ ਅਤੇ ਇਹੀ ਵਜ੍ਹਾ ਹੈ ਕਿ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਸਰਕਾਰ ਵੱਲੋਂ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਬਾਰੇ ਤਾਂ ਭਾਰਤ ਨੂੰ ਕਿਹਾ ਹੈ, ਪਰ ਕਾਨੂੰਨ ਰੱਦ ਕਰਨ ਬਾਰੇ ਅਮਰੀਕਾ ਚੁੱਪ ਹੈ। ਕਿਸਾਨ ਨੇਤਾ ਆਪਣੀਆਂ ਮੰਗਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ। ਉਨ੍ਹਾਂ ਦਾ ਇਹ ਸੁਚੇਤ ਹੋਣਾ ਹੀ ਸੀ ਕਿ ਆਰਡੀਨੈਂਸ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ, ਸਮੇਤ ਰਾਜਕਰਤਾ ਕਾਂਗਰਸ ਪਾਰਟੀ ਦੇ, ਕਿਸਾਨ ਭਵਨ ਚੰਡੀਗੜ੍ਹ ਵਿਚ ਮੀਟਿੰਗ ਕਰਕੇ ਆਗਾਹ ਕੀਤਾ ਸੀ ਕਿ ਇਸ ਕਿਸਮ ਦੇ ਕਾਨੂੰਨ ਆਉਣ ਵਾਲੇ ਹਨ। ਇਹੀ ਵਜ੍ਹਾ ਸੀ ਕਿ ਆਰਡੀਨੈਂਸ ਆਉਂਦਿਆਂ ਹੀ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਆਰਡੀਨੈਂਸਾਂ ਦੇ ਖਿਲਾਫ ਧਰਨਿਆਂ ਦੇ ਰੂਪ ਵਿਚ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਸੀ, ਜਿਸ ਵਿਚ ਟੋਲ ਪਲਾਜ਼ਿਆਂ ਤੋਂ ਲੈ ਕੇ ਰਿਲਾਇੰਸ ਦੇ ਪੈਟਰੋਲ ਪੰਪਾਂ, ਸ਼ਾਪਿੰਗ ਮਾਲਾਂ ਅਤੇ ਰੇਲਵੇ ਟਰੈਕਾਂ ਤੱਕ ਦਾ ਘਿਰਾਓ ਸ਼ਾਮਲ ਸੀ। ਸਾਰੀ ਮੁਖਾਲਫਤ ਦੇ ਬਾਵਜੂਦ ਬਹੁਤ ਹੀ ਗੈਰ-ਸੰਵਿਧਾਨਕ ਤਰੀਕੇ ਨਾਲ, ਰਾਜ ਸਭਾ ਵਿਚ ਬਿਨਾ ਕਿਸੇ ਵੋਟਿੰਗ ਕਰਾਉਣ ਦੇ ਕਾਨੂੰਨ ਪਾਸ ਕਰ ਦਿੱਤੇ ਗਏ।

ਕਿਸਾਨ ਲੀਡਰਾਂ ਦੀ ਯੋਗਤਾ, ਦੂਰ-ਅੰਦੇਸ਼ ਰਹਿਨੁਮਾਈ ਹੀ ਸੀ ਕਿ ਪੰਜਾਬ ਤੋਂ ਸ਼ੁਰੂ ਹੋ ਕੇ ਅੰਦੋਲਨ ਹਰਿਆਣੇ ਤੱਕ ਫੈਲਿਆ; ਹਰਿਆਣੇ ਦੇ ਨੌਜੁਆਨ ਕਿਸਾਨਾਂ ਨੇ ਗੁਰਨਾਮ ਸਿੰਘ ਚੜੂੰਨੀ ਦੀ ਅਗਵਾਈ ਵਿਚ 25 ਨਵੰਬਰ ਨੂੰ ਹਰਿਆਣਾ ਸਰਕਾਰ ਵੱਲੋਂ ਲਾਏ ਗਏ ਹਰ ਤਰ੍ਹਾਂ ਦੇ ਬੈਰੀਅਰ ਤੋੜਨ ਵਿਚ ਅਗਵਾਈ ਕਰਕੇ ਪੰਜਾਬ ਦੇ ਕਿਸਾਨਾਂ ਲਈ ਦਿੱਲੀ ਪਹੁੰਚਣਾ ਆਸਾਨ ਬਣਾਇਆ। ਸਾਰੇ ਲੋਕ ਇਸ ਤੱਥ ਤੋਂ ਭਲੀਭਾਂਤ ਜਾਣੂ ਹਨ। ਕਿਸਾਨ ਆਗੂਆਂ ਦੀ ਦੂਰ-ਅੰਦੇਸ਼ੀ ਅਤੇ ਸਾਂਝੀ ਸਮਝ ਹੀ ਸੀ ਕਿ ਵੱਖ ਵੱਖ ਵਿਚਾਰਧਾਰਾਵਾਂ ਦੇ ਧਾਰਨੀ ਹੋਣ ਦੇ ਬਾਵਜੂਦ ਉਹ 32 ਜਥੇਬੰਦੀਆਂ ਦਾ ਸਾਂਝਾ ਮੋਰਚਾ ਬਣਾ ਕੇ ਭਾਰਤ ਦੀਆਂ ਕਰੀਬ ਪੰਜ ਸੌ ਕਿਸਾਨ ਜਥੇਬੰਦੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਹੋ ਸਕੇ। ਉਨ੍ਹਾਂ ਦਾ ਸਾਂਝਾ ਏਜੰਡਾ ਕਿ ਇਹ ਕਾਨੂੰਨ ਵਾਪਸ ਕਰਾਕੇ ਐਮ. ਐਸ. ਪੀ. ਅਤੇ ਖਰੀਦ ਦੀ ਗਾਰੰਟੀ ਕਰਵਾਉਣੀ ਹੈ, ਨੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਿਆ ਹੋਇਆ ਹੈ। ਇਹ ਸਭ ਦਾ ਸਾਂਝਾ ਪ੍ਰੋਗਰਾਮ ਹੈ।

ਇਹੀ ਨਹੀਂ ਕਿ ਉਨ੍ਹਾਂ ਦੇ ਇਸ ਸਾਂਝੇ ਪ੍ਰੋਗਰਾਮ ਸਦਕਾ ਹੀ ਅੱਜ ਇਹ ਮੋਰਚਾ ਸਾਰੇ ਭਾਰਤ ਦੇ ਕਿਸਾਨਾਂ ਦਾ ਅੰਦੋਲਨ ਬਣ ਗਿਆ ਹੈ, ਸਗੋਂ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਇਹ ਜਾਗ੍ਰਿਤੀ ਲਹਿਰ ਹੀ ਹੈ, ਜਿਸ ਨੇ ਹਰ ਵਰਗ ਨੂੰ ਉਨ੍ਹਾਂ ਦੀ ਹਮਾਇਤ 'ਤੇ ਲਿਆ ਖੜ੍ਹਾ ਕੀਤਾ ਹੈ, ਭਾਵੇਂ ਉਹ ਆਮ ਸ਼ਹਿਰੀ ਹਨ, ਛੋਟੇ ਦੁਕਾਨਦਾਰ, ਦਿੱਲੀ ਦੇ ਬਾਰਡਰਾਂ 'ਤੇ ਵੱਸੇ ਆਮ ਪਿੰਡਾਂ ਦੇ ਲੋਕ, ਵਕੀਲ, ਵਿਦਿਆਰਥੀ, ਅਧਿਆਪਕ, ਅਧਿਆਤਮਕ ਹਸਤੀਆਂ, ਕਲਾਕਾਰ, ਗਾਇਕ, ਲੋਕ-ਹਿਤਾਂ ਨੂੰ ਪ੍ਰਣਾਏ ਪੱਤਰਕਾਰ, ਸੇਵਾ-ਮੁਕਤ ਸੁਰੱਖਿਆ ਕਰਮੀ, ਸਮਾਜ ਸੇਵੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਜਾਂ ਸੇਵਾਮੁਕਤ ਉੱਚ-ਅਧਿਕਾਰੀ ਹਨ; ਇਹੀ ਨਹੀਂ ਇਸ ਅੰਦੋਲਨ 'ਤੇ ਅੱਜ ਕੌਮਾਂਤਰੀ ਪੱਧਰ 'ਤੇ ਸਭ ਦੀਆਂ ਨਿਗਾਹਾਂ ਟਿਕੀਆਂ ਹੋਈਆਂ ਹਨ ਅਤੇ ਅੰਦੋਲਨ ਦੀ ਹਮਾਇਤ ਕੌਮਾਂਤਰੀ ਪੱਧਰ 'ਤੇ ਹੋ ਰਹੀ ਹੈ। ਇਹ ਅੰਦੋਲਨ ਫਾਸ਼ੀਵਾਦੀ ਸਰਕਾਰ ਦੇ ਨਾਲ ਨਾਲ ਕਾਰਪੋਰੇਟ ਸਰਮਾਏਦਾਰੀ ਦੇ ਖਿਲਾਫ ਵੀ ਹੈ, ਜਿਸ ਦਾ ਸਿਹਰਾ ਪੰਜਾਬ ਅਤੇ ਪੰਜਾਬੀ ਕਿਸਾਨਾਂ ਨੂੰ ਜਾਂਦਾ ਹੈ। ਕਿਸਾਨ ਜਾਣਦੇ ਹਨ ਕਿ ਉਨ੍ਹਾਂ ਦੀ ਇਹ ਲੜਾਈ ਕਾਰਪੋਰੇਟ ਪੱਖੀ ਸਰਕਾਰ ਅਤੇ ਮਹਿਜ਼ ਉਸ ਆਰਥਿਕ ਕੁਲੀਨ ਵਰਗ ਕਾਰਪੋਰੇਟ ਨਾਲ ਹੀ ਨਹੀਂ ਹੈ, ਜੋ ਉਨ੍ਹਾਂ ਦਾ ਸੋਸ਼ਣ ਕਰਦਾ ਹੈ, ਸਗੋਂ ਉਸ ਕਾਰਪੋਰੇਟ ਆਰਥਿਕ ਕੁਲੀਨ ਵਰਗ ਨਾਲ ਹੈ, ਜਿਸ ਨੂੰ ਕਿਸਾਨਾਂ ਦੀ ਲੋੜ ਹੀ ਨਹੀਂ ਰਹਿਣੀ।



ਦਿਸ਼ਾ ਰਵੀ ਅਤੇ ਗਰੇਟਾ ਥਨਬਰਗ

ਪਿਛਲੇ ਲੇਖ ਵਿਚ ਵੀ ਜ਼ਿਕਰ ਕੀਤਾ ਸੀ ਕਿ 26 ਜਨਵਰੀ ਦੇ ਲਾਲ ਕਿਲੇ ਵਾਲੇ ਵਰਤਾਰੇ ਨੇ ਅੰਦੋਲਨ ਨੂੰ ਹਰ ਤਰ੍ਹਾਂ ਨਾਲ ਢਾਹ ਲਾਈ ਹੈ ਅਤੇ ਬਤੌਰ ਸਿੱਖ ਸਾਡੀ ਕਿਸੇ ਵੀ ਤਰ੍ਹਾਂ ਦੀ ਸ਼ਾਨ ਨੂੰ ਚਾਰ ਚੰਨ ਨਹੀਂ ਲਾਏ। ਸਿੱਖੀ ਦੀ ਸ਼ਾਨ ਵਿਚ ਵਾਧਾ ਟਿੱਕਰੀ, ਸਿੰਘੂ-ਕੁੰਡਲੀ ਬਾਰਡਰ 'ਤੇ ਚੱਲ ਰਹੇ ਧਰਨਿਆਂ ਦੌਰਾਨ ਸੇਵਾ, ਸਬਰ, ਸੰਤੋਖ, ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਸਿੱਖ ਕੀਮਤ ਸਿਧਾਂਤਾਂ ਦੇ ਪ੍ਰਤੱਖਣ ਨੇ ਕੀਤਾ ਸੀ; ਜਿਸ ਦੇ ਅਸਰ ਹੇਠ ਚਾਰੇ ਪਾਸੇ ਸਿੱਖਾਂ ਅਤੇ ਪੰਜਾਬ ਦੇ ਚਰਚੇ ਹੋ ਰਹੇ ਸਨ। ਇਨ੍ਹਾਂ ਧਰਨਿਆਂ ਰਾਹੀਂ ਪਹਿਲੀ ਵਾਰ ਹਿੰਦੁਸਤਾਨ ਦੀ ਜਨਤਾ ਨੂੰ ਸਿੱਖ ਨੈਤਿਕ ਕੀਮਤਾਂ ਅਤੇ 'ਸਰਬੱਤ ਦਾ ਭਲਾ' ਵਾਲੇ ਸਿੱਖ ਸਭਿਆਚਾਰ ਦੇ ਦਰਸ਼ਨ-ਦੀਦਾਰੇ ਹੋਏ ਸਨ। 26 ਜਨਵਰੀ ਦੇ ਇਸ ਸਾਰੇ ਵਰਤਾਰੇ ਬਾਰੇ ਜ਼ਿਕਰ ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੇ 'ਜੰਗ ਸਿੰਘਾਂ ਤੇ ਫਰੰਗੀਆਂ' ਨਾਮੀ ਸ਼ਾਹ ਮੁਹੰਮਦ ਦੀ ਲਿਖੀ ਵਾਰ ਨੂੰ ਲੈ ਕੇ ਇਤਿਹਾਸਕ ਹਵਾਲਿਆਂ ਨਾਲ ਬਹੁਤ ਹੀ ਤਫਸੀਲ ਵਿਚ 20 ਫਰਵਰੀ ਦੇ ਪੰਜਾਬ ਟਾਈਮਜ਼ ਵਿਚ ਇਸੇ ਵਾਰ ਦੀ ਟੂਕ "ਕੋਈ ਅਕਲ ਦਾ ਕਰੋ ਇਲਾਜ ਯਾਰੋ" ਨਾਮੀ ਲੇਖ ਵਿਚ ਕੀਤਾ ਹੈ। ਇਸ ਲੇਖ ਵਿਚ ਡੋਗਰਿਆਂ ਦੀਆਂ ਸਾਜਿਸ਼ਾਂ ਦੇ ਨਾਲ ਨਾਲ, ਜਿਹਤੀਆਂ ਖਾਲਸਾ ਫੌਜਾਂ ਦੀ ਹਾਰ ਅਤੇ ਸਿੱਖ ਰਾਜ ਦੀ ਤਬਾਹੀ ਦਾ ਕਾਰਨ ਬਣੀਆਂ, 26 ਜਨਵਰੀ ਦੀ ਲਾਲ ਕਿਲੇ 'ਤੇ ਘਟਨਾ ਦੇ ਸਬੰਧ ਵਿਚ ਬਹੁਤ ਸਾਰੇ ਪ੍ਰਸ਼ਨ ਵੀ ਉਠਾਏ ਹਨ। ਇਹ ਪਾਠਕਾਂ ਨੇ ਪੜ੍ਹਿਆ ਹੀ ਹੈ, ਜਿਸ ਦੇ ਵਿਸਥਾਰ ਵਿਚ ਜਾਣ ਦੀ ਇੱਥੇ ਲੋੜ ਨਹੀਂ ਜਾਪਦੀ।

ਜਸਪਾਲ ਸਿੰਘ ਸਿੱਧੂ ਨੇ ਆਪਣੇ ਸਿਰਲੇਖ "ਕੋਈ ਅਕਲ ਦਾ ਕਰੋ ਇਲਾਜ ਯਾਰੋ" ਰਾਹੀਂ ਮੋਰਚੇ ਦੀ ਮੁਖਾਲਫਤ ਕਰਨ ਵਾਲੇ ਬੁੱਧੀਜੀਵੀਆਂ ਨੂੰ ਇੱਕ ਤਰ੍ਹਾਂ ਨਾਲ ਤਰਲਾ ਮਾਰਿਆ ਹੈ ਕਿ ਬੱਸ ਕਰੋ, ਹੁਣ ਬਹੁਤ ਹੋ ਗਈ; ਮੋਰਚਾ ਚੱਲ ਲੈਣ ਦਿਉ, ਕਿਉਂ ਮੋਰਚੇ ਨੂੰ ਢਾਹ ਲਾ ਰਹੇ ਹੋ? ਜ਼ਰਾ ਸੋਚਣ ਵਾਲੀ ਗੱਲ ਹੈ ਕਿ ਜੇ ਲਾਲ ਕਿਲੇ ਦੀ ਘਟਨਾ ਨਾ ਵਾਪਰਦੀ ਤਾਂ ਜਿੰਨੀ ਸ਼ਾਨ ਨਾਲ ਟਰੈਕਟਰ ਪਰੇਡ ਨਿਕਲ ਰਹੀ ਸੀ, ਦੇਸ਼-ਵਿਦੇਸ਼ ਵਿਚ ਉਸ ਦਾ ਕਿੰਨਾ ਹਾਂ-ਮੁਖੀ ਪ੍ਰਭਾਵ ਪੈਣਾ ਸੀ। ਜਿਸ ਦਿਨ ਤੋਂ ਅੰਦੋਲਨ ਸ਼ੁਰੂ ਹੋਇਆ ਹੈ, ਸਰਕਾਰ ਅਤੇ ਗੋਦੀ ਮੀਡੀਆ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਕਿ ਇਸ ਨੂੰ ਅਰਬਨ ਨਕਸਲ, ਟੁਕੜੇ ਟੁਕੜੇ ਗੈਂਗ, ਖਾਲਿਸਤਾਨੀ ਅਤੇ ਮਹਿਜ਼ ਪੰਜਾਬ ਦਾ ਅੰਦੋਲਨ ਸਾਬਤ ਕਰ ਸਕੇ, ਪਰ ਕੋਈ ਸਫਲਤਾ ਪ੍ਰਾਪਤ ਨਹੀਂ ਸੀ ਹੋ ਰਹੀ।

ਇਸ ਘਟਨਾ ਨੇ ਸਰਕਾਰ ਅਤੇ ਗੋਦੀ ਮੀਡੀਆ ਲਈ ਉਹ ਸਾਰੇ ਰਸਤੇ ਖੋਲ੍ਹ ਦਿੱਤੇ, ਜਿਨ੍ਹਾਂ ਰਾਹੀਂ ਮੋਰਚੇ ਨੂੰ ਢਾਹ ਲਾਈ ਜਾ ਸਕਦੀ ਹੈ ਅਤੇ ਬਦਨਾਮ ਕੀਤਾ ਜਾ ਸਕਦਾ ਹੈ। ਦਿੱਲੀ ਦੇ ਬਾਰਡਰਾਂ 'ਤੇ ਬਾਰਾਂ-ਬਾਰਾਂ ਤਹਿਆਂ ਵਿਚ ਬੈਰੀਕੇਡ ਲਾ ਦਿੱਤੇ ਗਏ, ਕਿੱਲ ਠੋਕ ਕੇ ਸੀਮਿੰਟ ਨਾਲ ਪੱਕੇ ਕਰ ਦਿੱਤੇ, ਜਿਸ ਤਰ੍ਹਾਂ ਨਾਜੀਆਂ ਨੇ ਯਹੂਦੀਆਂ ਨੂੰ ਕੈਂਪਾਂ ਵਿਚ ਡੱਕ ਕੇ ਕੰਡੇਦਾਰ ਤਾਰਾਂ ਲਾਈਆਂ ਸਨ, ਉਸ ਕਿਸਮ ਦੀਆਂ ਕੰਡੇਦਾਰ ਤਾਰਾਂ ਦੀ ਬੈਰੀਕੇਡਿੰਗ ਕਰ ਦਿੱਤੀ ਹੈ, ਜਿਵੇਂ ਉਹ ਕਿਸਾਨ ਨਾ ਹੋ ਕੇ ਕੋਈ ਜੰਗੀ ਕੈਦੀ ਹੋਣ। ਆਲੇ-ਦੁਆਲੇ ਖਾਈਆਂ ਪੱਟ ਦਿੱਤੀਆਂ ਹਨ ਤਾਂ ਕਿ ਸਥਾਨਕ ਲੋਕ ਤੰਗ ਹੋਣ ਅਤੇ ਕਿਸਾਨਾਂ ਦੇ ਵਿਰੁਧ ਹੋ ਜਾਣ; ਕਿੰਨੇ ਭੋਲੇ-ਭਾਲੇ ਕਿਸਾਨ ਜੋ ਲਾਲ ਕਿਲੇ ਵੱਲ ਗਏ ਵੀ ਨਹੀਂ ਸੀ, ਬਰਾੜੀ ਮੈਦਾਨ ਵਰਗੀਆਂ ਥਾਂਵਾਂ 'ਤੇ ਲੱਗੇ ਧਰਨਿਆਂ ਵਿਚੋਂ ਚੁੱਕ ਕੇ ਜੇਲ੍ਹਾਂ ਵਿਚ ਡੱਕ ਦਿੱਤੇ, ਬਹੁਤ ਸਾਰਿਆਂ ਦੀ ਕੋਈ ਉੱਘ-ਸੁੱਘ ਨਹੀਂ ਮਿਲ ਰਹੀ ਕਿ ਉਹ ਕਿੱਥੇ ਹਨ? ਜਿਨ੍ਹਾਂ ਦੇ ਨੌਜੁਆਨ ਪੁੱਤਰਾਂ ਦੀ ਉੱਘ-ਸੁੱਘ ਨਹੀਂ ਮਿਲ ਰਹੀ, ਉਨ੍ਹਾਂ ਮਾਪਿਆਂ ਦਾ ਕੀ ਹਾਲ ਹੈ? ਕੀ ਇਸ ਦਾ ਅੰਦਾਜ਼ਾ ਉਸ ਘਟਨਾ ਨੂੰ ਅੰਜਾਮ ਦੇਣ ਵਾਲੇ ਲਾ ਸਕਦੇ ਹਨ? ਧਰਨਿਆਂ 'ਤੇ ਬੈਠੇ ਕਿਸਾਨਾਂ ਦੀ ਬਿਜਲੀ, ਪਾਣੀ, ਇੰਟਰਨੈੱਟ, ਬੰਦ ਕਰਕੇ ਅਸਥਾਈ ਸੌਚਾਲੇ ਤੱਕ ਹਟਾ ਦਿੱਤੇ ਗਏ ਹਨ। ਇਹ ਸਾਰੀਆਂ ਮੁਸ਼ਕਿਲਾਂ ਹਰ ਕਿਸੇ ਨੂੰ ਹੁਣ ਪਤਾ ਹਨ। ਗੋਦੀ ਮੀਡੀਆ ਅਤੇ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਭੰਡੀ ਪ੍ਰਚਾਰ ਕਰਨ ਦਾ ਮੌਕਾ ਉਸ ਇੱਕ ਘਟਨਾ ਨੇ ਪੈਦਾ ਕਰ ਦਿੱਤਾ; ਧਰਨਾ ਦੇ ਰਹੇ ਕਿਸਾਨ ਅੰਦੋਲਨਕਾਰੀਆਂ ਲਈ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਰਾਸ਼ਟਰਪਤੀ ਦੇ ਧੰਨਵਾਦ ਭਾਸ਼ਣ ਦੇ ਮਤੇ ਵਿਚ ਕਿਸਾਨਾਂ ਲਈ ਭੈੜੇ ਤੋਂ ਭੈੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਇੱਥੇ ਇਸ ਸਭ ਦਾ ਜ਼ਿਕਰ ਕਰਨ ਦਾ ਮਕਸਦ ਇਹ ਸਪੱਸ਼ਟ ਕਰਨਾ ਹੈ ਕਿ ਜਿੱਥੇ 26 ਜਨਵਰੀ ਦੀ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਉਣ ਦੀ ਘਟਨਾ ਨੇ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਵਾਈ ਹੈ, ਜਿਵੇਂ ਕਿ ਜਸਪਾਲ ਸਿੰਘ ਸਿੱਧੂ ਨੇ ਜ਼ਿਕਰ ਕੀਤਾ ਹੈ, ਉਥੇ ਹੀ ਸਹੀ ਦਿਸ਼ਾ ਵਿਚ ਚੱਲ ਰਹੇ ਕਿਸਾਨ ਅੰਦੋਲਨ ਦਾ ਨੁਕਸਾਨ ਕੀਤਾ ਹੈ, ਸਰਕਾਰ ਅਤੇ ਗੋਦੀ ਮੀਡੀਆ ਦੀ ਹਰ ਤਰ੍ਹਾਂ ਨਾਲ ਮੋਰਚੇ ਨੂੰ ਢਾਹ ਲਾਉਣ, ਬਦਨਾਮ ਕਰਨ ਵਿਚ ਮਦਦ ਕੀਤੀ ਹੈ। ਇੱਕ ਪਲ ਰੁਕ ਕੇ ਸੋਚਣ ਦੀ ਲੋੜ ਹੈ ਕਿ ਜੇ ਪੁਲਿਸ ਦੀ ਮਦਦ ਨਾਲ ਯੂ. ਪੀ. ਦਾ ਭਾਜਪਾਈ ਐਮ. ਐਲ. ਏ. ਗਾਜੀਪੁਰ ਬਾਰਡਰ ਤੋਂ ਕਿਸਾਨ ਮੋਰਚੇ ਨੂੰ ਉਖਾੜਨ ਵਿਚ ਸਫਲ ਹੋ ਜਾਂਦਾ ਅਤੇ ਕਿਸਾਨ ਨੇਤਾ ਟਿਕੈਤ ਦੀ ਭਾਵੁਕਤਾ ਹਰਿਆਣੇ, ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਦੇ ਕਿਸਾਨਾਂ ਨੂੰ ਵਾਪਸ ਮੋਰਚੇ ਵੱਲ ਵਹੀਰਾਂ ਘੱਤਣ ਵਿਚ ਸਫਲ ਨਾ ਹੁੰਦੀ ਤਾਂ ਕੀ ਹਸ਼ਰ ਹੁੰਦਾ ਮੋਰਚੇ ਦਾ? ਸਰਕਾਰ ਨੂੰ ਮੌਕਾ ਮਿਲ ਗਿਆ ਹੈ ਕਿ ਉਹ ਆਪਣੀਆਂ ਈ. ਡੀ. ਵਰਗੀਆਂ ਕੇਂਦਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਰਾਹੀਂ ਕਿਸਾਨਾਂ ਨੂੰ ਹਰ ਤਰ੍ਹਾਂ ਨਾਲ ਤੰਗ ਕਰ ਸਕੇ,




ਮੁਕੱਦਮੇ ਚਲਾ ਸਕੇ।

ਸਰਕਾਰ ਨੇ ਜਿਸ ਤਰ੍ਹਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਅੰਦੋਲਨ, ਸ਼ਹਿਰੀ ਰਜਿਸਟਰੇਸ਼ਨ ਕਾਨੂੰਨ ਦੇ ਖਿਲਾਫ ਸ਼ਾਹੀਨ ਬਾਗ ਮੋਰਚਾ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜਾਮੀਆ ਮਿਲੀਆ ਯੂਨੀਵਰਸਿਟੀ, ਭੀਮਾਕੋਰੇ ਗਾਉਂ ਅੰਦੋਲਨਾਂ ਦਾ ਹਸ਼ਰ ਕੀਤਾ, ਉਹੀ ਹਸ਼ਰ ਕਿਸਾਨ ਅੰਦੋਲਨ ਦਾ ਕਰਨਾ ਚਾਹੁੰਦੀ ਹੈ। ਇੱਕ ਪਾਸੇ ਕਿਸਾਨ ਅੰਦੋਲਨ ਦੇ ਖਿਲਾਫ ਮੋਦੀ ਭਗਤਾਂ ਵੱਲੋਂ ਸੋਸ਼ਲ ਮੀਡੀਆ ਦੀ ਖੂਬ ਵਰਤੋਂ ਹੋ ਰਹੀ ਹੈ ਤਾਂ ਦੂਸਰੇ ਪਾਸੇ ਕਿਸਾਨਾਂ ਦੇ ਹੱਕ ਵਿਚ ਮਹਿਜ਼ ਸਮਰਥਨ ਪ੍ਰਗਟ ਕਰਨ 'ਤੇ ਹੀ ਵਾਤਾਵਰਣ ਪ੍ਰੇਮੀ ਗਰੇਟਾ ਥਨਬਰਗ 'ਤੇ ਮੁਕੱਦਮਾ ਦਰਜ ਕਰਾਉਣ ਅਤੇ ਬੰਗਲੌਰ ਦੀ ਭਾਰਤੀ ਵਾਤਾਵਰਣ ਪ੍ਰੇਮੀ ਕੁੜੀ 23 ਸਾਲਾ ਦਿਸ਼ਾ ਰਵੀ ਵਰਗੀ 'ਤੇ ਦੇਸ਼ ਧ੍ਰੋਹ, ਨਫਰਤ ਫੈਲਾਉਣ ਵਰਗੀਆਂ ਧਾਰਾਵਾਂ ਲਾ ਕੇ ਉਸ ਨੂੰ ਦਿੱਲੀ ਪੁਲਿਸ ਵੱਲੋਂ ਬੰਗਲੌਰ ਤੋਂ ਗ੍ਰਿਫਤਾਰ ਕਰਕੇ ਦਿੱਲੀ ਜੇਲ੍ਹ ਸੁੱਟਿਆ ਗਿਆ ਹੈ, ਜਦੋਂ ਕਿ ਦੋ ਹੋਰ ਕਾਰਕੁਨਾਂ ਨੇ ਅਗਾਊਂ ਜ਼ਮਾਨਤ ਲਈ ਹੈ।

ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦਾ ਸੰਘਰਸ਼ ਹੀ ਆਪਣੇ ਆਪ ਵਿਚ ਭਾਰਤ ਦੇ ਸੰਵਿਧਾਨ, ਲੋਕਰਾਜ ਅਤੇ ਫੈਡਰਲ ਸਿਸਟਮ ਨੂੰ ਬਚਾਉਣ ਦਾ ਸੰਘਰਸ਼ ਹੈ। ਕਿਸਾਨਾਂ ਨੇ ਪਹਿਲੇ ਦਿਨ ਤੋਂ ਹੀ ਕੇਂਦਰੀ ਮੰਤਰੀਆਂ ਨਾਲ ਆਪਣੀਆਂ ਮੀਟਿੰਗਾਂ ਵਿਚ ਸਪੱਸ਼ਟ ਕਰ ਦਿੱਤਾ ਸੀ ਕਿ ਇਹ ਤਿੰਨੇ ਕਾਨੂੰਨ ਗੈਰ-ਸੰਵਿਧਾਨਕ ਹਨ, ਕਿਉਂਕਿ ਸੰਵਿਧਾਨ ਅਨੁਸਾਰ ਖੇਤੀ ਰਾਜਾਂ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਹੈ। ਇਸ ਲਈ ਖੇਤੀ ਸਬੰਧੀ ਕਾਨੂੰਨ ਬਣਾਉਣ ਦਾ ਹੱਕ ਸਿਰਫ ਅਤੇ ਸਿਰਫ ਰਾਜ ਸਰਕਾਰਾਂ ਦਾ ਹੈ, ਕੇਂਦਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੀ ਨਹੀਂ ਹੈ। ਸ਼ੁਕਰ ਉਸ ਇੱਕ ਪਲ ਦਾ ਅਤੇ ਰਾਕੇਸ਼ ਟਿਕੈਤ ਦਾ ਕਰਨਾ ਚਾਹੀਦਾ ਹੈ ਕਿ ਅੰਦੋਲਨ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ ਮੁੜ ਪੈਰਾਂ ਸਿਰ ਹੋ ਗਿਆ ਹੈ, ਭਾਵੇਂ ਇਸ ਲਈ ਮਿਹਨਤ ਹੁਣ ਜ਼ਿਆਦਾ ਵੀ ਕਰਨੀ ਪਵੇਗੀ ਅਤੇ ਕਦਮ ਵੀ ਬਹੁਤ ਸੋਚ ਸਮਝ ਕੇ ਫੂਕ ਫੂਕ ਕੇ ਰੱਖਣੇ ਪੈਣਗੇ।

ਪੁਲਵਾਮਾ ਦੇ ਸ਼ਹੀਦਾਂ ਨੂੰ ਮੋਮਬਤੀਆਂ ਜਗਾ ਕੇ ਸ਼ਰਧਾਂਜਲੀ ਦੇਣ, ਸਰ ਛੋਟੂ ਰਾਮ ਦਾ ਦਿਹਾੜਾ ਮਨਾਉਣ ਤੋਂ ਲੈ ਕੇ ਹਿੰਦੁਸਤਾਨ ਭਰ ਵਿਚ ਰੇਲ ਰੋਕੋ ਅੰਦੋਲਨ ਨੂੰ ਪੁਰ-ਅਮਨ ਸਮਾਪਤ ਕਰਨ ਨੇ ਇੱਕ ਨਵੀਂ ਆਸ ਜਗਾਈ ਹੈ। ਅੰਦੋਲਨ ਕਰ ਰਹੇ ਕਿਸਾਨ ਨੌਜੁਆਨਾਂ ਵੱਲੋਂ ਨਾ ਸਿਰਫ ਮੁਸਾਫਿਰਾਂ ਦੀ ਲੰਗਰ, ਚਾਹ-ਪਾਣੀ ਨਾਲ ਸੇਵਾ ਹੀ ਕੀਤੀ ਗਈ, ਸਗੋਂ ਉਹ ਮੁਸਾਫਿਰਾਂ ਨੂੰ ਇਸ ਅੰਦੋਲਨ ਦੀ ਅਹਿਮੀਅਤ ਵੀ ਨਾਲੋਂ ਨਾਲ ਸਮਝਾ ਰਹੇ ਸਨ ਅਤੇ ਜਨਤਾ ਨੂੰ ਚੇਤੰਨ ਕਰ ਰਹੇ ਸਨ ਕਿ ਇਹ ਕਾਨੂੰਨ ਨਾ ਸਿਰਫ ਕਿਸਾਨਾਂ, ਦੁਕਾਨਦਾਰਾਂ ਜਾਂ ਖੇਤੀ ਨਾਲ ਜੁੜੇ ਹੋਰ ਕਿੱਤਿਆਂ ਲਈ ਹੀ ਨੁਕਸਾਨਦਾਇਕ ਹਨ, ਸਗੋਂ ਆਮ ਸ਼ਹਿਰੀ ਲਈ ਵੀ ਓਨੇ ਹੀ ਘਾਤਕ ਸਿੱਧ ਹੋਣੇ ਹਨ। ਖੇਤੀ ਸੈਕਟਰ ਨੂੰ ਬਚਾਉਣ ਦਾ ਇਹ ਸੰਘਰਸ਼ ਆਪਣੇ ਆਪ ਹੀ ਸੰਵਿਧਾਨ ਅਤੇ ਲੋਕਰਾਜ ਨੂੰ ਬਚਾਉਣ ਦਾ ਸੰਘਰਸ਼ ਹੈ, ਕਿਉਂਕਿ ਕਿਸਾਨ ਨੇਤਾਵਾਂ ਅਨੁਸਾਰ ਇਹ ਕਿਸਾਨਾਂ ਦੇ ਹੱਕਾਂ ਦੇ ਨਾਲ ਨਾਲ ਰਾਜਾਂ ਦੇ ਸੰਵਿਧਾਨਕ ਹੱਕਾਂ 'ਤੇ ਵੀ ਡਾਕਾ ਹੈ। ਜੇ ਕਿਸਾਨ ਜਿੱਤ ਜਾਂਦੇ ਹਨ ਤਾਂ ਇਹ ਜਿੱਤ ਲੋਕ ਰਾਜ ਦੀ ਜਿੱਤ ਹੋਵੇਗੀ, ਸੰਵਿਧਾਨ ਨੂੰ ਬਚਾਉਣ ਦੀ ਜਿੱਤ ਹੋਵੇਗੀ।

ਜ਼ਰਾਇਤ ਭਾਰਤ ਦੀ ਰੀੜ੍ਹ ਦੀ ਹੱਡੀ ਹੈ ਅਤੇ ਰੀੜ੍ਹ ਸਰੀਰ ਦਾ ਬਹੁਤ ਅਹਿਮ ਅੰਗ ਹੈ। ਕਿਸੇ ਹੋਰ ਅੰਗ ਦੀ ਹੱਡੀ ਟੁੱਟ ਜਾਵੇ ਤਾਂ ਉਹ ਜੁੜ ਵੀ ਜਾਂਦੀ ਹੈ ਅਤੇ ਉਸ ਦੇ ਟੁੱਟਣ ਨਾਲ ਸਰੀਰ ਨਕਾਰਾ ਵੀ ਨਹੀਂ ਹੁੰਦਾ। ਜੇ ਰੀੜ੍ਹ ਦੀ ਹੱਡੀ ਟੁੱਟ ਜਾਵੇ ਤਾਂ ਉਹ ਜੁੜਦੀ ਨਹੀਂ ਅਤੇ ਸਰੀਰ ਲਾਸ਼ ਵਾਂਗ ਮੰਜੇ ਨਾਲ ਮੰਜਾ ਹੋ ਜਾਂਦਾ ਹੈ, ਮੁੜ ਕੇ ਉੱਠਣ ਜੋਗਾ ਨਹੀਂ ਰਹਿੰਦਾ। ਅਮਰੀਕਾ ਵਰਗੇ ਮੁਲਕ ਜਿੱਥੇ ਇਸ ਨਵੇਂ ਪ੍ਰਬੰਧ ਅਨੁਸਾਰ 80% ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰ ਦਿੱਤਾ ਗਿਆ ਹੈ, ਉਦਯੋਗਿਕ ਮੁਲਕ ਹਨ, ਜਿੱਥੇ ਕਿਸਾਨ ਦੀ ਰੋਟੀ ਦਾ ਕੋਈ ਹੀਲਾ ਹੋ ਸਕਦਾ ਹੈ। ਭਾਰਤ ਦਾ ਉਦਯੋਗੀਕਰਨ ਨਹੀਂ ਹੋਇਆ, ਕਿਸਾਨਾਂ ਨੂੰ ਦੇਣ ਲਈ ਸਰਕਾਰ ਕੋਲ ਕੋਈ ਰੁਜ਼ਗਾਰ ਨਹੀਂ। ਪਹਿਲਾਂ ਹੀ ਨੌਜੁਆਨ ਤਬਕਾ ਬੇਰੁਜ਼ਗਾਰ ਹੈ, ਸਰਕਾਰ ਕੋਲ ਕੋਈ ਬਦਲ ਨਹੀਂ ਹੈ, ਖੇਤੀ ਤੇ ਇਸ ਨਾਲ ਜੁੜੇ ਹੋਰ ਕਿੱਤਿਆਂ ਤੋਂ ਬਾਹਰ ਹੋਣ ਵਾਲੇ ਲੋਕਾਂ ਨੂੰ ਸਥਾਪਤ ਕਰਨ ਲਈ।

ਬਿਹਾਰ ਵਿਚ ਮੰਡੀ ਪ੍ਰਬੰਧ ਅਤੇ ਐਮ. ਐਸ. ਪੀ. ਖਤਮ ਹੋਣ ਨਾਲ ਉਥੋਂ ਦਾ ਕਿਸਾਨ ਮਜ਼ਦੂਰੀ ਕਰਨ ਪੰਜਾਬ ਵਿਚ ਆਉਂਦਾ ਹੈ। ਜੇ ਭਾਰਤ ਦੀ ਖੇਤੀ ਤਬਾਹ ਹੋ ਗਈ ਤਾਂ ਭਾਰਤ ਦੀ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ ਅਤੇ ਭਾਰਤ ਤੇ ਭਾਰਤੀ ਕਿਸਾਨ-ਦੋਹਾਂ ਨੇ ਤਬਾਹ ਹੋ ਜਾਣਾ ਹੈ। ਇਸ ਲਈ ਇਹ ਮੋਰਚਾ ਫਤਿਹ ਹੋਣਾ ਜ਼ਰੂਰੀ ਹੈ। ਇਸ ਮੋਰਚੇ ਨਾਲ ਹੁਣ ਇਕੱਲਾ ਪੰਜਾਬ ਨਹੀਂ ਜੁੜਿਆ ਹੋਇਆ, ਇਹ ਸਾਰੇ ਹਿੰਦੁਸਤਾਨ ਦੇ ਕਿਸਾਨ ਦਾ ਸਵਾਲ ਬਣ ਗਿਆ ਹੈ। ਇਸ ਵਿਚ ਨੌਜੁਆਨਾਂ ਨਾਲ ਬੀਬੀਆਂ, ਬੱਚੇ ਅਤੇ ਬਜੁਰਗ ਵੀ ਸ਼ਾਮਲ ਹਨ, ਇਨ੍ਹਾਂ ਸਭਨਾਂ ਦੀ ਸਲਾਮਤੀ ਬਾਰੇ ਸੋਚਣਾ ਅਤੇ ਫਿਕਰ ਕਰਨਾ ਕਿਸਾਨ ਲੀਡਰਾਂ ਦੇ ਫਰਜ਼ਾਂ ਵਿਚ ਸ਼ਾਮਲ ਹੈ ਤੇ ਉਹ ਇਸ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ।

ਹਰਿਆਣੇ ਦਾ ਇੱਕ ਨੌਜੁਆਨ ਸਟੇਜ ਤੋਂ ਬਹੁਤ ਭਾਵੁਕ ਹੋ ਕੇ ਕਿਸਾਨ ਲੀਡਰਾਂ ਨੂੰ ਕਹਿ ਰਿਹਾ ਸੀ, "ਆਹ ਜੋ ਬੀਬੀਆਂ, ਬੱਚੇ, ਨੌਜੁਆਨ ਅਤੇ ਬਜੁਰਗ ਬੈਠੇ ਹਨ, ਇਹ ਤੁਹਾਡੇ ਬੁਲਾਉਣ 'ਤੇ ਇੱਥੇ ਆਏ ਹਨ। ਅੱਜ ਕੱਲ੍ਹ ਪਹਿਲੇ ਸਮਿਆਂ ਦੀ ਤਰ੍ਹਾਂ ਲੋਕਾਂ ਦੇ ਪੰਜ-ਪੰਜ, ਸੱਤ-ਸੱਤ ਪੁੱਤ ਨਹੀਂ ਹੈਗੇ; ਇਕੱਲੇ ਇਕੱਲੇ ਹੀ ਹਨ। ਇਸ ਲਈ ਦ੍ਰਿੜ ਹੋ ਕੇ ਆਪਣੇ ਫੈਸਲੇ ਲਾਗੂ ਕਰੋ। ਸਾਨੂੰ ਕੋਈ ਹਿੰਸਾ ਨਹੀਂ ਚਾਹੀਦੀ, ਅਸੀਂ ਇੱਥੇ ਲੋਕਾਂ ਦੇ ਪੁੱਤ ਮਰਵਾਉਣ ਨਹੀਂ ਆਏ।" ਕਿਸਾਨ ਲੀਡਰਾਂ ਨੇ ਜੇਲ੍ਹਾਂ ਅੰਦਰ ਡੱਕੇ ਕਿਸਾਨਾਂ ਲਈ ਕਾਨੂੰਨੀ ਮਦਦ ਮੁਹੱਈਆ ਕਰਾਉਣ ਲਈ ਵਕੀਲਾਂ ਦੇ ਸੰਗਠਨ ਬਣਾਏ ਹਨ; ਹਰ ਤਰ੍ਹਾਂ ਦੇ ਯਤਨ ਜਾਰੀ ਹਨ। ਕਿਸਾਨ ਲੀਡਰਾਂ ਦੀ ਨੁਕਤਾਚੀਨੀ ਜਾਂ ਚੱਲ ਰਹੇ ਘੋਲ ਨੂੰ ਵਿਚਲਿਤ ਕਰਨ ਦੀਆਂ ਕਿਸੇ ਵੀ ਇਸ ਕਿਸਮ ਦੀਆਂ ਕੋਸ਼ਿਸ਼ਾਂ ਦਾ ਅਰਥ ਹੋਵੇਗਾ, ਕੇਂਦਰੀ ਸਰਕਾਰ ਦੀਆਂ ਨੀਤੀਆਂ ਦੀ ਹਮਾਇਤ ਕਰਨਾ ਅਤੇ ਕਿਸਾਨੀ ਦੀ ਪਿੱਠ ਵਿਚ ਛੁਰਾ ਮਾਰਨਾ। ਲੀਡਰ ਬਣਨ ਲਈ ਸੰਘਰਸ਼ਾਂ ਦਾ ਤਜ਼ਰਬਾ ਵੀ ਹੋਣਾ ਚਾਹੀਦਾ ਹੈ, ਜੋ ਮੌਜੂਦਾ ਲੀਡਰਾਂ ਕੋਲ ਹੈ ਅਤੇ ਉਨ੍ਹਾਂ ਨਾਲ ਜੁੜੇ ਨੌਜੁਆਨਾਂ ਨੂੰ ਇਸ ਦਾ ਭਲੀਭਾਂਤ ਅਹਿਸਾਸ ਹੈ। ਕਲਾਕਾਰੀ 'ਚ ਤੇ ਸੰਘਰਸ਼ ਵਿਚ ਬਹੁਤ ਅੰਤਰ ਹੈ।

# ਕਿਸਾਨ ਅੰਦੋਲਨ: ਦੇਖਨਾ ਹੈ ਜ਼ੋਰ ਕਿਤਨਾ...

**ਵਿਲੱਖਣ ਅਨੁਭਵ:** ਭਾਰਤ ਅੰਦਰ ਚਲ ਰਹੇ ਕਿਸਾਨ ਅੰਦੋਲਨ ਨੇ ਕੁੱਲ ਦੁਨੀਆਂ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਇਸ ਲਾ-ਮਿਸਾਲ ਸੰਘਰਸ਼ ਨੇ ਜਿੱਥੇ ਅਤੀ ਗੰਭੀਰ ਮੁੱਦਿਆਂ, ਸਰੋਕਾਰਾਂ, ਕਦਰਾਂ-ਕੀਮਤਾਂ ਦੀ ਪੁਨਰ-ਸਥਾਪਤੀ, ਸਰਮਾਏਦਾਰੀ ਦਾ ਕਰੂਪ ਚਿਹਰਾ, ਧਰਮ-ਸੱਤਾ-ਪੂੰਜੀਵਾਦ ਤਿੱਕੜੀ ਦੀ ਭਿਅੰਕਰ ਜਕੜ ਵਰਗੇ ਅਹਿਮ ਵਿਸ਼ਿਆਂ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆ ਖੜ੍ਹਾ ਕੀਤਾ ਹੈ, ਉਥੇ ਅਣਖਾਂ, ਜ਼ਮੀਰਾਂ, ਸਹਿਣ-ਸ਼ਕਤੀ ਦੀ ਸੀਮਾ, ਏਕੇ ਦੀ ਬਰਕਤ, ਸ਼ਹੀਦੀਆਂ ਦਾ ਸੰਕਲਪ, ਜ਼ਫਰਨਾਮੇ ਜਿਹੀਆਂ ਇਬਾਰਤਾਂ ਦਾ ਮੁੜ ਉਭਰਨਾ, ਹਾਂ-ਪੱਖੀ ਰੁਝਾਨ ਵਜੋਂ ਪਰਗਟ ਹੋਏ ਹਨ। ਨਾਲ ਹੀ ਜੰਗ, ਜੰਗ ਦੇ ਮੈਦਾਨ, ਕਿਲੇ, ਰਣਨੀਤੀ, ਦਾਅ-ਪੇਚ ਅਤੇ ਰਵਾਇਤੀ ਜੰਗੀ ਹਥਿਆਰਾਂ ਦੇ



ਜਗਦੇਵ ਸਿੱਧੂ

ਬਦਲਵੇਂ ਰੂਪਾਂ ਨੂੰ ਨਵੀਂ ਪਰਿਭਾਸ਼ਾ ਨਾਲ ਅੰਕਿਤ ਕੀਤਾ ਹੈ। ਹਥਿਆਰਬੰਦ ਜੰਗ ਦੀ ਥਾਂ ਸੰਘਰਸ਼ ਨੂੰ ਸ਼ਾਂਤਮਈ ਪੈਂਤੜੇ ਵਰਤ ਕੇ ਅਗਾਂਹ ਵਧਾਉਣ ਦੇ ਅਮਲ ਨੂੰ ਅਸਲੋਂ ਵਿਲੱਖਣ ਨਵੀਂ ਦਿਸ਼ਾ ਦਿੱਤੀ ਹੈ। ਇਹ ਘੋਲ ਅੰਨ੍ਹੀਂ ਰਾਜਸੀ ਤਾਕਤ, ਭੂਤਰੀ ਹੋਈ ਸਰਮਾਏਦਾਰੀ ਅਤੇ ਵਿਗੜੀ, ਚਾਂਭਲੀ, ਅਗਵਾ-ਕੀਤੀ ਗਈ ਬਰਾਏਨਾਮ ਜਮਹੂਰੀਅਤ ਦੇ ਖਿਲਾਫ ਸਿਰ-ਧੜ ਦੀ ਬਾਜ਼ੀ ਲਾਉਣ ਲਈ ਨਗਾਰੇ 'ਤੇ ਚੋਟ ਹੈ। ਆਉਣ ਵਾਲੇ ਸਮਿਆਂ ਅੰਦਰ, ਬਹੁਤ ਦੂਰ ਭਵਿੱਖ ਅੰਦਰ, ਇਸ ਦੇ ਬਹੁ-ਪਰਤੀ ਸੰਦਰਭਾਂ, ਪੱਖਾਂ, ਪਹਿਲੂਆਂ, ਨਤੀਜਿਆਂ, ਪ੍ਰਭਾਵਾਂ ਤੇ ਹੋਰ ਬੜੇ ਕਿਸਮ ਦੇ ਨਜ਼ਰੀਏ ਤੋਂ ਬਹੁਤ ਕੁਛ ਲਿਖਿਆ ਜਾਏਗਾ, ਬੋਲਿਆ ਜਾਏਗਾ, ਫਿਲਮਾਇਆ ਜਾਏਗਾ ਤੇ ਅਦਭੁਤ ਯਾਦਗਾਰ ਵਜੋਂ ਇਸ ਨੂੰ ਕਈ ਕਿਸਮ ਦੇ ਤਰੀਕਿਆਂ ਨਾਲ ਇਤਿਹਾਸ ਦੇ ਪੰਨਿਆਂ 'ਤੇ ਦਰਜ ਕੀਤਾ ਜਾਏਗਾ।

**ਖਤਰਨਾਕ ਤਿੱਕੜੀ:** 'ਧਰਮ-ਰਾਜਨੀਤੀ-ਸਰਮਾਏਦਾਰੀ' ਦੀ ਜਦੋਂ ਨਾ-ਪਾਕ ਤਿੱਕੜੀ ਦੀ ਕਰੰਘੜੀ ਪੈਂਦੀ ਹੈ ਤਾਂ ਮਨੁੱਖਤਾ ਲਈ ਖਤਰੇ ਦੀ ਘੰਟੀ ਵਜਦੀ ਹੈ। ਇਨ੍ਹਾਂ ਤਿੰਨਾਂ ਵਿਚੋਂ ਹਰ ਇੱਕ ਨੂੰ ਇੱਕ-ਦੂਜੇ ਦੀ ਅਣ-ਸਰਦੀ ਲੋੜ ਰਹਿੰਦੀ ਹੈ। ਜਦੋਂ 1930ਵਿਆਂ ਵਿਚ ਵਿੰਸਟਨ ਚਰਚਿਲ ਨੇ ਜਰਮਨੀ ਦੇ ਦੌਰੇ ਸਮੇਂ ਉਥੋਂ ਦੇ ਸ਼ਹਿਰਾਂ ਦੀਆਂ ਸੜਕਾਂ 'ਤੇ ਸਵਾਸਤਕ ਦਾ ਨਿਸ਼ਾਨ ਲਾ ਕੇ ਸੈਂਕੜੇ-ਹਜ਼ਾਰਾਂ ਨਾਜ਼ੀ ਨਿੱਕਰਾਂ ਪਾਈ ਨਾਹਰੇ ਮਾਰਦੇ ਮਾਰਚ ਕਰਦੇ ਵੇਖੇ ਤਾਂ ਉਸ ਨੇ ਬਰਤਾਨੀਆਂ ਆ ਕੇ ਤਤਕਾਲੀ ਪ੍ਰਧਾਨ ਮੰਤਰੀ ਨੂੰ ਇਸ ਦੇ ਆਉਣ ਵਾਲੇ ਖਤਰਿਆਂ ਬਾਰੇ ਆਗਾਹ ਕੀਤਾ, ਪਰ ਉਸ ਦੇ ਤੌਖਲੇ ਨੂੰ ਕਿਸੇ ਨੇ ਨਾ ਗੌਲਿਆ। ਨਤੀਜਾ, ਦੂਜੀ ਸੰਸਾਰ ਜੰਗ ਅਤੇ ਅੰਤਾਂ ਦੀ ਤਬਾਹੀ। ਬਿਲਕੁਲ ਇਵੇਂ ਭਾਰਤ ਅੰਦਰ ਵੀ ਖਾਕੀ ਨਿੱਕਰਾਂ ਵਾਲੇ ਹੱਥਾਂ 'ਚ ਡਾਂਗਾਂ ਫੜੀ ਫਿਰਕੂ ਨਾਹਰੇ ਮਾਰਦੇ ਸੜਕਾਂ ਤੇ ਪਾਰਕਾਂ ਵਿਚ ਬਿਲਕੁਲ ਨਾਜ਼ੀਆਂ ਦੀ ਤਰਜ਼ 'ਤੇ ਮਾਰਚ ਵਗੈਰਾ ਕਰਦੇ ਆਏ ਹਨ।

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦਾ ਮੂਲ ਏਜੰਡਾ ਹਿੰਦੂ ਰਾਸ਼ਟਰ ਦੀ ਸਥਾਪਨਾ ਪੱਕੀ ਕਰਨਾ ਰਿਹਾ ਹੈ, ਪਰ ਇਸ ਨੂੰ ਇਸ ਕਾਰਜ ਲਈ ਰਾਜਸੀ ਸੱਤਾ ਦੀ ਲੋੜ ਸੀ, ਜੋ ਇਸ ਤੋਂ ਦੂਰ ਰਹੀ। ਜਦੋਂ ਆਪਸੀ ਲੋੜ ਵਿਚੋਂ ਇਸ ਦੀ ਸਰਮਾਏਦਾਰੀ ਨਾਲ ਜੱਫੀ ਪੈ ਗਈ ਤਾਂ ਜਮਹੂਰੀਅਤ ਦੇ ਜਾਮੇ ਅੰਦਰ ਸ਼ੁਰੂਆਤ ਗੁਜਰਾਤ ਤੋਂ ਹੋਈ। ਇਸ ਨੂੰ ਨਿਰਦਈ, ਜ਼ਾਲਮ ਧੱਕੜ ਹੱਥ ਠੋਕਿਆਂ ਦੀ ਜੋੜੀ ਮਿਲ ਗਈ, ਜਿਹੜੀ 'ਜੁਮਲੇ' ਛੱਡਣ ਵਿਚ ਹਿਟਲਰ ਦੇ ਗੇਬਲਜ਼ ਨੂੰ ਵੀ ਪਿੱਛੇ ਛੱਡ ਗਈ। ਬਸ ਫੇਰ ਕੀ ਸੀ! ਰੱਜ ਕੇ ਝੂਠ ਬੋਲੇ ਗਏ, ਜਨਤਾ ਨੂੰ ਗੱਲਾਂ ਦਾ ਕੜਾਹ ਵਰਤਾ ਕੇ ਲਾਰਿਆਂ ਦੇ ਗੱਫੇ ਦਿੱਤੇ ਗਏ। ਚੋਣਾਂ ਸਮੇਂ ਗੁੰਡਾਗਰਦੀ, ਤਾਕਤ ਅਤੇ ਧਨ ਦੀ ਅੰਨ੍ਹੀਂ ਵਰਤੋਂ ਕੀਤੀ ਗਈ, ਜਿਸ ਦੇ ਸਹਾਰੇ ਰੈਲੀਆਂ ਲਈ ਵਰਗਲਾਈ ਜਨਤਾ ਦੇ ਭਾਰੀ ਇਕੱਠ ਕੀਤੇ ਗਏ। ਇਥੇ ਹੀ ਬਸ ਨਹੀਂ, ਚੋਣਾਂ ਜਿੱਤ ਕੇ ਬਣੀਆਂ ਦੂਜੀਆਂ ਪਾਰਟੀਆਂ ਦੀਆਂ ਸੂਬਾਈ ਸਰਕਾਰਾਂ ਦੇ 'ਵਿਕਾਊ ਮਾਲ' ਖਰੀਦ ਕੇ ਹੱਥ-ਠੋਕਾ ਸਰਕਾਰਾਂ ਬਣਾਈਆਂ ਗਈਆਂ। ਹੋਰ ਤਾਂ ਹੋਰ, ਵੋਟਿੰਗ ਮਸ਼ੀਨਾਂ (ਈ. ਵੀ ਐਮ.) ਦੀ ਦੁਰਵਰਤੋਂ ਕਰ ਕੇ ਨਾ ਸਿਰਫ ਸੱਤਾ ਹਥਿਆਈ ਗਈ (ਅਮਲ ਜਾਰੀ ਹੈ), ਸਗੋਂ ਸੰਸਦ ਅੰਦਰ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ। ਰਹਿੰਦੀ ਕਸਰ ਲਲਚਾ/ਡਰਾ ਕੇ ਨਿੱਕੀਆਂ ਮੋਟੀਆਂ ਪਾਰਟੀਆਂ ਨੂੰ ਹੱਥ-ਠੋਕੇ ਬਣਾ ਕੇ ਨਾਲ ਰਲਾ ਕੇ ਕੱਢ ਲਈ। ਪਤਾ ਨਹੀਂ ਕਿਹੜਾ ਹੱਥ-ਕੰਡਾ ਹੈ, ਜੋ ਨਹੀਂ ਵਰਤਿਆ।

ਸੱਤਾ ਦੇ ਕੰਧੇੜੇ ਚੜ੍ਹ ਕੇ ਹਿੰਦੂਤਵ ਦਾ ਏਜੰਡਾ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਸਰਮਾਏਦਾਰੀ ਦਗੜ-ਦਗੜ ਕਰਦੀ ਸਾਰੇ ਕੁਦਰਤੀ ਵਸੀਲਿਆਂ 'ਤੇ ਕਾਬਜ਼ ਹੁੰਦੀ ਜਾ ਰਹੀ ਹੈ। ਜਨਤਾ ਨੂੰ ਧਰਮ ਦਾ ਵਾਸਤਾ ਪਾ ਕੇ, ਨਵੇਂ ਤੋਂ ਨਵੇਂ ਝੂਠ ਬੋਲ ਕੇ, ਲਾਰੇ ਪਰੋਸ ਕੇ, ਵੋਟਿੰਗ ਪ੍ਰਣਾਲੀ ਹਿਤ ਵਿਚ ਢਾਲ ਕੇ ਸੱਤਾ ਨੂੰ ਚਿਰ-ਸਥਾਈ ਬਣਾਇਆ ਜਾ ਰਿਹਾ ਹੈ।

**ਤਿੱਕੜੀ ਦੀ ਤੀਜੀ ਧਿਰ ਨੂੰ ਜ਼ਮੀਨਾਂ ਖੋਹਣ ਦੀ ਲੋੜ ਕਿਉਂ:** ਸਰਮਾਏਦਾਰੀ ਦੀ ਪਹਿਲੀ ਤੇ ਮੁੱਢਲੀ ਲੋੜ ਹੈ ਜ਼ਮੀਨ। ਯੂਰਪ ਦੇ ਧੱਕੜ ਦੇਸ਼ 15ਵੀਂ ਸਦੀ ਦੇ ਅਖੀਰ ਤੋਂ ਨਵੀਆਂ ਧਰਤੀਆਂ ਇਸੇ ਲਈ ਖੋਜਣ ਨਿਕਲੇ ਸਨ। ਮਿਸਾਲ ਵਜੋਂ, ਜਦੋਂ 1534 ਵਿਚ ਕਾਰਟੀਅਰ ਫਰਾਂਸ ਤੋਂ ਹੁਣ ਦੇ ਕੈਨੇਡਾ ਦੀ ਧਰਤੀ ਦੇ ਪੂਰਬੀ ਤਟ 'ਤੇ ਪਹੁੰਚਿਆ ਤਾਂ ਉਸ ਨੇ ਸੰਕੇਤਕ ਸ਼ਰਾਰਤ ਵਜੋਂ ਆਦਿ ਵਾਸੀਆਂ ਦੀ ਜ਼ਮੀਨ 'ਤੇ ਇੱਕ ਟੰਬਾ ਗੱਡ ਦਿੱਤਾ। ਨੇਟਿਵ ਕਬੀਲੇ ਦੇ ਮੁਖੀ ਨੇ ਇਸ ਦਾ ਤਕੜਾ ਵਿਰੋਧ ਕੀਤਾ, ਪਰ ਉਸ ਨੂੰ ਛਲ-ਕਪਟ ਨਾਲ ਚੁੱਪ ਕਰਾ ਦਿੱਤਾ। ਇਹ ਭਾਵੇਂ ਨਿੱਕੀ ਜਿਹੀ ਘਟਨਾ ਸੀ, ਪਰ ਇਸ ਦੇ ਅਰਥ ਸਪਸ਼ਟ ਹਨ। ਪਹਿਲਾ ਇਹ ਕਿ ਸੰਪਤੀ ਇਕੱਤਰੀਕਰਣ ਦੀ ਖਾਹਿਸ਼ ਵਾਲੇ ਧਾੜਵੀ ਇਸ ਧਰਤੀ 'ਤੇ ਕਬਜ਼ਾ ਕਰਨ ਦੀ ਪੱਕੀ ਧਾਰ ਕੇ ਆਏ ਸਨ ਅਤੇ ਦੂਜਾ, ਧਰਤੀ ਦੇ ਬਾਸ਼ਿੰਦੇ ਵਾਹ ਲਗਦੀ ਅਜਿਹਾ ਨਹੀਂ ਹੋਣ ਦੇਣਗੇ।

ਧਾੜਵੀਆਂ ਨੇ ਮੁੱਢ ਕਦੀਮ ਤੋਂ ਇੱਥੇ ਰਹਿ ਰਹੇ ਮੂਲ ਨਿਵਾਸੀਆਂ ਦੇ ਕਬਜ਼ੇ ਹੇਠਲੀ ਇਸ ਧਰਤੀ ਨੂੰ 'ਟੈਰਾ ਨੂਲੀਅਸ' ਭਾਵ ਖਾਲੀ ਜਾਂ ਬਿਨ ਵਸੋਂ ਬਿਨ ਵਰਤੋਂ ਕਰਾਰ ਦੇ ਕੇ ਜਬਰੀ ਕਬਜ਼ਾ ਕਰਨ ਦਾ ਕਪਟ ਕੀਤਾ। ਭਾਵੇਂ ਫਰਾਂਸੀਸੀ ਅਤੇ ਬਰਤਾਨਵੀ ਆਬਾਦਕਾਰ ਮੂਲ ਨਿਵਾਸੀਆਂ ਤੋਂ ਤਾਕਤ, ਹਥਿਆਰਾਂ ਅਤੇ ਛਲ ਕਪਟ ਨਾਲ ਮਨ ਮਰਜ਼ੀ ਦੀਆਂ ਇੱਕ ਪਾਸੜ ਸੰਧੀਆਂ ਕਰ ਕੇ ਇਸ ਧਰਤੀ 'ਤੇ ਕਾਬਜ਼ ਹੋ ਗਏ, ਪਰ ਉਨ੍ਹਾਂ ਦੇ ਮਨਸੂਬਿਆਂ ਨੂੰ ਠੱਲ੍ਹ ਪਾਉਣ ਵਾਸਤੇ ਮੂਲ ਨਿਵਾਸੀਆਂ ਨਾਲ ਅਨੇਕਾਂ ਝੜਪਾਂ ਤੇ ਲੜਾਈਆਂ ਹੋਈਆਂ। ਕਿੰਨੇ ਹੀ ਨੇਟਿਵ ਖਾੜਕੂਆਂ ਨੇ ਜਾਨਾਂ ਕੁਰਬਾਨ ਕੀਤੀਆਂ। ਲੂਈ ਰੀਲ ਨੇ ਤਾਂ ਧੱਕੇਸ਼ਾਹਾਂ ਨੂੰ ਭਜਾ ਕੇ ਰੈਡ ਰਿਵਰ ਤੇ ਫੋਰਟ ਗੈਰੀ (ਹੁਣ ਵਿਨੀਪੈੱਗ) ਵਿਖੇ ਆਪਣੀ ਆਰਜ਼ੀ ਦੀ ਸਰਕਾਰ ਵੀ ਬਣਾ ਲਈ ਸੀ। ਉਸ ਦੀਆਂ ਜ਼ਮੀਨ ਉਪਰ ਹੱਕ ਵਾਲੀਆਂ ਸਣੇ ਮੈਨੀਟੋਬਾ ਪ੍ਰਾਂਤ ਬਣਾਉਣ ਵਾਲੀਆਂ ਸਾਰੀਆਂ ਮੰਗਾਂ ਮੰਨਣ ਦੇ ਬਾਵਜੂਦ ਉਸ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਅਜਿਹੇ ਸ਼ਹੀਦਾਂ ਤੇ ਨੇਟਿਵ ਜੁਝਾਰੂਆਂ ਦੀ ਸੂਚੀ ਬੜੀ ਲੰਬੀ ਹੈ।

**ਮਾਤਾ ਧਰਤਿ ਮਹਤੁ:** ਕੈਨੇਡਾ ਦੇ ਮੂਲ ਨਿਵਾਸੀਆਂ ਅਤੇ ਭਾਰਤ ਖਾਸ ਕਰ ਕੇ ਪੰਜਾਬ ਦੇ ਕਿਸਾਨਾਂ ਅੰਦਰ ਜ਼ਮੀਨ ਪ੍ਰਤੀ ਭਾਵਨਾ ਵਿਚ ਬੜੀ ਸਮਾਨਤਾ ਹੈ, 'ਮਾਤਾ ਧਰਤਿ ਮਹਤੁ।' ਦੋਵੇਂ ਧਰਤੀ ਨੂੰ ਮਾਂ ਦਾ ਦਰਜਾ ਦਿੰਦੇ ਹਨ। ਦੋਵੇਂ ਇਸ ਨੂੰ ਆਪਣੀ ਹੋਂਦ ਦਾ ਆਧਾਰ ਮੰਨਦੇ ਹਨ, ਆਪਣੇ ਸਭਿਆਚਾਰ, ਸਮਾਜ, ਕਦਰਾਂ-ਕੀਮਤਾਂ ਦੀ ਤਹਿਜ਼ੀਬ ਮੰਨਦੇ ਹਨ। ਆਪਣੇ ਰਸਮਾਂ ਰਿਵਾਜਾਂ, ਤਿਉਹਾਰਾਂ, ਨਾਚਾਂ, ਗੀਤਾਂ, ਬਾਤਾਂ, ਭਾਸ਼ਾ ਦੀ ਜਿਉਂਦੀ ਜਾਗਦੀ ਹਸਤੀ ਮੰਨਦੇ ਹਨ। ਇਸ ਤੋਂ ਬਿਨਾ ਉਨ੍ਹਾਂ ਦੀ ਹੋਂਦ ਤੇ ਜੀਵਨ ਨਹੀਂ, ਬਸ ਸਾਹ ਲੈਂਦੇ ਕਲਬੂਤ ਹਨ। ਸੋ, ਦੋਵਾਂ ਲਈ ਜ਼ਮੀਨ ਦੀ ਰਾਖੀ ਕਰਨਾ ਜਿਉਣ ਮਰਨ ਦੀ ਲੜਾਈ ਹੈ। ਇਸ ਨੂੰ ਘਟਾ ਕੇ ਦੇਖਣ ਵਾਲੇ ਘੋਰ ਗਲਤੀ ਕਰਨਗੇ। ਕੈਨੇਡਾ ਅੰਦਰ ਆਬਾਦਕਾਰਾਂ ਦੇ ਟੋਲਿਆਂ ਨਾਲ ਈਸਾਈ ਪ੍ਰਚਾਰਕ ਕੀਫੀ ਗਿਣਤੀ ਵਿਚ ਆਏ। ਈਸਾਈ ਧਰਮ ਦਾ ਜ਼ਬਰਦਸਤੀ ਨਾਲ ਪਸਾਰ ਕੀਤਾ ਗਿਆ। ਨੇਟਿਵ ਲੋਕਾਂ ਦੇ ਧਰਮ ਬਦਲਾ ਕੇ ਉਨ੍ਹਾਂ ਨੂੰ ਈਸਾਈ ਬਣਾ ਲਿਆ। ਇਹੋ ਕੁਛ ਭਾਰਤ ਅੰਦਰ ਹੁੰਦਾ ਦਿਸ ਰਿਹਾ ਹੈ।

**ਖੇਤੀ ਦੇ ਤਿੰਨ ਕਾਲੇ ਕਾਨੂੰਨ:** 2020 ਦੇ ਅੱਧ ਵਿਚ ਕੇਂਦਰ ਸਰਕਾਰ ਨੇ ਮਹਾਂਮਾਰੀ ਦਾ ਲਾਹਾ ਲੈਂਦਿਆਂ ਸੂਬਿਆਂ ਦੇ ਅਧਿਕਾਰਾਂ ਨੂੰ ਲਤਾੜ ਕੇ ਇੱਕੋ ਹੱਲੇ ਨਾਲ ਪੈਂਦੀ ਸੱਟੇ ਖੇਤੀਬਾੜੀ ਨਾਲ ਸਬੰਧਤ ਤਿੰਨ ਨਵੇਂ ਕਾਨੂੰਨ ਸਿਰੇ ਦੀ ਕਾਹਲੀ, ਧੋਖੇ ਅਤੇ ਧੱਕੇ ਨਾਲ ਬਣਾ ਧਰੇ। ਇਨ੍ਹਾਂ ਦਾ ਇੱਕੋ ਇੱਕ ਮੰਤਵ ਚਹੇਤੇ ਸਰਮਾਏਦਾਰਾਂ (ਅਡਾਨੀ, ਅੰਬਾਨੀ ਵਗੈਰਾ) ਨੂੰ ਜ਼ਰਖੇਜ਼ ਜ਼ਮੀਨਾਂ ਦੇ ਮਾਲਕ ਬਣਾ ਕੇ ਕਿਸਾਨਾਂ ਨੂੰ ਮਜ਼ਦੂਰਾਂ ਵਿਚ ਤਬਦੀਲ ਕਰਨਾ ਹੈ, ਕਿਉਂਕਿ ਸਰਮਾਏਦਾਰੀ ਦੀ ਜ਼ਮੀਨ ਤੋਂ ਅਗਲੀ ਲੋੜ ਸਸਤੀ ਵਾਧੂ ਮਜ਼ਦੂਰੀ ਦੀ ਹੈ। ਪ੍ਰਧਾਨ ਮੰਤਰੀ ਦੇ ਚਹੇਤਾ ਨੀਤੀ ਆਯੋਗ ਦਾ ਸੀ. ਈ. ਓ. ਅਮਿਤਾਭ ਕਾਂਤ ਸ਼ੱਰੇਆਮ ਲਿਖਦਾ ਹੈ ਕਿ ਇਨ੍ਹਾਂ ਕਾਨੂੰਨਾਂ ਦੀ ਬਦੌਲਤ ਕਿਸਾਨਾਂ ਵਿਚੋਂ 40 ਪ੍ਰਤੀਸ਼ਤ ਮਜ਼ਦੂਰ ਹੋਰ ਮਿਲ ਜਾਣਗੇ। ਸਸਤੇ ਵਾਧੂ ਮਜਬੂਰ ਮਜ਼ਦੂਰ। ਇਸ ਪਿਛੋਂ ਸਰਕਾਰ ਕਿਹੜੇ ਮੂੰਹ ਨਾਲ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਕਿਸਾਨੀ ਦੇ ਹੱਕ ਵਿਚ ਦੱਸ ਰਹੀ ਹੈ। ਪਹਿਲਾ ਕਾਨੂੰਨ-ਦ ਫਾਰਮਰਜ਼ ਪ੍ਰੋਡਿਊਸ, ਟਰੇਡ ਐਂਡ ਕਾਮਰਸ ਐਕਟ, 2020 ਸਾਰੀਆਂ ਖਰੀਦ ਮੰਡੀਆਂ ਖਤਮ ਕਰ ਕੇ, ਨਿੱਜੀ ਕੰਪਨੀਆਂ ਨੂੰ ਮਰਜ਼ੀ ਮੁਤਾਬਕ ਭਾਅ ਉੱਤੇ ਆਪਹੁਦਰੀ ਖਰੀਦ ਕਰਨ ਦੀ ਖੁੱਲ੍ਹ ਦਿੰਦਾ ਹੈ। ਇਸ ਤਰ੍ਹਾਂ ਘੱਟੋ ਘੱਟ ਸਮਰਥਨ ਮੁੱਲ ਤੇ ਖਰੀਦ ਕਰਨ ਦੀ ਵਿਵਸਥਾ ਦਾ ਭੋਗ ਪੈ ਜਾਂਦਾ ਹੈ। ਸਪਸ਼ਟ ਹੈ ਕਿ ਮੰਡੀਆਂ ਖਤਮ ਹੋ ਜਾਣਗੀਆਂ, ਸਰਕਾਰ ਖਰੀਦ ਪ੍ਰਕਿਰਿਆ ਤੋਂ ਬਾਹਰ ਹੋ ਜਾਵੇਗੀ, ਕੋਈ ਨਿਯਮਿਤ ਮੰਡੀ ਨਾ ਹੋਣ ਕਰ ਕੇ ਖਰੀਦਦਾਰ ਨੂੰ ਕੋਈ ਕਰ ਜਾਂ ਮੰਡੀ ਟੈਕਸ ਨਹੀਂ ਦੇਣਾ ਪਵੇਗਾ। ਮਤਲਬ ਪੇਂਡੂ ਸੜਕਾਂ ਅਤੇ ਸਹੂਲਤਾਂ ਉਪਰ ਖਰਚਣ ਲਈ ਕੋਈ ਰਕਮ ਨਹੀਂ ਰਹੇਗੀ।

ਦੂਜਾ ਕਾਨੂੰਨ, ਇਸੈਂਸ਼ਲ ਕਮਾਡਿਟੀਜ਼ (ਅਮੈਂਡਮੈਂਟ) ਐਕਟ, 2020 ਇਨ੍ਹਾਂ ਕੰਪਨੀਆਂ



ਨੂੰ ਅਸੀਮਤ ਮਾਤਰਾ ਵਿਚ ਜਿੰਨਾ ਮਰਜ਼ੀ ਭੰਡਾਰ (ਜ਼ਖੀਰਾ) ਕਰਨ ਦੀ ਖੁੱਲ੍ਹ ਦਿੰਦਾ ਹੈ, ਜਿਸ ਅਧੀਨ ਉਹ ਮਰਜ਼ੀ ਦੇ ਭਾਅ 'ਤੇ ਜਿਨਸਾਂ ਖਰੀਦਣ ਮਗਰੋਂ ਸਟਾਕ ਕਰ ਕੇ, ਆਰਜ਼ੀ ਤੇ ਮਸਨੂਈ ਥੁੜ੍ਹ ਪੈਦਾ ਕਰ ਕੇ ਮਗਰੋਂ ਵੱਧ ਭਾਅ 'ਤੇ ਵੇਚ ਸਕਣਗੇ, ਜਿਸ ਦਾ ਸਿੱਧਾ ਅਸਰ ਆਮ ਉਪਭੋਗਤਾ ਉਪਰ ਪਵੇਗਾ। ਸਿੱਟੇ ਵਜੋਂ ਇਸ ਸਰਕਾਰ ਦੇ ਜੋਟੀਦਾਰ ਸਰਮਾਏਦਾਰ (ਮੁੱਖ ਤੌਰ 'ਤੇ ਦੋ-ਚਾਰ) ਘਰਾਣੇ ਅੰਨ੍ਹਾ ਮੁਨਾਫਾ ਕਮਾ ਕੇ ਲੱਕ-ਤੋੜਵੀਂ ਮਹਿੰਗਾਈ ਲਿਆ ਸਕਣਗੇ ਅਤੇ ਗਰੀਬਾਂ ਨੂੰ ਭੁੱਖੇ ਜਾਂ ਅੱਧ ਭੁੱਖੇ ਜਾਂ ਕੁਪੋਸ਼ਿਤ ਰੱਖ ਕੇ ਉੱਠਣ ਜੋਗੇ ਨਹੀਂ ਰਹਿਣ ਦੇਣਗੇ। ਜਨਤਕ ਵਿਤਰਣ ਢਾਂਚਾ (ਪੀ. ਡੀ. ਐਸ.) ਦਮ ਤੋੜ ਦੇਵੇਗਾ।

ਇਨ੍ਹਾਂ ਘਰਾਣਿਆਂ ਦੀ ਅਜਾਰੇਦਾਰੀ ਮੁਕੰਮਲ ਕਰਨ ਲਈ ਲਿਆਂਦਾ ਤੀਜਾ ਕਾਨੂੰਨ 'ਦ ਫਾਰਮਰਜ਼ ਐਗਰੀਮੈਂਟ ਆਨ ਪਰਾਈਸ ਅਸਿਉਰੈਂਸ ਐਂਡ ਫਾਰਮਰ ਸਰਵਿਸਿਜ਼ ਐਕਟ, 2020 (ਐਫ. ਏ. ਪੀ. ਏ. ਐਫ. ਐਸ.) ਇਸ ਦੇ ਲੁਭਾਵਣੇ ਨਾਂ ਤੋਂ ਬਿਲਕੁਲ ਉਲਟ ਅਮਲ ਵਾਲਾ ਹੈ। ਇਹ ਕਾਨੂੰਨ ਪ੍ਰਾਈਵੇਟ ਕਾਰਪੋਰੇਟ ਅਦਾਰਿਆਂ ਨੂੰ ਕਿਸਾਨਾਂ ਨਾਲ ਆਪਣੀ ਮਰਜ਼ੀ ਦੀਆਂ ਸ਼ਰਤਾਂ 'ਤੇ ਇਕਰਾਰਨਾਮੇ ਕਰਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ, ਜਿਸ ਤਹਿਤ ਪਹਿਲੇ ਦੋ ਕਾਨੂੰਨਾਂ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਇਨ੍ਹਾਂ ਦੀ ਮਰਜ਼ੀ ਮੁਤਾਬਕ ਫਸਲ ਪੈਦਾ ਕਰਨ, ਵੇਚਣ ਅਤੇ ਭੁਗਤਾਨ ਲੈਣ ਲਈ ਮਜਬੂਰ ਹੋਣਾ ਪੈਣਾ ਹੈ। ਕਿਸਾਨ ਆਪਣੀ ਹੀ ਜ਼ਮੀਨ 'ਤੇ ਮਨ ਮਰਜ਼ੀ ਮੁਤਾਬਕ ਕੰਮ ਕਰਨ ਅਤੇ ਲਾਹਾ ਲੈਣ ਦੇ ਅਧਿਕਾਰ ਗੁਆ ਬੈਠੇਗਾ। ਉਸ ਨੂੰ ਕਿਸੇ ਧੱਕੇਸ਼ਾਹੀ ਜਾਂ ਬੇ-ਇਨਸਾਫੀ ਦੇ ਖਿਲਾਫ ਕਿਸੇ ਨਿਆਂ ਕਚਹਿਰੀ ਵਿਚ ਚਾਰਾਜੋਈ ਕਰਨ ਦੇ ਉਸ ਦੇ ਮੁਢਲੇ ਸੰਵਿਧਾਨਕ ਅਧਿਕਾਰ ਤੋਂ ਵੀ ਵਾਂਝਾ ਕਰ ਦਿੱਤਾ ਗਿਆ ਹੈ, ਜਦੋਂ ਕਿ ਹਰੇਕ ਸ਼ਹਿਰੀ ਨੂੰ ਇਹ ਹੱਕ ਪ੍ਰਾਪਤ ਹੈ।

ਉਪਰੋਕਤ ਤੋਂ ਤਾਂ ਇਉਂ ਜਾਪਦਾ ਹੈ ਕਿ ਇਨ੍ਹਾਂ ਕਾਨੂੰਨਾਂ ਦਾ ਪੂਰਾ ਮਸੌਦਾ ਕਾਰਪੋਰੇਟ ਨੇ ਬਣਾ ਕੇ ਦਿੱਤਾ ਅਤੇ ਕਠਪੁਤਲੀ ਸਰਕਾਰ ਨੇ ਉਸ ਨੂੰ ਉਸੇ ਸ਼ਕਲ ਵਿਚ ਕਾਨੂੰਨਾਂ ਦਾ ਰੂਪ ਦੇ ਦਿੱਤਾ। ਇਹ ਇਸ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਇਹ ਕਾਨੂੰਨ ਸਰਕਾਰ ਦੀ ਮਨਜ਼ੂਰ ਕੀਤੀ ਸਵਾਮੀਨਾਥਨ ਰਿਪੋਰਟ ਨੂੰ ਦਫਨ ਕਰ ਰਹੇ ਹਨ।

**ਕਰਨਾ ਕੀ ਸੀ, ਕਰ'ਤਾ ਕੀ:** ਭਾਰਤ ਸਰਕਾਰ ਦੁਆਰਾ 2004 ਵਿਚ ਬਣਾਏ ਗਏ 'ਨੈਸ਼ਨਲ ਕਮਿਸ਼ਨ ਆਨ ਫਾਰਮਰਜ਼ 'ਦੇ ਮੁਖੀ ਐਮ. ਐਸ. ਸਵਾਮੀਨਾਥਨ (ਹਰੀ ਕ੍ਰਾਂਤੀ ਦਾ ਪਿਤਾਮਾ ਵਿਗਿਆਨੀ) ਨੇ 2005 ਵਿਚ ਆਪਣੀ ਦੂਜੀ ਰਿਪੋਰਟ 'ਸਵਾਮੀਨਾਥਨ ਰਿਪੋਰਟ' ਪੇਸ਼ ਕਰ ਦਿੱਤੀ ਸੀ। ਇਸ ਦੀਆਂ ਮੁੱਖ ਸਿਫਾਰਸ਼ਾਂ ਵਿਚੋਂ ਇੱਕ ਇਹ ਸੀ ਕਿ ਹਰ ਸਾਲ ਖੇਤੀ ਦੀਆਂ ਜਿਨਸਾਂ ਦੇ ਭਾਅ ਸਾਰੇ ਖਰਚੇ ਗਿਣ ਕੇ ਉਸ ਉਪਰ 50 ਪ੍ਰਤੀਸ਼ਤ ਵਾਧਾ ਪਾ ਕੇ ਅਗਾਊਂ ਮਿਥੇ ਜਾਣ ਅਤੇ ਕਿਸਾਨ ਨੂੰ ਉਸ ਦੀ ਉਪਜ ਦਾ ਇਹ ਨਿਊਨਤਮ ਸਮਰਥਨ ਮੁੱਲ (ਐਮ. ਐਸ. ਪੀ.) ਦੇਣਾ ਯਕੀਨੀ ਬਣਾਇਆ ਜਾਵੇ। ਅਗਲੀ ਸਿਫਾਰਸ਼ ਹੈ ਕਿ ਇਸ ਨੂੰ ਲਾਗੂ ਕਰਨ ਹਿਤ ਚਾਲੂ ਖਰੀਦ ਕੇਂਦਰਾਂ/ਮੰਡੀਆਂ ਤੋਂ ਬਿਨਾਂ ਇਨ੍ਹਾਂ ਤੋਂ ਪੰਜ ਗੁਣਾ ਵੱਧ ਹੋਰ ਨਿਯਮਿਤ ਮੰਡੀਆਂ ਸਥਾਪਤ ਕੀਤੀਆਂ ਜਾਣ। ਬੜੀ ਬੇਸ਼ਰਮੀ ਨਾਲ ਇਸ ਨੂੰ ਲਾਗੂ ਕਰਨ ਦਾ ਰੌਲਾ ਪਾਉਣ ਵਾਲੀ ਸਰਕਾਰ ਨੇ ਇਸ ਨੂੰ ਡੂੰਘਾ ਦਫਨ ਕਰ ਦਿੱਤਾ ਹੈ। ਲੋੜ ਤਾਂ ਸੀ ਐਮ. ਐਸ. ਪੀ. ਮਿਥਣ-ਪ੍ਰਕਿਰਿਆ ਅਤੇ ਮੰਡੀਆਂ ਵਿਚ ਸੁਧਾਰ ਕਰਨ ਦੀ, ਉਲਟਾ ਸਾਰੀ ਵਿਵਸਥਾ ਕਿਸਾਨ-ਮਾਰੂ ਬਣਾ ਕੇ ਰੱਖ ਦਿੱਤੀ ਹੈ। ਸਿਰਫ ਕਿਸਾਨ ਹੀ ਅਸਹਿ ਮਾਰ ਹੇਠ ਨਹੀਂ ਆਉਣਗੇ, ਸਗੋਂ ਪੀ. ਡੀ. ਐਸ. ਰਾਹੀਂ ਗੁਜ਼ਾਰਾ ਕਰਨ ਵਾਲੇ 23.4 ਕਰੋੜ ਘਰਾਂ ਦਾ, ਯਾਨਿ 80 ਕਰੋੜ ਲਾਭ ਪਾਤਰੀਆਂ ਦਾ ਕੀ ਬਣੇਗਾ, ਜਿਨ੍ਹਾਂ ਦਾ ਸਰਕਾਰੀ ਖਰੀਦ ਅਤੇ ਵਿਤਰਣ ਰਾਹੀਂ 5.34 ਲੱਖ ਰਾਸ਼ਨ-ਦੁਕਾਨਾਂ ਜ਼ਰੀਏ ਪੇਟ ਭਰਦਾ ਹੈ? ਨਵੇਂ ਕਾਨੂੰਨਾਂ ਨਾਲ ਸਾਰੀ ਵਿਵਸਥਾ ਗੜਬੜਾ ਜਾਏਗੀ, ਸਾਰਾ ਖੇਤੀ ਅਰਥਚਾਰਾ ਮੁੱਠੀ ਭਰ ਮੁਨਾਫਾਖੋਰ ਘਰਾਣਿਆਂ ਦੀ ਜੁੰਡਲੀ ਦੇ ਚੁੰਗਲ ਵਿਚ ਚਲਾ ਜਾਏਗਾ।

**ਅਮਰੀਕਨ ਖੇਤੀਬਾੜੀ ਢਾਂਚਾ:** ਪਹਿਲਾਂ ਤੋਂ ਅਜ਼ਮਾਏ ਹੋਏ ਸਿਸਟਮ ਨੂੰ ਦੁਹਰਾਉਣ ਦੀ ਲੋੜ ਨਹੀਂ, ਅਮਰੀਕਾ ਵਿਚ ਖੇਤੀ ਦੇ ਖੇਤਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੇ ਭੈੜੇ ਨਤੀਜਿਆਂ ਤੋਂ ਸਬਕ ਸਿੱਖਣ ਦੀ ਲੋੜ ਹੈ। ਰਾਸ਼ਟਰਪਤੀ ਨਿਕਸਨ ਦੇ ਸ਼ਾਸ਼ਨ ਕਾਲ ਸਮੇਂ ਕਾਰਪੋਰੇਟ ਅਦਾਰਿਆਂ ਨੂੰ ਇਸੇ ਤਰ੍ਹਾਂ ਖੇਤੀ ਸੈਕਟਰ ਵਿਚ ਵਾੜਿਆ ਗਿਆ ਸੀ, ਖੁੱਲ੍ਹੀ ਮੰਡੀ ਦੀ ਵਿਵਸਥਾ ਅਧੀਨ। ਖੇਤੀ ਕਰਨ ਵਾਲਿਆਂ ਨੂੰ ਕਿਹਾ ਗਿਆ, ਜ਼ਮੀਨਾਂ ਇਕੱਠੀਆਂ ਕਰ ਕੇ ਵੱਡੇ ਫਾਰਮ ਬਣਾ ਕੇ ਖੇਤੀ ਕਰੋ ਜਾਂ ਛੱਡ ਜਾਓ। ਨਤੀਜੇ ਵਜੋਂ ਦੋ ਕੁ ਸਾਲਾਂ ਅੰਦਰ ਹੀ ਜਿਨਸਾਂ ਦੀਆਂ ਕੀਮਤਾਂ ਡਿੱਗ ਪਈਆਂ, ਕਿਸਾਨ ਕਰਜ਼ੇ ਦੀ ਮਾਰ ਹੇਠ ਦਬ ਗਏ, ਬਹੁਤੇ ਕਾਰਪੋਰੇਟ ਲਈ ਜ਼ਮੀਨਾਂ ਛੱਡ ਕੇ ਬਾਹਰ ਹੋ ਗਏ। ਹੁਣ 2013 ਤੋਂ ਲੈ ਕੇ ਉੱਥੋਂ ਦੇ ਕਿਸਾਨ ਸੰਕਟ ਹੇਠ ਹਨ।

ਸਿਰਫ 2011 ਤੋਂ 2018 ਤਕ ਦੇ ਸਮੇਂ ਅੰਦਰ ਕੋਈ ਇੱਕ ਲੱਖ ਕਿਸਾਨ ਖੇਤੀ ਛੱਡ ਚੁਕੇ ਹਨ। 2017-18 ਦੇ ਇੱਕੋ ਸਾਲ ਅੰਦਰ ਛੱਡਣ ਵਾਲਿਆਂ ਦੀ ਗਿਣਤੀ 12,000 ਹੈ। ਤਕੜੇ ਤੋਂ ਤਕੜੇ ਅਮਰੀਕਨ ਪਰਿਵਾਰ ਦਾ ਧੰਦਾ ਵੀ ਲਾਹੇਵੰਦ ਨਹੀਂ ਰਿਹਾ। ਨਤੀਜੇ ਵਜੋਂ ਪਿੰਡਾਂ ਦੇ ਪਿੰਡ ਉੱਜੜ ਕੇ ਭੂਤਵਾੜੇ ਬਣ ਗਏ ਹਨ; ਸਟੋਰ, ਸਕੂਲ ਤੇ ਹੋਰ ਖੇਤੀ ਸਬੰਧਤ ਕਾਰੋਬਾਰ ਬੰਦ ਹੋ ਗਏ ਹਨ। 2011 ਤੋਂ 2015 ਦਰਮਿਆਨ ਕੋਈ 4400 ਦੇਹਾਤੀ ਸਕੂਲ ਬੰਦ ਹੋ ਗਏ। ਕਿਸਾਨੀ ਅੰਦਰ ਖੁਦਕੁਸ਼ੀਆਂ ਵਧ ਗਈਆਂ ਹਨ। 2018 ਦੇ ਫਾਰਮ ਬਿਲ ਵਿਚ 5 ਕਰੋੜ ਡਾਲਰ ਕਿਸਾਨਾਂ ਦੀ ਦਿਮਾਗੀ ਸਿਹਤ ਲਈ ਰੱਖਣੇ ਪਏ। ਉੱਥੇ 30 ਪ੍ਰਤੀਸ਼ਤ ਵਾਹੀਯੋਗ ਜ਼ਮੀਨ ਗੈਰ ਹਾਜ਼ਰ ਲੋਕਾਂ ਕੋਲ ਚਲੀ ਗਈ ਹੈ, ਜੋ ਠੇਕੇ 'ਤੇ ਦਿੰਦੇ ਹਨ। ਇਨ੍ਹਾਂ ਵਿਚੋਂ ਵੀ ਦੋ ਪ੍ਰਤੀਸ਼ਤ ਮੁਲਕ ਤੋਂ ਬਾਹਰ ਰਹਿਣ ਵਾਲੇ ਹਨ।

ਟਰੰਪ ਸਰਕਾਰ ਦੇ ਖੇਤੀਬਾੜੀ ਸੈਕਟਰੀ ਸੌਨੀ ਪਰਡਿਊ ਨੇ ਠੀਕ ਹੀ ਕਿਹਾ ਸੀ ਕਿ ਇਸ ਖੇਤਰ ਵਿਚ ਵੱਡੇ ਲੋਕ ਵਧੇਰੇ ਅਮੀਰ ਹੋ ਰਹੇ ਹਨ, ਜਦੋਂ ਕਿ ਛੋਟੇ ਅਲੋਪ ਹੋ ਰਹੇ ਹਨ। ਅਮਰੀਕਾ ਵਿਚ ਕੇਵਲ ਚਾਰ ਵੱਡੀਆਂ ਕੰਪਨੀਆਂ ਮੱਕੀ ਦੀ ਪੈਦਾਵਾਰ ਦਾ 80 ਪ੍ਰਤੀਸ਼ਤ ਅਤੇ ਸੋਇਆਬੀਨ ਦਾ 79 ਪ੍ਰਤੀਸ਼ਤ ਖਰੀਦਦੀਆਂ ਹਨ। ਇਹ ਚੰਡਾਲ ਚੌਕੜੀ-ਏ. ਡੀ. ਐਮ., ਬੁੰਗੀ., ਕਾਰਗਿਲ ਅਤੇ ਲੂਈ ਡਰਾਈਫਸ ਦੁਨੀਆਂ ਦੀ ਕੁੱਲ ਖੇਤੀ ਉਪਜ ਦੇ 70 ਪ੍ਰਤੀਸ਼ਤ ਹਿੱਸੇ ਦਾ ਵਪਾਰ ਸਾਂਭੀ ਬੈਠੀ ਹੈ। ਜਿੱਥੇ ਕਿਸਾਨ ਨੂੰ 1969 ਵਿਚ ਖਪਤਕਾਰ ਦੇ ਇੱਕ ਡਾਲਰ ਖਰਚਣ 'ਚੋਂ 41 ਸੈਂਟ ਮਿਲਦੇ ਸਨ, ਹੁਣ ਮਸਾਂ 8-15 ਸੈਂਟ ਮਿਲਦੇ ਹਨ।

ਇਸ ਹਿਸਾਬ ਨਾਲ ਭਾਰਤ ਵਿਚ ਨਵੀਂ ਵਿਵਸਥਾ ਤਹਿਤ ਆਟਾ 45 ਰੁਪਏ ਦੀ ਥਾਂ 200 ਰੁਪਏ ਪ੍ਰਤੀ ਕਿਲੋ ਵਿਕੇਗਾ। ਹੁਣ ਦੇ ਕਿਸਾਨ ਅਤੇ ਸਾਰੇ ਖਪਤਕਾਰ ਕਾਰਪੋਰੇਟ ਦੀਆਂ ਮਨ-ਮਾਨੀਆਂ ਦੇ ਰਹਿਮੋ ਕਰਮ ਤੇ ਛੱਡ ਦਿੱਤੇ ਜਾਣਗੇ। ਮਜਬੂਰ ਹੋਏ ਲੋਕਾਂ ਤੋਂ ਧਰਮ ਦੇ ਨਾਂ 'ਤੇ, ਲਾਰਿਆਂ ਦੇ ਝਾਂਸੇ ਦੇ ਕੇ, ਧਨ ਦੇ ਜ਼ੋਰ 'ਤੇ, ਤਾਕਤ ਦੇ ਸਹਾਰੇ, ਵੋਟਿੰਗ ਮਸ਼ੀਨਾਂ ਦਾ ਜੁਗਾੜ ਲਾ ਕੇ-ਗੱਲ ਕੀ, ਹਰੇਕ ਹੱਥਕੰਡਾ ਵਰਤ ਕੇ ਅਖੌਤੀ ਜਮਹੂਰੀਅਤ ਦੀ ਛਤਰੀ ਹੇਠ ਸੱਤਾ ਹਥਿਆਈ ਜਾਂਦੀ ਰਹੇਗੀ। ਇਉਂ ਇਹ ਨਾ-ਪਾਕ ਤਿੱਕੜੀ ਮਜ਼ਬੂਤ ਹੁੰਦੀ ਜਾਵੇਗੀ।

**ਇੱਕੋ ਹੱਲ-ਕਾਲੇ ਕਾਨੂੰਨ ਰੱਦ:** ਕੋਈ ਸੰਦੇਹ ਨਹੀਂ ਕਿ ਤਿੰਨੇ ਖੇਤੀ ਕਾਨੂੰਨ ਕਿਸਾਨ ਦੀ ਹੋਂਦ, ਉਸ ਦੇ ਵਿਰਸੇ, ਉਸ ਦੀ ਗੈਰਤ, ਉਸ ਦੀ ਪਛਾਣ, ਉਸ ਦੀ ਤਹਿਜ਼ੀਬ ਨੂੰ ਖਤਰੇ ਵਿਚ ਪਾਉਂਦੇ ਹਨ। ਇਹ ਕਾਨੂੰਨ ਬਿਨਾ ਕਿਸਾਨ ਜਥੇਬੰਦੀਆਂ ਦੀ ਰਾਇ ਲਿਆਂ, ਬਿਨਾ ਪ੍ਰਵਾਨਿਤ ਖੇਤੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕੀਤਿਆਂ, ਬਿਨਾ ਕਿਸਾਨਾਂ ਜਾਂ ਆਮ ਜਨਤਾ ਦੀ ਲੋੜ ਤੋਂ, ਬਿਨਾ ਸੰਸਦ ਅੰਦਰ ਢੁਕਵੀਂ ਬਹਿਸ ਤੋਂ, ਬਿਨਾ ਸੰਸਦੀ ਕਮੇਟੀ ਦੇ ਸਪੁਰਦ ਕਰਨ ਤੋਂ, ਸੂਬਾਈ ਅਧਿਕਾਰ ਖੇਤਰ ਵਿਚ ਬੇ-ਲੋੜੀ ਦਖਲ ਅੰਦਾਜ਼ੀ ਕਰ ਕੇ ਸੰਵਿਧਨਕ ਪ੍ਰਕਿਰਿਆ ਨੂੰ ਮਿੱਧ ਕੇ ਮੰਦ ਭਾਵਨਾ ਨਾਲ ਬਣਾਏ ਗਏ ਹਨ। ਇਨ੍ਹਾਂ ਦਾ ਇੱਕੋ ਇੱਕ ਮੰਤਵ ਉਪਰ ਦੱਸੀ ਤਿੱਕੜੀ ਦੇ ਕੁਟਿਲ ਮਨਸੂਬੇ ਪੂਰੇ ਕਰਨਾ ਹੈ। ਹਰ ਪੱਖ ਤੋਂ ਕਿਸਾਨ ਵਿਰੋਧੀ, ਖਪਤਕਾਰ ਵਿਰੋਧੀ, ਕਿਰਤੀ ਤੇ ਮਜ਼ਦੂਰ ਵਿਰੋਧੀ ਇਨ੍ਹਾਂ ਮੂਲੋਂ ਹੀ ਬੇ-ਲੋੜੇ ਕਾਨੂੰਨਾਂ ਨੂੰ ਬਿਨਾ ਕਿਸੇ ਦੇਰੀ ਤੋਂ ਰੱਦ (ਰੀਪੀਲ) ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਹੁਣ ਇਹ ਸਿਰਫ ਕਿਸਾਨਾਂ ਦੀ ਨਾ ਹੋ ਕੇ ਮੁਲਕ ਦੇ ਸਾਰੇ ਲੋਕਾਂ ਦੀ ਮੰਗ ਬਣ ਗਈ ਹੈ।

ਮੌਜੂਦਾ ਪ੍ਰਧਾਨ ਮੰਤਰੀ ਦੇ ਪਿਛਲੇ ਸ਼ਾਸ਼ਨ ਕਾਲ (2014-2019) ਦੌਰਾਨ 1420 ਕਾਨੂੰਨ ਰੱਦ ਕੀਤੇ ਗਏ ਸਨ, ਜਿਨ੍ਹਾਂ ਦੀ ਲੋਕਾਂ ਨੇ ਮੰਗ ਵੀ ਨਹੀਂ ਕੀਤੀ ਸੀ ਤਾਂ ਫਿਰ ਐਨੀ ਵਿਆਪਕ ਵਿਰੋਧਤਾ ਦੇ ਬਾਵਜੂਦ ਇਹ ਤਿੰਨ ਕਾਨੂੰਨ ਵਾਪਸ ਲੈਣ ਵਿਚ ਏਨਾ ਗੈਰ ਜਮਹੂਰੀ ਅੜੀਅਲ ਵਤੀਰਾ ਕਿਉਂ ਅਪਨਾਇਆ ਜਾ ਰਿਹੈ? ਅੱਜ ਰਾਜ ਭਾਗ ਦਾ ਮਾਲਕ 'ਇੰਡੀਆ' ਜਨਤਾ ਦੇ 'ਭਾਰਤ' ਦੇ ਐਨਾ ਖਿਲਾਫ ਕਿਉਂ ਭੁਗਤ ਰਿਹਾ ਹੈ। ਉਹ ਵੀ ਗਣ-ਰਾਜ ਹੁੰਦਿਆਂ?

**ਵਿਲੱਖਣ ਜਨ ਅੰਦੋਲਨ:** ਇਹ ਸਤਰਾਂ ਲਿਖਣ ਵੇਲੇ ਤੱਕ ਪੰਜਾਬ ਤੋਂ ਸ਼ੁਰੂ ਹੋਇਆ ਕਿਸਾਨ ਅੰਦੋਲਨ ਪੂਰੇ ਭਾਰਤ ਵਰਸ਼ ਦੇ ਸਾਰੇ ਲੋਕਾਂ ਦਾ ਅੰਦੋਲਨ ਬਣ ਚੁਕਾ ਹੈ। ਇਹ ਦੁਨੀਆਂ ਦੇ ਇਤਿਹਾਸ ਵਿਚ ਕਈ ਪੱਖਾਂ ਤੋਂ ਨਿਵੇਕਲਾ, ਵਿਲੱਖਣ ਤੇ ਅਦੁਤੀ ਹੈ। ਇਸ ਨੇ ਪੂਰੇ ਮੁਲਕ ਨੂੰ ਇੱਕ ਸੂਤਰ ਵਿਚ ਪਰੋ ਦਿੱਤਾ ਹੈ। ਇਸ ਨੇ ਸਭ ਤੋਂ ਵੱਧ ਅਸਰਦਾਰ ਤਰੀਕੇ ਨਾਲ ਭਾਰਤੀ ਜਨਤਾ ਨੂੰ ਸਰਮਾਏਦਾਰੀ ਨਿਜ਼ਾਮ, ਖਾਸ ਕਰ ਕੇ ਬਦਨਾਮ ਤਿੱਕੜੀ ਦੇ ਖਾਸੇ ਅਤੇ ਮਨਸ਼ੇ ਤੋਂ ਪੂਰੀ ਤਰ੍ਹਾਂ ਸੁਚੇਤ ਤੇ ਜਾਗ੍ਰਿਤ ਕਰ ਦਿੱਤਾ ਹੈ। ਸਾਡੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਇਸ ਅੰਦੋਲਨ ਦੀ ਰੂਹ ਹੈ। ਸਾਰੇ ਭਾਈਚਾਰੇ, ਸਾਰੇ ਫਿਰਕੇ, ਸਾਰੇ ਧਰਮ, ਸਾਰੀਆਂ ਜਾਤੀਆਂ ਦੇ ਲੋਕ, ਹਰੇਕ ਵਰਗ ਅਤੇ ਹਰੇਕ ਤਬਕੇ ਦੇ ਲੋਕ ਇਸ ਅੰਦੋਲਨ ਵਿਚ ਘਿਉ-ਖਿਚੜੀ ਹੋ ਗਏ ਹਨ। ਸਭ ਪ੍ਰਾਂਤਾਂ ਦੇ ਲੋਕ ਸ਼ਾਮਲ ਹਨ। ਦੇਸ਼ ਦੇ ਦੂਰ-ਦੁਰਾਡੇ ਸ਼ਹਿਰਾਂ ਵਿਚ ਜ਼ਬਰਦਸਤ ਮੁਜ਼ਾਹਰੇ ਹੋ ਰਹੇ ਹਨ। ਦੇਸ਼ ਦੀ ਫਿਜ਼ਾ ਏਕਤਾ ਦੇ ਨਾਹਰਿਆਂ ਨਾਲ ਗੂੰਜ ਰਹੀ ਹੈ। ਇਸ ਅੰਦੋਲਨ ਵਿਚ ਸਹਿਨਸ਼ੀਲਤਾ, ਸੰਜਮ, ਅਨੁਸ਼ਾਸਨ, ਅਹਿੰਸਾ, ਸਬਰ ਪੂਰਨ ਰੂਪ ਵਿਚ ਵਿਦਮਾਨ ਹਨ। ਕੂੜ-ਕਬਾੜ ਦਾ ਟਾਕਰਾ ਢੁਕਵੇਂ ਤਰੀਕੇ ਨਾਲ ਹੋ ਰਿਹਾ ਹੈ। ਸਰਕਾਰ ਦੀਆਂ ਕੋਝੀਆਂ ਚਾਲਾਂ, ਸਾਜ਼ਿਸ਼ਾਂ ਅਤੇ ਦਮਨਕਾਰੀ ਨੀਤੀਆਂ ਦੇ ਹੁੰਦਿਆਂ, ਅੱਤ ਦੇ ਠੰਢੇ ਮੌਸਮ ਦੇ ਕਹਿਰ ਦੇ ਬਾਵਜੂਦ ਮੁਲਕ ਭਰ ਵਿਚੋਂ ਲੋਕਾਂ ਦੀ ਆਪ ਮੁਹਾਰੇ ਸ਼ਮੂਲੀਅਤ ਦਿਨੋ ਦਿਨ ਵਧ ਰਹੀ ਹੈ। ਕਿਹੜੀ ਚੀਜ਼ ਹੈ, ਜੋ ਲੰਗਰ ਦੇ ਰੂਪ ਵਿਚ

(ਬਾਕੀ ਅਗਲੇ ਸਫੇ 'ਤੇ)

# ਮਿੱਟੀ ਦੇ ਜਾਇਆਂ ਦੇ ਹੱਕਾਂ ਪ੍ਰਤੀ ਸੰਸਦ ਵਿਚ ਗੂੰਜਦੀਆਂ ਆਵਾਜ਼ਾਂ

## ਬੋਲ ਕਿ ਲਬ ਆਜ਼ਾਦ ਹੈਂ ਤੇਰੇ...



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ 440 ਕਿਸਾਨ ਜਥੇਬੰਦੀਆਂ ਵਲੋਂ ਵਿੱਢਿਆ ਦਿੱਲੀ ਕਿਸਾਨ ਮੋਰਚਾ ਮੁੜ ਪੈਰੀਂ ਸਿਰੀਂ ਹੋ ਗਿਆ ਹੈ। ਲੋਕਾਂ ਦੀ ਸ਼ਮੂਲੀਅਤ ਕਈ ਗੁਣਾਂ ਵੱਧ ਗਈ ਹੈ, ਜੋ 26 ਜਨਵਰੀ ਦੀ ਟਰੈਕਟਰ ਪ੍ਰੇਡ ਤੋਂ ਬਾਅਦ ਕੁਝ ਵਿਰਲੀ ਹੋ ਗਈ ਜਾਪਦੀ ਸੀ। ਯੂ. ਪੀ., ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਸਮੇਤ ਕਈ ਰਾਜਾਂ ਵਿਚ ਕਿਸਾਨ ਪੰਚਾਇਤਾਂ ਦਾ ਸਿਲਸਿਲਾ ਜਾਰੀ ਹੈ। ਖਾਪ ਪੰਚਾਇਤਾਂ ਦੇ ਫੈਸਲਿਆਂ ਨੇ ਮੋਰਚੇ ਨੂੰ ਜਨ-ਅੰਦੋਲਨ ਬਣਾਉਣ ਤੇ ਲੋਕਤੰਤਰ ਦੀ ਬਹਾਲੀ ਵਿਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਜਗਰਾਉਂ (ਪੰਜਾਬ) ਵਿਚ ਵੀ ਪਲੇਠੀ ਕਿਸਾਨ ਪੰਚਾਇਤ ਹੋਈ, ਜੋ ਕਾਫੀ ਸਫਲ ਰਹੀ। ਪੰਜਾਬ ਵਿਚ ਸਥਾਨਕ ਸਰਕਾਰਾਂ ਦੀ ਚੋਣ ਦਾ ਸਮਾਂ ਹੋਣ ਦੇ ਬਾਵਜੂਦ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਆਪਣੀ ਰੋਟੀ ਰੋਜੀ ਦੇ ਵਿੱਢੇ ਸੰਘਰਸ਼ ਲਈ ਜਾਮਨੀ ਦਾ ਪ੍ਰਤੀਕ ਸੀ, ਜਿਸ ਨਾਲ ਮੋਰਚੇ ਵਿਚ ਬੈਠੇ ਸੰਘਰਸ਼ੀ ਮਿੱਟੀ ਦੇ ਜਾਇਆਂ ਤੇ ਸੰਚਾਲਕਾਂ ਨੂੰ ਊਰਜਾ ਮਿਲੀ, ਪਰ ਕੇਂਦਰੀ ਹਕੂਮਤ ਦਾ ਢੀਠਤਾ ਵਾਲਾ ਹੰਕਾਰੀ ਰਵੱਈਆ ਅੱਗੇ ਨਾਲੋਂ ਵੀ ਕਰੂਰ ਹੋ ਗਿਆ ਜਾਪਦਾ ਹੈ।

ਸੰਸਦ ਦੇ ਬਜਟ ਸ਼ੈਸਨ ਵਿਚ ਜ਼ਰਾਇਤ ਮੰਤਰੀ ਨਰਿੰਦਰ ਤੋਮਰ ਨਾਲ ਕਿਸਾਨ ਆਗੂਆਂ ਦੀਆਂ ਮੀਟਿੰਗਾਂ ਸਮੇਂ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਦੇ ਇਕੱਲੇ ਇਕੱਲੇ ਕਲਾਜ਼ ਉਤੇ ਹੋਈਆਂ ਬਹਿਸਾਂ ਤੇ ਲਿਖਤੀ ਰੂਪ ਵਿਚ ਦੇਣ ਦੇ ਬਾਵਜੂਦ ਕਹਿਣਾ ਕਿ ਕਿਸਾਨ ਤੇ ਵਿਰੋਧੀ ਪਾਰਟੀਆਂ ਕਾਨੂੰਨਾਂ ਵਿਚ ਕਾਲਾ ਕੀ ਹੈ? ਬਾਰੇ ਸਪਸ਼ਟ ਨਹੀਂ ਕਰ ਸਕੀਆਂ। ਪਿਛਲੇ ਢਾਈ ਮਹੀਨਿਆਂ ਵਿਚ ਦੋ ਸੌ ਤੋਂ ਉਪਰ ਕਿਸਾਨਾਂ ਦੇ ਸੰਘਰਸ਼ ਦੀ ਭੇਟਾ ਚੜ੍ਹ ਜਾਣ ਬਾਰੇ ਮੰਤਰੀ ਵਲੋਂ ਜਾਣਕਾਰੀ ਨਾ ਹੋਣ ਦਾ ਬਿਆਨ ਦਾਗਣਾ ਇਸ ਨਾ-ਅਹਿਲ ਤੇ ਅਸੰਵੇਦਨਸ਼ੀਲ ਸਰਕਾਰ ਦੇ ਕਿਸਾਨ ਸੰਘਰਸ਼ ਵਿਰੋਧੀ ਚਿਹਰਾ ਪੂਰੀ ਤਰਾਂ ਬੇ ਨਕਾਬ ਹੋ ਚੁਕਾ ਹੈ।

ਉਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਦਨ ਵਿਚ ਹੀ ਕਾਨੂੰਨਾਂ ਦੇ ਸਹੀ ਹੋਣ ਦੀ ਤੋਤਾ-ਰਟ ਦੁਹਰਾਉਂਦਿਆਂ ਕਿਸਾਨ ਸੰਘਰਸ਼ੀਆਂ ਨੂੰ 'ਅੰਦੋਲਨਜੀਵੀ, ਪਰਜੀਵੀ' ਦੀ ਸੰਗਿਆ ਦਿੰਦਿਆਂ ਨਵੀਂ ਚਰਚਾ ਛੇੜ ਦਿਤੀ। ਸਰਕਾਰੀ ਧਿਰ ਵਲੋਂ ਅਜਿਹੇ ਕਥਿਤ ਫਰੇਬੀ ਬਿਆਨਾਂ ਨੇ ਸੰਸਦੀ ਪਰੰਪਰਾ, ਆਸਥਾ, ਮਰਿਆਦਾ ਨੂੰ ਤਾਂ ਭਾਰੀ ਢਾਹ ਲਾਈ ਹੀ, ਨਾਲ ਹੀ ਦੇਸ਼ ਦੀ ਜਨਤਾ ਦੇ ਭਰੋਸੇ ਨੂੰ ਖੋਰਾ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਲੋਕ ਇਸ 17ਵੀਂ ਸੰਸਦ ਤੋਂ ਧਰਤੀ ਪੁੱਤਰ ਦੀਆਂ ਮੁਸੀਬਤਾਂ ਦਾ ਕੋਈ ਹੱਲ ਦੀ ਤਵੱਕੋਂ ਕਰ ਰਹੇ ਸਨ, ਪਰ ਉਨ੍ਹਾਂ ਦੇ ਪੱਲੇ ਮਾਯੂਸੀ ਹੀ ਪਈ। ਉਤੋਂ ਦੋਵੇਂ ਮੰਤਰੀ, ਪ੍ਰਧਾਨ ਮੰਤਰੀ ਦਾ ਵਿਅੰਗਮਈ ਕਠੋਰ ਹਾਸਾ ਜਮਹੂਰੀਅਤ ਦੇ ਸਭ ਤੋਂ ਉਚੇ ਸੁੱਚ ਸਤੰਭ ਜਨ-ਸਦਨ ਦੀਆਂ ਨੀਂਹਾਂ ਹਿਲਾ ਰਿਹਾ ਸੀ।

ਕਿਸਾਨੀ ਸੰਘਰਸ਼ ਕਾਰਨ ਦੇਸ਼-ਵਿਦੇਸ਼ ਦੀਆਂ ਨਜ਼ਰਾਂ ਇਸ ਵਾਰੀ ਦੇ ਬਜਟ ਸ਼ੈਸਨ ਉਤੇ ਲੱਗੀਆਂ ਹੋਈਆਂ ਸਨ। ਹਾਕਮੀ ਧਿਰ ਦੇ ਉਲਟ ਇਸ ਵਾਰੀ ਵਿਰੋਧੀ ਧਿਰ ਦੀਆਂ 16 ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਕਿਸਾਨੀ ਸੰਘਰਸ਼ ਦੇ ਹੱਕ ਵਿਚ ਆਵਾਜ਼ ਨੂੰ ਬੁਲੰਦ ਕਰਦਿਆਂ ਭਾਜਪਾ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ, ਜਿਸ ਵਿਚ ਝੰਡੀ ਔਰਤ ਬੁਲਾਰਿਆਂ ਦੀ ਰਹੀ। ਭਾਵੇਂ ਕਾਂਗਰਸ ਆਗੂ ਰਾਹੁਲ ਗਾਂਧੀ, ਗੁਲਾਮ ਨਬੀ ਅਜ਼ਾਦ, ਦੀਪਿੰਦਰ ਸਿੰਘ ਹੁੱਡਾ, ਗੁਰਜੀਤ ਸਿੰਘ ਔਜਲਾ, ਰਵਨੀਤ ਸਿੰਘ ਬਿੱਟੂ, ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ ਅਤੇ ਭਗਵੰਤ ਸਿੰਘ ਮਾਨ, ਸੰਜੈ ਸਿੰਘ ਸਮੇਤ ਦਰਜਨਾਂ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਆਪਣੇ ਭਾਸ਼ਣਾਂ ਵਿਚ ਕਿਸਾਨੀ ਘੋਲ ਦੀ ਹਮਾਇਤ ਕਰਦਿਆਂ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਜੋਰਦਾਰ ਮੰਗ ਕੀਤੀ, ਪਰ ਜੋ ਪਰਖਚੇ ਪੱਛਮੀ ਬੰਗਾਲ ਦੀ ਮੈਂਬਰ ਪਾਰਲੀਮੈਂਟ ਮਹੂਆ ਮੋਇਤਰਾ ਤੇ ਹਰਸਿਮਰਤ ਕੌਰ ਬਾਦਲ ਨੇ ਉਧੇੜੇ, ਉਨ੍ਹਾਂ ਤਾਂ ਵੱਡੇ ਵੱਡੇ ਬੁੱਧੀਜੀਵੀਆਂ, ਮੀਡੀਆ ਸਫਾਂ, ਸ਼ੋਸਲ ਐਕਟੀਵਿਸਟਾਂ, ਮੀਡੀਆ ਘਰਾਣਿਆਂ ਨੂੰ ਪ੍ਰਾਈਮ ਟਾਈਮ 'ਤੇ ਡਿਬੇਟ ਕਰਨ ਲਈ ਮਜਬੂਰ ਕਰ ਦਿੱਤਾ।

ਦਾ ਵਾਇਰ, ਐਨ. ਡੀ. ਟੀ. ਵੀ., ਨਿਊਜਕਲਿਕ ਇੰਨ, ਲਲਨਟੋਪ, ਬੀ. ਬੀ. ਸੀ. ਨੇ ਤਾਂ ਮਹੂਆ ਮੋਇਤਰਾ ਨਾਲ ਮੁਲਾਕਾਤਾਂ ਤੇ ਸੀਨੀਅਰ ਪੱਤਰਕਾਰਾਂ ਨਾਲ ਉਸ ਦੇ ਭਾਸ਼ਣਾਂ 'ਤੇ ਡਿਬੇਟ ਵੀ ਕਰਵਾਈ। ਉਨ੍ਹਾਂ ਉਸ ਦੇ ਭਾਸ਼ਣ ਨੂੰ ਜਵਾਹਰਲਾਲ ਨਹਿਰੂ, ਡਾ. ਰਾਮ ਮਨੋਹਰ ਲੋਹੀਆ, ਮਧੂ ਲਿਮਹੇ ਆਦਿ ਜਿਹੇ ਸਟੇਟਸਮੈਨਾਂ ਦੇ ਸਮੇਂ ਨਾਲ ਤੁਲਨਾ ਕੀਤੀ। ਮਹੂਆ ਮੋਇਤਰਾ ਦੇ ਭਾਸ਼ਣ ਦੇ ਕੁਝ ਅੰਸ਼ ਇਥੇ ਵੀ ਦੇਣਾ ਚਾਹਾਂਗੀ। ਸੰਸਦ ਵਿਚ ਆਪਣੀ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਮਹੂਆ ਮੋਇਤਰਾ ਨੇ ਸਭਾਪਤੀ ਨੂੰ ਵਾਰਨਿੰਗ ਦਿੱਤੀ ਕਿ ਉਹ ਉਸ ਦਾ ਲਾਈਵ ਟੈਲੀਕਾਸਟ ਬੰਦ ਨਾ ਕਰਨ, ਕਿਉਂਕਿ ਅਜਿਹਾ ਪਹਿਲਾਂ ਦੋ ਵਾਰ ਹੋ ਚੁਕਾ ਹੈ।

ਪ੍ਰਭਾਵਸ਼ਾਲੀ ਢੰਗ ਨਾਲ ਬੋਲਦਿਆਂ ਹਾਕਮ ਧਿਰ 'ਤੇ ਸ਼ਬਦੀ ਤੀਰ ਚਲਾਉਂਦਿਆਂ ਮਹੂਆ ਮੋਇਤਰਾ ਨੇ ਕਿਹਾ ਕਿ ਤੁਸੀਂ ਡਰਪੋਕ ਹੋ। ਤੁਸੀਂ ਫੌਜਾਂ, ਪੁਲਿਸ, ਪੈਰਾਮਿਲਟਰੀ ਫੋਰਸ, ਨਿਆਂਪਾਲਕਾ, ਮੀਡੀਆ-ਹਰ ਤਰ੍ਹਾਂ ਦੇ ਸਾਧਨ ਸੰਪੰਨ ਹੋ। ਕਿਸਾਨ ਖਾਲੀ ਹੱਥ ਅਮਨ ਸ਼ਾਂਤੀ ਨਾਲ ਦਿੱਲੀ ਦੀ ਸਰਹੱਦ ਉਤੇ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਲਈ ਪਿਛਲੇ ਤਿੰਨ ਮਹੀਨਿਆਂ ਤੋਂ ਰੋਸ ਪ੍ਰਦਰਸ਼ਨ ਕਰ ਰਿਹਾ ਹੈ। ਉਸ ਵਲੋਂ ਕੋਈ ਹਿੰਸਾ ਨਹੀਂ ਕੀਤੀ ਜਾ ਰਹੀ। ਤੁਸੀਂ ਫੇਰ ਵੀ ਉਸ ਦੁਆਲੇ ਕੰਡਿਆਲੀ ਬੈਰੀਕੇਡਿੰਗ, ਡੂਘੀਆਂ ਖਾਈਆਂ ਤੇ ਤਿੱਖੀਆਂ ਕਿੱਲਾਂ ਲਾਈਆਂ। ਪੁਲਿਸ ਦੀਆਂ ਕਈ ਕਈ ਲੇਅਰ ਲਾ ਕੇ ਉਨ੍ਹਾਂ ਨੂੰ ਜਲੀਲ ਕੀਤਾ ਜਾ ਰਿਹਾ ਹੈ। 26 ਜਨਵਰੀ ਦੀ ਹਿੰਸਾ 'ਤੇ ਕਿਸਾਨਾਂ ਖਿਲਾਫ ਝੂਠੇ ਪਰਚੇ ਪਾ ਕੇ ਉਨ੍ਹਾਂ ਦੇ ਅੰਦੋਲਨ ਨੂੰ ਸਾਬੋਤਾਜ ਕਰਨ ਦੇ ਮਨਸੂਬੇ ਘੜੇ ਗਏ, ਜਿਸ ਲਈ ਸਰਕਾਰ ਪੁਰੀ ਤਰ੍ਹਾਂ ਜਿੰਮੇਵਾਰ ਹੈ। ਭਾਜਪਾ ਤੇ ਆਰ. ਐਸ. ਐਸ. ਦੇ ਵਰਕਰਾਂ ਨੇ ਲਾਲ ਕਿਲੇ ਵਾਲਾ ਸਾਰਾ ਹਿੰਸਕ ਮਾਹੌਲ ਸਿਰਜਿਆ।

ਮਹੂਆ ਮੋਇਤਰਾ ਨੇ ਅੱਗੇ ਕਿਹਾ, ਤੁਸੀਂ ਅੰਨਦਾਤੇ ਨਾਲ ਅਜਿਹਾ ਰਸੂਖ ਕਰ ਰਹੇ ਹੋ, ਜਿਵੇਂ ਉਹ ਤੁਹਾਡੇ ਦੁਸ਼ਮਣ ਹੋਣ ਤੇ ਦਿੱਲੀ ਉਤੇ ਕਬਜਾ ਕਰਨ ਆਏ ਹੋਣ। ਉਨ੍ਹਾਂ ਨੂੰ ਅਤਿਵਾਦੀ ਵੱਖਵਾਦੀ ਕਹਿ ਕੇ ਭੰਡਦੇ ਹੋ। ਉਨ੍ਹਾਂ ਵਰਗੀ ਦਰਿਆਦਿਲੀ ਅਤੇ ਆਪਾ ਵਾਰਨ ਤੇ ਤਿਆਗ ਦੀ ਭਾਵਨਾ ਕਿਸੇ ਵਿਚ ਵੀ ਨਹੀਂ। ਉਨ੍ਹਾਂ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦਿੱਲੀ ਫਤਿਹ ਕੀਤੀ ਤੇ ਕੇਸਰੀ ਨਿਸ਼ਾਨ ਲਾਲ ਕਿਲੇ 'ਤੇ ਲਹਿਰਾਇਆ ਸੀ, ਪਰ ਰਾਜ ਭਾਗ ਅਰਾਮ ਨਾਲ ਮੁੜ ਮੁਗਲਾਂ ਨੂੰ ਸੌਂਪ ਕੇ ਵਾਪਸ ਪੰਜਾਬ ਚਲੇ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਜਗੀਰਦਾਰਾਂ ਤੋਂ ਜ਼ਮੀਨ ਲੈ ਕੇ ਇਨ੍ਹਾਂ ਖੇਤੀ ਕਰਨ ਵਾਲਿਆਂ ਵਿਚ ਵੰਡੀ ਸੀ। ਇਹ ਦੌਲਤ ਦੀ ਕਾਣੀ ਵੰਡ ਖਿਲਾਫ ਲੜਾਈ ਸੀ, ਜੋ ਉਸੇ ਦੇ ਵੰਸ਼ਜ ਅੱਜ ਫਿਰ ਉਹੋ ਅਡਾਨੀ-ਅੰਬਾਨੀ ਖਿਲਾਫ ਵਿੱਢੀ ਬੈਠੇ ਹਨ। ਨੇਵੀ ਏਅਰਫੋਰਸ ਤੇ ਆਰਮੀ ਦਾ ਦਸਵਾਂ ਹਿੱਸਾ ਹਰਿਆਣਾ, ਪੰਜਾਬ ਤੋਂ ਆਉਂਦਾ ਹੈ, ਉਨ੍ਹਾਂ ਨੂੰ ਤੁਸੀਂ ਗੱਦਾਰ ਕਹਿੰਦੇ ਹੋ। ਤਿਰੰਗੇ ਨੂੰ ਕਿਸੇ ਨੇ ਛੇੜਿਆ ਤਕ ਨਹੀਂ, ਤੁਸੀ ਉਨ੍ਹਾਂ ਨੂੰ ਝੰਡੇ ਦੇ ਝੂਠੇ ਅਪਮਾਨ ਦਾ ਦੋਸ਼ੀ ਬਣਾਉਂਦੇ ਹੋ, ਜਿਸ ਕੌਮੀ ਝੰਡੇ ਦੀ ਆਨ-ਸ਼ਾਨ ਲਈ ਉਨ੍ਹਾਂ ਸ਼ਹਾਦਤਾਂ ਦਿੱਤੀਆਂ।

ਮਹੂਆ ਮੋਇਤਰਾ ਨੇ ਆਪਣੇ ਭਾਸਣ ਦੀ ਸੂਈ ਜੁਡੀਸ਼ਰੀ ਤੇ ਸੰਸਦ ਦੀ ਗੈਲਰੀ ਵਿਚ ਬੈਠੇ ਮੀਡੀਆ ਕਰਮੀਆਂ ਵੱਲ ਸੇਧਤ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਲੋਕਤੰਤਰ ਨੂੰ ਖਤਮ ਕਰ ਦਿੱਤਾ ਹੈ। ਪੱਤਰਕਾਰ, ਸਮਾਜਕ ਕਾਰਜਕਰਤਾ ਤੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਆਵਾਜ਼ ਉਠਾਉਣ ਵਾਲੇ ਨਿਰਦੋਸ਼ ਅੱਜ ਜੇਲ੍ਹੀਂ ਡੱਕ ਰੱਖੇ ਹਨ। ਇਹ ਨਿਆਂਪਾਲਿਕਾ ਤੇ ਸੁਆਲੀਆ ਨਿਸ਼ਾਨ ਹੈ। ਉਨ੍ਹਾਂ ਸੁਪਰੀਮ ਕੋਰਟ ਦੇ ਸਾਬਕਾ ਮੁਖ ਜੱਜ, ਹੁਣ ਰਾਜ ਸਭਾ ਮੈਂਬਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਉਸ ਉਪਰ ਅਦਾਲਤ ਦੀ ਇੱਕ ਔਰਤ ਮੁਲਾਜ਼ਮ ਵਲੋਂ ਜਿਸਮਾਨੀ ਛੇੜ-ਛਾੜ ਦੇ ਦੋਸ਼ ਲਾਏ ਸਨ, ਪਰ ਉਸ ਮੁਖ ਜੱਜ ਨੇ ਆਪ ਹੀ ਜੱਜ, ਵਕੀਲ ਤੇ ਇਨਕੁਆਰੀ ਅਫਸਰ ਲੱਗ ਕੇ ਉਸ ਦੀ ਆਵਾਜ਼ ਜਬਰੀ ਦਬਾ ਕੇ ਆਪਣੇ ਆਪ ਨੂੰ ਆਪ ਹੀ ਬਰੀ ਕਰ ਲਿਆ। ਨਿਆਂਪਾਲਿਕਾ ਦੇ ਇਤਿਹਾਸ ਵਿਚ ਸ਼ਾਇਦ ਅਜਿਹਾ ਪਹਿਲਾ ਵਰਤਾਰਾ ਸੀ। ਰਾਮ ਮੰਦਿਰ ਬਣਾਉਣ ਤੇ ਬਾਬਰੀ ਮਸਜਿਦ ਢਾਹੁਣ ਦੇ ਦੋਸ਼ੀਆਂ ਨੂੰ ਬਰੀ ਕਰਨ ਦਾ ਫੈਸਲਾ ਵੀ ਉਸੇ ਦਾ ਸੀ। ਕੇਂਦਰ ਸਰਕਾਰ ਦੇ ਮਨਪਸੰਦ ਫੈਸਲੇ ਕਰਨ ਕਰਕੇ ਉਸ ਨੂੰ ਤੀਸਰੇ ਦਿਨ ਹੀ ਰਾਜ ਸਭਾ ਦੀ ਮੈਂਬਰੀ ਬਖਸ਼ ਦਿੱਤੀ।

ਮੀਡੀਆ ਤੇ ਨਿਆਂਪਾਲਿਕਾ ਨੂੰ ਉਲਾਂਭਾ ਦਿੰਦਿਆਂ ਮਹੂਆ ਮੋਇਤਰਾ ਨੇ ਕਿਹਾ ਕਿ ਜੇ ਤੁਸੀਂ ਜਾਗਦੇ ਹੁੰਦੇ ਤਾਂ ਇਹ ਗੈਰ-ਜਮਹੂਰੀ ਹਾਲਾਤ ਨਹੀਂ ਪੈਦਾ ਹੋ ਸਕਦੇ ਸਨ। ਉਸ ਨੇ ਅੱਜ ਦੇ ਜੱਜਾਂ ਨੂੰ ਵੀ ਭਾਜਪਾ ਸਰਕਾਰ ਦੇ ਹੱਕ ਵਿਚ ਹੀ ਖਲੋਣ ਵਾਲੇ ਦੱਸਿਆ, ਨਹੀਂ ਤਾਂ ਕੀ ਕਾਰਨ ਸੀ ਕਿ ਗੈਰ-ਸੰਵਿਧਾਨਕ ਕਾਲੇ ਖੇਤੀ ਕਾਨੂੰਨਾਂ ਤੇ ਸੂਮੋਟੋ ਨੋਟਿਸ ਲੈ ਕੇ ਇਨ੍ਹਾਂ ਨੂੰ ਰੱਦ ਨਹੀਂ ਸੀ ਕੀਤਾ ਜਾ ਸਕਦਾ। ਅੱਜ ਭਾਰਤ ਦਾ ਹਰ ਵਿਅਕਤੀ ਜਾਣ ਗਿਆ ਹੈ ਕਿ ਇਹ ਕਾਨੂੰਨ ਤਾਂ ਕੇਂਦਰ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ। ਕੇਂਦਰ ਨੇ ਕਰੋਨਾ ਦੀ ਆੜ ਵਿਚ ਇਨ੍ਹਾਂ ਨੂੰ ਪਾਸ ਕਰਕੇ ਕਿਸਾਨੀ ਦਾ ਗਲਾ ਘੁੱਟਣ ਦੇ ਨਾਲ ਨਾਲ ਸੰਘੀ ਹੱਕਾਂ 'ਤੇ ਵੀ ਡਾਕਾ ਮਾਰਿਆ ਹੈ।

ਬੀਬਾ ਹਰਸਿਮਰਤ ਕੌਰ ਬਾਦਲ ਦੇ ਭਾਸ਼ਣ ਨੇ ਵੀ ਖੂਬ ਸੁਰਖੀਆਂ ਬਟੋਰੀਆਂ, ਪਰ ਭਾਵੇਂ ਲਗਦਾ ਤਾਂ 'ਬੇਵਕਤੀ ਨਮਾਜ਼' ਹੀ ਹੈ, ਪਰ ਚਲੋਂ ਫਿਰ ਵੀ ਦੇਰ ਆਏ, ਦਰੁਸਤ ਆਏ। ਉਨ੍ਹਾਂ ਸੰਸਦ ਵਿਚ ਆਪਣੀ ਧਾਕੜ ਸਪੀਚ ਵਿਚ ਕਿਹਾ ਕਿ ਸਾਡੇ ਪ੍ਰਥਮ ਗੁਰੂ, ਗੁਰੂ ਨਾਨਕ ਦੇਵ ਜੀ ਨੇ 18 ਸਾਲ ਆਪਣੇ ਹੱਥੀਂ ਖੇਤੀ ਕਰਕੇ ਸਾਨੂੰ ਸਿੱਖਾਂ ਨੂੰ 'ਕਿਰਤ ਕਰੋ ਨਾਮ ਜਪੋ ਵੰਡ ਛਕੋ' ਦਾ ਉਪਦੇਸ਼ ਦਿੱਤਾ ਸੀ, ਜਿਸ 'ਤੇ ਚਲਦਿਆਂ ਕਿਸਾਨ ਆਪਣੇ ਹੱਥੀਂ ਸਖਤ ਮਿਹਨਤ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਹੈ। ਇੰਨੀ ਪਵਿੱਤਰ ਕਮਾਈ ਕਰਨ ਵਾਲੇ ਕਿਸਾਨ ਲੱਖਾਂ ਦੀ ਗਿਣਤੀ ਵਿਚ ਆ ਕੇ ਦਿੱਲੀ ਦੀ ਸਰਹੱਦ 'ਤੇ ਆਪਣੇ ਹੱਕਾਂ ਲਈ ਨਿਰੰਤਰ ਸੰਘਰਸ਼ ਕਰ ਰਹੇ ਹਨ, ਭਾਵੇਂ ਇਹ ਕੱਕਰ ਪੈਂਦੀ ਠੰਢ, ਬਾਰਸ਼ ਅੰਨਾ ਝਖੜ ਹੀ ਕਿਉਂ ਨਾ ਹੋਵੇ। ਪਿਛਲੇ ਛੇ ਮਹੀਨੇ ਤੋਂ ਜੋ ਉਹ ਮੰਗ ਕਰ ਰਹੇ ਹਨ, ਉਸ ਲਈ ਇਸ ਅੰਨੀ ਬੋਲੀ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ।

ਬੀਬਾ ਬਾਦਲ ਨੇ ਕਿਹਾ ਕਿ 26 ਨਵੰਬਰ 2020 ਨੂੰ ਗਣਤੰਤਰ ਦਿਵਸ 'ਤੇ ਉਨ੍ਹਾਂ ਨੇ ਦਿੱਲੀ ਲਈ ਅਮਨ ਪੂਰਬਕ ਮਾਰਚ ਕੀਤਾ, ਜਿਸ ਦਾ ਕੇਂਦਰ ਸਰਕਾਰ ਨੇ ਅੱਥਰੂ ਗੈਸ, ਲਾਠੀਆਂ, ਪਾਣੀ ਦੀਆਂ ਬੁਛਾੜਾਂ ਤੇ ਬੈਰੀਕੇਡਾਂ ਨਾਲ ਸੁਆਗਤ ਕੀਤਾ। ਨਿਹੱਥੇ ਕਿਸਾਨਾਂ ਨਾਲ ਇਸ ਦੂਜੇ ਦਰਜੇ ਵਾਲੇ ਸ਼ਹਿਰੀ ਦੇ ਵਰਤਾਓ ਨੂੰ ਸਾਰੀ ਦੁਨੀਆਂ ਨੇ ਦੇਖਿਆ ਤੇ ਉਸ ਨਾਲ ਹਮਦਰਦੀ ਕੀਤੀ। ਅੱਜ ਹਰ ਵਰਗ ਉਸ ਅੰਨਦਾਤੇ ਨਾਲ ਜੁੜ ਗਿਆ ਹੈ। ਉਨ੍ਹਾਂ ਦੋ ਸੌ ਦੇ ਕਰੀਬ ਮ੍ਰਿਤਕ ਕਿਸਾਨਾਂ ਦੀਆਂ ਫੋਟੋਆਂ ਦਿਖਾਉਂਦਿਆਂ ਕਿਹਾ ਕਿ ਇਹ ਇਸ ਕਿਸਾਨੀ ਸੰਘਰਸ਼ ਦੀ ਭੇਟ ਚੜ੍ਹ ਚੁਕੇ ਹਨ, ਪਰ ਨਾ ਸਰਕਾਰ ਤੇ ਨਾ ਮਾਣਯੋਗ ਰਾਸ਼ਟਰਪਤੀ ਨੇ ਇਨ੍ਹਾਂ ਦੀਆਂ ਮੌਤਾਂ 'ਤੇ ਕੋਈ ਦੁੱਖ ਪ੍ਰਗਟਾਇਆ। ਇਹ ਸਾਡੇ ਅੰਨਦਾਤਾ ਹਨ। 'ਮਨ ਕੀ ਬਾਤ' ਸਮੇਤ ਬਹੁਤ ਕੁਝ ਕੀਤਾ ਜਾਂਦਾ ਹੈ, ਪਰ ਕਿਸਾਨਾਂ ਲਈ ਕੋਈ ਸਹਾਨੂਭੂਤੀ ਨਹੀਂ। ਜਿਸ ਸਰਕਾਰ ਵਿਚ ਸੰਵੇਦਨਾ ਹੀ ਨਹੀਂ, ਉਸ ਸਰਕਾਰ ਵਿਚ ਰਹਿ ਕੇ ਕੀ ਕਰਨਾ ਹੈ। ਉਸ ਨੇ ਕਾਂਗਰਸ ਨੂੰ ਵੀ ਆੜੇ ਹੱਥੀਂ ਲੈਂਦਿਆਂ ਬਰਾਬਰ ਦੀ ਜਿੰਮੇਵਾਰ ਦੱਸਿਆ। ਜੇ 2019 ਵਿਚ ਮੁੱਖ ਮੰਤਰੀ ਪੰਜਾਬ ਨੇ ਇਸ ਦੀ ਪੈਰਵਾਈ ਕੀਤੀ ਹੁੰਦੀ ਤਾਂ ਇਹ ਬਿਲ ਨਹੀਂ ਆ ਸਕਦੇ ਸਨ। ਮੈਂ ਭਾਜਪਾ ਪ੍ਰਧਾਨ ਜੇ. ਪੀ. ਨੱਢਾ, ਰਾਜਨਾਥ ਸਿੰਘ ਨੂੰ ਵੀ ਕਿਹਾ ਕਿ ਇੱਕ ਪਾਸੇ ਚੀਨ ਅੱਖਾਂ ਦਿਖਾ ਰਿਹਾ ਹੈ, ਦੇਸ਼ ਕੋਵਿਡ ਵਿਚ ਫਸਿਆ ਹੋਇਆ ਹੈ, ਜੇ ਬਿਲ ਪਾਸ ਹੋ ਗਏ ਤਾਂ ਕਿਸਾਨ ਸੜਕਾਂ 'ਤੇ ਆ ਜਾਊਗਾ, ਦੇਸ਼ ਵਿਚ ਅੱਗ ਲੱਗ ਜਾਵੇਗੀ।

ਹਰਮਿਸਰਤ ਕੌਰ ਬਾਦਲ ਨੇ ਕਿਹਾ ਕਿ ਲਾਲ ਕਿਲੇ ਪ੍ਰਤੀ ਪੰਜਾਬੀਆਂ ਦੇ ਦਿਲਾਂ ਵਿਚ ਹਮੇਸ਼ਾ ਖਿੱਚ ਰਹੀ ਹੈ, ਕਿਉਂਕਿ ਸਾਡੇ ਨੌਵੇਂ ਪਾਤਸ਼ਾਹ ਨੂੰ ਲਾਲ ਕਿਲੇ ਤੋਂ ਸ਼ਹੀਦ ਕਰਨ ਦਾ ਫੁਰਮਾਨ ਜਾਰੀ ਕੀਤਾ ਗਿਆ ਸੀ। ਇਹ ਸ਼ਹਾਦਤ ਤੁਹਾਡੇ (ਹਿੰਦੂਆਂ) ਜੰਞੂ ਤੇ ਤਿਲਕ ਲਈ ਦਿੱਤੀ ਸੀ। ਸੰਸਦ ਵਲੋਂ ਜੁਆਬੀ ਕਿ ਉਹ ਸਾਡੇ ਵੀ ਗੁਰੂ ਹਨ, 'ਤੇ ਕਟਾਕਸ਼ ਕਰਦਿਆਂ ਕਿਹਾ ਉਨ੍ਹਾਂ ਹੀ ਗੁਰੂਆਂ ਦੇ ਬੱਚਿਆਂ ਨੂੰ ਅਤਿਵਾਦੀ ਦੱਸ ਕੇ ਬੇਹੁਰਮਤ ਕੀਤਾ ਜਾ ਰਿਹਾ ਹੈ। ਅੱਜ ਉਹ ਤੁਹਾਡੇ ਗੁਰੂ ਬਣ ਗਏ! ਲਾਲ ਕਿਲੇ 'ਤੇ ਕੇਸਰੀ ਝੰਡਾ ਲਹਿਰਾਉਣ ਦੀ ਆੜ ਵਿਚ ਫੈਲਾਈ ਹਿੰਸਾ ਦੇ ਪਿਛੇ ਭਾਜਪਾ ਦੇ ਹੱਥ ਦਾ ਸਬੂਤ ਮਨਦੀਪ ਪੂੰਨੀਆ ਤੋਂ ਪੁੱਛੋ ਕਿ ਕੀ ਸੀ ਉਥੇ? 24 ਸਾਲ ਦੀ ਨੌਜਵਾਨ ਦਲਿਤ ਨੌਦੀਪ ਨੂੰ ਫੜ ਕੇ ਜੇਲ੍ਹ ਵਿਚ ਭੇਜ ਦਿੱਤਾ। ਉਸ ਦਾ ਥਾਣੇ ਵਿਚ ਸ਼ਰੀਰਕ ਸ਼ੋਸਣ ਕੀਤਾ ਗਿਆ। ਦੋਵਾਂ ਬੀਬੀਆਂ ਨੇ ਭਾਜਪਾ ਸਰਕਾਰ ਦੀ ਉਨ੍ਹਾਂ ਦੇ ਮੂੰਹ ਉਤੇ ਹੀ ਉਹ ਕੁੱਤੇਖਾਣੀ ਕੀਤੀ ਕਿ ਉਨ੍ਹਾਂ ਦੀ ਬੋਲਤੀ ਬੰਦ ਕਰਵਾ ਦਿੱਤੀ।

ਬਿਹਾਰ ਤੋਂ ਆਰ. ਜੇ. ਡੀ. ਰਾਜ ਸਭਾ ਸੰਸਦ ਮੈਂਬਰ ਪ੍ਰੋ. ਮਨੋਜ ਝਾਅ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਹ ਆਲੋਚਕ ਨਹੀਂ, ਸਮਾਲੋਚਕ ਹਨ। 1984 ਦੇ ਕਤਲੇਆਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਤਿਹਾਸ ਤੋਂ ਕੁਝ ਤਾਂ ਸਿੱਖੋ! ਇਤਿਹਾਸ ਦੁਹਰਾਉਂਦਾ ਨਹੀਂ, ਪ੍ਰੇਰਣਾ ਦਿੰਦਾ ਹੈ। ਪੰਜਾਬੀਆਂ ਨੇ ਬਹੁਤ ਪੀੜਾ ਝੱਲੀ ਹੈ। ਅੰਨਦਾਤਾ ਖਾਲਿਸਤਾਨੀ ਨਹੀਂ, ਸਗੋਂ ਸਰਕਾਰ ਹੈ, ਜੋ ਅੰਨਦਾਤੇ ਦੇ ਦੁਖ-ਦਰਦ ਨੂੰ ਨਾ ਸਮਝ ਕੇ ਹੰਕਾਰ ਨਾਲ ਪੇਸ਼ ਆ ਰਹੀ ਹੈ। ਦੰਭ ਤੇ ਗਰੂਰ ਲੋਕਤੰਤਰ ਦੀ ਭਾਸ਼ਾ ਨਹੀਂ। 303 ਦੇ ਅੰਕੜੇ ਉਤੇ ਤੁਸੀਂ ਹੰਕਾਰ ਕਰ ਰਹੇ ਹੋ, ਇਸ ਸੰਸਦ ਨੇ ਇਸ ਤੋਂ ਵੀ ਵੱਡੇ ਅੰਕੜੇ ਦੇਖੇ ਹਨ। ਸੰਜੀਦਗੀ ਸੰਵੇਦਨਾ ਇਤਿਹਾਸ ਤੈਅ ਕਰਦੀ ਹੈ, ਅੰਕੜੇ ਨਹੀਂ। ਉਨ੍ਹਾਂ ਰਾਸ਼ਟਰਪਤੀ ਦੇ ਭਾਸ਼ਣ ਨੂੰ ਵੀ ਸੰਵੇਦਨਹੀਣ ਕਿਹਾ।

ਪ੍ਰੋ. ਝਾਅ ਨੇ ਕਿਹਾ ਕਿ ਸਦਨ ਦੇ ਬਹੁਗਿਣਤੀ ਮੈਂਬਰ ਜੇ. ਪੀ. ਅੰਦੋਲਨ ਵਿਚੋਂ ਨਿਕਲੇ ਹਨ, ਸੋਚੋ ਜੇਕਰ ਜੇ. ਪੀ. ਨੂੰ ਕਿਸਾਨ ਮੋਰਚੇ ਜਿਹੀ ਬੈਰੀਕੇਡਿੰਗ ਦੇਖਣੀ ਪੈਂਦੀ ਤਾਂ ਕੀ ਹੁੰਦਾ? ਉਨ੍ਹਾਂ ਵਿਅੰਗ ਕੀਤਾ ਕਿ ਬਿਹਾਰ ਨੂੰ ਲੇਬਰ ਸਪਲਾਈ ਸਟੇਟ ਬਣਾ ਕੇ ਰੱਖ ਦਿੱਤਾ ਹੈ। ਸਾਨੂੰ ਤਾਂ ਉਮੀਦ ਸੀ ਕਿ ਤੁਸੀਂ ਬਿਹਾਰ ਨੂੰ ਪੰਜਾਬ, ਹਰਿਆਣਾ ਬਣਾ ਦੇਵੋਗੇ, ਪਰ ਤੁਸੀਂ ਤਾਂ ਇਨ੍ਹਾਂ ਸਟੇਟਾਂ ਨੂੰ ਹੀ ਬਿਹਾਰ ਬਣਾਉਣ ਚੱਲ ਪਏ। ਉਨ੍ਹਾਂ ਮਰਹੂਮ ਅਵਤਾਰ ਸਿੰਘ ਪਾਸ਼ ਦੀ ਕਵਿਤਾ ਦਾ ਵੀ ਜ਼ਿਕਰ ਕੀਤਾ। ਰਾਜ ਸਭਾ ਮੈਂਬਰ ਗੁਲਾਮ ਨਬੀ ਅਜ਼ਾਦ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਭਾਜਪਾ ਸਰਕਾਰ ਨੂੰ ਕਿਹਾ, "ਅੰਨ ਦਾਤੇ ਨਾਲ ਲੜਾਈ ਵਿਚ ਅੱਜ ਤਕ ਕੋਈ ਨਹੀਂ ਜਿੱਤਿਆ, ਹਮੇਸ਼ਾ ਕਿਸਾਨ ਹੀ ਜਿੱਤੇ ਹਨ। ਇਸ ਲਈ ਸਰਕਾਰ ਉਨ੍ਹਾਂ 'ਤੇ ਠੋਸੇ ਕਾਲੇ ਕਾਨੂੰਨ ਤੁਰੰਤ ਵਾਪਸ ਲਵੇ।" ਪਰ ਜਨਾਬ ਅਜ਼ਾਦ ਦੀ ਆਵਾਜ਼ 'ਚ ਪਹਿਲਾਂ ਵਾਲਾ ਕਰੰਟ ਕਿਤੇ ਗਾਇਬ ਸੀ।

ਉਕਤ ਸੰਸਦ ਮੈਂਬਰਾਂ ਦੇ ਅੰਨਦਾਤੇ ਦੇ ਹੱਕ ਵਿਚ ਆਵਾਜ਼ ਚੁਕਣ ਨਾਲ ਸੰਸਦ ਦੇ ਜਿਉਂਦੀ ਹੋਣ ਦਾ ਅਹਿਸਾਸ ਕਰਾਇਆ। ਪਿਛਲੇ ਸਮੇਂ ਵਿਚ ਵਿਰੋਧੀ ਧਿਰ ਦੀ ਭੂਮਿਕਾ ਦੀ ਘਾਟ ਰੜਕਦੀ ਰਹੀ। ਜਿਥੇ ਵਿਰੋਧੀ ਧਿਰ ਤਾਕਤਵਰ ਨਹੀਂ ਹੋਵੇਗੀ, ਉਥੇ ਰਾਜ ਕਰਦੀ ਧਿਰ ਨਿਰੰਕੁਸ਼ ਹੋਵੇਗੀ ਤੇ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਦਾ ਘਾਣ ਹੋਵੇਗਾ।

'ਬੋਲ ਕਿ ਲਬ ਆਜ਼ਾਦ ਹੈਂ ਤੇਰੇ' ਅਨੁਸਾਰ ਅੱਜ ਸਮਾਜ ਨੂੰ ਸੇਧ ਦੇਣ ਲਈ ਗੁਣਾ ਔਰਤ ਉਤੇ ਹੀ ਪਿਆ ਲਗਦਾ ਹੈ। ਉਹ ਸਮਾਜ ਦੀਆਂ ਤੰਗ ਵਲਗਣਾਂ ਤੇ ਗਲੀਆਂ ਸੜੀਆਂ ਰਵਾਇਤਾਂ ਵਿਚੋਂ ਆਪਣੇ ਆਪ ਨੂੰ ਉਭਾਰ ਰਹੀ ਹੈ। ਆਪਣੇ ਹੱਕਾਂ ਦੀ ਰਾਖੀ ਤੇ ਮਾਨਵਤਾ ਨੂੰ ਸਹੀ ਸੇਧ ਦੇਣ ਲਈ ਔਰਤ ਨੂੰ ਅੱਗੇ ਆਉਣਾ ਪਊ। ਪਦਾਰਥਵਾਦ ਦਾ ਬੋਲਬਾਲਾ ਹੋਣ ਕਾਰਨ ਮਰਦ ਬਹੁਤੇ ਫੈਸਲੇ ਕੁਦਰਤ, ਮਨੁਖਤਾ ਤੇ ਮਾਨਵੀ ਹੋਂਦ ਦੇ ਉਲਟ ਕਰਨ ਵਿਚ ਖਚਤ ਹੁੰਦਾ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਜਿਵੇਂ ਜਿਵੇਂ ਹਰ ਫਰੰਟ 'ਤੇ ਔਰਤਾਂ ਦੀ ਭਾਗੀਦਾਰੀ ਵਧ ਰਹੀ ਹੈ ਤੇ ਮਾਨਵੀ ਹੱਕਾਂ ਲਈ ਔਰਤ ਹੀ ਆਵਾਜ਼ ਬੁਲੰਦ ਕਰਦੀ ਹੈ, ਲਗਦਾ ਹੈ ਆਉਣ ਵਾਲੇ ਸਮੇਂ ਵਿਚ ਵਿਸ਼ਵ ਦੀ ਵਾਗਡੋਰ ਔਰਤ ਸਮਾਜ ਕੋਲ ਆਉਣ ਵਾਲੀ ਹੈ।



ਮਹੂਆ ਮੋਇਤਰਾ



ਪ੍ਰੋ. ਮਨੋਜ ਝਾਅ



ਹਰਸਿਮਰਤ ਕੌਰ ਬਾਦਲ

## ਕਿਸਾਨ ਅੰਦੋਲਨ: ਦੇਖਨਾ ਹੈ ਜ਼ੋਰ ਕਿਤਨਾ...

(ਪਿਛਲੇ ਸਫੇ ਦੀ ਬਾਕੀ)

ਆਮ ਅਤੇ ਮੁਫਤ ਨਹੀਂ ਮਿਲਦੀ। ਅੰਦੋਲਨਕਾਰੀ ਪੂਰੇ ਜ਼ਾਬਤੇ, ਅਭੂਤਪੂਰਵ ਜਲੌਅ ਅਤੇ ਚੜ੍ਹਦੀ ਕਲਾ ਵਿਚ ਹਨ।

ਏਨੇ ਵੱਡੇ ਅੰਦੋਲਨ ਦੇ ਚਾਲਕ ਕਿਸਾਨ ਆਗੂ ਹੈਰਾਨੀਜਨਕ ਸੂਝ-ਬੂਝ ਨਾਲ ਸੁਚੱਜੀ ਅਗਵਾਈ ਕਰ ਰਹੇ ਹਨ। ਸੰਘਰਸ਼ ਲੰਮਾ ਹੋ ਸਕਦਾ ਹੈ, ਪਰ ਇਸ ਦੀ ਕਾਮਯਾਬੀ ਉੱਤੇ ਕੋਈ ਸ਼ੱਕ ਨਹੀਂ। ਇਸ ਅੰਦੋਲਨ ਨੇ ਆਪਣੇ ਆਪ ਵਿਚ ਜੋ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਦਾ ਲੇਖਾ-ਜੋਖਾ ਬਹੁਤ ਚਿਰਾਂ ਤੱਕ ਹੁੰਦਾ ਰਹੇਗਾ। ਰਾਜਧਾਨੀ ਦਿੱਲੀ ਨੂੰ ਘੇਰਾ ਪਾਈ ਬੈਠੇ ਕਿਸੇ ਵੀ ਬੱਚੇ, ਨੌਜਵਾਨ, ਬਜ਼ੁਰਗ ਮਰਦ ਜਾਂ ਔਰਤ ਨੂੰ ਜਦੋਂ ਪੁੱਛਿਆ ਜਾਂਦਾ ਹੈ ਕਿ ਕਦੋਂ ਤੱਕ ਅੰਦੋਲਨ ਵਿਚ ਬੈਠੇ ਰਹੋਗੇ ਤਾਂ ਹਰੇਕ ਦਾ ਇੱਕੋ ਜਵਾਬ ਹੁੰਦਾ ਹੈ-ਜਦੋਂ ਤੱਕ ਸਾਰੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਮੰਗਾਂ ਹਨ-ਤਿੰਨੇ ਖੇਤੀ ਕਾਨੂੰਨ ਰੀਪੀਲ ਕਰਨੇ, ਐਮ. ਐਸ. ਪੀ. ਨੂੰ ਕਾਨੂੰਨੀ ਦਰਜਾ ਦੇਣਾ, ਪ੍ਰਦੂਸ਼ਣ ਵਾਲੇ ਆਰਡੀਨੈਂਸ 'ਚੋਂ ਪਰਾਲੀ ਸਾੜਨ ਵਰਗੇ ਮੁੱਦੇ ਖਾਰਜ ਕਰਨੇ, ਬਿਜਲੀ ਸੋਧ ਬਿਲ ਨੂੰ ਵਾਪਸ ਲੈਣਾ। ਉਹ ਪੱਕੀ ਧਾਰ ਕੇ ਆਏ ਹਨ ਕਿ ਕਿਸੇ ਵੀ ਸੂਰਤ ਵਿਚ ਪਿੱਛੇ ਨਹੀਂ ਹਟਣਗੇ। ਉਨ੍ਹਾਂ ਵਿਚੋਂ ਕਈ ਜਾਨ ਦੇ ਗਏ ਹਨ, ਬਾਕੀ ਹਰ ਮੁਸੀਬਤ, ਹਰ ਤਸ਼ੱਦਦ ਦਾ ਟਾਕਰਾ ਕਰਨ ਲਈ ਤਿਆਰ ਹਨ। ਉਹ ਇਹੋ ਕਹਿੰਦੇ ਹਨ ਕਿ ਖਾਲੀ ਹੱਥ ਪਿੱਛੇ ਮੁੜਨ ਨਾਲੋਂ ਉੱਥੇ ਹੀ ਮਰਨ ਕਬੂਲ ਕਰਨਗੇ। ਇਹੋ ਜਿਹੇ ਵਿੱਢਣੇ ਰੋਜ਼ ਰੋਜ਼ ਨਹੀਂ ਵਿੱਢੇ ਜਾਂਦੇ। ਅੰਦੋਲਨਕਾਰੀਆਂ ਦੇ ਦ੍ਰਿੜ੍ਹ ਇਰਾਦੇ ਸਾਡੇ ਮਹਾਨ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਤਹੱਈਆ ਹਨ। ਇਹ ਸਾਰੇ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰਦੇ ਸਰਫਰੋਸ਼ੀ ਦੀ ਤਮੰਨਾ ਲੈ ਕੇ ਨਾ-ਪਾਕ ਜੁੰਡਲੀ ਦੀ ਤਿੱਕੜੀ ਨੂੰ ਵੰਗਾਰ ਕੇ ਕਹਿ ਰਹੇ ਹਨ, "ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ ਕਾਤਿਲ ਮੇਂ ਹੈ।"

# ਨਸਲਘਾਤ

## ਕਲਾ ਪਰਿਕਰਮਾ

ਡਾ. ਸਾਹਿਬ ਸਿੰਘ
ਫੋਨ: +91-98880-11096



ਜਸਵੀਰ ਰਾਣਾ ਆਪਣੀਆਂ ਕਹਾਣੀਆਂ 'ਚ ਅੱਗ ਵਾਂਗ ਦਹਿਕਦੇ ਪਾਤਰ ਪੇਸ਼ ਕਰਦਾ ਹੈ। ਇਨ੍ਹਾਂ ਕਹਾਣੀਆਂ ਨੂੰ ਰੰਗਮੰਚ ਦਾ ਚੋਲਾ ਪਹਿਨਾਉਣ ਲਈ ਉਸ ਦਹਿਕਦੀ ਅੱਗ ਨੂੰ ਜੱਫਾ ਮਾਰਨਾ ਪੈਂਦਾ ਹੈ ਪਰ ਰੰਗਮੰਚ ਕਿਉਂਕਿ ਕਰਤਬੀ ਕਲਾ ਹੈ, ਇਸ ਲਈ ਇਸ ਨੇ ਦਹਿਕ ਨੂੰ ਵੀ ਮਹਿਕ ਵਾਂਗ ਪੇਸ਼ ਕਰਨਾ ਹੁੰਦਾ ਹੈ। ਸੰਗੀਤਾ ਗੁਪਤਾ ਨੇ ਇਹ ਦੋਹਰੀ ਭੂਮਿਕਾ ਬਤੌਰ ਨਿਰਦੇਸ਼ਕ ਬਾਖੂਬੀ ਨਿਭਾਈ। ਉਸ ਨੇ ਲਗਭਗ ਨਵੇਂ ਕਲਾਕਾਰਾਂ- ਕਰਨਵੀਰ ਸਿੰਘ, ਈਸ਼ਾ ਰਾਣਾ, ਸਿਮਰਜੀਤ ਸਿੰਘ ਸੰਧੂ, ਅਰਸ਼ਦੀਪ ਸਿੰਘ, ਮਨੀ, ਰਾਹੁਲ, ਅੰਕੁਸ਼, ਹਰਸ਼ ਚਾਵਲਾ, ਚਾਹਤ ਚਾਵਲਾ ਰਾਹੀਂ ਜਸਵੀਰ ਰਾਣਾ ਦੀ ਕਹਾਣੀ 'ਨਸਲਘਾਤ' ਦਾ ਗੁੰਝਲਦਾਰ ਬਿਰਤਾਂਤ ਡੀਕੋਡ ਵੀ ਕੀਤਾ, ਉਸ ਦੇ ਪਾਤਰਾਂ ਦੇ ਅੰਦਰ ਤਕ ਦਰਸ਼ਕ ਨੂੰ ਝਾਤ ਮਰਵਾਈ ਤੇ ਕਹਾਣੀ ਦਾ ਵਿਸ਼ਾ ਸਹਿਜ ਤੋਰੇ ਉਜਾਗਰ ਕਰਨ 'ਚ ਕਾਮਯਾਬ ਰਹੀ। ਕਹਾਣੀ ਵਿਚ ਲੇਖਕ ਜਿਹੜੀ ਬਾਤ ਕਿਸੇ ਰਮਜ਼ ਰਾਹੀਂ ਪਾਠਕ ਨੂੰ ਸਮਝਾ ਗਿਆ ਹੈ, ਨਾਟ ਨਿਰਦੇਸ਼ਕ ਨੇ ਉਸੇ ਰਮਜ਼ ਨੂੰ ਵਿਸਤਾਰ ਦੇਣਾ ਹੈ ਤੇ ਉਸ ਦ੍ਰਿਸ਼ ਦੀ ਜੋ ਕਹਾਣੀਕਾਰ ਨੇ ਅਮੂਰਤ ਰੂਪ 'ਚ ਸਿਰਜਿਆ ਹੈ, ਮੂਰਤ ਵਾਹੁਣੀ ਹੈ। ਸੰਗੀਤਾ ਨੇ ਇਸ ਕਹਾਣੀ ਦੇ ਮੰਚਨ ਦੌਰਾਨ ਅਨੇਕਾਂ ਮਨ ਮੋਹਣੀਆਂ ਮੂਰਤਾਂ ਵਾਹੀਆਂ। ਨਾਟਕ ਦਾ ਆਰੰਭ ਹੀ ਦਰਸ਼ਕ ਨੂੰ ਮਨ ਨਾਲ ਜੋੜਨ 'ਚ ਕਾਮਯਾਬ ਹੋ ਜਾਂਦਾ ਹੈ।

ਮੁੱਖ ਪਾਤਰ ਬਲਕਾਰ ਉਰਫ ਕਾਰੀ ਸੌਂ ਰਿਹਾ ਹੈ। ਸੁਚੇਤ ਮਨ ਸੁੱਤਾ ਪਿਆ ਹੈ ਪਰ ਅਚੇਤ ਮਨ ਹੁੱਝਾਂ ਮਾਰ ਰਿਹਾ ਹੈ। ਬਲਕਾਰ ਸਾਹੋ-ਸਾਹੀ ਹੋਇਆ ਖੜ੍ਹਾ ਹੈ, ਦਰਸ਼ਕ ਸਮਝ ਗਿਆ ਹੈ ਕਿ ਪੇਸ਼ਕਾਰੀ ਨੇ ਇਨ੍ਹਾਂ ਸਾਹਾਂ ਦੇ ਟੁੱਟਣ, ਖਿੜਕਣ, ਖੁਸ਼ਬੋ ਰਹਿਤ ਹੋਣ ਦਾ ਦਰਦ ਪੇਸ਼ ਕਰਨਾ ਹੈ। ਦਰਸ਼ਕ ਤਿਆਰ ਹੋ ਗਿਆ ਹੈ ਤੇ ਬਲਕਾਰ ਸ਼ਹਿਰ ਤੋਂ ਪਿੰਡ ਵੱਲ ਤੁਰ ਪਿਆ ਹੈ।



ਨਾਟਕ ਦੀ ਇਕ ਝਲਕ।

ਤੁਰਿਆ ਜਾਂਦਾ ਬਲਕਾਰ ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਲੋਕ ਫਿਰ ਵੀ ਉਸ ਨੂੰ ਸਿਆਣਨ ਲਈ ਤਰਲੋਮੱਛੀ ਹੋ ਰਹੇ ਹਨ। ਜਦੋਂ ਇਹੀ ਬਲਕਾਰ ਆਪਣੀ ਪਛਾਣ ਕਾਇਮ ਕਰਨ ਦੀ ਲੜਾਈ ਲੜ ਰਿਹਾ ਸੀ, ਲੋਕ ਪਿੱਠ ਦਿਖਾ ਗਏ ਸਨ। ਅੱਜ ਬੇਪਛਾਣ ਹੋਇਆ ਕਾਰੀ ਆਪਣੀ ਖੰਡਤ ਪਛਾਣ ਲੁਕਾਉਣਾ ਚਾਹੁੰਦਾ ਹੈ, ਪਰ ਹਾਲਾਤ ਦੀ ਵਿਡੰਬਨਾ ਇਹ ਹੈ ਕਿ ਪਛਾਣ ਜ਼ਾਹਿਰ ਹੋ ਰਹੀ ਹੈ। ਬਲਕਾਰ ਆਪਣੀ ਜ਼ਿੰਦਗੀ ਦੇ ਸਫੇ ਫਰੋਲਣ ਲੱਗਦਾ ਹੈ। ਬਚਪਨ ਦਾ ਕਾਰੀ ਬੁੜ੍ਹਾਂ ਨਾਲ ਖੇਡਦਾ ਹੈ। ਉਸ ਦੇ ਹਿੱਸੇ ਦੇ ਖਿਡੌਣੇ ਗਾਇਬ ਹਨ। ਬਿਗਾਨੇ ਬਾਗਾਂ ਦੇ ਫਲ ਤੋੜਨੇ, ਕੁੱਟ ਖਾਣੀ, ਗਾਲ੍ਹਾਂ ਸਹਿਣੀਆਂ, ਇਹੀ ਉਸ ਦੀਆਂ ਖੇਡਾਂ ਹਨ। ਇਨ੍ਹਾਂ 'ਬਚਿੱਤਰ ਖੇਡਾਂ' ਨੂੰ ਖੇਡਦਾ ਕਾਰੀ ਹੌਲੀ-ਹੌਲੀ ਮੱਸ ਫੁੱਟ ਜਵਾਨੀ ਵੱਲ ਵਧਦਾ ਹੈ ਤਾਂ ਉਸ ਦੀ ਮੁਲਾਕਾਤ ਬੱਲੀ ਨਾਲ ਹੁੰਦੀ ਹੈ। ਬੱਲੀ ਮਿਲੀ ਤਾਂ ਕਾਰੀ ਦੀ ਜਿਵੇਂ ਜ਼ਿੰਦਗੀ ਨਾਲ ਪਹਿਲੀ ਜੱਫੀ ਪਈ। ਬੱਲੀ ਵੀ ਸਾਵੀਂ ਸੋਹਣੀ ਜ਼ਿੰਦਗੀ ਨਹੀਂ ਜੀਅ ਰਹੀ। ਉਸ ਨੂੰ ਤਲਖ ਥੱਪੜ ਸਹਿਣ ਦੀ ਆਦਤ ਹੈ। ਬੱਲੀ ਦਾ ਪਤੀ ਘਰ ਦਾ ਗੁਜ਼ਾਰਾ ਚਲਾਉਣ ਲਈ ਡੂੰਘੇ ਪਾਣੀਆਂ ਵਿਚ ਬੋਰ ਉਤਾਰਨ ਦਾ ਕੰਮ ਕਰਦਾ ਹੈ। ਇਕ ਦਿਨ ਖੁਦ ਉਸੇ ਬੋਰ 'ਚ ਜਜ਼ਬ ਹੋ ਜਾਂਦਾ ਹੈ। ਸੱਸ ਸਹੁਰਾ ਦੁਰਘਟਨਾ 'ਚ ਮਾਰੇ ਗਏ। ਬੱਲੀ ਇਕੱਲੀ ਹੈ। ਕਾਰੀ ਮਾਸੂਮ ਹੈ। ਮਾਸੂਮੀਅਤ ਨੂੰ ਇਕੱਲ ਨੇ ਅਪਣਾ ਲਿਆ ਤੇ ਕੁਝ ਮਾਨਣਯੋਗ ਪਲ ਚੁਰਾਏ ਜਾਣ ਲੱਗੇ। ਕਾਰੀ ਤੇ ਬੱਲੀ ਲਈ ਜ਼ਿੰਦਗੀ ਕੋਈ ਹਾਸਲ ਕੀਤੀ ਸ਼ੈਅ ਨਹੀਂ ਹੈ, ਚੋਰੀ ਦੀ ਕੋਈ ਚੀਜ਼ ਹੈ, ਜਿਸ ਨੂੰ ਸਾਰੇ ਜੱਗ ਤੋਂ ਛੁਪਾ ਕੇ ਖਾਣ ਹੰਢਾਉਣ ਦੀ ਕੋਸ਼ਿਸ਼ ਕਰਦੇ ਹਨ। ਸੰਗੀਤਾ ਨੇ ਕਲਾਕਾਰਾਂ ਲਈ ਲਗਭਗ ਸਾਰੀ ਸਟੇਜ ਖੁੱਲ੍ਹੀ ਛੱਡੀ ਹੋਈ ਹੈ। ਇਕ ਪਾਸੇ ਕਲਾਕਾਰ ਕੋਰਸ ਦੀ ਹਾਲਤ 'ਚ ਬੈਠੇ ਹਨ। ਮੰਚ ਦੇ ਐਨ ਵਿਚਕਾਰ ਇਕ ਦਰੀ ਵਿਛੀ ਹੈ। ਬੱਲੀ ਤੇ ਕਾਰੀ ਵੱਲੋਂ ਜ਼ਿੰਦਗੀ ਚੁਰਾਉਣ ਦੇ ਪਲ, ਇਕ ਦੂਜੇ ਦੀਆਂ ਅੱਖਾਂ 'ਚੋਂ ਮੁਹੱਬਤ ਪੜ੍ਹਨ ਦੇ ਪਲ, ਬਾਹਾਂ 'ਚ ਸਮਾਉਣ ਦੇ ਪਲ, ਤ੍ਰਿਪਤ ਹੋ ਜਾਣ ਵਾਲੇ ਪਲ, ਨਿਰਦੇਸ਼ਕ ਨੇ ਬਹੁਤ ਸ਼ਾਇਸਤਗੀ ਨਾਲ ਰੂਪਮਾਨ ਕੀਤੇ ਹਨ।

ਕਾਰੀ ਦੇ ਬਾਪ ਦਾ ਕਿਰਦਾਰ ਨਿਭਾਉਣ ਵਾਲਾ ਅਦਾਕਾਰ ਅਤੇ ਨਿਰਦੇਸ਼ਕ ਵੱਲੋਂ ਉਸ ਦੀ ਪਹਿਲੀ ਐਂਟਰੀ ਨੂੰ ਦਿਲਚਸਪ ਬਣਾਉਣ ਦੀ ਪ੍ਰਕਿਰਿਆ ਬੜਾ ਜਾਨਦਾਰ ਸੁਮੇਲ ਸੀ। ਬਾਪ ਢੋਲਕ ਵਜਾਉਂਦਾ ਹੈ ਪਰ ਉਸ ਦੀ ਆਰਥਿਕਤਾ ਦੇ ਢੋਲ ਦੀਆਂ ਤਣੀਆਂ ਢਿੱਲੀਆਂ ਹਨ। ਨਸ਼ਾ ਉਸ ਦਾ ਸਹਾਰਾ ਹੈ। ਚੜ੍ਹੀਆਂ ਅੱਖਾਂ, ਹੱਥਾਂ ਵਿਚ ਸੰਭਾਲਿਆ ਢੋਲ, ਮੂੰਹ 'ਚ ਘੁੰਮਦੀ ਬੀੜੀ ਤੇ ਆਪਣੇ ਕਸਬ ਨੂੰ ਨਿਭਾਉਣ ਦੀ ਸ਼ਿੱਦਤ ਜਦੋਂ ਬਾਪ ਦੀ ਮੌਤ ਵਿਚ ਰੂਪਾਂਤ੍ਰਿਤ ਹੁੰਦੀ ਹੈ ਤਾਂ ਦਰਸ਼ਕ ਦਾ ਕਲੇਜਾ ਮੂੰਹ ਨੂੰ ਆਉਂਦਾ ਹੈ। ਕਾਰੀ ਦੇ ਗਲੇ 'ਚੋਂ ਨਿਕਲੀ ਚੀਕ ਹਰ ਇਕ ਨੂੰ ਆਪਣੇ ਅੰਦਰਲੀ ਉਹ ਚੀਕ ਲੱਗਦੀ ਹੈ ਜਿਸ ਨੂੰ ਅਸੀਂ ਚਾਹੁੰਦੇ ਅਣ ਚਾਹੁੰਦੇ ਦਬਾਉਣ ਦੀ ਕੋਸ਼ਿਸ਼ ਕਰਦੇ ਹਾਂ। ਹੁਣ ਕਾਰੀ ਇਕੱਲਾ ਹੈ। ਜ਼ਿੰਦਗੀ ਦਾ ਕੋਈ ਸਿਰਾ ਫੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੂੰ ਕਾਲੂ ਮਿਲਦਾ ਹੈ ਜਿਸ ਦਾ ਦਿਮਾਗ ਖੁਰਾਫਾਤੀ ਹੈ। ਕਦੇ ਚੋਰੀ, ਕਦੇ ਧੱਕਾ, ਕਦੇ ਮਿੰਨਤ ਤਰਲਾ। ਕਾਲੂ ਦੀ ਅਗਵਾਈ 'ਚ ਕਾਰੀ ਹਰ ਹੀਲਾ ਕਰਦਾ ਹੈ ਪਰ ਜ਼ਿੰਦਗੀ ਦੀ ਡੋਰ ਉਸ ਦੇ ਹੱਥੋਂ ਛੁਟਦੀ ਜਾ ਰਹੀ ਹੈ। ਕਾਲੂ ਦਾ ਪਾਤਰ ਦੇਖਦਿਆਂ ਮੈਨੂੰ ਇਉਂ ਲੱਗਿਆ ਜਿਵੇਂ ਜਸਵੀਰ ਕਹਿਣਾ ਚਾਹੁੰਦਾ ਹੋਵੇ ਕਿ ਹਰ ਬਲਕਾਰ ਦੇ ਅੰਦਰ ਕਾਲੂ ਹੁੰਦਾ ਹੈ। ਜਦੋਂ ਜ਼ਿੰਦਗੀ ਤੁਹਾਡਾ ਬਲ ਖੋਹ ਲੈਂਦੀ ਹੈ, ਤੁਸੀਂ ਕੋਈ ਕਾਰ ਕਰਨ ਜੋਗੇ ਨਹੀਂ ਰਹਿੰਦੇ ਤਾਂ ਅੰਦਰਲਾ 'ਕਾਲੂ' ਹਰਕਤ 'ਚ ਆ ਜਾਂਦਾ ਹੈ। ਸਿਰਫ ਬੱਲੀ ਹੈ ਜੋ ਕਾਲੂ ਦੇ ਵਿਪਰੀਤ ਖੜ੍ਹੀ ਹੈ ਤੇ ਆਪਣੇ ਕਾਰੀ ਦਾ ਬਲ ਬਰਕਰਾਰ ਰਹਿਣ ਦਾ ਸੁਪਨਾ ਜਗਾ ਕੇ ਰੱਖਣਾ ਚਾਹੁੰਦੀ ਹੈ ਪਰ ਜ਼ਿੰਦਗੀ ਦੀ ਕਠੋਰਤਾ ਸੁਪਨਿਆਂ ਦਾ ਘਾਣ ਕਰਦੀ ਆਈ ਹੈ।

ਸਾਰੇ ਪਾਸਿਓਂ ਹਾਰ ਕੇ ਕਾਰੀ ਕਾਲੂ ਦੀ ਚੁੱਕ 'ਚ ਆ ਕੇ ਖਤਰਨਾਕ ਪੱਤਾ ਖੇਡਦਾ ਹੈ ਤੇ ਨਚਾਰ ਬਣ ਕੇ ਜ਼ਿੰਦਗੀ ਦੀ ਗੱਡੀ ਰੇੜ੍ਹਨ ਲਈ ਆਪਣੀ ਮਰਦਾਨਗੀ ਦਾ ਸੌਦਾ ਕਰ ਲੈਂਦਾ ਹੈ। ਜਸਵੀਰ ਇਕ ਸਤਰ ਲਿਖਦਾ ਹੈ, "ਤੇ ਉਸ ਦਿਨ ਤੋਂ ਮੈਂ ਬਹਿ ਕੇ ਪਿਸ਼ਾਬ ਕਰਨ ਲੱਗ ਪਿਆ!" ਕਲਾਕਾਰ ਇਸ ਸੰਵਾਦ ਦੀ ਅਦਾਇਗੀ ਕਰਦਿਆਂ ਜਿਵੇਂ ਹੌਲੀ-ਹੌਲੀ ਹੇਠਾਂ ਵੱਲ ਸਰਕਦਾ ਹੈ, ਦਰਸ਼ਕ ਕਿਸੇ ਘੁੱਪ ਹਨੇਰੇ ਖੂਹ 'ਚ ਉਤਰਦਾ ਮਹਿਸੂਸ ਕਰਦਾ ਹੈ। ਹੁਣ ਬਲਕਾਰ ਪਿੰਡ ਦੇ ਨੇੜੇ ਢੁੱਕ ਗਿਆ ਹੈ। ਉਸ ਨੇ ਆਪਣੀ ਬੱਲੀ ਕੋਲ ਪਹੁੰਚਣਾ ਹੈ ਪਰ ਦਰਦ ਦੀ ਇੰਤਹਾ ਇਹ ਹੈ ਕਿ ਜਿਸ ਬੱਲੀ ਕੋਲ ਉਹ ਜਾ ਰਿਹਾ ਹੈ, ਹੁਣ ਉਸ ਦੇ ਹਾਣ ਦਾ ਨਹੀਂ ਰਿਹਾ। ਕਾਰੀ ਸਰੀਰ ਵੇਚ ਕੇ ਪੈਸੇ ਕਮਾ ਕੇ ਆਇਆ ਹੈ ਪਰ ਬੱਲੀ ਦੀ ਕਹਾਣੀ ਵੀ ਵੱਖਰੀ ਨਹੀਂ। ਆਪਣੀਆਂ ਲੋੜਾਂ ਦੀ ਦਾਬ ਨਾ ਝੱਲਦੀ ਹੋਈ ਉਹ ਵੀ ਆਪਣਾ ਸਰੀਰ ਪੈਸੇ ਵਾਲੇ ਮਾਸਟਰ ਕੋਲ ਵੇਚਣ ਲਈ ਮਜਬੂਰ ਹੋ ਗਈ ਹੈ। ਬੁੜ੍ਹਾਂ ਮਾਰੇ ਬਲਕਾਰ ਦੀ ਮੁਹੱਬਤ ਸੁਰੱਖਿਅਤ ਨਹੀਂ ਹੈ। ਆਪਣਾ ਘਰ ਚਲਾਉਣ ਦੀ ਮਜਬੂਰੀ ਕਾਰਨ ਬੱਲੀ ਦੀ ਮੁਹੱਬਤ ਵੀ ਖਤਰੇ 'ਚ ਹੈ ਪਰ ਜ਼ਿੰਦਗੀ ਜਿਊਣ ਦੀ ਹਸਰਤ ਇੰਜ ਨਹੀਂ ਮੁੱਕਿਆ ਕਰਦੀ! ਕਾਰੀ ਫਿਰ ਵੀ ਬੱਲੀ ਕੋਲ ਪਹੁੰਚਦਾ ਹੈ। ਬੱਲੀ ਮੁਸਕੁਰਾ ਕੇ ਉਸ ਦਾ ਸਵਾਗਤ ਕਰਦੀ ਹੈ। ਇਹ ਦ੍ਰਿਸ਼ ਮੇਰੀ ਵਰਣਨ ਸਮਰੱਥਾ ਤੋਂ ਬਾਹਰ ਹੈ! ਕਾਰੀ ਨਸਲਘਾਤ ਕਰਵਾ ਕੇ ਆਇਆ ਹੈ, ਪਰ 'ਬਹੁਤ ਕੁਝ ਹੋਰ' ਦਾ ਵੀ ਘਾਣ ਸਾਹਮਣੇ ਦਿਖਾਈ ਦੇ ਰਿਹਾ ਹੈ। ਕਾਰੀ ਆਰਾਮ ਕਰਨਾ ਚਾਹੁੰਦਾ ਹੈ। ਬੱਲੀ ਬਾਂਹ 'ਤੇ ਸਿਰ ਟਿਕਾ ਦਿੰਦੀ ਹੈ। ਬੱਲੀ ਦੇ ਪੈਰਾਂ ਦੀ ਝਾਂਜਰ ਹਿੱਲਦੀ ਹੈ। ਕਾਰੀ ਤਰਲਾ ਕਰਦਾ ਹੈ,'ਝਾਂਜਰ ਨਾ ਛਣਕਾ!' ਬੱਲੀ ਮੁਹੱਬਤ ਦੀਆਂ ਬਾਹਾਂ 'ਚ ਪਹੁੰਚ ਕੇ ਸਕੂਨ ਵਿਚ ਆ ਕੇ ਸੌਂ ਗਈ। ਕਾਰੀ ਉੱਠਦਾ ਹੈ। ਬੱਲੀ ਦੇ ਪੈਰਾਂ 'ਚੋਂ ਝਾਂਜਰ ਉਤਾਰਦਾ ਹੈ ਤੇ ਆਪਣੇ ਪੈਰੀਂ ਪਾ ਲੈਂਦਾ ਹੈ। ਮੇਰੇ ਲਈ ਇਹ ਨਾਟਕ ਦਾ ਸਿਖਰ ਹੈ। ਝਾਂਜਰ ਜਦੋਂ ਪੈਰ ਬਦਲਦੀ ਹੈ ਤਾਂ ਜ਼ਿੰਦਗੀ ਹਾਰਦੀ ਹੈ। ਜਸਵੀਰ ਵੱਡੀ ਗੱਲ ਕਹਿ ਗਿਆ ਹੈ। ਸੰਗੀਤਾ ਉਸ ਗੱਲ ਨੂੰ ਨਿਭਾ ਗਈ ਹੈ। ਜਿਨ੍ਹਾਂ ਪੈਰਾਂ 'ਚ ਝਾਂਜਰ ਸ਼ਗਨ ਦਾ ਪ੍ਰਤੀਕ ਹੈ, ਉਨ੍ਹਾਂ ਤੋਂ ਦੂਰ ਜਾ ਰਹੀ ਹੈ! ਜਿਨ੍ਹਾਂ ਪੈਰਾਂ ਲਈ ਇਹੀ ਝਾਂਜਰ ਨਮੋਸ਼ੀ ਭਰੀਆਂ ਬੇੜੀਆਂ ਹਨ, ਉਨ੍ਹਾਂ ਪੈਰਾਂ 'ਤੇ ਝਾਂਜਰ ਸਜ ਗਈ ਹੈ! ਜ਼ਿੰਦਗੀ ਰੁਦਨ ਕਰ ਰਹੀ ਹੈ! ਪੈਸਾ ਨੱਚ ਰਿਹਾ ਹੈ! ਮੁਹੱਬਤ ਦੁਬਕ ਕੇ ਕਿਸੇ ਖੂੰਜੇ ਜਾ ਬੈਠੀ ਹੈ! ਦਰਸ਼ਕ ਦਾ ਧਿਆਨ ਜ਼ਿੰਦਗੀ ਦੀਆਂ ਝਾਂਜਰਾਂ ਨੂੰ ਸਹੀ ਪੈਰਾਂ ਵੱਲ ਮੋੜਨ ਦੇ ਆਹਰ 'ਚ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਕਿਰਤੀਆਂ ਵੱਲ ਚਲਾ ਜਾਂਦਾ ਹੈ।



ਜਸਵੀਰ ਰਾਣਾ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਮਾਰਚ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-471



ਤਸਵੀਰ: ਅਮਰਜੀਤ ਸਿੰਘ ਤੂਰ

*'ਵਿਦਿਆ ਵੀਚਾਰੀ ਤਾਂ ਪਰਉਪਕਾਰੀ', ਹੈ ਗੁਰਬਾਣੀ ਦਾ ਫੁਰਮਾਨ।*
*ਬੇਬੇ ਇਹੋ ਸੁਨੇਹਾ ਦਿੰਦੀ ਸਭ ਨੂੰ, ਪੜ੍ਹ-ਲਿਖ ਕੇ ਸੌਖੀ ਹੋ ਜੂ ਜਾਨ।*

## ਕੈਪਸ਼ਨ ਮੁਕਾਬਲਾ-469



ਵਿਚ ਫਿਕਰਾਂ ਦੇ ਡੁੱਬੇ ਬਾਪੂ
ਬੈਠ ਇਕੱਠੇ ਕਰਨ ਵਿਚਾਰ।
ਲੋਕੀਂ ਆਪਣਾ ਹੱਕ ਮੰਗਦੇ ਨੇ
ਵਿਚ ਪਾਲੇ ਦੇ ਬੈਠੇ ਬਾਹਰ।
ਅੰਨ ਦਾਤਾ ਦਾ ਫਿਕਰ ਨਹੀਂ
ਅੰਨ੍ਹੀ ਬੋਲੀ ਹੋਈ ਸਰਕਾਰ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਪੁੱਤ ਬੈਠੇ ਸਰਹੱਦ 'ਤੇ
ਬਾਪੂ ਨੇ ਚੁੱਲ੍ਹਿਆਂ ਪਾਸ।
ਜੈ ਜਵਾਨ ਜੈ ਕਿਸਾਨ
ਸਲਾਹ ਨੇ ਕਰਦੇ ਖਾਸ
ਚੁਣ ਸਰਕਾਰ ਨਿਕੰਮੀ
ਪ੍ਰੇਸ਼ਾਨੀ ਲੈ ਲਈ ਮੁੱਲ।
ਬੇੜਾ ਬੈਠਾ'ਤਾ ਖੇਤੀ ਦਾ
ਕਿਸਾਨੀ ਕਰ'ਤੀ ਗੁੱਲ।

**-ਸੇਵਾ ਸਿੰਘ ਨੂਰਪੁਰੀ**

---

'ਕੱਠੇ ਬੈਠ ਬਜੁਰਗ ਝੂਰਦੇ,
ਕਿਹਾ ਬਖੇੜਾ ਕੀਤਾ ਜਾਨ ਨੂੰ।
ਕਦੇ ਮੰਡੀਂ, ਹੁਣ ਸੜਕੀਂ,
ਰੋਲ ਦਿੱਤਾ ਕਿਰਤੀ ਕਿਰਸਾਨ ਨੂੰ।
ਜੀਓ-ਜੀਅ ਧਰਨੇ 'ਤੇ ਪਹੰਚਿਆ,
ਘਰ, ਖੇਤ ਆਉਣ ਹੁਣ ਖਾਣ ਨੂੰ।

**-ਦਵਿੰਦਰ ਕੌਰ**

---

ਕਿਸਾਨੀ ਸੰਘਰਸ਼ ਮੋਰਚੇ ਲਈ
ਹੱਥੀਂ ਤੋਰ ਦੇ ਥਾਪੀ ਗੱਭਰੂ ਪੁੱਤਾਂ ਨੂੰ,
ਬੈਠ ਸੱਥਾਂ ਵਿਚ ਵਿਚਾਰ ਵਟਾਂਦਰਾ ਕਰਦੇ।
ਪ੍ਰੇਸ਼ਾਨ ਸਰਕਾਰ ਦੀ ਤਾਨਾਸ਼ਾਹੀ ਨੀਤੀ ਤੋਂ
ਜੋ ਟੱਸ ਤੋਂ ਮੱਸ ਨਹੀਂ ਹੋ ਰਹੀ।
ਦੂਸਰਾ ਹੱਥ-ਠੋਕੇ ਸਰਕਾਰਾਂ ਦੇ
ਕਰ ਚਾਪਲੂਸੀ ਸੰਘਰਸ਼ ਨੂੰ ਠੇਡਾ ਲਾ ਰਹੇ।
ਪਹੁੰਚਦੇ ਹਨ ਇਸ ਸਿੱਟੇ 'ਤੇ ਆਖਿਰ
'ਏਕਤਾ ਵਿਚ ਹੀ ਤਾਕਤ ਹੈ।'

**-ਦਰਸ਼ਨਪਾਲ ਦੋਸਾਂਝ**

---

ਕਿਸਾਨ ਅੰਦੋਲਨ ਵਿਚ ਕੁੱਦਿਆ
ਆਪਣੀਆਂ ਜ਼ਮੀਨਾਂ ਬਚਾਉਣ ਲਈ।
ਸ਼ਾਂਤਮਈ ਘੇਰਾ ਪਾਇਆ ਦਿੱਲੀ ਨੂੰ
ਵਿਕ ਚੁਕੇ ਆਗੂਆਂ ਨੂੰ ਠੱਲ੍ਹ ਪਾਉਣ ਲਈ।
ਢਾਣੀ ਬਜੁਰਗਾਂ ਦੀ
ਉਦਾਸ ਸ਼ਾਤਰ ਆਗੂਆਂ ਤੋਂ
ਛਲਾਵਾ ਦੇ ਕੇ ਫੁੱਟ ਪਾਉਣ ਵਾਲੇ ਚੋਰ ਨੇ।
ਨਾਬਰੀ ਵਾਲੇ ਕਾਨੂੰਨ ਨਹੀਂ ਮੁਆਫਿਕ
ਜਿਹੜੇ ਸਾਨੂੰ ਕਰਦੇ ਕਮਜ਼ੋਰ ਨੇ।

**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਲੱਗਦਾ ਨਹੀਂ, ਲੱਭਦਾ ਕੋਈ
ਕਿਸਾਨੀ ਮਸਲੇ ਦਾ ਹੱਲ।
ਤਿੰਨੇ ਯਾਰ ਬੇਲੀ ਕਰਨ ਇਹੋ ਹੀ ਗੱਲ।
ਕਾਲੇ ਕਾਨੂੰਨ ਕਰਨਗੇ, ਬਰਬਾਦੀ
ਕਿਵੇਂ ਜਿਉਂਦੇ ਰਹਿਣਗੇ ਫਿਰ ਕਿਸਾਨ?
ਤਾਂ ਹੀ ਤਾਂ ਤਿੰਨੇ ਬਾਪੂ ਬੈਠੇ ਨੇ ਪ੍ਰੇਸ਼ਾਨ।
ਲੱਭੋ ਛੇਤੀ ਇਸ ਮੁਸੀਬਤ ਦਾ ਕੋਈ ਹੱਲ
ਜੇ ਅੱਜ ਬਰਬਾਦ ਨਹੀਂ ਹੋਏ
ਨਹੀਂ ਤੇ ਹੋ ਜਾਵਾਂਗੇ ਕੱਲ੍ਹ।
ਕਿਸਾਨ ਦਿੱਲੀ ਦੀਆਂ ਸੜਕਾਂ 'ਤੇ
ਦੱਸਦਾ ਆਪਣਾ ਪੱਖ।
ਸ਼ਹੀਦੀਆਂ ਪਾ ਦਿੱਤੀਆਂ ਕਿਸਾਨਾਂ
ਲੈਣ ਲਈ ਆਪਣਾ ਹੱਕ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-640-6660**

# ਗਲੋਬਲ ਪਹੁੰਚ ਲਈ 'ਨਾਨਕ ਲੀਲਾ ਵਿਜ਼ੂਅਲ ਆਰਟ ਟਰੱਸਟ' ਦਾ ਗਠਨ

**ਅਨੰਦਪੁਰ ਸਾਹਿਬ (ਪਰਮਜੀਤ ਸਿੰਘ ਬਾਗੜੀਆ):** ਵਿਗਿਆਨ ਅਤੇ ਤਕਨੀਕ ਪੱਖੋਂ ਵਿਕਸਤ ਆਧੁਨਿਕ ਸੰਚਾਰ ਯੁੱਗ ਵਿਚ ਸਿੱਖ ਧਰਮ ਦੀ ਮਾਣਮੱਤੀ ਧਾਰਮਿਕ ਅਤੇ ਇਤਿਹਾਸਕ ਵਿਰਾਸਤ ਨੂੰ ਅਜੋਕੇ ਦ੍ਰਿਸ਼ ਮਾਧਿਅਮ ਰਾਹੀਂ ਗਲੋਬਲ ਪਸਾਰੇ ਵਿਚ ਲਿਜਾਣ ਲਈ ਇਕ ਸੰਸਥਾ 'ਨਾਨਕ ਲੀਲਾ ਵਿਜ਼ੂਅਲ ਆਰਟਸ ਚੈਰੀਟੇਬਲ ਟਰੱਸਟ' ਦਾ ਗਠਨ ਕੀਤਾ ਗਿਆ। ਇਸ ਸਬੰਧੀ ਧਰਮ ਅਤੇ ਵਿਰਸੇ ਦੀ ਖੂਬਸੂਰਤੀ ਨੂੰ ਕਲਾ ਮਾਧਿਅਮ ਰਾਹੀ ਸਜੀਵ ਰੂਪ ਵਿਚ ਉਭਾਰਨ ਲਈ ਲੋੜੀਂਦੇ ਸਾਧਨਾਂ ਦਾ ਹੋਣਾ ਅਹਿਮ ਕੜੀ ਹੈ। ਉਨ੍ਹਾਂ ਆਖਿਆ ਕਿ ਜੋ ਕੁਝ ਅਸੀਂ ਸਮਾਜ ਨੂੰ ਵਿਖਾਉਣਾ ਜਾ ਸਮਝਾਉਣਾ ਚਾਹੁੰਦੇ ਹਾਂ, ਉਸ ਲਈ ਸਾਨੂੰ ਕਲਾ ਦੇ ਪਰਿਪਾਪਤ ਸਾਧਨਾਂ ਰਾਹੀ ਲੋਕ ਮਨਾਂ ਨੂੰ ਸਿਰਜਣ ਤੱਕ ਜਾਣਾ ਹੋਵੇਗਾ। ਸੰਸਥਾ ਵਲੋਂ ਆਪਣੇ ਉਦੇਸ਼ਾਂ ਲਈ ਕਲਾ ਮਾਧਿਅਮ ਨੂੰ ਚੁਣਨ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਅਤੇ ਪ੍ਰਸਿੱਧ ਵਿਦਵਾਨ ਡਾ. ਬਲਕਾਰ ਸਿੰਘ ਨੇ ਆਖਿਆ ਕਿ ਵਿਜ਼ੂਅਲ ਆਰਟ ਹੀ ਯੁੱਗ ਦੀ ਪ੍ਰਧਾਨ ਸੁਰ ਹੈ ਅਤੇ ਆਸਥਾ, ਚੇਤਨਾ ਦਾ ਕੇਂਦਰ ਬਣਨੀ ਚਾਹੀਦੀ ਹੈ। ਪ੍ਰਾਜੈਕਟ ਸਾਡੀ ਵਿਰਾਸਤ ਨੂੰ ਪੂਰਦਾ ਮਾਡਲ ਹੋਵੇ। ਉਨ੍ਹਾਂ ਆਖਿਆ ਕਿ ਕਲਾ ਦੀ ਵਰਤੋਂ ਨੂੰ ਕਈ ਵਾਰ ਸਾਡੀ ਸਮਾਜਿਕ ਸੋਚ ਵਰਤਣ ਨਹੀਂ ਦਿੰਦੀ, ਪਰ ਅਸੀਂ ਚਿੰਤਨ-ਆਸਥਾ ਸਿੱਖ ਸਿਨੇਮਾ ਵਿਚ ਕਲਾ ਖੇਤਰ ਨੂੰ ਵੱਡੇ ਪੱਧਰ 'ਤੇ ਅਣਡਿੱਠ ਕੀਤਾ ਗਿਆ ਹੈ। ਫਿਲਮ ਨਿਰਮਾਣ ਦੀ ਸਰਵਪੱਖੀ ਜਾਣਕਾਰੀ ਅਤੇ ਸਫਲ ਅਗਵਾਈ ਲਈ ਕੰਟੈਂਟ ਦਾ ਕਲੀਅਰ ਹੋਣਾ ਬਹੁਤ ਜਰੂਰੀ ਹੈ।

ਸੈਕਟਰੀ ਦੀ ਭੂਮਿਕਾ ਸਫਲਤਾ ਨਾਲ ਨਿਭਾਉਣ ਵਾਲੇ ਸਿੱਖ ਵਿਦਵਾਨ ਡਾ. ਕੇਹਰ ਸਿੰਘ ਨੇ ਆਖਿਆ ਕਿ ਪਹਿਲਾ ਕਦਮ ਚੁੱਕਣਾ ਅਤੇ ਦਰਸਾਇਆ ਜਾਵੇਗਾ ਅਤੇ ਬਾਣੀ ਦੇ ਇਸ ਹਿੱਸੇ ਵਿਚਲੀ ਕੁਦਰਤ, ਸੁਰਤ ਅਤੇ ਅਧਿਆਤਮਕ ਸੁਨੇਹੇ ਦੀ ਇਕਸੁਰਤਾ ਨੂੰ ਦਰਸਾਉਣ ਦਾ ਯਤਨ ਹੋਵੇਗਾ।

ਬਾਅਦ ਵਿਚ ਆਪਣੇ ਪ੍ਰਧਾਨਗੀ ਸ਼ਬਦਾਂ ਵਿਚ ਭਾਈ ਮਨਜੀਤ ਸਿੰਘ ਨੇ ਆਖਿਆ ਕਿ ਅੱਜ ਦੀ ਚਰਚਾ ਸਾਰਥਿਕ ਅਤੇ ਸੁਖਾਵੀਂ ਰਹੀ ਹੈ। ਹਾਜਰ ਵਿਦਵਾਨਾਂ ਤੇ ਕਲਾ ਖੇਤਰ ਦੇ ਪ੍ਰਤੀਨਿਧਾਂ





ਸਿੱਖ ਵਿਦਵਾਨਾਂ, ਚਿੰਤਕਾਂ, ਸੰਚਾਰ ਦੇ ਵੱਖ ਵੱਖ ਮਾਧਿਅਮਾਂ ਰਾਹੀਂ ਸਿਨੇਮਾ, ਸਟੇਜ, ਲੇਖਣੀ ਅਤੇ ਦਸਤਾਵੇਜ਼ੀ ਖੇਤਰਾਂ ਦੇ ਅਨੁਭਵੀ ਮਾਹਿਰਾਂ ਦੀ ਇੱਕ ਇਕੱਤਰਤਾ ਉੱਘੀ ਸਿੱਖ ਸ਼ਖਸੀਅਤ ਭਾਈ ਮਨਜੀਤ ਸਿੰਘ (ਸਾਬਕਾ ਸਿੰਘ ਸਾਹਿਬਾਨ ਅਤੇ ਸੰਸਥਾਪਕ ਤੇ ਸੰਚਾਲਕ ਗੁਰਮਤਿ ਸਾਗਰ ਟਰੱਸਟ ਸ੍ਰੀ ਅਨੰਦਪੁਰ ਸਾਹਿਬ) ਦੀ ਪਹਿਲ 'ਤੇ ਸ੍ਰੀ ਅਨੰਦਪਰ ਸਾਹਿਬ ਵਿਖੇ ਹੋਈ। ਭਾਈ ਮਨਜੀਤ ਸਿੰਘ ਨੇ ਅਕਾਲ ਪੁਰਖ ਦਾ ਓਟ ਆਸਰਾ ਤੱਕਦਿਆਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਨਵ ਗਠਿਤ ਸੰਸਥਾ ਨਾਨਕ ਲੀਲਾ ਵਿਜ਼ੂਅਲ ਆਰਟਸ ਚੈਰੀਟੇਬਲ ਟਰੱਸਟ ਰਜਿ. ਵਲੋਂ ਦ੍ਰਿਸ਼ ਆਧਿਅਮ ਰਾਹੀਂ ਸਿੱਖ ਧਰਮ, ਵਿਰਸੇ ਅਤੇ ਫਲਸਫੇ ਨੂੰ ਕਲਾ ਦੇ ਵੱਖ ਵੱਖ ਮਾਧਿਅਮਾਂ ਰਾਹੀਂ ਗਲੋਬਲ ਸਿੱਖ ਸਮਾਜ ਲਈ ਨਰੋਈਆਂ ਤੇ ਪ੍ਰਮਾਣਿਕ ਕ੍ਰਿਤਾਂ ਸਿਰਜਣ ਹਿੱਤ ਸੁਝਾਅ ਮੰਗੇ ਤਾਂ ਜੋ ਇਹ ਪ੍ਰਾਜੈਕਟ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਿਸੇਰੇ ਵਜੋਂ ਵਿਚਰ ਸਕੇ।

ਸਭ ਤੋਂ ਪਹਿਲਾ ਉੱਘੇ ਸਿੱਖ ਚਿੰਤਕ ਸ. ਅਮਰਜੀਤ ਸਿੰਘ ਗਰੇਵਾਲ ਨੇ ਆਖਿਆ ਕਿ ਸਿੱਖ ਦੇ ਉਸਾਰੂ ਅਤੇ ਹਾਂ ਪੱਖੀ ਪਹੁੰਚ ਅਪਣਾਉਣ ਬਾਰੇ ਉਨ੍ਹਾਂ ਆਖਿਆ ਕਿ ਸਿਨੇਮਾ ਇਕ ਅਜਿਹਾ ਮਾਧਿਅਮ ਹੈ, ਜਿਸ ਵਿਚ ਸਾਰੀਆਂ ਹੀ ਕਲਾਵਾਂ ਆ ਜਾਂਦੀਆਂ ਹਨ ਅਤੇ ਸਮਾਜ ਉਸਾਰੀ ਲਈ ਸਿਨੇਮਾ ਦਾ ਵੱਡਾ ਯੋਗਦਾਨ ਹੈ ਤੇ ਸਿੱਖ ਕੌਮ ਦੇ ਸੰਘਰਸ਼ ਤੋਂ ਆਤਮ ਹੱਤਿਆ ਤੱਕ ਦੇ ਕਾਲ ਨੂੰ ਵੀ ਇਨ੍ਹਾਂ ਮਧਿਅਮਾਂ ਰਾਹੀਂ ਉਜਾਗਰ ਕੀਤਾ ਜਾਣਾ ਬਣਦਾ ਹੈ।

ਉੱਘੇ ਵਿਦਵਾਨ ਭਾਈ ਹਰਸਿਮਰਨ ਸਿੰਘ ਨੇ ਆਖਿਆ ਕਿ ਕਲਾ ਨੂੰ ਕਲਾ ਲਈ ਜਾਂ ਕਿਸੇ ਵੱਡੇ ਮਕਸਦ ਦੀ ਪ੍ਰਾਪਤੀ ਲਈ ਵਰਤਣਾ ਦੋ ਵੱਖ ਵੱਖ ਪੱਖ ਹਨ ਅਤੇ ਵਿਕਾਸ ਦਾ ਇਹ ਪੜਾਅ ਬੜਾ ਗੰਭੀਰ ਹੈ, ਉਨ੍ਹਾਂ ਕਿਹਾ ਕਿ ਆਉਣ ਵਾਲੇ 50 ਸਾਲਾਂ ਨੂੰ ਮੁੱਖ ਰੱਖ ਕੇ ਪ੍ਰਾਜੈਕਟ ਉਲੀਕਣੇ ਚਾਹੀਦੇ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਬੀਤੇ ਦੀ ਵਿਰਾਸਤ ਨੂੰ ਦੇਖ ਅਤੇ ਮਾਣ ਸਕਣ, ਭਾਵੇਂ ਇਸ ਮਾਮਲੇ ਵਿਚ ਹੁਣ ਤੱਕ ਬੜੀਆਂ ਅਣਗਹਿਲੀਆਂ ਵੀ ਹੋਈਆਂ ਹਨ, ਪਰ ਹੁਣ ਮੋੜਾ ਪਾਉਣ ਦਾ ਸਮਾਂ ਹੈ।

ਗੁਰੂ ਗ੍ਰੰਥ ਸਾਹਿਬ ਸਟੱਡੀ, ਪੰਜਾਬੀ ਦੇ ਭੇਤ ਵਿਚੋਂ ਵੀ ਲੰਘਣਾ ਹੈ। ਉਨ੍ਹਾਂ ਆਖਿਆ ਕਿ ਸਿਧਾਂਤ ਦਾ ਕਲਾ ਨਾਲ ਕੋਈ ਵਿਰੋਧ ਨਹੀਂ, ਪਰ ਕਈ ਵਾਰ ਦੋਵੇਂ ਇਕ ਦੂਜੇ ਨੂੰ ਮਿਧਦੇ ਹਨ, ਇਸ ਲਈ ਵਿਧਾ ਦਾ ਉਲਾਰ ਹੋਣਾ ਵੀ ਖਤਰਨਾਕ ਹੈ। ਅਸੀਂ ਵਰਤਣ ਵਿਚ ਅਤੇ ਵਰਤੇ ਜਾਣ ਵਿਚ ਫਰਕ ਮਹਿਸੂਸ ਕਰਨਾ ਹੈ।

ਦਸਤਾਵੇਜ਼ੀ ਖੇਤਰ ਵਿਚ ਸਥਾਪਤ ਹੋਏ ਨਾਮ ਸ. ਕਰਨਵੀਰ ਸਿੰਘ ਸਿਵੀਆ, ਜਿਨ੍ਹਾਂ 'ਪੁਣਛ ਦੇ ਰਾਖੇ' ਸਿੱਖ ਆਰਮੀ ਅਫਸਰ ਬ੍ਰਿਗੇਡੀਅਰ ਪ੍ਰੀਤਮ ਸਿੰਘ ਬਾਰੇ ਡਾਕੂ ਡਰਾਮਾ ਦਾ ਨਿਰਮਾਣ ਵੀ ਕੀਤਾ ਹੈ, ਨੇ ਆਖਿਆ ਕਿ ਸਿੱਖ ਇਤਿਹਾਸ ਦੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਲੋਕ ਮਨਾਂ ਤੱਕ ਪਹੁੰਚਾਉਣ ਲਈ ਖੂਬਸੂਰਤ ਸਟੋਰੀ ਟੈਲਿੰਗ ਆਰਟ ਦੀ ਲੋੜ ਹੈ। ਜਿਵੇਂ ਅਸੀਂ ਗੁਰੂ ਨਾਨਕ ਦੀ ਬਾਣੀ ਵਿਚਲੇ ਐਲੀਮੈਂਟ ਆਫ ਲਵ ਨੂੰ ਹੋਰ ਵਿਆਪਕ ਸੰਦਰਭ ਵਿਚ ਦਰਸਾ ਸਕਦੇ ਹਾਂ।

ਸਿੱਖ ਆਰਟ ਖੇਤਰ ਵਿਚ ਸਥਾਪਤ ਨਾਮ ਸ. ਹਰਦੀਪ ਸਿੰਘ ਮੁਹਾਲੀ ਨੇ ਵੀ ਵਿਜ਼ੂਅਲ ਆਰਟ ਦੇ ਸਭ ਤੋਂ ਅਸਰਦਾਰ ਮਾਧਿਅਮ ਹੋਣ ਦੀ ਗੱਲ ਕਰਦਿਆਂ ਆਖਿਆ ਕਿ ਹੁਣ ਤੱਕ ਮੌਜੂਦ ਆਸ਼ਾਵਾਦੀ ਰਹਿਣਾ ਹੀ ਮਹੱਤਵਪੂਰਨ ਹੈ, ਫਿਰ ਗੁਰੂ ਦੀ ਬਖਸ਼ਿਸ ਵੀ ਹੋਣ ਲਗਦੀ ਹੈ। ਫਿਲਮ ਨਿਰਮਾਣ ਅਤੇ ਫਿਲਮ ਲੇਖਣੀ ਖੇਤਰ ਦੇ ਅਨੁਭਵੀ ਨੌਜਵਾਨ ਸਤਦੀਪ ਸਿੰਘ ਅਤੇ ਨੌਜਵਾਨ ਸਰਬਜੀਤ ਸਿੰਘ ਜੋ 34 ਸ਼ਾਰਟ ਫਿਲਮਾਂ ਦਾ ਨਿਰਮਾਣ ਦਾ ਅਨੁਭਵ ਰੱਖਦੇ ਹਨ, ਨੇ ਵੀ ਵੱਖ ਵੱਖ ਪਹਿਲੂਆਂ 'ਤੇ ਚਰਚਾ ਕੀਤੀ।

ਪਟਕਥਾ ਤੇ ਸੰਵਾਦ ਅਤੇ ਫਿਲਮ ਅਤੇ ਕਲਾ ਖੇਤਰ ਵਿਚ ਉਭਰਦੇ ਨੌਜਵਾਨ ਅਤੇ ਡਾ. ਪਰਮਜੀਤ ਸਿੰਘ ਕੱਟੂ (ਪ੍ਰੋਫੈਸਰ ਲਵਲੀ ਯੂਨੀਵਰਸਿਟੀ ਜਲੰਧਰ) ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਆਖਿਆ ਕਿ ਅੱਜ ਦੇ ਦੌਰ ਵਿਚ ਦ੍ਰਿਸ਼ ਮਾਧਿਅਮ ਹੀ ਸਭ ਤੋਂ ਵਿਆਪਕ ਅਤੇ ਅਸਰਦਾਰ ਮਾਧਿਅਮ ਹੈ। ਸ. ਕੱਟੂ ਨੇ ਇਸ ਸੰਸਥਾ ਦੇ ਵਿਚਾਰ ਅਧੀਨ ਪਲੇਠੇ ਪ੍ਰਾਜੈਕਟ 'ਤੇ ਰੋਸ਼ਨੀ ਪਾਉਂਦਿਆਂ ਆਖਿਆ ਕਿ ਇਸ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜੀ ਬਾਣੀ ਬਾਰਹਾ ਮਾਹ ਜੋ ਮਨੁੱਖ, ਕੁਦਰਤ ਅਤੇ ਅਧਿਆਤਮਿਕ ਪ੍ਰਕਾਸ਼ ਦੀ ਯਾਤਰਾ ਦਾ ਸੁਮੇਲ ਹੈ, ਨੂੰ 6 ਭਾਗਾਂ ਵਿਚ ਵੱਖ ਵੱਖ ਪਹਿਲੂਆਂ ਤੋਂ ਨੇ ਸੋਚਵਾਨ ਅਤੇ ਉਤਸ਼ਾਹ ਹੋਣ ਦਾ ਪ੍ਰਮਾਣ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੋ ਹੁਣ ਤਕ ਸਮਕਾਲੀ ਵਿਦਵਾਨਾਂ ਤੋਂ ਨਹੀਂ ਹੋ ਸਕਿਆ, ਉਹ ਕੁਝ ਕਰਨ ਲਈ ਅੱਜ ਦੇ ਨੌਜਵਾਨ ਅੱਗੇ ਆਉਣ। ਉਨ੍ਹਾਂ ਆਖਿਆ ਕਿ ਅਸੀਂ ਨਾਦੀ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਸਿੱਖਾਂ ਦੀ ਨਾਦੀ ਮਾਂ ਮਾਤਾ ਸਾਹਿਬ ਕੌਰ ਜੀ ਦੇ ਅਹਿਸਾਨ ਗੁਰੂ ਦੇ ਕਹਾਉਣ ਵਾਲਿਆਂ ਲਈ ਅਜੇ ਬਾਕੀ ਹਨ, ਪਰ ਅੱਜ ਦੀ ਇੱਕਤਰਤਾ ਤੋਂ ਆਸ ਬੱਝੀ ਹੈ। ਉਨ੍ਹਾਂ ਨੇ ਪ੍ਰਾਜੈਕਟ ਲਈ ਪ੍ਰਗਟਾਏ ਵਿੱਤੀ ਅੰਦੇਸ਼ਿਆਂ ਤੋਂ ਨਿਸ਼ਚਿੰਤ ਹੋਣ ਦੀ ਗੱਲ ਕਰਦਿਆਂ ਆਖਿਆ ਕਿ ਅਸੀਂ ਕਾਰਜਸ਼ੀਲ ਹੋਏ ਤੁਰਨਾ ਜਾਰੀ ਰੱਖਣਾ ਹੈ ਅਤੇ ਬਰਕਤਾਂ ਮਾਲਿਕ ਨੇ ਪਾਉਣੀਆਂ ਹਨ। ਬੈਠਕ ਵਿਚ ਵਿਚਾਰ ਅਧੀਨ ਪ੍ਰਾਜੈਕਟ ਬਾਰਹਾ ਮਾਹ ਅਤੇ ਨੌਜਵਾਨ ਸਤਦੀਪ ਸਿੰਘ ਦੀ ਦੇਖ-ਰੇਖ ਅਧੀਨ ਲਾਵਾਂ ਆਧਾਰਤ ਪ੍ਰਾਜੈਕਟ 'ਪ੍ਰਣ' ਦੇ ਨਾਲ ਹੀ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਹੀਦੀ ਪੁਰਬ ਮੌਕੇ ਵੀ ਸਬੰਧਤ ਪ੍ਰਾਜੈਕਟ ਨਾਲੋਂ ਨਾਲ ਅਰੰਭ ਤੇ ਮੁਕੰਮਲ ਕੀਤੇ ਜਾਣਗੇ।

# ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ ਪੋਤ-ਨੂੰਹ ਪੂਨਮ ਸਿੰਘ ਨਾਲ ਰੂ-ਬ-ਰੂ


**ਬਰੈਂਪਟਨ, ਕੈਨੇਡਾ (ਬਿਊਰੋ):** ਲੰਘੇ ਐਤਵਾਰ 21 ਫਰਵਰੀ ਨੂੰ ਕੌਮਾਂਤਰੀ ਮਾਤਭਾਸ਼ਾ-ਦਿਵਸ ਮੌਕੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ ਦੀ ਹੋਈ ਜ਼ੂਮ-ਮੀਟਿੰਗ ਵਿਚ ਪੰਜਾਬੀ ਵਾਰਤਕ ਦੇ ਮੋਹਰੀ ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ ਪੋਤ-ਨੂੰਹ ਪੂਨਮ ਸਿੰਘ ਨਾਲ ਪੰਜਾਬ ਤੋਂ ਦਿਲਚਸਪ ਰੂ-ਬ-ਰੂ ਰਚਾਇਆ ਗਿਆ। ਇਹ ਜ਼ੂਮ-ਮੀਟਿੰਗ ਸਭਾ ਦੇ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਪੂਨਮ ਸਿੰਘ ਨਾਲ ਸੁਆਲ-ਜਵਾਬ ਦੇ ਰੂਪ ਵਿਚ ਟੋਰਾਂਟੋ ਸਮੇਂ ਅਨੁਸਾਰ ਸਵੇਰੇ 11.30 ਵਜੇ ਅਰੰਭ ਕੀਤੀ ਗਈ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੁੱਖ-ਬੁਲਾਰੇ, ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ-ਆਇਆਂ' ਕਹਿਣ ਤੋਂ ਬਾਅਦ ਡਾ. ਜਗਮੋਹਨ ਸੰਘਾ ਵੱਲੋਂ ਪੂਨਮ ਸਿੰਘ ਦੀ ਸੰਖੇਪ ਜਾਣ-ਪਛਾਣ ਕਰਵਾਈ ਗਈ ਅਤੇ ਇਸ ਦੇ ਨਾਲ ਹੀ ਸੁਆਲਾਂ-ਜਵਾਬਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਸੁਆਲ ਕਰਤਾ ਵੱਲੋਂ 'ਪ੍ਰੀਤਲੜੀ' ਰਸਾਲੇ ਅਤੇ ਪ੍ਰੀਤਲੜੀ ਪਰਿਵਾਰ ਨਾਲ ਜੁੜਨ ਦੇ ਪਿਛੋਕੜ ਬਾਰੇ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਪੂਨਮ ਨੇ ਦੱਸਿਆ ਕਿ ਨੌਵੀਂ ਜਮਾਤ ਵਿਚ ਹਿਮਾਚਲ ਪ੍ਰਦੇਸ਼ ਦੇ ਇਕ ਸਕੂਲ ਵਿਚ ਪੜ੍ਹਦਿਆਂ ਉਨ੍ਹਾਂ ਨੂੰ 'ਪ੍ਰੀਤਲੜੀ' ਰਿਸਾਲਾ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਉਦੋਂ ਹਿਮਾਚਲ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ। ਫਿਰ 15 ਸਾਲ ਦੀ ਉਮਰ ਵਿਚ ਚੰਡੀਗੜ੍ਹ ਕਾਲਜ ਵਿਚ ਪੜ੍ਹਦਿਆਂ ਸਾਇੰਸ ਦੇ ਵਿਸ਼ੇ ਵਿਚੋਂ ਹੀ ਛੱਡ ਕੇ ਆਰਟਸ ਗਰੁੱਪ ਵਿਚ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ। ਉਥੇ ਉਹ ਕਾਲਜ ਦੇ ਮੈਗਜ਼ੀਨ ਦੇ ਪੰਜਾਬੀ ਭਾਗ ਦੇ ਸੰਪਾਦਕ ਵੀ ਬਣੇ ਅਤੇ ਇਸ ਤਰ੍ਹਾਂ ਪੰਜਾਬੀ ਬੋਲੀ ਤੇ ਭਾਸ਼ਾ ਨਾਲ ਪੱਕੇ ਤੌਰ 'ਤੇ ਜੁੜ ਗਏ।

'ਰੱਬ ਹੈ, ਕਿ ਨਹੀਂ' ਵਿਸ਼ੇ ਬਾਰੇ ਪੰਜਾਬੀ ਲੇਖਕ ਗੁਰਬਖਸ਼ ਸਿੰਘ ਹੋਰਾਂ ਦੇ ਵਿਚਾਰ ਜਾਣਨ ਅਤੇ ਇਸ ਬਾਰੇ ਹੋਰ ਉਤਸੁਕਤਾ ਉਨ੍ਹਾਂ ਨੂੰ ਪ੍ਰੀਤ ਨਗਰ ਲੈ ਗਈ। ਉੱਥੇ ਪਹੁੰਚ ਕੇ 'ਦਾਰ ਜੀ' ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ, ਜਿਸ ਦੇ ਅੰਦਾਜ਼ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ ਜਦੋਂ ਉਸ ਘਰ ਦੀ 'ਨੂੰਹ' (ਨਵਤੇਜ ਸਿੰਘ ਦੀ ਨੂੰਹ) ਬਣਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ 'ਦਾਰ ਜੀ' ਵੱਲੋਂ ਉਨ੍ਹਾਂ ਨੂੰ "ਧੀ ਬਣ ਕੇ ਰਹੋ" ਦਾ ਆਸ਼ੀਰਵਾਦ ਮਿਲਿਆ।

'ਪ੍ਰੀਤ ਨਗਰ' ਜਿਸ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ 'ਸੁਪਨਿਆਂ ਦਾ ਸ਼ਹਿਰ' ਕਰਾਰ ਦਿੱਤਾ ਗਿਆ ਅਤੇ ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇਸ ਨੂੰ ਰਾਬਿੰਦਰ ਨਾਥ ਟੈਗੋਰ ਦੇ 'ਸ਼ਾਂਤੀ-ਨਿਕੇਤਨ' ਨਾਲ ਜੋੜ ਕੇ ਦੋਹਾਂ ਨੂੰ 'ਭੈਣ-ਭਰਾ' ਦਾ ਦਰਜਾ ਵੀ ਦਿੱਤਾ ਗਿਆ, ਬਾਰੇ ਪੁੱਛੇ ਗਏ ਇਕ ਸਵਾਲ ਬਾਰੇ ਉਨ੍ਹਾਂ ਦਾ ਜਵਾਬ ਸੀ ਕਿ ਪ੍ਰੀਤ ਨਗਰ ਵਿਚ ਔਰਤਾਂ ਲਈ ਖੁੱਲ੍ਹ, ਦਲੇਰੀ, ਸਹਿਜ, ਇੱਜਤ ਤੇ ਇਜਾਜ਼ਤ ਵਾਲਾ ਮਾਹੌਲ ਹੈ ਅਤੇ ਇੱਥੇ ਉਨ੍ਹਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਡਾ. ਸੰਘਾ ਵੱਲੋਂ ਬਾਖੂਬੀ ਪ੍ਰੋਫੈਸ਼ਨਲ ਢੰਗ ਨਾਲ ਕੀਤੇ ਗਏ ਸਾਰੇ ਹੀ ਸੁਆਲਾਂ ਦੇ ਜਵਾਬ ਪੂਨਮ ਸਿੰਘ ਵੱਲੋਂ ਬੜੀ ਬੇਬਾਕੀ ਅਤੇ ਖੁੱਲ੍ਹ-ਦਿਲੀ ਨਾਲ ਦਿੱਤੇ ਗਏ, ਇੱਥੋਂ ਤੱਕ ਕਿ ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਦੇ ਮੁਖੜਿਆਂ "ਮਾਏ ਨੀ ਮਾਏ, ਮੈਂ ਇਕ ਸ਼ਿਕਰਾ ਯਾਰ ਬਣਾਇਆ" ਅਤੇ "ਇਕ ਕੁੜੀ ਜੀਹਦਾ ਨਾਮ ਮੁਹੱਬਤ" ਵਾਲੀ ਕੁੜੀ ਦੇ 'ਗੁੰਮ' ਹੋ ਜਾਣ ਵਾਲੇ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਦੱਸਿਆ ਕਿ ਦਾਰ ਜੀ ਇਸ 'ਰਿਸ਼ਤੇ' ਦੇ ਖਿਲਾਫ ਨਹੀਂ ਸਨ, ਸਗੋਂ 'ਅਨੁ' (ਅਨੁਸੂਈਆ) ਨੇ ਆਪ ਹੀ ਇਸ ਤੋਂ ਮਨ੍ਹਾਂ ਕਰ ਦਿੱਤਾ ਸੀ ਅਤੇ ਉਹ ਪਹਿਲਾਂ ਰੂਸ ਤੇ ਫਿਰ ਦੱਖਣੀ ਅਮਰੀਕਾ ਦੇ ਦੇਸ਼ ਵੈਨਜ਼ੂਏਲਾ ਚਲੀ ਗਈ ਸੀ। ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ ਲਿਖਤ ਬਾਰੇ ਪੁੱਛੇ ਗਏ ਇਕ ਸੁਆਲ ਦੇ ਜਵਾਬ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਅੰਗਰੇਜ਼ੀ ਤੇ ਪੰਜਾਬੀ ਦੇ ਉੱਘੇ ਲੇਖਕ ਮੁਲਕ



ਪੂਨਮ ਸਿੰਘ

ਰਾਜ ਅਨੰਦ ਨੇ ਦਾਰ ਜੀ ਨੂੰ "ਪੰਜਾਬੀ ਵਾਰਤਕ ਦਾ ਵਾਰਸ" ਕਿਹਾ ਹੈ।

'ਪ੍ਰੀਤਲੜੀ' ਰਿਸਾਲੇ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਪੂਨਮ ਸਿੰਘ ਨੇ ਕਿਹਾ ਕਿ ਇਸ ਰਿਸਾਲੇ ਨੂੰ ਅਤੇ ਪਰਿਵਾਰ ਨੂੰ ਗਾਹੇ-ਬਗਾਹੇ ਬਹੁਤ ਸਾਰੀਆਂ ਵਿੱਤੀ ਮੁਸ਼ਕਿਲਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੱਸਿਆ ਕਿ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਪਰਿਵਾਰ ਦੀ ਮਾਇਕ ਹਾਲਤ ਏਨੀ ਡਾਵਾਂਡੋਲ ਹੋ ਗਈ ਸੀ ਕਿ ਸੁਮੀਤ ਸਿੰਘ ਦੇ ਕਤਲ ਹੋ ਜਾਣ 'ਤੇ ਉਨ੍ਹਾਂ ਦੇ ਸਸਕਾਰ ਅਤੇ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਉਦੋਂ ਪਰਿਵਾਰ ਕੋਲ ਮਾਇਆ ਦੀ ਥੁੜ੍ਹ ਸੀ। ਇਨ੍ਹਾਂ ਹਾਲਤਾਂ ਵਿਚ ਉਸ ਸਮੇਂ ਪੰਜਾਬ ਦੇ ਤਤਕਾਲੀ ਗਵਰਨਰ ਸਿਧਾਰਥ ਸ਼ੰਕਰ ਰੇਅ ਨੂੰ ਪਹੁੰਚ ਕਰਨ 'ਤੇ ਵੀ ਕੋਈ ਵਿੱਤੀ ਸਹਾਇਤਾ ਨਾ ਮਿਲੀ ਅਤੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਵੀ ਸਿਰਫ 'ਸ਼ਬਦੀ ਸਹਾਇਤਾ' ਹੀ ਮਿਲ ਸਕੀ। ਅਲਬੱਤਾ, ਇਕ ਗੈਰ-ਪੰਜਾਬੀ ਆਈ. ਏ. ਐੱਸ. ਅਫਸਰ ਪੀ. ਐੱਨ. ਵੈਸ਼ਨਵ ਵੱਲੋਂ ਕੁਝ ਮਾਇਕ-ਸਹਾਇਤਾ ਜ਼ਰੂਰ ਪ੍ਰਾਪਤ ਹੋਈ ਅਤੇ ਇਕ ਹੋਰ ਆਈ. ਏ. ਐੱਸ. ਅਫਸਰ ਕ੍ਰਿਸ਼ਨ ਕੁਮਾਰ (ਅਜੋਕੇ ਸਿੱਖਿਆ ਸਕੱਤਰ) ਵਲੋਂ 'ਪ੍ਰੀਤਲੜੀ' ਸਕੂਲ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨ ਕਰ ਲਿਆ ਗਿਆ ਹੈ, ਜਿਸ ਨਾਲ ਵੀ ਕਾਫੀ ਰਾਹਤ ਮਿਲ ਗਈ ਹੈ। ਉਨ੍ਹਾਂ ਨੂੰ ਇਹ ਮਾਣ ਹੈ ਇਸ ਰਿਸਾਲੇ ਨੂੰ ਬਹੁਤ ਸਾਰੇ ਉੱਘੇ ਪੰਜਾਬੀ ਲੇਖਕਾਂ ਤੋਂ ਇਲਾਵਾ ਅੰਗਰੇਜ਼ੀ ਦੇ ਲੇਖਕ ਖੁਸ਼ਵੰਤ ਸਿੰਘ ਤੇ ਹਿੰਦੀ ਦੇ ਲੇਖਕ ਕ੍ਰਿਸ਼ਨਾ ਸੋਬਤੀ ਵਰਗੇ ਲੇਖਕ ਵੀ ਪੜ੍ਹਦੇ ਰਹੇ ਹਨ ਅਤੇ 'ਪ੍ਰੀਤਲੜੀ' ਹਮੇਸ਼ਾ ਜਵਾਨ ਰਹੀ ਹੈ।

ਲੱਗਭੱਗ ਡੇਢ ਘੰਟਾ ਚੱਲੀ ਇਸ ਦਿਲਚਸਪ ਗੱਲਬਾਤ ਤੋਂ ਬਾਅਦ ਜ਼ੂਮ-ਮੀਟਿੰਗ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਵੱਲੋਂ ਗੁਰਬਖਸ਼ ਸਿੰਘ ਦੀਆਂ ਲਿਖਤਾਂ, ਉਨ੍ਹਾਂ ਦੇ ਲਿਖਣ ਦੇ ਅੰਦਾਜ਼, ਅਰੋਗ ਸਰੀਰ ਬਾਰੇ ਦਰਸਾਏ ਉਨ੍ਹਾਂ ਦੇ ਫਲਸਫੇ, ਪ੍ਰੀਤ ਨਗਰ ਦੀ ਵਿਲੱਖਣਤਾ, 'ਪ੍ਰੀਤਲੜੀ' ਵਿਚ ਛਪਦੇ ਵੱਖ-ਵੱਖ ਕਾਲਮ ਤੇ ਲੇਖ, ਉਨ੍ਹਾਂ ਦੇ ਛੋਟੇ ਬੇਟੇ ਹਿਰਦੇਪਾਲ ਸਿੰਘ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਰਿਸਾਲੇ 'ਬਾਲ ਸੰਦੇਸ਼', ਆਦਿ ਬਾਰੇ ਪੂਨਮ ਸਿੰਘ ਨੂੰ ਕਈ ਸੁਆਲ ਪੁੱਛੇ ਗਏ, ਜਿਨ੍ਹਾਂ ਦੇ ਜਵਾਬ ਉਨ੍ਹਾਂ ਵੱਲੋਂ ਬੜੇ ਠਰ੍ਹੰਮੇ ਨਾਲ ਤਸੱਲੀ-ਪੂਰਵਕ ਦਿੱਤੇ ਗਏ।

ਸੁਆਲ-ਕਰਤਾਵਾਂ ਵਿਚ ਅਮਰਜੀਤ ਕੌਰ ਪੰਛੀ, ਤਲਵਿੰਦਰ ਸਿੰਘ ਮੰਡ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ, ਬਲਰਾਜ ਚੀਮਾ, ਵਿਨੀਪੈੱਗ ਤੋਂ ਡਾ. ਪ੍ਰਿਤਪਾਲ ਕੌਰ, ਕੈਲਗਰੀ ਤੋਂ ਗੁਰਚਰਨ ਕੌਰ ਥਿੰਦ, ਅਮਰੀਕਾ ਤੋਂ ਅਨੰਤ ਕੌਰ, ਔਟਵਾ ਤੋਂ ਲਖਬੀਰ ਸਿੰਘ ਕਾਹਲੋਂ, ਰਾਜਪਾਲ ਸਿੰਘ ਹੋਠੀ, ਕੁਲ ਦੀਪ, ਮਕਸੂਦ ਚੌਧਰੀ, ਹਰਜਸਪ੍ਰੀਤ ਗਿੱਲ, ਕਰਨ ਅਜਾਇਬ ਸਿੰਘ ਸੰਘਾ, ਪਿਆਰਾ ਸਿੰਘ ਕੁੱਦੋਵਾਲ, ਮਲੂਕ ਸਿੰਘ ਕਾਹਲੋਂ ਤੇ ਹੋਰ ਸੱਜਣ ਸ਼ਾਮਲ ਸਨ।

ਸੁਆਲਾਂ-ਜਵਾਬਾਂ ਦਾ ਸੈਸ਼ਨ ਲੰਮਾ ਹੋ ਜਾਣ ਕਰਕੇ ਇਸ ਵਾਰ ਕਵੀ-ਦਰਬਾਰ ਨਹੀਂ ਕਰਵਾਇਆ ਜਾ ਸਕਿਆ। ਇਸ ਮੌਕੇ ਹਾਜ਼ਰ ਮੈਂਬਰਾਂ ਵਿਚ ਡਾ. ਅਮਰਜੀਤ ਸਿੰਘ ਬਨਵੈਤ, ਸੁਰਿੰਦਰ ਬਨਵੈਤ, ਪੂਰਨ ਸਿੰਘ ਪਾਂਧੀ, ਪਰਮਜੀਤ ਸਿੰਘ ਗਿੱਲ, ਇਕਬਾਲ ਬਰਾੜ, ਪਰਮਜੀਤ ਸਿੰਘ ਢਿੱਲੋਂ, ਹਰਚਰਨ ਸਿੰਘ ਰਾਜਪੂਤ, ਪਰਮਪਾਲ ਸਿੰਘ ਸੰਧੂ, ਦਰਸ਼ਨ ਸਿੰਘ ਦਰਸ਼ਨ, ਮੁਖਤਿਆਰ ਸਿੰਘ ਮੁਲਤਾਨੀ, ਨਿਰਵੇਲ ਸਿੰਘ ਅਰੋੜਾ, ਸੁਰਜੀਤ ਕੌਰ, ਰਮਿੰਦਰ ਵਾਲੀਆ ਤੇ ਕਿਰਨ ਪਾਹਵਾ ਸਮੇਤ ਕਈ ਹੋਰ ਸ਼ਾਮਲ ਸਨ।

ਅਖੀਰ ਵਿਚ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਇਸ ਮੀਟਿੰਗ ਦੇ ਮੁੱਖ ਬੁਲਾਰੇ ਪੂਨਮ ਸਿੰਘ ਅਤੇ ਜ਼ੂਮ-ਮੀਟਿੰਗ ਵਿਚ ਹਾਜ਼ਰ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਪੂਨਮ ਸਿੰਘ ਨੂੰ ਸਾਹਿਤ ਅਕਾਡਮੀ ਐਵਾਰਡ ਮਿਲਣ 'ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਤੇ ਸਮੂਹ ਮੈਂਬਰਾਂ ਨੇ ਮੁਬਾਰਕਬਾਦ ਵੀ ਦਿੱਤੀ।

## ਵਿੱਦਿਆ ਸਾਗਰ

# ਦੁਬਿਧਾ ਦੂਰ ਕਰੋ ਮੇਰੇ ਭਾਈ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ "ਵਿੱਦਿਆ ਸਾਗਰ" ਨਾਮ ਦਾ ਇੱਕ ਮਹਾਨ ਗ੍ਰੰਥ ਤਿਆਰ ਹੋਇਆ। ਇਸ ਗ੍ਰੰਥ ਦਾ ਭਾਰ ਨੌਂ ਮਣ ਦੱਸਦੇ ਹਨ ਵਿਦਵਾਨ, ਪਰ ਜਦੋਂ 1705 ਵਿਚ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਸਰਸਾ ਨਦੀ ਨੂੰ ਪਾਰ ਕਰਨ ਲੱਗੇ ਤਾਂ "ਵਿੱਦਿਆ ਸਾਗਰ" ਗ੍ਰੰਥ ਸਰਸਾ ਵਿਚ ਰੁੜ ਗਿਆ। ਕੁਝ ਸਿੱਖਾਂ ਨੇ ਆਪਣੀ ਜਾਨ 'ਤੇ ਖੇਡਦਿਆਂ ਕੁਝ ਪੱਤਰੇ ਬਚਾਏ ਵੀ। ਉਹ ਵੱਖ ਵੱਖ ਸਿੱਖਾਂ ਦੇ ਹੱਥ ਆਏ ਵਰਕੇ ਕਈ ਵੱਖ ਵੱਖ ਗ੍ਰੰਥਾਂ ਵਿਚ ਅੰਕਿਤ ਵੀ ਕੀਤੇ ਮਿਲਦੇ ਹਨ। ਇਤਿਹਾਸਕਾਰਾਂ ਦੀਆਂ ਕੀਤੀਆਂ ਪੜਚੋਲਾਂ ਵਿਚ ਜ਼ਿਕਰ ਮਿਲਦਾ ਹੈ ਕਿ ਇਸ ਮਹਾਨ ਗ੍ਰੰਥ ਦੇ ਉਤਾਰੇ ਕਰਨ ਦੀ ਰੁਚੀ ਵੀ ਸਿੱਖਾਂ ਵਿਚ ਸੀ। ਵੱਖ ਵੱਖ ਬਾਣੀਆਂ ਦੇ ਅੱਧੇ ਅਧੂਰੇ ਉਤਾਰਿਆਂ ਦਾ ਵੀ ਜ਼ਿਕਰ ਆਉਂਦਾ ਹੈ। ਦਸਮ ਪਿਤਾ ਦੇ ਜੋਤੀਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਸੁੱਖਾ ਸਿੰਘ ਅਤੇ ਬਹੁਤ ਸਾਰੇ ਹੋਰ ਸਿੱਖ ਸ਼ਰਧਾਲੂਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਨਾਲ ਤਿਆਰ ਕਰਵਾਏ ਗ੍ਰੰਥ ਦੇ ਅੰਗ ਇਕੱਤਰ ਕਰਨ ਦਾ ਯਤਨ ਕੀਤਾ। ਸਿੱਖ

**ਸੁਰਿੰਦਰ ਸਿੰਘ ਸੁੰਨੜ**
**ਫੋਨ: (530) 921 0097**

ਸ਼ਰਧਾਲੂਆਂ ਦੇ ਯਤਨਾਂ ਨਾਲ ਕਈ ਸਾਰੇ ਗ੍ਰੰਥ ਤਿਆਰ ਹੋਏ, ਪਰ ਇਨ੍ਹਾਂ ਸਾਰਿਆਂ ਗ੍ਰੰਥਾਂ ਵਿਚ ਨਾ ਤਾਂ ਬਾਣੀਆਂ ਦੀ ਤਰਤੀਬ ਇੱਕ ਸਮਾਨ ਹੈ ਸੀ ਅਤੇ ਨਾ ਹੀ ਬਾਣੀਆਂ ਦੀ ਗਿਣਤੀ ਬਰਾਬਰ ਹੈ ਸੀ। ਕੋਈ ਸਹੀ ਸੰਪਾਦਕ ਨਾਂ ਹੋਣ ਕਰਕੇ ਇਹ ਸਾਰੇ ਗ੍ਰੰਥ, ਇਹ ਸਾਰੀਆਂ ਬੀੜਾਂ ਵਿਵਾਦਾਂ ਦਾ ਕਾਰਨ ਬਣ ਗਈਆਂ, ਪਰ ਕਿਉਂਕਿ ਇਹ ਸਾਰੀਆਂ ਪੋਥੀਆਂ ਬਚਿੱਤਰ ਨਾਟਕ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਸਨ ਤੇ ਦਸਮ ਪਿਤਾ ਦੀ ਅਸੀਸ ਲੈ ਚੁੱਕੀਆਂ ਬਾਣੀਆਂ ਗਿਣੀਆਂ ਜਾਂਦੀਆਂ ਸਨ, ਇਸ ਲਈ ਸਿੱਖਾਂ ਦਾ ਸਨੇਹ ਇਨ੍ਹਾਂ ਬੀੜਾਂ ਨਾਲ ਬਣਿਆ ਰਿਹਾ। ਬਹੁਤ ਸਾਰੀਆਂ ਬੀੜਾਂ ਨੂੰ "ਦਸਮ ਪਾਤਸ਼ਾਹ ਕੇ ਗ੍ਰੰਥ" ਦੇ ਤੌਰ 'ਤੇ ਵੀ ਜਾਣਿਆ ਜਾਂਦਾ ਰਿਹਾ।

1897 ਵਿਚ "ਗੁਰਮਤ ਗ੍ਰੰਥ ਪਰਚਾਰ ਸਭਾ" ਅੰਮ੍ਰਿਤਸਰ ਨੇ ਇਨ੍ਹਾਂ ਬੀੜਾਂ ਦੇ 32 ਵੱਖ ਵੱਖ ਗ੍ਰੰਥ ਇਕੱਤਰ ਕਰਕੇ ਇੱਕ ਤਰਤੀਬ ਦੇਣ ਦਾ ਯਤਨ ਕੀਤਾ ਅਤੇ ਸੰਪਾਦਕੀ ਕਰਕੇ ਜੋ ਗ੍ਰੰਥ ਤਿਆਰ ਹੋਇਆ, ਉਸ ਦਾ ਨਾਮ "ਦਸਮ ਗ੍ਰੰਥ" ਰੱਖਿਆ ਗਿਆ। ਇਥੇ ਜ਼ਿਕਰਯੋਗ ਹੈ ਕਿ ਬਹੁਤ ਸਾਰੇ ਸਿੱਖ ਇਹ ਸਮਝਦੇ ਹਨ ਕਿ ਆਦਿ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕੋ ਹੀ ਗ੍ਰੰਥ ਹੈ, ਇਹ ਕੁਝ ਹੱਦ ਤੱਕ ਸੱਚ ਹੈ, ਪਰ ਪੂਰਨ ਸੱਚ ਇਹ ਹੈ ਕਿ 1604 ਇਸਵੀ ਵਿਚ ਜਦੋਂ ਪੰਚਮ ਪਾਤਸ਼ਾਹ ਨੇ ਸੰਪਾਦਨਾਂ ਕਰਵਾਈ, ਉਸ ਵਕਤ ਆਦਿ ਗ੍ਰੰਥ ਹੀ ਕਿਹਾ ਜਾ ਸਕਦਾ ਸੀ, ਕਿਉਂਕਿ ਆਦਿ ਗ੍ਰੰਥ ਵਿਚ ਨਾ ਤਾਂ ਨੌਂਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਸੀ ਤੇ ਨਾ ਹੀ ਗੁਰਗੱਦੀ ਹੀ ਦੇਹਧਾਰੀ ਰੂਪ ਵਿਚ ਸਮਾਪਤ ਹੋਈ ਸੀ। ਇਹ ਤਾਂ 1707 ਵਿਚ ਦਮਦਮਾ ਸਾਹਿਬ ਵਿਚ ਸੰਪੂਰਨਤਾ ਹੋਈ ਅਤੇ 1708 ਵਿਚ ਦੇਹਧਾਰੀ ਗੁਰਗੱਦੀ ਸਮਾਪਤ ਹੋਈ ਤੇ ਨਾਨਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦਾ ਸਦਾ ਲਈ ਪ੍ਰਕਾਸ਼ਮਾਨ ਹੋ ਗਈ। ਭਾਈ ਮਨੀ ਸਿੰਘ ਵਾਲੀ ਬੀੜ 'ਚ ਗੁਰੂ ਗ੍ਰੰਥ ਤੇ ਬਚਿੱਤਰ ਨਾਟਕ-ਦੋਹਾਂ ਦੀਆਂ ਬਾਣੀਆਂ ਅੰਕਿਤ ਹਨ, ਪਰ ਰਾਗਾਂ ਅਨੁਸਾਰ ਨਹੀਂ, ਗੁਰੂਆਂ ਅਨੁਸਾਰ ਬਾਣੀ ਦਰਜ ਹੈ। ਭਗਤਾਂ ਦੀ ਬਾਣੀ ਅਤੇ ਗੁਰੂ ਸਾਹਿਬਾਂ ਦੀ ਬਾਣੀ ਵੱਖ ਵੱਖ ਕਰਕੇ ਨਹੀਂ ਲਿਖੀ ਗਈ। ਬਚਿੱਤਰ ਨਾਟਕ ਵਾਲੀ ਬਾਣੀ ਇਕੱਠੀ ਹੈ, ਜੋ ਦਸਮ ਗੁਰੂ ਦੇ ਨਾਮ ਅਧੀਨ ਅੰਕਿਤ ਹੈ। ਇਸ ਬਾਣੀ ਵਿਚਲੇ 8 ਅੰਗ ਅੱਠ ਖਾਸ ਦਸਤਖੀ ਵਰਕੇ ਵੱਖਰੇ ਦਰਜ਼ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹੱਥੀਂ ਲਿਖਿਆ ਮੰਨਿਆ ਜਾਂਦਾ ਹੈ। ਭਾਈ ਮਨੀ ਸਿੰਘ ਵਾਲੀ ਬੀੜ 'ਚੋਂ ਕੋਈ ਐਸੀ ਗਵਾਹੀ ਨਹੀਂ ਮਿਲਦੀ, ਜਿਸ ਤੋਂ ਲਿਖਾਰੀ ਦੇ ਨਾਮ ਦਾ ਗਿਆਨ ਹੋ ਸਕੇ। ਨਾ ਹੀ ਇਸ ਦੇ ਰਚਨਾ-ਕਾਲ ਦੀ ਸਪਸ਼ਟਤਾ ਮਿਲਦੀ ਹੈ। ਬੀੜ ਦੇ ਅੰਤ 'ਚ ਇਸ ਦੇ ਉਤਾਰੇ ਦਾ ਸੰਮਤ 1770 ਬਿਕਰਮੀ ਜੋ ਲਿਖਿਆ ਮਿਲਦਾ ਹੈ, ਉਹ ਕਿਸੇ ਹੋਰ ਵਿਅਕਤੀ ਦੁਆਰਾ ਕਿਸੇ ਹੋਰ ਸਮੇਂ ਵੱਖਰੀ ਸਿਆਹੀ ਨਾਲ ਲਿਖਿਆ ਹੋਇਆ ਲਗਦਾ ਹੈ।

ਭਾਈ ਸੁੱਖਾ ਸਿੰਘ ਵਾਲੀ ਬੀੜ, ਜਿਸ ਨੂੰ "ਮੋਤੀਬਾਗ ਗੁਰਦੁਆਰੇ ਵਾਲੀ ਬੀੜ" ਵੀ ਕਿਹਾ ਜਾਂਦਾ ਹੈ, ਇਸ ਬੀੜ ਨੂੰ ਸੁੱਖਾ ਸਿੰਘ ਗ੍ਰੰਥੀ ਪਟਨਾ ਸਾਹਿਬ ਨੇ 1832 ਬਿਕਰਮੀ ਵਿਚ ਤਿਆਰ ਕਰਵਾਇਆ ਸੀ ਅਤੇ ਜਿਸ ਦਾ ਉਤਾਰਾ ਸੁੱਖਾ ਸਿੰਘ ਦੇ ਬੇਟੇ ਚੜਤ ਸਿੰਘ ਨੇ ਕੀਤਾ ਤੇ ਇਸ ਉਤਾਰੇ ਨੂੰ ਬਾਬਾ ਹਾਕਮ ਸਿੰਘ ਨੂੰ ਸੌਂਪ ਦਿੱਤਾ, ਜੋ ਬੀੜ ਮੋਤੀ ਬਾਗ ਗੁਰਦੁਆਰੇ ਵਿਚ ਮੌਜੂਦ ਰਹੀ। ਕਿਸੇ ਸਮੇਂ ਇਸ ਬੀੜ ਨੂੰ ਅੰਮ੍ਰਿਤਸਰ "ਸਿੱਖ ਰੈਫਰੈਂਸ ਲਾਇਬ੍ਰੇਰੀ, ਦਰਬਾਰ ਸਾਹਿਬ" ਭੇਜ ਦਿੱਤਾ ਗਿਆ, ਜੋ ਸ਼ਾਇਦ 1984 ਵਿਚ ਬਲੂ ਸਟਾਰ ਹਮਲੇ ਦੌਰਾਨ ਨਸ਼ਟ ਕਰ ਦਿੱਤੀ ਗਈ। ਇਸ ਬੀੜ ਦੀ ਅੱਜ ਕਲ੍ਹ ਕੋਈ ਸੂਹ ਨਹੀਂ ਮਿਲ ਰਹੀ। ਇਸ ਬੀੜ ਦਾ ਇਤਿਹਾਸਕ ਮਹੱਤਵ ਇਹ ਸੀ ਕਿ ਇਸ ਦਾ ਉਤਾਰਾ ਚੜਤ ਸਿੰਘ ਅਤੇ ਕਈ ਹੋਰ ਵਿਦਵਾਨਾਂ ਨੇ ਮਿਲ ਕੇ ਕੀਤਾ ਸੀ, ਸੱਤ ਅੰਗ ਖਾਸ ਦਸਤਖੀ ਅੰਗ ਵੀ ਸ਼ਾਮਲ ਸਨ। ਇੱਕ ਹੋਰ ਖਾਸੀਅਤ ਸੀ ਕਿ ਇਸ ਦੇ ਅੰਤ ਵਿਚ ਜ਼ਫਰਨਾਮਾ ਗੁਰਮੁਖੀ ਅਤੇ ਫਾਰਸੀ-ਦੋਹਾਂ ਵਿਚ ਲਿਖਿਆ ਹੋਇਆ ਸੀ।

ਸੰਗਰੂਰ ਵਾਲੀ ਬੀੜ, ਜਿਸ ਨੂੰ ਸਾਰਾ ਸਿੱਖ ਜਗਤ ਦਸਮ ਗ੍ਰੰਥ ਦੇ ਤੌਰ 'ਤੇ ਜਾਣਦਾ ਹੈ, ਇਸ ਬੀੜ ਦੇ 1166 ਅੰਗਾਂ ਵਿਚੋਂ ਪਹਿਲੇ 600 ਅੰਗ ਗੁਰੂ ਗ੍ਰੰਥ ਸਾਹਿਬ ਦੇ 1 ਤੋਂ 600 ਅੰਗਾਂ ਦੀ ਬਾਣੀ ਹੈ, ਅਤੇ ਦੂਜੇ ਹਿੱਸੇ ਵਿਚ 601 ਤੋਂ 1166 ਅੰਗਾਂ ਵਿਚ ਬਚਿੱਤਰ ਨਾਟਕ ਵਿਚਲੀਆਂ ਕੁਝ ਬਾਣੀਆਂ ਦਰਜ ਹਨ। ਇਵੇਂ ਜਾਪਦਾ ਹੈ ਕਿ ਇਹ ਬੀੜ ਭਾਈ ਮਨੀ ਸਿੰਘ ਵਾਲੀ ਬੀੜ ਤੋਂ ਹੀ ਉਤਾਰਾ ਕੀਤਾ ਗਿਆ ਹੈ, ਕਿਉਂਕਿ ਭਾਈ ਮਨੀ ਸਿੰਘ ਵਾਲੀ ਬੀੜ ਵਾਂਗ ਹੀ ਅਰੰਭ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਹੁੰਦਾ ਹੈ ਤੇ ਦੂਸਰੇ ਹਿੱਸੇ ਵਿਚ ਦਸਮ ਗ੍ਰੰਥ ਦੀ ਬਾਣੀ ਅੰਕਿਤ ਕੀਤੀ ਗਈ ਹੈ। ਅੰਤ ਵਿਚ ਕੁਝ ਅਸਫੋਕਟ ਕਬਿੱਤ ਅਤੇ ਸਿਰਲੇਖ ਤੋਂ ਬਿਨਾ ਕੁਝ ਪਦ ਦਰਜ ਹਨ। ਪਟਨੇ ਵਾਲੀ ਬੀੜ ਅਸਲ ਵਿਚ ਇੱਕ ਨਹੀਂ ਹੈ, ਪਟਨਾ ਸਾਹਿਬ ਤੋਸ਼ਾਖਾਨੇ ਵਿਚ ਕਈ ਸਾਰੀਆਂ ਬੀੜਾਂ ਮੌਜੂਦ ਹਨ, ਜਿਨ੍ਹਾਂ ਬੀੜਾਂ ਨੂੰ ਦਸਮ ਗ੍ਰੰਥ ਕਹਿਣ ਲਈ ਕੁਝ ਲੋਗ ਬਜ਼ਿਦ ਹਨ। ਵਿੱਦਿਆ ਸਾਗਰ ਮਹਾਨ ਗ੍ਰੰਥ ਦੇ ਵੱਖ ਵੱਖ ਉਤਾਰੇ, ਜੋ ਸਾਰੇ ਦੇ ਸਾਰੇ ਅੱਧੇ ਅਧੂਰੇ ਜਾਪਦੇ ਹਨ, ਉਹ ਸੈਂਕੜੇ ਗ੍ਰੰਥ, ਜਿਨ੍ਹਾਂ ਨੂੰ ਲੋਕ ਦਸਮ ਗ੍ਰੰਥ ਕਹਿਣ ਲਈ ਬਜ਼ਿਦ ਹਨ, ਜੋ ਕਦੇ ਬਚਿੱਤਰ ਨਾਟਕ ਤੇ ਕਦੇ ਕਈ ਹੋਰ ਨਾਂਵਾਂ ਨਾਲ ਜਾਣੇ ਜਾਂਦੇ ਰਹੇ, ਉਨ੍ਹਾਂ ਗ੍ਰੰਥਾਂ ਵਿਚੋਂ 32 ਗ੍ਰੰਥ ਲੈ ਕੇ ਜੋ ਬਾਣੀਆਂ ਨੂੰ ਤਰਤੀਬ ਦੇ ਕੇ 1897 ਵਿਚ "ਦਸਮ ਗ੍ਰੰਥ" ਤਿਆਰ ਕਰਵਾਇਆ ਗਿਆ, ਉਸ ਗ੍ਰੰਥ ਦੀਆਂ ਬਾਣੀਆਂ ਨੂੰ ਵਿਚਾਰਨ ਦਾ ਯਤਨ ਕਰਨਾ ਚਾਹੁੰਦੇ ਹਾਂ।

## ਦਸਮ ਗ੍ਰੰਥ ਵਿਚਲੀਆਂ ਬਾਣੀਆਂ ਦਾ ਵੇਰਵਾ:

**(1) ਜਾਪ ਸਾਹਿਬ:** ਇਸ ਬਾਣੀ ਦੀ ਰਚਨਾ ਕਦੋਂ ਹੋਈ, ਇਸ ਦਾ ਕੋਈ ਵੇਰਵਾ ਨਹੀਂ ਮਿਲਦਾ, ਪਰ ਇਸ ਰਚਨਾ ਵਿਚ ਅਕਾਲ ਪੁਰਖ ਦੇ ਨਿਰਗੁਣੀ ਸਰੂਪ ਦਾ ਵਿਸਥਾਰਕ ਸਪਸ਼ਟੀਕਰਨ ਹੋਣ ਕਰਕੇ ਅਤੇ ਪਰਮਾਤਮਾ ਦੇ ਨਿਰਵਿਕਾਰ, ਨਿਰਾਕਾਰ, ਸਦੀਵੀ ਹੋਂਦ ਵਾਲਾ, ਸਰਬਸ਼ਕਤੀਵਾਨ, ਸੰਸਾਰਕ ਦੁਨੀਆਂਦਾਰੀ ਦੀਆਂ ਸੀਮਾਵਾਂ ਤੋਂ ਉੱਪਰ ਅਸੀਮ ਲਿਖਿਆ ਗਿਆ ਹੈ, ਇਸ ਲਈ ਇਹ ਬਾਣੀ ਦਸਮ ਪਿਤਾ ਦੀ ਉਚਾਰੀ ਹੋਈ ਸਿੱਧ ਹੁੰਦੀ ਹੈ, ਗੁਰੂ ਨਾਨਕ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਭਗਤੀ ਅਤੇ ਸ਼ਕਤੀ ਦਾ ਸੁੰਦਰ ਸਮੇਲ ਹੈ।

**(2) ਅਕਾਲ ਉਸਤਤ:** ਅਕਾਲ ਉਸਤਤ ਨੂੰ ਜਦੋਂ ਅਜੋਕੇ ਦਸਮ ਗ੍ਰੰਥ ਵਿਚ ਸ਼ਾਮਿਲ ਕੀਤਾ ਗਿਆ ਤਾਂ ਸੰਪਾਦਕਾਂ ਨੇ ਇਸ ਬਾਣੀ ਨੂੰ ਕਿਸੇ ਐਸੀ ਪੋਥੀ ਵਿਚੋਂ ਲਿਆ ਜਾਪਦਾ ਹੈ, ਜਿਸ ਵਿਚ ਦਸਮ ਪਿਤਾ ਦੀ ਮੋਹਰ ਲੱਗੀ ਹੋਵੇ। ਚੌਪਈ ਛੰਦਾਂ ਵਿਚ ਓਅੰਕਾਰ ਨੂੰ ਇਸ ਕਦਰ ਪ੍ਰਣਾਮ ਕੀਤਾ ਗਿਆ ਹੈ ਕਿ ਮੂਲ ਮੰਤਰ ਵਰਗੀ ਉਸਤਤੀ ਨਜ਼ਰ ਪੈਂਦੀ ਹੈ। ਦਸ ਚੌਪਈਆਂ ਤੋਂ ਬਾਅਦ ਦਸ ਕਬਿੱਤ ਹਨ। ਅਕਾਲਪੁਰਖ ਦੀ ਅਨੇਕਤਾ ਵਿਚ ਏਕਤਾ ਗੁਰਬਾਣੀ ਦੀਆਂ ਅਗਾਧ ਬੋਧ ਸੁਰਾਂ ਨਾਲ ਮੇਲ ਖਾਂਦੀ ਬਾਣੀ ਗੁਰੂ ਪਿਤਾ ਦੀ ਸ਼ਖਸੀਅਤ ਅਤੇ ਵਿਦਵਤਾ ਵਿਚੋਂ ਹੀ ਉਪਜੀ ਜਾਪਦੀ ਹੈ। ਇਸ ਤੋਂ ਅੱਗੇ 10 ਸਵੱਈਏ ਹਨ, ਜੋ ਸਿੱਖਾਂ ਦੇ ਪੰਜ ਬਾਣੀਆਂ ਨਿੱਤਨੇਮ ਵਿਚ ਸ਼ਾਮਲ ਹਨ, ਉਹ ਵੀ ਗੁਰੂ ਸਾਹਿਬ ਦੀ ਹੀ ਰਚੀ ਹੋਈ ਰਚਨਾ ਹੈ।

ਅਗਲੇ 20 ਤੋਮਰ ਛੰਦ ਵੀ ਸਰਬਵਿਆਪਕ ਸਰਬ ਸ਼ਕਤੀਮਾਨ ਅਕਾਲਪੁਰਖ ਦਾ ਹੀ ਗੁਣਗਾਣ ਹੈ। ਇਹ ਜੋ ਕਬਿੱਤ ਹਨ, ਭੁਜੰਗ ਪ੍ਰਯਾਤ ਛੰਦ ਹਨ, ਪਾਧੜੀ ਛੰਦ ਹਨ, ਤੋਟਕ ਛੰਦ ਹਨ, ਨਰਾਜ ਅਤੇ ਰੂਆਮਲ ਛੰਦ ਹਨ-ਇਹ ਸਾਰੀ ਦੀ ਸਾਰੀ ਅਕਾਲ ਉਸਤਤ ਹੈ। ਫਿਰ ਦਸ ਦੋਹਰੇ ਹਨ, ਜੋ ਅਕਾਲ ਉਸਤਤ ਤੋਂ ਹਟਵੇਂ ਹੋਣ ਕਰਕੇ ਸਤਿਗੁਰਾਂ ਦੇ ਉਚਾਰੇ ਹੋਏ ਨਹੀਂ ਲਗਦੇ। ਕੁਝ ਵਿਦਵਾਨ 10 ਦੋਹਰਿਆਂ ਦਾ ਸਰੋਤ "ਗਿਆਨ ਪ੍ਰਬੋਧ" ਮੰਨਦੇ ਹਨ। ਇਸ ਤੋਂ ਬਾਅਦ 20 ਧੀਰਗ ਤ੍ਰਿਭੰਗੀ ਛੰਦ ਹਨ। ਇਸ ਵਿਚ ਵੀ ਅਕਾਲ ਉਸਤਤ ਨਹੀਂ ਹੈ, ਸਗੋਂ ਦੇਵੀ ਚੰਡੀ ਦਾ ਗੁਣਗਾਨ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਬਾਣੀ ਵਿਚ ਅਕਾਲ ਉਸਤਤ ਹੀ ਕੀਤੀ ਹੈ, ਇਸ ਲਈ ਇਹ ਦਸ ਦੋਹਰੇ ਅਤੇ 20 ਧੀਰਗ ਤ੍ਰਿਭੰਗੀ ਛੰਦ ਦਸਮ ਪਿਤਾ ਦੇ ਉਚਾਰੇ ਹੋਏ ਨਹੀਂ ਲਗਦੇ। ਇਸ ਤੋਂ ਅੱਗੇ 14 ਕਬਿੱਤ ਹਨ, ਜੋ ਅਨੇਕ ਜਾਤਾਂ ਧਰਮਾਂ ਸੰਪਰਦਾਵਾਂ ਦਾ ਉਲੇਖ ਹੈ। ਗੁਰੂ ਪਿਤਾ ਦੀ ਗੁਰੂ ਨਾਨਕ ਦੇ ਦਸਵੇਂ ਸਰੂਪ ਦੀ ਉਚਾਰੀ ਹੋਈ ਬਾਣੀ ਨਹੀਂ ਲਗਦੀ। ਕਈ ਛੰਦ ਅੱਧੇ ਅਧੂਰੇ ਵੀ ਹਨ।



**(3) ਬਚਿੱਤ੍ਰ ਨਾਟਕ:** ਬਚਿਤ੍ਰ ਨਾਟਕ ਸਮੁੱਚਾ ਪਾਤਰ ਚਿਤਰਨ ਹੈ। ਇਹ ਨਾਟਕ ਦੁਨੀਆਂ ਦੇ ਰੰਗ ਮੰਚ 'ਤੇ ਆਏ ਵੱਖ ਵੱਖ ਯੁੱਗਾਂ ਦੇ ਨਾਇਕਾਂ ਦਾ ਪਾਤਰ ਚਿਤਰਨ ਹੈ। ਇਸ਼ਟ ਦੇਵ ਸ੍ਰੀ ਕਾਲ ਜੀ ਦੀ ਉਸਤਤ ਹੈ, ਅਕਾਲ ਉਸਤਤ ਨਹੀਂ ਹੈ; ਇਸ ਲਈ ਗੁਰੂ ਸਾਹਿਬ ਦੇ ਨਾਮ ਹੇਠ ਕਿਸੇ ਮਹਾਂ ਪੰਡਿਤ ਦੀ ਉਚਾਰੀ ਹੋਈ ਲਗਦੀ ਹੈ। ਸਮੁੱਚੀ ਗੁਰਬਾਣੀ ਵਿਚ ਪਰਮਾਤਮਾ ਨੂੰ ਇਸ ਹੱਦ ਤੱਕ ਖਤਰਨਾਕ ਭਿਆਨਕ ਡਰਾਉਣੇ ਰੂਪ ਵਿਚ ਨਹੀਂ ਲਿਖਿਆ ਗਿਆ। ਬਚਿੱਤ੍ਰ ਨਾਟਕ ਵਿਚ ਦੇਵਤਿਆਂ ਅਤੇ ਦੈਂਤਾਂ ਨੂੰ ਪਰੰਪਰਾਗਤ ਲੀਹਾਂ ਤੋਂ ਹਟ ਕੇ ਸ਼ਕਤੀ ਪ੍ਰਦਰਸ਼ਨ ਕਰਦਿਆਂ ਦਰਸਾਇਆ ਗਿਆ ਹੈ। ਇਸ ਤੋਂ ਅੱਗੇ ਸੋਢੀ ਵੰਸ਼ ਨੂੰ ਜਿਸ ਵੰਸ਼ ਦਾ ਗੁਰੂ ਇਤਹਾਸ ਨਾਲ ਬਹੁਤ ਪੱਕਾ ਰਿਸ਼ਤਾ ਹੈ, ਉਸ ਵੰਸ਼ ਨੂੰ ਸੀਤਾ ਮਾਤਾ ਦੇ ਪੁੱਤਰਾਂ-ਲਵ ਤੇ ਕੁਸ਼ ਦਾ ਖਾਨਦਾਨ ਦੱਸਿਆ ਗਿਆ ਹੈ। ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੀ ਸੋਢੀ ਸਨ, ਪਰ ਯਕੀਨ ਕਰਨ ਨੂੰ ਦਿਲ ਨਹੀਂ ਕਰਦਾ ਕਿ ਗੁਰੂ ਸਾਹਿਬ ਨੇ ਖੁਦ ਲਿਖਿਆ ਹੋਵੇ ਕਿ ਸੀਤਾ ਗੋਬਿੰਦ ਸਿੰਘ ਜੀ ਦੀ ਨਾਨੀ ਪੜਨਾਨੀ ਸੀ। ਸੋਢੀਆਂ ਨੇ ਕੁੱਟ ਕੇ ਭਜਾਏ ਕੁਸ਼ ਵੰਸ਼ੀ, ਜੋ ਕਾਂਸ਼ੀ ਚਲੇ ਗਏ, ਉਹ ਵੇਦਾਂ ਦਾ ਅਧਿਐਨ ਕਰਕੇ ਵੇਦੀ ਬਣ ਗਏ। ਉਸ ਵੇਦੀ ਖਾਨਦਾਨ ਨੂੰ ਗੁਰੂ ਨਾਨਕ ਦੇ ਖਾਨਦਾਨ ਨੂੰ ਸੋਢੀਆਂ ਦੇ ਵਿਰੋਧ ਵਿਚ ਚਿਤਰਨਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਆਪਸੀ ਵਿਰੋਧੀ ਹੋਣ ਦੀ ਕਥਾ ਵੀ ਗੁਰੂ ਦੀ ਉਚਾਰੀ ਹੋਈ ਨਹੀਂ ਲਗਦੀ। ਇਹ ਸਾਰਾ ਗੁਰੂ ਇਤਹਾਸ, ਜੋ ਬਚਿੱਤ੍ਰ ਨਾਟਕ ਵਿਚ ਬੜੇ ਨਾਟਕੀ ਢੰਗ ਨਾਲ ਲਿਖਿਆ ਗਿਆ ਹੈ, ਉਹ ਗੁਰੂ ਸਾਹਿਬਾਂ ਦੀ ਰਚਨਾ ਨਹੀਂ ਹੋ ਸਕਦੀ। ਇਹ ਤਾਂ ਕਿਸੇ ਸਿੱਖ ਦੀ ਰਚਨਾ ਵੀ ਨਹੀਂ ਹੋ ਸਕਦੀ। ਸਮੁੱਚੇ ਬਚਿੱਤ੍ਰ ਨਾਟਕ 580 ਅੰਗਾਂ ਵਿਚੋਂ ਇੱਕ ਦੋ ਸ਼ਬਦ ਗੁਰੂ ਸਾਹਿਬ ਦੇ ਲਿਖੇ ਲੱਗੇ, ਉਹ ਵੀ ਸ਼ਾਇਦ ਇਸ ਕਰਕੇ ਲੱਗੇ ਕਿ ਬਚਪਨ ਤੋਂ ਲੈ ਕੇ ਉਹ ਸ਼ਬਦ ਗੁਰੂ ਘਰਾਂ ਦੇ ਕੀਰਤਨੀਆਂ ਤੋਂ ਸੁਣਦੇ ਆਏ ਹਾਂ, ਇਸ ਲਈ ਸਾਰੀ ਉਮਰ ਜੋ ਗੁਰ ਚਰਨਾਂ ਵਿਚ ਬੈਠ ਕੇ ਸੁਣਦੇ ਰਹੇ ਹਾਂ, ਉਸ 'ਤੇ ਸ਼ੱਕ ਕਰਨ ਨੂੰ ਦਿਲ ਨਹੀਂ ਕਰਦਾ।

**(4) ਚੰਡੀ ਚਰਿਤ੍ਰ-1:** ਇਹ ਰਚਨਾ ਗੁਰੂ ਨਾਨਕ ਦੇ ਫਲਸਫੇ ਤੋਂ ਸੈਆਂ ਕੋਹਾਂ ਦੂਰ ਦੀ ਰਚਨਾ ਹੈ। ਵਿਸ਼ਨੂੰ ਦੇ ਕੰਨਾਂ ਦੀ ਮੈਲ ਤੋਂ ਮਧੂ ਤੇ ਕੈਟਿਭ ਨਾਂ ਦੇ ਦੈਂਤਾਂ ਦਾ ਜਨਮ ਹੋਣਾ ਅਤੇ ਵਿਸ਼ਨੂੰ ਦੁਆਰਾ ਉਨ੍ਹਾਂ ਦੇ ਬਧ ਕਰਨ ਦੀ ਕਹਾਣੀ ਹੈ। ਇਸ ਕਥਾ ਪ੍ਰਸੰਗ ਦਾ ਆਧਾਰ ਮਾਰਕੰਡਾ ਪੁਰਾਣ ਹੈ। ਮਾਰਕੰਡਾ ਪੁਰਾਣ ਵਿਚ ਇਹ ਕਥਾ 77 ਸਲੋਕਾਂ ਵਿਚ ਹੈ, ਪਰ ਚੰਡੀ ਚਰਿਤ੍ਰ ਵਿਚ ਇਸ ਨੂੰ ਛੇਆਂ ਛੰਦਾਂ ਵਿਚ ਹੀ ਲਿਖਿਆ ਹੈ। ਸੋ, ਕਹਿਣ ਤੋਂ ਭਾਵ ਮਾਰਕੰਡੇ ਪੁਰਾਣ ਦੀ ਰਚਨਾ ਤਾਂ ਦਸਵੇਂ ਪਾਤਸ਼ਾਹ ਦੀ ਰਚਨਾ ਨਹੀਂ ਹੈ, ਤੇ ਇਸ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਕਹਿਣ ਨੂੰ ਸਾਡਾ ਦਿਲ ਨਹੀਂ ਕਰਦਾ। ਚੰਡੀ ਚਰਿਤ੍ਰ ਦੇ ਦੂਜੇ ਅਧਿਆਏ ਵਿਚ ਮਹਿਖਾਸੁਰ ਨਾਲ ਹੋਏ ਚੰਡੀ ਦੇ ਯੁੱਧ ਦੀ ਕਥਾ ਹੈ, ਜੋ ਮਾਰਕੰਡਾ ਪੁਰਾਣ ਦੇ 82ਵੇਂ ਅਤੇ 83ਵੇਂ ਅਧਿਆਏ ਨਾਲ ਮੇਲ ਖਾਂਦੀ ਹੈ। ਪਾਠਕ ਇਸ ਗੱਲ ਨਾਲ ਤਾਂ ਸਹਿਮਤ ਹੋਣਗੇ ਕਿ ਮਾਰਕੰਡਾ ਗ੍ਰੰਥ ਗੁਰੂ ਗੋਬਿੰਦ ਸਿੰਘ ਨੇ ਨਹੀਂ ਲਿਖਿਆ। ਤੀਜੇ ਅਧਿਆਏ ਵਿਚ ਸ਼ੁੰਭ ਅਤੇ ਨਿਸ਼ੁੰਭ ਵਾਲੀ ਕਥਾ ਵੀ ਮਾਰਕੰਡੇ ਪੁਰਾਣ ਦੇ 84-85 ਅਤੇ 86 ਅਧਿਆਏ ਵਿਚੋਂ ਨਕਲ ਮਾਰ ਕੇ ਲਿਖੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸ਼ਾਇਦ ਨਕਲ ਮਾਰਨ ਦੇ ਸ਼ੌਕੀਨ ਨਹੀਂ ਹੋ ਸਕਦੇ। ਚੌਥਾ ਅਤੇ ਪੰਜਵਾਂ ਅਧਿਆਏ ਵੀ ਚੰਡੀ ਚਰਿਤ੍ਰ ਦਾ ਮਾਰਕੰਡੇ ਪੁਰਾਣ ਦੇ 87ਵੇਂ ਅਤੇ 88ਵੇਂ ਅਧਿਆਏ ਦੀ ਹੀ ਨਕਲ ਹੈ, ਛੇਵਾਂ ਅਧਿਆਏ 89ਵੇਂ ਅਧਿਆਏ ਦੀ ਨਕਲ ਹੈ, ਸੱਤਵਾਂ ਅਧਿਆਏ ਮਾਰਕੰਡੇ ਪੁਰਾਣ ਦੇ 90ਵੇਂ ਅਧਿਆਏ 'ਚੋਂ ਚੋਰੀ ਕੀਤਾ ਹੈ। ਚੰਡੀ ਚਰਿਤ੍ਰ ਦੀ ਪੂਰਨ ਰਚਨਾ ਕੌਤਕ ਹੇਤ ਕੀਤੀ ਗਈ ਰਚਨਾ ਹੈ, ਜੋ ਨਾ ਤਾਂ ਗੁਰੂ ਇਤਿਹਾਸ ਤੇ ਨਾ ਹੀ ਸਿੱਖ ਗੁਰੂਆਂ ਦੇ ਫਲਸਫੇ ਨਾਲ ਕਿਸੇ ਤਰ੍ਹਾਂ ਰਲਦੀ-ਮਿਲਦੀ ਹੈ।

**(5) ਚੰਡੀ ਚਰਿਤ੍ਰ-2:** ਇਹ ਰਚਨਾ ਹੂਬਹੂ ਚੰਡੀ ਚਰਿਤ੍ਰ-1 ਦੀ ਹੀ ਨਕਲ ਹੈ। ਇਹ ਕਿਸੇ ਹੋਰ ਵਿਦਵਾਨ ਦਾ ਲਿਖਿਆ ਹੋਇਆ ਲਗਦਾ ਹੈ। ਮਾਰਕੰਡੇ ਪੁਰਾਣ ਦੀਆਂ ਕਥਾਵਾਂ ਨੂੰ ਹੀ ਆਧਾਰ ਬਣਾਇਆ ਹੈ, ਪਰ ਇਸ ਵਿਚ ਯੁੱਧ ਵਰਣਨ ਕਰਨ ਦੀ ਵਿਧੀ ਵੱਖਰੀ ਹੈ। ਇਹ ਬਿਲਕੁਲ ਸਪਸ਼ਟ ਹੈ ਕਿ ਇਸ ਚਰਿਤ੍ਰ ਕਥਾ ਦੇ ਮੁੱਖ ਕਥਾ ਸੂਤਰ ਮਾਰਕੰਡੇ ਪੁਰਾਣ ਤੋਂ ਹੀ ਲਏ ਗਏ ਹਨ। ਅਸੀਂ ਕਦਾਚਿੱਤ ਇਸ ਗੱਲ ਨਾਲ ਸਹਿਮਤ ਨਹੀਂ ਕਿ ਮਾਰਕੰਡਾ ਪੁਰਾਣ ਕਲਗੀਧਰ ਪਾਤਸ਼ਾਹ ਦੀ ਰਚਨਾ ਹੈ। ਸਿੱਖ ਧਰਮ ਦੇ ਨਿਮਾਣੇ ਜਿਹੇ ਵਿਦਿਆਰਥੀ ਹੋਣ ਦੇ ਨਾਤੇ ਮੈਨੂੰ ਨਹੀਂ ਲਗਦਾ ਕਿ ਚੰਡੀ ਚਰਿਤ੍ਰ ਦਸਵੇਂ ਪਾਤਸ਼ਾਹ ਦੀ ਰਚਨਾ ਹੈ।

**(6) ਵਾਰ ਦੁਰਗਾ ਕੀ:** ਇਹ ਰਚਨਾ ਪੰਜਾਬੀ ਭਾਸ਼ਾ ਵਿਚ ਲਿਖੀ ਹੋਈ ਹੈ। ਸਪਸ਼ਟ ਤੌਰ 'ਤੇ ਸਤਿਗੁਰੂ ਗੋਬਿੰਦ ਸਿੰਘ ਦੀ ਰਚੀ ਹੋਈ ਰਚਨਾ ਹੈ। ਇਸ ਨੂੰ ਚੰਡੀ ਦੀ ਵਾਰ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਾਰ ਦੀ ਪਹਿਲੀ ਪੌੜੀ, ਜੋ ਮੰਗਲਾਚਰਣ ਵਜੋਂ ਲਿਖੀ ਗਈ ਹੈ, ਨੂੰ ਸਤਿਕਾਰ ਵਜੋਂ ਸਿੱਖ ਵਿਦਵਾਨਾਂ ਨੇ ਅਰਦਾਸ ਵਿਚ ਸ਼ਾਮਲ ਕਰ ਲਿਆ ਹੈ। ਸਿੱਖ ਜਦੋਂ ਵੀ ਅਰਦਾਸ ਕਰਦੇ ਹਨ, ਉਹ ਅਰਦਾਸ ਖੁਸ਼ੀ ਦੀ ਹੈ ਜਾਂ ਗਮੀ ਦੀ, ਇਸ ਮੰਗਲਾਚਾਰ ਤੋਂ ਹੀ ਸ਼ੁਰੂ ਕਰਦੇ ਹਨ। ਅਤਿਕਥਨੀ ਅਲੰਕਾਰ ਵਿਚ ਵੀਰ ਰਸ ਦੀ ਉੱਤਮ ਰਚਨਾ ਹੈ। ਗੁਰੂ ਨਾਨਕ ਨੇ ਵੀ ਅਤਿਕਥਨੀ ਅਲੰਕਾਰ ਦੀ ਵਰਤੋਂ ਕੀਤੀ ਹੈ, ਜਿਵੇਂ,

ਜੇ ਯੁੱਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾਂ ਖੰਡਾਂ ਵਿਚ ਜਾਣੀਏ ਨਾਲ ਚਲੇ ਸਭ ਕੋਇ॥

ਦਸਮ ਪਿਤਾ ਨੇ ਵੀ ਆਪਣੇ ਪੁਰਖਿਆਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਅਤਿਕਥਨੀ ਅਲੰਕਾਰ ਵਰਤਦਿਆਂ ਕਾਵਿ ਉਡਾਰੀਆਂ ਲਾਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਸਮੇਤ ਵੇਦਾਂ ਸ਼ਾਸਤਰਾਂ ਵਿਚ ਆਏ ਸਾਰੇ ਦੇਵੀ-ਦੇਵਤਿਆਂ ਦਾ ਜ਼ਿਕਰ ਕੀਤਾ ਹੈ। ਪੁਰਾਣ ਸ਼ਾਸਤਰ ਅਤੇ ਹਰ ਕੁਰਾਨ ਕਤੇਬ ਦਾ ਜ਼ਿਕਰ ਕੀਤਾ ਹੈ, ਉਸੇ ਤਰ੍ਹਾਂ ਚੰਡੀ ਦੀ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮਾਰਕੰਡੇ ਪੁਰਾਣ ਵਿਚਲੇ ਦੇਵੀ-ਦੇਵਤਿਆਂ ਦਾ ਵਰਣਨ ਕੀਤਾ ਹੈ। ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਰਾਵਣ ਨੂੰ ਮੂਰਖ ਲਿਖਿਆ ਹੈ, ਕੌਰਵਾਂ ਪਾਂਡਵਾਂ ਦਾ ਜ਼ਿਕਰ ਕੀਤਾ ਹੈ, ਠੀਕ ਉਸੇ ਤਰ੍ਹਾਂ ਪੁਰਾਣਾਂ ਵਿਚ ਵਰਣਨ ਦੇਵੀ-ਦੇਵਤਿਆਂ ਦਾ ਵਰਣਨ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਲਿਖਦਿਆਂ ਕੀਤਾ ਹੈ। ਲੇਕਿਨ ਯਾਦ ਰਹੇ, ਗੁਰਬਾਣੀ ਦਾ ਇਹ ਕਥਨ "ਗੁਰ ਜੇਵਡ ਨਹੀਂ ਕੋ ਦੇਵ" ਅਲੰਕਾਰਿਕ ਰੂਪ ਵਿਚ ਲਿਖਣਾ ਅਲਗ ਗੱਲ ਹੈ। ਸੋ, ਮੇਰੇ ਖਿਆਲ ਅਨੁਸਾਰ ਚੰਡੀ ਦੀ ਵਾਰ ਵਿਚ ਅਲੰਕਾਰਿਕ ਰੂਪ ਵਿਚ ਦੁਰਗਾ ਦੇ ਵਰਣਨ ਆਏ ਕਰਕੇ ਹੀ ਕਿਸੇ ਮਹਾਂਪੰਡਿਤ ਨੇ ਚੰਡੀ ਚਰਿਤ੍ਰ ਲਿਖ ਕੇ ਗੁਰੂ ਸਾਹਿਬ ਨੂੰ ਉਸ ਦਾ ਰਚੈਤਾ ਕਹਿਣ ਦੀ ਚਤੁਰਾਈ ਕੀਤੀ ਹੈ, ਪਰ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਚੰਡੀ ਦੀ ਵਾਰ ਦਸਮ ਪਿਤਾ ਦੀ ਹੀ ਲਿਖੀ ਹੋਈ ਰਚਨਾ ਹੈ।

**(7) ਗਿਆਨ ਪ੍ਰਬੋਧ:** ਇਹ ਰਚਨਾ ਸੰਪੂਰਣ ਰਚਨਾ ਨਹੀਂ ਜਾਪਦੀ। ਇਸ ਰਚਨਾ ਦੇ ਅੰਤ 'ਤੇ ਕੋਈ ਸਮਾਪਤੀ ਸੰਕੇਤ ਨਹੀਂ ਮਿਲਦਾ। ਗਿਆਨ ਪ੍ਰਬੋਧ ਵਿਚ ਰਿਗ ਵੇਦ ਵਾਂਗ ਕੁਦਰਤੀ ਸ਼ਕਤੀਆਂ ਦੇ ਨਾਲ ਸੰਵਾਦ ਹੈ। ਸੰਸਾਰ ਦੇ ਚਾਰ ਧਰਮਾਂ, ਚਾਰ ਵਰਣਾਂ ਬਾਰੇ ਸਵਾਲ ਦੇ ਜਵਾਬ ਵਿਚ ਸਿਰਫ ਰਾਜ ਧਰਮ 'ਤੇ ਹੀ ਚਰਚਾ ਕੀਤੀ ਗਈ ਹੈ; ਦਾਨ ਧਰਮ, ਭੋਗ ਧਰਮ ਤੇ ਮੋਖ ਧਰਮ 'ਤੇ ਕਿਸੇ ਚਰਚਾ ਦਾ ਕੋਈ ਸੰਕੇਤ ਨਹੀਂ ਮਿਲਦਾ। ਕਥਾ ਕਰਦਿਆਂ ਕਰਦਿਆਂ ਜਿਵੇਂ ਕੋਈ ਐਸਾ ਕਾਰਨ ਬਣਿਆ ਕਿ ਕਥਾ ਅੱਧੀ ਅਧੂਰੀ ਹੀ ਰਹਿ ਗਈ ਹੈ। ਸੁਰਾਪਾਨ, ਜੂਆ ਖੇਡਣ ਅਤੇ ਪਰਾਈ ਇਸਤਰੀ ਨਾਲ ਸਬੰਧ ਰੱਖਣ ਦੇ ਮਾੜੇ ਨਤੀਜਿਆਂ ਨੂੰ ਉਜਾਗਰ ਕੀਤਾ ਗਿਆ ਹੈ। ਮਹਾਂਭਾਰਤ ਤੇ ਭਾਗਵਤ ਪੁਰਾਣ ਵਿਚਲੇ ਪ੍ਰਸੰਗ ਨਜ਼ਰ ਆਉਂਦੇ ਹਨ, ਪਰ ਇਹ ਪ੍ਰਸੰਗ ਇਨਸਾਨ ਨੂੰ ਸਹੀ ਮਾਰਗ ਦਰਸ਼ਣ ਕਰਵਾਉਣ ਲਈ ਵਰਤੇ ਗਏ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ ਆਦਰਸ਼ਵਾਦੀ ਹੈ। ਪਰਮਾਤਮਾ ਦੀ ਵਿਆਪਕਤਾ, ਸਰਬਸ਼ਕਤੀਮਾਨਤਾ ਅਤੇ ਆਨੰਤਤਾ ਸਵਿਕਾਰ ਕਰਦੀ ਇਹ ਰਚਨਾ ਅਧਿਆਤਮਕਤਾ ਵਿਚ ਰਚੀ ਹੋਈ ਰਚਨਾ ਹੈ, ਪਰ ਇਸ ਦਾ ਅਧੂਰਾਪਣ ਸਾਫ ਨਜ਼ਰ ਆਉਂਦਾ ਹੈ। ਕਿਸੇ ਕਥਾ ਨੂੰ ਕਰਦਿਆਂ ਕਰਦਿਆਂ ਵਿਚ ਵਿਚਾਲੇ ਹੀ ਛੱਡ ਦਿੱਤਾ ਜਾਵੇ ਤਾਂ ਫਿਰ ਗੱਲ ਬਣਦੀ ਨਹੀਂ, ਪਰ ਇਸ ਰਚਨਾ ਨੂੰ ਭਾਵੇਂ ਇਹ ਅਧੂਰੀ ਰਚਨਾ ਹੀ ਹੈ ਤਾਂ ਵੀ ਇਸ ਨੂੰ ਜੇ ਕੋਈ ਗੁਰੂ ਪਿਤਾ ਦੀ ਬਾਣੀ ਕਹਿਣਾ ਚਾਹੇ ਤਾਂ ਮੈਨੂੰ ਇਸ ਵਿਚ ਕੋਈ ਗੱਲ ਗਲਤ ਨਹੀਂ ਲਗਦੀ।

**(8) ਚੌਵੀਸ ਅਵਤਾਰ:** ਇਸ ਰਚਨਾ ਵਿਚ ਵਿਸ਼ਨੂੰ ਦੇ 24 ਅਵਤਾਰਾਂ ਦਾ ਪਾਤਰ ਚਿਤਰਣ ਹੈ। ਕਈ ਅਵਤਾਰ ਕਾਲਪਨਿਕ ਹਨ ਜਿਵੇਂ ਮੱਛ, ਕਛਪ, ਵਾਰਾਹ, ਨਰਸਿੰਘ ਤੇ ਵਾਮਨ ਅਤੇ 24ਵਾਂ ਅਵਤਾਰ ਕਾਲਕੀ ਹਾਲੇ ਪਤਾ ਨਹੀਂ ਕਦੋਂ ਆਵੇਗਾ। ਭਾਵੇਂ ਇਸ ਰਚਨਾ ਦੇ ਅਰੰਭ ਵਿਚ ਬੜੇ ਸੁਚੱਜੇ ਤਰੀਕੇ ਨਾਲ ਵਿਸ਼ਨੂੰ ਨੂੰ ਅਕਾਲਪੁਰਖ ਲਿਖਿਆ ਹੈ, ਭੁਲੇਖਾ ਪਾਉਣ ਦਾ ਯਤਨ ਹੈ ਕਿ ਇਹ 24 ਅਵਤਾਰ ਅਕਾਲਪੁਰਖ ਨੇ ਸਿਰਜੇ, ਪਰ ਇਸ ਰਚਨਾ ਦੇ ਲੇਖਕ ਗੁਰੂ ਗੋਬਿੰਦ ਸਿੰਘ ਹਰਗਿਜ਼ ਨਹੀਂ ਹੋ ਸਕਦੇ। ਚੌਵੀਸ ਅਵਤਾਰ ਰਚਨਾ ਵਿਚ 24 ਅਵਤਾਰਾਂ ਦਾ ਪਾਤਰ ਚਿਤਰਣ ਬੜੇ ਵਿਸਥਾਰ ਨਾਲ ਕੀਤਾ ਗਿਆ ਹੈ। ਮੈਂ ਜੇ ਇਸ ਵਿਸਥਾਰ ਵਿਚ ਜਾਵਾਂ ਤਾਂ ਆਪਣੇ ਵਿਸ਼ੇ ਤੋਂ ਭਟਕ ਜਾਵਾਂਗਾ, ਇਸ ਲਈ ਮੈਂ 24 ਅਵਤਾਰਾਂ ਬਾਰੇ ਚਰਚਾ ਕਰਨ ਤੋਂ ਗੁਰੇਜ਼ ਕਰਨਾ ਹੀ ਠੀਕ ਸਮਝਦਾ ਹਾਂ। ਇਨ੍ਹਾਂ ਅਵਤਾਰਾਂ ਦੀ ਵਿਸ਼ੇਸ਼ਤਾ ਹੈ ਕਿ ਹੰਕਾਰੀ ਹੋਣਾ ਤੇ ਅੰਤ ਵਿਚ ਆਪਣੇ ਕਰਮਾਂ ਦੇ ਫਲਸਰੂਪ ਨਸ਼ਟ ਹੋ ਜਾਣਾ।

**(9) ਬ੍ਰਹਮਾ ਅਵਤਾਰ:** ਬ੍ਰਹਮਾ ਅਵਤਾਰ ਵੀ ਬਚਿੱਤ੍ਰ ਨਾਟਕ ਦਾ ਹੀ ਇੱਕ ਭਾਗ ਲਗਦਾ ਹੈ। ਬ੍ਰਹਮਾ ਦੇ ਅਵਤਾਰ ਧਾਰਨ ਕਰਨ ਦੇ ਪਿੱਛੇ ਵੀ ਹੰਕਾਰ ਹੈ। ਅਕਾਲਪੁਰਖ ਦੇ ਹੁਕਮ ਨਾਲ ਬ੍ਰਹਮਾ ਨੇ ਵੇਦਾਂ ਦੀ ਰਚਨਾ ਤਾਂ ਕਰ ਦਿੱਤੀ, ਪਰ ਉਸ ਨਾਲ ਉਹ ਹੰਕਾਰੀ ਹੋ ਗਿਆ। ਸਜ਼ਾ

*(ਬਾਕੀ ਅਗਲੇ ਸਫੇ 'ਤੇ)*

# ਰੁੱਤ ਨਵਿਆਂ ਦੀ ਆਈ ਹੈ...



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਸਾਲ ਦੇ 12 ਮਹੀਨਿਆਂ ਵਿਚ 6 ਰੁੱਤਾਂ ਵਾਰੀ ਵਾਰੀ ਆਉਂਦੀਆਂ ਹਨ। ਹਰ ਰੁੱਤ ਦਾ ਆਪਣਾ ਆਪਣਾ ਮਹੱਤਵ ਹੈ। ਪਤਝੜ ਸਾਨੂੰ ਯਾਦ ਕਰਾਉਂਦੀ ਹੈ ਕਿ ਜੋ ਪੱਤੇ ਕੱਲ੍ਹ ਸ਼ਿੰਗਾਰ ਬਣੇ ਹੋਏ ਸਨ, ਉਨ੍ਹਾਂ ਨੇ ਤਾਂ ਛੱਡ ਜਾਣਾ ਹੈ। ਇੱਕ ਕਵੀ ਨੇ ਇਸ ਬਾਰੇ ਸੁੰਦਰ ਵਰਣਨ ਕੀਤਾ ਹੈ,

ਕਾਹਨੂੰ ਵੇ ਪੱਤਿਆਂ ਖੜ ਖੜ ਲਾਈ ਹੈ
ਪਤ ਝੜੇ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈ ਹੈ।

ਨਵਿਆਂ ਪੱਤਿਆਂ ਨੂੰ ਸੱਦਾ ਦੇਣ ਵਾਲੀ ਰੁੱਤ ਨੂੰ ਅਸੀਂ ਬਸੰਤ ਰੁੱਤ ਆਖਦੇ ਹਾਂ। ਸੰਸਕ੍ਰਿਤ ਵਿਚ ਬਸੰਤ ਦਾ ਅਰਥ ਬਹਾਰ ਹੁੰਦਾ ਹੈ, ਇਸ ਰੁੱਤ ਨੂੰ ਰਾਣੀ ਰੁੱਤ ਵੀ ਕਿਹਾ ਗਿਆ ਹੈ। ਬਸੰਤ ਸਾਡੇ ਧਾਰਮਿਕ, ਸੱਭਿਅਕ, ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿਚ ਵਿਸ਼ੇਸ਼ ਥਾਂ ਰੱਖਦੀ ਹੈ। ਇਹ ਰੁੱਤਾਂ ਦੇ ਨਾਲ ਸਾਡੇ ਸਾਰੇ ਰੀਤੀ ਰਿਵਾਜਾਂ ਦੀ ਖੁਸ਼ਹਾਲੀ ਅਤੇ ਆਪਸੀ ਏਕਤਾ ਦੀ ਗਵਾਹੀ ਵੀ ਭਰਦੀ ਹੈ। ਇਹ ਤਿਓਹਾਰ ਸਾਡੀਆਂ ਖੁਸ਼ੀਆਂ ਨੂੰ ਚਾਰ ਚੰਨ ਲਾਉਂਦਾ ਹੈ। ਇਸ ਰੁੱਤ ਦੇ ਆ ਜਾਣ 'ਤੇ ਧਰਤੀ ਮੌਲਦੀ ਹੈ, ਨਵੇਂ ਪੱਤੇ ਖਿੜ੍ਹਦੇ ਹਨ ਅਤੇ ਇਸ ਤਰ੍ਹਾਂ ਰੁੱਖਾਂ ਨਾਲ ਲਟਕਦੇ ਦਿਖਾਈ ਦਿੰਦੇ ਹਨ, ਜਿਵੇਂ ਕਿਸੇ ਸੱਜ ਵਿਆਹੀ ਨੇ ਆਪਣੇ ਕੰਨੀਂ ਛੋਟੇ ਛੋਟੇ ਬੁੰਦੇ ਪਾਏ ਹੋਣ। ਇਹ ਨਵੀਆਂ ਕਰੂੰਬਲਾਂ ਕੁਦਰਤ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੀਆਂ ਹੁੰਦੀਆਂ ਹਨ।

ਮਾਘ ਮਹੀਨੇ ਸੁਦੀ ਪੰਚਮੀ ਅਤੇ ਜਨਵਰੀ-ਫਰਵਰੀ ਦੇ ਮਹੀਨੇ ਵਿਚ ਆਈ ਬਸੰਤ ਰੁੱਤ ਸਰਦੀ ਦੇ ਜਾਣ ਦਾ ਸੰਕੇਤ ਵੀ ਦਿੰਦੀ ਹੈ। ਪਾਲਾ ਘਟ ਜਾਂਦਾ ਹੈ ਅਤੇ ਗਰਮੀ ਦਾ ਮੌਸਮ ਸਾਡੇ ਦਰਾਂ 'ਤੇ ਦਸਤਕ ਦੇ ਰਿਹਾ ਹੁੰਦਾ ਹੈ। ਬੱਚੇ ਅਕਸਰ ਕਹਿੰਦੇ ਸੁਣੇ ਜਾਂਦੇ ਹਨ, "ਆਈ ਬਸੰਤ ਪਾਲਾ ਉਡੰਤ।"

ਇਸ ਰਾਣੀ ਰੁੱਤ ਦੇ ਆਉਣ 'ਤੇ ਬਹੁਤ ਸਾਰੀਆਂ ਥਾਂਵਾਂ 'ਤੇ ਮੇਲੇ ਲੱਗਦੇ ਹਨ। ਖੁਸ਼ੀਆਂ ਅਤੇ ਖੇੜੇ ਭਰੇ ਇਸ ਮੌਕੇ ਨੂੰ ਮੇਲੇ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਔਰਤਾਂ ਵਲੋਂ ਖੁਸ਼ੀ ਨੂੰ ਪ੍ਰਗਟਾਉਣ ਲਈ ਗਿੱਧਾ ਵੀ ਪਾਇਆ ਜਾਂਦਾ ਹੈ। ਬਹੁਤ ਸਾਰੇ ਕਵੀਆਂ ਨੇ ਇਸ ਸਮੇਂ ਨੂੰ ਗੀਤਾਂ ਰਾਹੀਂ ਅਤੇ ਬੀਰ ਰਸ ਤੇ ਸ਼ਿੰਗਾਰ ਰਸ ਦੀਆਂ ਕਾਵਿ-ਸਤਰਾਂ ਲਿਖ ਕੇ ਪ੍ਰਗਟਾਇਆ ਹੈ। ਕਈ ਲੋਕ ਇਸ ਦਿਨ ਪਤੰਗ ਵੀ ਉਡਾਉਂਦੇ ਹਨ। ਪਤੰਗਬਾਜ਼ੀ ਕਰਦੇ ਹੋਏ ਚੀਨੀ ਡੋਰ ਦੀ ਵਰਤੋਂ ਕਰਦੇ ਹਨ, ਜਿਸ ਨਾਲ ਕਈ ਬੱਚਿਆਂ ਨੂੰ ਗੰਭੀਰ ਚੋਟਾਂ ਆ ਜਾਂਦੀਆਂ ਹਨ। ਦੋ ਪਹੀਆ ਵਾਹਨ ਚਾਲਕ ਵੀ ਇਸ ਡੋਰ ਨਾਲ ਜ਼ਖਮੀ ਹੋ ਜਾਂਦੇ ਹਨ। ਪੰਛੀਆਂ ਨੂੰ ਵੀ ਇਸ ਡੋਰ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਹੈ ਅਤੇ ਰਾਹਾਂ ਵਿਚ ਮਰੇ ਹੋਏ ਪੰਛੀ ਜਾਂ ਖੂਨ ਨਾਲ ਲਥਪਥ ਪੰਛੀ ਸਹਿਕਦੇ ਆਮ ਹੀ ਸੜਕਾਂ ਉਪਰ ਦੇਖੇ ਜਾ ਸਕਦੇ ਹਨ। ਸਰਕਾਰ ਨੇ ਭਾਵੇਂ ਇਸ ਡੋਰ ਦੀ ਵਰਤੋਂ ਦੀ ਮਨਾਹੀ ਕੀਤੀ ਹੋਈ ਹੈ, ਪਰ ਚੋਰੀ ਛਿਪੇ ਹਾਲੇ ਵੀ ਦੁਕਾਨਾਂ ਤੋਂ ਖਰੀਦ ਕੇ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਪੂਰਨ ਰੂਪ ਵਿਚ ਮਨਾਹੀ ਸਖਤੀ ਨਾਲ ਲਾਗੂ ਕੀਤੇ ਜਾਣ ਦੀ ਲੋੜ ਹੈ।



ਬਸੰਤ ਰੁੱਤ ਸਾਨੂੰ ਆਪਣੇ ਕਿਸਾਨੀ ਵਿਰਸੇ ਨਾਲ ਵੀ ਜੋੜਦੀ ਹੈ। ਇਸ ਰੁੱਤ ਦਾ ਖੇਤੀਬਾੜੀ ਨਾਲ ਅਨਿੱਖੜਵਾਂ ਸਬੰਧ ਹੈ। ਖੇਤੀਬਾੜੀ ਤਾਂ ਸਾਨੂੰ ਗੁੜ੍ਹਤੀ ਵਿਚ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਪੰਜਾਬੀਅਤ ਦਾ ਮੇਲ ਤਾਂ ਬਸੰਤ ਨਾਲ ਕਾਫੀ ਪੁਰਾਣਾ ਹੈ।

ਇਸ ਰੁੱਤ ਵਿਚ ਜੰਮੇ ਬੱਚਿਆਂ ਦੇ ਨਾਮ ਵੀ ਬਸੰਤ ਸਿੰਘ, ਬਸੰਤ ਕੌਰ ਜਾਂ ਬਸੰਤ ਰਾਮ ਰੱਖ ਲਾਏ ਜਾਂਦੇ ਸਨ/ਹਨ। ਬਸੰਤ ਰੁੱਤ ਦਾ ਇਹ ਤਿਓਹਾਰ ਮਾਤਾ ਸਰਸਵਤੀ ਦੇ ਸ਼ੁਭ ਆਗਮਨ ਪੁਰਬ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਸਮੇਂ ਹਰ ਪਾਸੇ ਹਰਿਆਲੀ ਹੁੰਦੀ ਹੈ। ਪੌਦੇ ਅਤੇ ਫੁੱਲ ਚਾਰ-ਚੁਫੇਰੇ ਬਹਾਰ ਖਿਲਾਰ ਰਹੇ ਹੁੰਦੇ ਹਨ। ਕਈ ਲੋਕ ਇਸ ਦਿਨ ਪੀਲੇ ਕੱਪੜੇ ਪਹਿਨਦੇ ਹਨ ਅਤੇ ਘਰਾਂ ਵਿਚ ਵੀ ਪੀਲੇ ਪਕਵਾਨ ਬਣਦੇ ਹਨ, ਜਿਨ੍ਹਾਂ ਵਿਚ ਪੀਲੇ ਮਿੱਠੇ ਚਾਵਲ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਹ ਪੀਲੇ ਚਾਵਲ ਹਰ ਗਰੀਬ ਦੀ ਪਹੁੰਚ ਵਿਚ ਵੀ ਹਨ। ਆਜ਼ਾਦੀ ਤੋਂ ਪਹਿਲਾਂ ਲਾਹੌਰ ਵਿਚ ਬਸੰਤ ਪੰਚਮੀ ਦਾ ਮੇਲਾ ਵੀਰ ਹਕੀਕਤ ਰਾਏ ਜੀ ਦੀ ਸਮਾਧ ਉਪਰ ਲਗਦਾ ਹੁੰਦਾ ਸੀ। ਇਸ ਦਿਨ ਹਕੀਕਤ ਰਾਏ ਜੀ ਉਸ ਵੇਲੇ ਦੇ ਹਾਕਮਾਂ ਦੇ ਜ਼ੁਲਮ ਦਾ ਸ਼ਿਕਾਰ ਹੋਏ ਸਨ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 1168 ਤੋਂ 1196 ਤਕ ਬਸੰਤ ਰਾਗ ਦੇ ਸ਼ਬਦ ਦਰਜ ਹਨ। ਗੁਰੂ ਰਾਮ ਦਾਸ ਜੀ ਦੇ ਹੁਕਮ ਅਨੁਸਾਰ ਮਾਘ ਮਹੀਨੇ ਦੀ ਸੰਗਰਾਂਦ ਤੋਂ ਬਸੰਤ ਰਾਗ ਦਾ ਕੀਰਤਨ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1168 ਉਪਰ ਸੁਭਾਏਮਾਨ ਸ਼ਬਦ ਹੇਠਾਂ ਦਰਜ ਹੈ,

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ
ਗੁਣ ਵਿਚਿ ਗੁਣੁ ਲੈ ਸਾਰਿ॥੧॥ ਰਹਾਉ॥

ਭਗਤ ਕਬੀਰ ਜੀ ਵਲੋਂ ਉਚਾਰਿਆ ਗਿਆ ਸ਼ਬਦ ਪੰਨਾ 1196 ਉਪਰ ਸੁਭਾਏਮਾਨ ਹੈ,

ਬਸੰਤੁ ਕਬੀਰ ਜੀਉ
ੴ ਸਤਿਗੁਰ ਪ੍ਰਸਾਦਿ॥
ਸੁਰਹ ਕੀ ਜੈਸੀ ਤੇਰੀ ਚਾਲ॥
ਤੇਰੀ ਪੂੰਛਟ ਊਪਰਿ ਝਮਕ ਬਾਲ॥੧॥
ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ॥
ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ॥੧॥ ਰਹਾਉ॥

ਬਸੰਤ ਪੰਚਮੀ ਨੂੰ ਅਨੰਦਪੁਰ ਸਾਹਿਬ ਦੇ ਨੇੜੇ ਗੁਰੂ ਕੇ ਲਾਹੌਰ ਵਿਚ ਮੇਲਾ ਲੱਗਦਾ ਹੈ, ਜਿਸ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਦਾ ਜਨਮ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਬਸੰਤ ਪੰਚਮੀ ਵਾਲੇ ਦਿਨ ਹੀ ਹੋਇਆ ਸੀ। ਜੋ ਸਮਾਂ ਆਉਣ 'ਤੇ ਮੀਰੀ ਅਤੇ ਪੀਰੀ ਦੇ ਮਾਲਕ ਅਖਵਾਏ ਸਨ। ਬਸੰਤ ਰੁੱਤ ਸਾਨੂੰ ਆਪਣੇ ਵਿਰਸੇ ਨਾਲ ਵੀ ਜੋੜਦੀ ਹੈ।

# ਦੁਬਿਧਾ ਦੂਰ ਕਰੋ ਮੇਰੇ ਭਾਈ

*(ਪਿਛਲੇ ਸਫੇ ਦੀ ਬਾਕੀ)*

ਵਜੋਂ ਬ੍ਰਹਮਾ ਨੂੰ ਧਰਤੀ 'ਤੇ ਆ ਕੇ ਲੱਖਾਂ ਸਾਲ ਸੇਵਾ ਕਰਨੀ ਪਈ। ਹਰ ਕਰਮ ਦਾ ਕੋਈ ਕਾਰਨ ਹੁੰਦਾ ਹੈ ਅਤੇ ਹਰ ਘਟਨਾਕ੍ਰਮ ਦਾ ਨਤੀਜਾ ਵੀ ਹੁੰਦਾ ਹੈ। ਬ੍ਰਹਮਾ ਅਵਤਾਰ ਰਚਨਾ ਲਿਖਣ ਦਾ ਕੋਈ ਕਾਰਨ ਨਹੀਂ ਦਿਸਦਾ ਤੇ ਨਾ ਹੀ ਕੋਈ ਨਤੀਜਾ ਨਿਕਲਦਾ ਹੈ। ਸਿਰਫ ਹੰਕਾਰੀ ਘਟਨਾਕ੍ਰਮ ਹੈ। ਪੁਰਾਣ ਸ਼ਾਸਤਰਾਂ ਦੀਆਂ ਕਾਲਪਨਿਕ ਕਥਾ ਕਥਾਵਾਂ ਨੂੰ ਗੁਰੂ ਪਿਤਾ ਨੇ ਨਹੀਂ ਲਿਖਿਆ ਲਗਦਾ।

(10) **ਰੁਦਰ ਅਵਤਾਰ:** ਰੁਦਰ ਅਵਤਾਰ ਵੀ ਬ੍ਰਹਮਾ ਅਵਤਾਰ ਵਾਂਗ ਹੀ ਆਪਣੇ ਹੰਕਾਰ ਦੀ ਸਜ਼ਾ ਭੁਗਤਦਾ ਹੈ। ਰੁਦਰ ਅਵਤਾਰ ਦਾ ਕਥਾ ਵਰਣਨ ਪੁਰਾਣ ਸ਼ਾਸਤਰਾਂ ਪ੍ਰਾਕਿਤਾਂ ਵਿਚ ਕਿਧਰੇ ਨਹੀਂ ਮਿਲਦਾ। ਸਮੁੱਚੇ ਸਨਾਤਨ ਧਰਮ ਵਿਚ ਕਿਧਰੇ ਕੋਈ ਪ੍ਰਸੰਗ ਨਹੀਂ ਮਿਲਦਾ। ਰੁਦਰ ਅਵਤਾਰ ਦਾ ਜ਼ਿਕਰ ਜੇ ਪਹਿਲੀ ਵਾਰ ਹੀ ਹੋਇਆ ਹੈ ਤਾਂ ਇਹ ਵਰਣਨ ਕਰਨ ਦਾ ਕੋਈ ਵੀ ਕਾਰਨ ਐਸਾ ਨਹੀਂ ਲਗਦਾ ਕਿ ਰੁਦਰ ਅਵਤਾਰ ਦੀ ਕਾਢ ਗੁਰੂ ਗੋਬਿੰਦ ਸਿੰਘ ਨੇ ਕੀਤੀ ਹੈ।

(11) **ਫੁਟਕਲ ਰਚਨਾਵਾਂ:** ਫੁਟਕਲ ਰਚਨਾਵਾਂ ਵਿਚ ਸਭ ਤੋਂ ਪਹਿਲੀ ਰਚਨਾ ਹੈ ਸ਼ਬਦ ਹਜ਼ਾਰੇ, ਇਹ ਮੂਲ ਵਿਚ ਨੌਂ ਸਬਦ ਹਨ, ਜਿਨ੍ਹਾਂ ਦੀ ਰਚਨਾ ਰਾਗਾਂ ਵਿਚ ਕੀਤੀ ਗਈ ਹੈ। ਰਾਗ ਰਾਮਕਲੀ, ਸੋਰਠ, ਕਲਿਆਣ, ਤਿਲੰਗ, ਬਿਲਾਵਲ ਤੇ ਦੇਵਗੰਧਾਰੀ ਰਾਗਾਂ ਵਿਚ ਰਚੀ ਇਹ ਰਚਨਾ ਹਰ ਹਾਲਤ ਵਿਚ ਦਸਮ ਪਿਤਾ ਦੀ ਰਚੀ ਹੋਈ ਬਾਣੀ ਹੈ। ਸਬਦ ਹਜ਼ਾਰੇ ਪਖੰਡਾਂ ਦਾ ਖੰਡਨ ਹੈ, ਮੂਰਤੀ ਪੂਜਾ ਅਤੇ ਅਵਤਾਰਵਾਦ ਦਾ ਖੰਡਨ ਹੈ, ਵਾਸ਼ਨਾਵਾਂ ਦਾ ਤਿਆਗ ਕਰਨ ਤੇ ਚੰਗੇ ਕੰਮ ਕਰਨ ਦੀ ਪ੍ਰੇਰਨਾ ਹੈ।

ਦੂਸਰੀ ਰਚਨਾ ਹੈ ਸਵੱਈਏ, ਕੁੱਲ ਗਿਣਤੀ 33 ਹੈ। ਇਸ ਰਚਨਾ ਵਿਚ ਖਾਲਸੇ ਦੇ ਸਰੂਪ ਨੂੰ ਸਪਸ਼ਟ ਕੀਤਾ ਗਿਆ ਹੈ। ਖਾਲਸੇ ਦੇ ਚਾਰ ਮੁੱਖ ਲੱਛਣ ਪਹਿਲੇ ਸਵੱਈਏ ਵਿਚ ਹੀ ਲਿਖੇ ਹਨ; ਹਾਜ਼ਰ ਹਜ਼ੂਰ ਦੀ ਪੂਜਾ ਕਰਨ ਵਾਲਾ, ਮੜੀ ਮਸਾਣਾਂ ਤੇ ਕਬਰਾਂ ਦੀ ਪੂਜਾ ਤੋਂ ਗੁਰੇਜ਼ ਕਰਨ ਵਾਲਾ, ਕਰਮ ਕਾਂਡਾਂ ਦਾ ਤਿਆਗ ਕਰਨ ਵਾਲਾ ਅਤੇ ਪ੍ਰੇਮ ਭਗਤੀ ਰਾਹੀਂ ਅੰਤਰ ਆਤਮਾ ਵਿਚ ਪਰਮਾਤਮਾ ਦਾ ਅਨੁਭਵ ਕਰਨ ਵਾਲਾ ਹੀ ਖਾਲਸਾ ਹੈ। ਸਵੱਈਏ ਅਕਾਲ ਉਸਤਤ ਹੈ। ਪਰਮਾਤਮਾ ਨੂੰ ਵੇਦ ਪੁਰਾਣ ਕੁਰਾਨ ਆਦਿ ਧਰਮ ਗ੍ਰੰਥਾਂ ਤੋਂ ਉੱਚਾ ਦੱਸਿਆ ਹੈ, ਸਰਬਵਿਆਪਕ ਤੇ ਅੰਤਰਜਾਮੀ ਦੱਸਿਆ ਹੈ, ਅਵਤਾਰਵਾਦ ਦੀ ਕਲਪਨਾ ਤੋਂ ਪਰੇ ਦੱਸਿਆ ਹੈ। ਸਿੱਖ ਜਗਤ ਦੇ ਨਿੱਤਨੇਮ ਦੀ ਇਹ ਬਾਣੀ ਵੀ ਹਰ ਹਾਲਤ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਰ ਕਮਲਾਂ ਨਾਲ ਲਿਖੀ ਬਾਣੀ ਹੈ।

ਖਾਲਸਾ ਮਹਿਮਾ ਤੀਸਰੀ ਰਚਨਾ ਹੈ। ਕੁੱਲ 4 ਛੰਦ ਹਨ। ਖਾਲਸੇ ਦੀ ਇਸ ਕਦਰ ਵਡਿਆਈ ਕੀਤੀ ਹੈ, "ਇਨਹੀਂ ਕੀ ਕ੍ਰਿਪਾ ਕਿ ਸਜੇ ਹਮ ਹੈਂ, ਨਹੀਂ ਮੋਸੋ ਗਰੀਬ ਕਰੋਰ ਪਰੇ" ਧਾਰਮਿਕ ਦੁਨੀਆਂ ਦੇ ਇਤਿਹਾਸ ਵਿਚ ਇਹ ਇੱਕੋ ਇੱਕ ਮਿਸਾਲ ਹੈ ਕਿ ਕੋਈ ਧਰਮ ਚਲਾਉਣ ਵਾਲਾ ਧਰਮ ਸੰਸਥਾਪਕ ਆਪਣੇ ਸ਼ਿਸ਼ਾਂ ਨੂੰ ਇਤਨੀ ਮਹਾਨਤਾ ਦੇ ਰਿਹਾ ਹੈ ਅਤੇ ਪੁਰਾਣੀਆਂ ਰੂੜ ਪਰੰਪਰਾਵਾਂ ਦੀ ਨਿਖੇਧੀ ਕਰਦਾ ਹੈ। ਇਹ ਰਚਨਾ ਵੀ ਹਰ ਹਾਲਤ ਵਿਚ ਦਸਮ ਪਿਤਾ ਦੀ ਰਚਨਾ ਹੈ।

(12) **ਸਸਤ੍ਰ ਨਾਮ ਮਾਲਾ:** 1318 ਛੰਦਾਂ ਦੀ ਇਸ ਰਚਨਾ ਦੇ ਪੰਜ ਅਧਿਆਏ ਹਨ। ਪੰਜਵਾਂ ਅਧਿਆਏ ਸੰਪੂਰਣ ਨਹੀਂ ਜਾਪਦਾ। ਸਸਤ੍ਰ ਨਾਮ ਮਾਲਾ ਭਗਾਉਤੀ ਦੀ ਉਸਤਤ ਹੈ, ਅਨੇਕ ਪ੍ਰਕਾਰ ਦੇ ਸ਼ਸ਼ਤ੍ਰਾਂ ਅਸਤ੍ਰਾਂ ਦੇ ਚਰਚੇ ਵਿਚ ਭਗਾਉਤੀ ਦਾ ਸਤਿਕਾਰਥ ਅਸਥਾਨ ਹੈ। ਅਨੇਕ ਪਰਕਾਰ ਦੇ ਅਸਤ੍ਰ ਸ਼ਸਤਰ ਪ੍ਰਾਚੀਨ ਭਾਰਤੀ ਪ੍ਰਸੰਗ ਵਰਤ ਕੇ ਨਾ ਕੇਵਲ ਸ਼ਸਤਰਾਂ ਦੀ ਮਹਾਨਤਾ ਹੀ ਵਧਾਈ ਹੈ, ਸਗੋਂ ਸਮੇਂ ਸਮੇਂ ਸ਼ਸਤਰਾਂ ਦੀ ਵਰਤੋਂ ਕਰਨ ਦੀ ਪ੍ਰੇਰਨਾ ਵੀ ਕੀਤੀ ਹੈ। ਇਹ ਰਚਨਾ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਲਿਖੀ ਹੋਈ ਰਚਨਾ ਹੈ। ਇਹ ਰਚਨਾ ਪੂਰੀ ਨਹੀਂ ਲਗਦੀ, ਪਰ ਗੁਰਮਤਿ ਦੇ ਅਧਿਆਤਮਕ ਮੀਟਰ 'ਤੇ ਪੂਰੀ ਉਤਰਦੀ ਹੈ।

(13) **ਚਰਿਤ੍ਰੋਪਾਖਿਆਨ:** ਚਰਿਤ੍ਰੋਪਾਖਿਆਨ ਦਸਮ ਗ੍ਰੰਥ ਦੇ 580 ਪੰਨਿਆਂ ਦੀ ਲੰਬੀ ਰਚਨਾ ਹੈ। ਇਸ ਦੇ ਅਰੰਭ ਵਿਚ ਹੀ ਇਸ ਰਚਨਾ ਦੇ ਰਚਨਹਾਰ ਦਾ ਨਾਮ "ਪਾਖਯਾਨ" ਲਿਖਿਆ ਹੈ। ਇਸ ਰਚਨਾ ਦੀ ਅੰਦਰਲੀ ਗਵਾਹੀ ਅਨੁਸਾਰ 1753 ਵਿਚ ਇਸ ਰਚਨਾ ਨੂੰ ਸਤਲੁਜ ਦਰਿਆ ਦੇ ਕੰਢੇ ਬੈਠ ਕੇ ਲਿਖਿਆ ਦੱਸਿਆ ਗਿਆ ਹੈ। ਇਸਤਰੀ ਦੇ ਚਰਿਤ੍ਰ ਦਾ ਵਰਣਨ ਕਰਨ ਵੇਲੇ ਕਵੀ ਨੇ ਸਪਸ਼ਟ ਕਿਹਾ ਹੈ ਕਿ ਮੋਤੀ, ਗਰਭ ਵਿਚ ਪਲਦੇ ਬੱਚੇ, ਰਾਜੇ ਅਤੇ ਇਸਤਰੀ ਦੇ ਭੇਦ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਚਰਿਤ੍ਰੋਪਾਖਿਆਨ ਇੱਕ ਭੇਦ ਭਰੀਆਂ ਕਥਾਵਾਂ ਤੇ ਚਲਾਕੀ ਭਰੀਆਂ ਰਮਜ਼ਾਂ ਭਰੀ ਰਚਨਾ ਹੈ। ਅਧਿਕਤਰ ਚਰਿਤ੍ਰ ਇਸਤਰੀਆਂ ਦੇ ਹਨ, ਜਿਸ ਕਾਰਣ ਇਸ ਨੂੰ ਤ੍ਰੀਆ ਚਰਿਤ੍ਰ ਵੀ ਕਿਹਾ ਜਾਂਦਾ ਹੈ। ਕਈ ਵਿਦਵਾਨ ਤਾਂ ਇਸ ਨੂੰ ਚਰਿਤ੍ਰ ਵਿਸ਼ਵਕੋਸ਼ ਵੀ ਲਿਖਦੇ ਹਨ। ਇਸ ਰਚਨਾ ਦੇ ਸ੍ਰੋਤ ਮਹਾਂਭਾਰਤ, ਅਲਫ ਲੈਲਾ ਅਤੇ ਪੰਚ ਤੰਤ੍ਰ ਦੀਆਂ ਕਥਾਵਾਂ ਤੱਕ ਹੀ ਸੀਮਤ ਨਹੀਂ ਹਨ। ਫਰੰਗੀਆਂ, ਪੁਰਤਗਾਲੀਆਂ ਅਤੇ ਡੱਚਾਂ ਨੂੰ ਵੀ ਕਲੇਵਰ ਵਿਚ ਲੈ ਲਿਆ ਹੈ। ਇਸ ਰਚਨਾ ਦਾ ਗੁਰੂ ਨਾਨਕ ਦੇ ਫਲਸਫੇ ਨਾਲ ਦੂਰ ਨੇੜੇ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਗੁਰੂ ਗੋਬਿੰਦ ਸਿੰਘ ਦੇ ਤਲਵਾਰ ਉਠਾਉਣ ਵਿਚ ਵੀ ਨਾਨਕ ਫਲਸਫੇ ਤੋਂ ਬਾਹਰ ਜਾਣ ਦਾ ਕੋਈ ਸੰਕੇਤ ਨਹੀਂ ਮਿਲਦਾ।

ਸੰਪੂਰਣ ਗੁਰੂ, ਗੁਰੂ ਗ੍ਰੰਥ ਸਾਹਿਬ ਵਿਚ ਫਰੰਗੀਆਂ ਪੁਰਤਗਾਲੀਆਂ ਤੇ ਡੱਚਾਂ ਦਾ ਜ਼ਿਕਰ ਕਿਧਰੇ ਨਹੀਂ ਮਿਲਦਾ। ਸਮੁੱਚੇ ਗੁਰੂ ਇਤਹਾਸ ਵਿਚ ਭਾਰਤੀ ਸੰਸਕ੍ਰਿਤੀ ਦਾ ਹੀ ਪ੍ਰਭਾਵ ਹੈ। ਇਹ ਯੂਰਪੀ ਸੰਸਕ੍ਰਿਤੀ ਦਾ ਜ਼ਿਕਰ ਵੀ ਇਸ ਗੱਲ ਦੀ ਗਵਾਹੀ ਹੈ ਕਿ ਚਰਿਤ੍ਰੋਪਾਖਿਆਨ ਦੀ ਰਚਨਾ ਗੁਰੂ ਕਾਲ ਤੋਂ ਚਿਰੋਕਣੀ ਬਾਅਦ ਦੀ ਹੈ। ਇਸ ਰਚਨਾ ਦਾ ਮਨੋਰਥ ਚਤੁਰਾਈ ਵਿਚ ਵਾਧਾ ਕਰਨਾ ਹੈ, ਪਰ ਸਿੱਖ ਰਹਿਤ ਮਰਿਆਦਾ ਇਸ ਨਾਲੋਂ ਲੱਖਾਂ ਕੋਹਾਂ ਦੂਰ ਦੀ ਜੀਵਨ ਵਿਧੀ ਹੈ। ਇਸ ਰਚਨਾ ਦਾ ਮਨੋਰਥ ਵਿਅਕਤੀ ਨੂੰ ਚਤੁਰਾਈ ਨਾਲ ਤ੍ਰੀਆ ਜਾਲ ਵਿਚ ਫਸਣ ਤੋਂ ਬਚਾਉਣਾ ਹੈ। ਬਚ ਕੇ ਰਹਿਣਾ ਸਿੱਖ ਧਰਮ ਦਾ ਮਨੋਰਥ ਨਹੀਂ ਹੈ, "ਅੰਜਨ ਮਾਹੇ ਨਿਰੰਜਨ ਰਹੀਏ" ਮਨੋਰਥ ਹੈ, ਸਿੱਖਿਆ ਹੈ। ਚਰਿਤ੍ਰੋਪਾਖਿਆਨ ਦੇ ਬਹੁਤ ਸਾਰੇ ਚਰਿਤ੍ਰਾਂ ਵਿਚ ਕਾਮ ਕ੍ਰੀੜਾਵਾਂ ਦਾ ਸਪਸ਼ਟ ਅਤੇ ਨਿਸੰਗ ਵਰਣਨ ਹੈ।

ਅਮੈਰੀਕਨ ਕਲਚਰ ਵਿਚ 35-36 ਸਾਲ ਵਿਚਰਨ ਕਰਕੇ ਮੈਨੂੰ ਇਹ ਕਾਮ ਕ੍ਰੀੜਾਵਾਂ ਕੋਈ ਬਹੁਤੀਆਂ ਅਸ਼ਲੀਲ ਕਿਰਿਆਵਾਂ ਨਹੀਂ ਲਗਦੀਆਂ, ਪਰ ਸਿੱਖ ਰਹਿਤ ਮਰਿਆਦਾ ਨਾਲ ਅਸ਼ਲੀਲਤਾ ਦਾ ਕੋਈ ਰਿਸ਼ਤਾ ਨਹੀਂ ਹੈ। ਪੰਜ ਕੱਕਾਰ ਜੋ ਬਖਸ਼ਿਸ਼ ਹੋਏ, ਉਸ ਵਿਚ ਇੱਕ ਕੱਕਾਰ ਕਛਹਿਰਾ ਵੀ ਹੈ। ਇਸ ਰਚਨਾ ਦੇ ਰਚਣ ਵਾਲੇ ਦਾ ਨਾਮ ਸਪਸ਼ਟ ਤੌਰ 'ਤੇ ਰਚਨਾ ਦੇ ਅਰੰਭ ਵਿਚ ਹੀ ਲਿਖਿਆ ਹੋਇਆ ਹੈ। ਕਾਮ ਵਾਸਨਾ ਪੂਰਣ ਕਰਨ ਲਈ ਚਤੁਰਾਈਆਂ ਸਿਖਾਉਣਾ ਨਾਨਕ ਫਲਸਫਾ ਨਹੀਂ ਹੋ ਸਕਦਾ। ਦਸਵੇਂ ਨਾਨਕ, ਬਾਦਸ਼ਾਹ ਦਰਵੇਸ, ਕਲਗੀਆਂ ਵਾਲੇ, ਖਾਲਸੇ ਦੀ ਰਚਨਾ ਕਰਨ ਵਾਲੇ ਸਤਿਗੁਰੂ ਦਾ ਨਾਮ ਇਸ ਅਸ਼ਲੀਲ ਚਤੁਰਾਈਆਂ ਸਿਖਾਉਣ ਵਾਲੀ ਰਚਨਾ ਨਾਲ ਜੋੜਨਾ ਸਿਰਫ ਗਲਤ ਹੀ ਨਹੀਂ, ਬਹੁਤ ਵੱਡਾ ਜ਼ੁਲਮ ਹੈ, ਅਪਰਾਧ ਹੈ, ਨਿਰਾਦਰੀ ਹੈ, ਮਾਣਹਾਨੀ ਹੈ।

(14) **ਜ਼ਫਰਨਾਮਾ:** ਜ਼ਫਰਨਾਮੇ ਦਾ ਅਰਥ ਹੈ, ਜਿੱਤ ਦੀ ਚਿੱਠੀ। ਸਾਰਾ ਪਰਿਵਾਰ ਵਾਰ ਕੇ, ਸ਼ਾਹੀ ਕਦਰਾਂ ਕੀਮਤਾਂ ਹਾਰ ਕੇ, ਜੰਗਲ ਵਿਚ ਬਿਲਕੁਲ ਇਕੱਲੇ ਬੈਠ ਕੇ ਔਰੰਗਜ਼ੇਬ ਨੂੰ ਜਿੱਤ ਦੀ ਚਿੱਠੀ ਲਿਖਣ ਵਾਲੇ ਪਾਤਸ਼ਾਹ ਦੇ ਇਸ ਖਤ ਦਾ ਪਹਿਲਾ ਹਿੱਸਾ ਤਾਂ ਮੰਗਲਾਚਰਣ ਵਜੋਂ ਪਰਮਾਤਮਾ ਦੇ ਗੁਣ ਗਾਉਣ ਨਾਲ ਸ਼ੁਰੂ ਹੁੰਦਾ ਹੈ। ਇਸ ਤੋਂ ਬਾਅਦ ਔਰੰਗਜ਼ੇਬ ਨੂੰ ਆਨੰਦਪੁਰ ਸਾਹਿਬ ਛੱਡਣ ਦੇ ਘਟਨਾਕ੍ਰਮ ਵਿਚ ਉਸ ਦੀ ਫੌਜ ਦੀਆਂ ਬੇਹੁਦਾ ਕਾਰਵਾਈਆਂ ਲਈ ਲਾਹਨਤ ਪਾਈ ਹੈ ਅਤੇ ਸਪਸ਼ਟ ਤੌਰ 'ਤੇ ਲਿਖਿਆ ਹੈ ਕਿ ਖੁਦਾ ਨੂੰ ਮੰਨਣ ਵਾਲੇ ਹਜ਼ਰਤ ਮੁਹੰਮਦ 'ਤੇ ਵਿਸ਼ਵਾਸ ਕਰਨ ਵਾਲੇ ਇਸ ਕਦਰ ਗਿਰ ਸਕਦੇ ਹਨ, ਯਕੀਨ ਨਹੀਂ ਆਉਂਦਾ। ਗੁਰੂ ਪਿਤਾ ਲਿਖਦੇ ਹਨ ਕਿ ਹੇ ਔਰੰਗਜ਼ੇਬ! ਤੂੰ ਆਪਣੀ ਪਰਜਾ ਨਾਲ ਅਨਿਆਂ ਕੀਤਾ ਹੈ। ਚਾਰ ਪੁੱਤਰ ਮਾਰ ਕੇ ਤੂੰ ਜੇਤੂ ਨਹੀਂ ਬਣ ਗਿਆ, ਹੰਕਾਰ ਅਤੇ ਅਭਿਮਾਨ ਨੂੰ ਛੱਡ ਕੇ ਰੱਬ ਦੀ ਰਜ਼ਾ ਵਿਚ ਰਹਿ। ਜ਼ਫਰਨਾਮੇ ਦੀ ਪੂਰੀ ਵਿਆਖਿਆ ਕਰਨ ਵੱਲ ਨਾ ਜਾਂਦਾ ਹੋਇਆ ਬੱਸ ਇਹ ਹੀ ਮੋਹਰ ਲਾਉਣੀ ਚਾਹੁੰਦਾ ਹਾਂ ਕਿ ਇਹ ਰਚਨਾ ਸਪਸ਼ਟ ਤੌਰ 'ਤੇ ਗੁਰੂ ਜੀ ਦੀ ਹੈ। ਇਸ ਵਿਚ ਕਿੰਤੂ ਪ੍ਰੰਤੂ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ।

(15) **ਹਕਾਇਤਾਂ:** ਹਕਾਇਤਾਂ ਦੇ ਵਿਸ਼ੇ ਵਸਤੂ ਵਜੋਂ ਅਤੇ ਭਾਵਨਾ ਵਜੋਂ ਇਹ ਜ਼ਫਰਨਾਮੇ ਦਾ ਹਿੱਸਾ ਨਹੀਂ ਹਨ। ਇਹ ਚਰਿਤ੍ਰੋਪਾਖਿਆਨ ਦੀ ਪਰੰਪਰਾ ਵਿਚ ਫਾਰਸੀ ਵਿਚ ਲਿਖੀਆਂ ਹੋਈਆਂ ਹਨ। ਹਰ ਹਕਾਇਤ ਦੇ ਅੰਤ ਵਿਚ ਵਰ ਕਾਮਨਾ ਕੀਤੀ ਹੋਈ ਹੈ। ਮੈਨੂੰ ਨਹੀਂ ਲਗਦਾ ਕਿ ਸਿੱਖ ਦਾ ਮਿਸ਼ਨ ਵਰ ਕਾਮਨਾ ਤੱਕ ਹੀ ਸੀਮਤ ਹੈ। ਮੇਰੀ ਬੇਨਤੀ ਹੈ ਕਿ ਹਕਾਇਤਾਂ ਨੂੰ ਕਿਸੇ ਵੀ ਕੀਮਤ 'ਤੇ ਜ਼ਫਰਨਾਮੇ ਨਾਲ ਨਾ ਜੋੜਿਆ ਜਾਵੇ। ਕਈ ਲੋਕਾਂ ਨੇ ਹਕਾਇਤਾਂ ਨੂੰ ਜ਼ਫਰਨਾਮੇ ਨਾਲ ਜੋੜਨ ਦੀ ਕਮੀਨੀ ਚਤੁਰਾਈ ਕੀਤੀ ਹੈ, ਮੈਂ ਐਸੇ ਲੋਕਾਂ ਨੂੰ ਵਿਦਵਾਨ ਨਹੀਂ ਗਿਣ ਸਕਦਾ।

ਅੰਤ ਵਿਚ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਦਸਮ ਗ੍ਰੰਥ ਦੇ ਟੀਕੇ ਦੀ ਸਹਾਇਤਾ ਨਾਲ ਮੈਂ ਦਸਮ ਗ੍ਰੰਥ ਦੇ ਦਰਸ਼ਨ ਕੀਤੇ ਹਨ। ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਦੇ ਦਰਸ਼ਨ ਕਰਨ ਦਾ ਮੌਕਾ ਸਤਿਗੁਰੂ ਨੇ ਬਖਸ਼ਿਸ਼ ਕੀਤਾ, ਉਨ੍ਹਾਂ ਦੇ ਆਧਾਰ ਉਤੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਮੈਨੂੰ ਜਿਸ ਤਰ੍ਹਾਂ ਮਹਿਸੂਸ ਹੋਇਆ, ਉਸੇ ਤਰ੍ਹਾਂ ਸੱਚੋ ਸੱਚ ਲਿਖ ਦਿੱਤਾ ਹੈ। ਅੰਧ ਵਿਸ਼ਵਾਸ ਗਲਤ ਨਹੀਂ ਹੁੰਦਾ, ਬਸ਼ਰਤੇ ਉਸ ਦੇ ਪਿਛੇ ਕੋਈ ਲੌਜਿਕ ਹੋਵੇ। ਬਿਨਾ ਕਿਸੇ ਦਲੀਲ ਦੇ ਜਦੋਂ ਅਸੀਂ ਅੰਧ ਵਿਸ਼ਵਾਸ ਨੂੰ ਠੋਸਣ ਦਾ ਯਤਨ ਕਰਦੇ ਹਾਂ ਤਾਂ ਉਸ ਵਕਤ ਅਸੀਂ ਨਿਆਂ ਨਹੀਂ ਕਰ ਰਹੇ ਹੁੰਦੇ। ਮੇਰੇ ਖਿਆਲ ਅਨੁਸਾਰ ਸਮੁੱਚੇ ਵਿੱਦਿਆ ਸਾਗਰ ਨੂੰ ਦਸਮ ਗ੍ਰੰਥ ਮੰਨ ਲੈਣਾ ਮਨਮਤੀ ਹੈ। ਪਹਿਲੀ ਗੱਲ ਕਿ ਵਿੱਦਿਆ ਸਾਗਰ, ਜੋ ਨੌਂ ਮਣ ਪੱਕੇ ਦੀ ਰਚਨਾ ਗਿਣੀ ਜਾਂਦੀ ਹੈ, ਉਹ ਤਾਂ ਸਰਸਾ ਵਿਚ ਰੁੜ ਗਿਆ ਸੀ। ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਸਿੱਖ ਸਿਮਰਤੀਆਂ ਵਿਚੋਂ ਕਈ ਸਾਰੀਆਂ ਬੀੜਾਂ ਜੋ ਤਿਆਰ ਹੋਈਆਂ, ਉਹ ਬੀੜਾਂ ਗੁਰੂ ਦੀ ਸੰਪਾਦਕੀ ਵਿਚ ਜਾਂ ਗੁਰੂ ਦੀ ਨਿਗਰਾਨੀ ਵਿਚ ਨਹੀਂ ਹੋਈਆਂ।

ਭਾਈ ਮਨੀ ਸਿੰਘ ਅਤੇ ਹੋਰ ਕਈ ਵਿਦਵਾਨਾਂ ਦੁਆਰਾ ਜੋ ਦਸਮ ਗ੍ਰੰਥ ਨਾਮਕ ਬੀੜਾਂ ਤਿਆਰ ਹੋਈਆਂ, ਉਨ੍ਹਾਂ ਬੀੜਾਂ ਵਿਚ ਅੱਧੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੈ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਛੇ ਸੌ ਅੰਗ ਜੋ ਕਈ ਗ੍ਰੰਥਾਂ ਵਿਚ ਅੰਕਿਤ ਹਨ, ਉਹ ਬਾਣੀ ਵੀ ਦਸਵੇਂ ਪਿਤਾ ਦੀ ਉਚਾਰੀ ਹੋਈ ਨਹੀਂ ਹੈ। ਚਰਿਤ੍ਰੋਪਾਖਿਅਨ ਚੰਡੀ ਚਰਿਤ੍ਰ, ਬਚਿੱਤ੍ਰ ਨਾਟਕ, ਬ੍ਰਹਮਾ ਅਵਤਾਰ, ਰੁਦਰ ਅਵਤਾਰ ਅਤੇ ਚੌਵੀਸ ਅਵਤਾਰ ਕਿਸੇ ਵੀ ਮਾਪਦੰਡ ਨਾਲ ਗੁਰੂ ਦੀ ਰਚਨਾ ਨਹੀਂ ਹੋ ਸਕਦੇ, ਸਗੋਂ ਕਿਸੇ ਸਿੱਖ ਦੇ ਲਿਖੇ ਵੀ ਨਹੀਂ ਹੋ ਸਕਦੇ। ਬੰਦ ਬੰਦ ਕਟਵਾਉਣ ਵਾਲੇ ਸਿੱਖ ਵਾਸਨਾਂ ਅਧੀਨ ਅਸ਼ਲੀਲ ਚਤੁਰਾਈਆਂ ਸਿਖਾਉਣ ਦਾ ਕੋਝਾ ਯਤਨ ਨਹੀਂ ਕਰ ਸਕਦੇ। ਮੇਰਾ ਇਹ ਵਿਚਾਰ ਹੈ, ਮੇਰੀ ਜ਼ਿਦ ਨਹੀਂ ਹੈ। ਜੇ ਕਿਸੇ ਅੰਧਵਿਸ਼ਵਾਸੀ ਨੂੰ ਦਲੀਲਾਂ ਨਾਲ ਕੀਤੀ ਮੇਰੀ ਇਹ ਵਿਆਖਿਆ 'ਤੇ ਇਤਰਾਜ਼ ਹੋਵੇ ਤਾਂ ਮੇਰਾ ਮੁਆਫੀ ਮੰਗਣ ਦਾ ਹੱਕ ਬਣਿਆ ਰਹੇ ਤਾਂ ਧੰਨਵਾਦੀ ਹੋਵਾਂਗਾ।

***ਮੇਰੇ ਖਿਆਲ ਅਨੁਸਾਰ ਸਮੁੱਚੇ ਵਿੱਦਿਆ ਸਾਗਰ ਨੂੰ ਦਸਮ ਗ੍ਰੰਥ ਮੰਨ ਲੈਣਾ ਮਨਮਤੀ ਹੈ। ਪਹਿਲੀ ਗੱਲ ਕਿ ਵਿੱਦਿਆ ਸਾਗਰ, ਜੋ ਨੌਂ ਮਣ ਪੱਕੇ ਦੀ ਰਚਨਾ ਗਿਣੀ ਜਾਂਦੀ ਹੈ, ਉਹ ਤਾਂ ਸਰਸਾ ਵਿਚ ਰੁੜ ਗਿਆ ਸੀ। ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਸਿੱਖ ਸਿਮਰਤੀਆਂ ਵਿਚੋਂ ਕਈ ਸਾਰੀਆਂ ਬੀੜਾਂ ਜੋ ਤਿਆਰ ਹੋਈਆਂ, ਉਹ ਬੀੜਾਂ ਗੁਰੂ ਦੀ ਸੰਪਾਦਕੀ ਵਿਚ ਜਾਂ ਗੁਰੂ ਦੀ ਨਿਗਰਾਨੀ ਵਿਚ ਨਹੀਂ ਹੋਈਆਂ।***

# ਜਿਨ੍ਹਾਂ ਦੀਆਂ ਵਾਰਾਂ ਲੋਕ ਵੀ ਗਾਉਂਦੇ ਤੇ ਇਤਿਹਾਸ ਦੇ ਪੰਨੇ ਵੀ!

## ਗਦਰੀ ਲਹਿਰਾਂ ਦੇ ਵੱਖੋ-ਵੱਖਰੇ ਪ੍ਰਸੰਗ

*ਅਮਰੀਕਾ ਵੱਸਦੇ ਲਿਖਾਰੀ ਅਤੇ ਵਿਗਿਆਨੀ ਗੁਰੁਮੇਲ ਐਸ. ਸਿੱਧੂ ਦੀ ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ' ਦੀ ਖਾਸੀਅਤ ਇਹ ਹੈ ਕਿ ਇਸ ਵਿਚ ਸਿਰਫ ਗਦਰ ਲਹਿਰ ਬਾਰੇ ਹੀ ਨਹੀਂ ਬਲਕਿ ਵੱਖ-ਵੱਖ ਸਮਿਆਂ ਦੌਰਾਨ ਉਠੀਆਂ ਸਾਰੀਆਂ ਗਦਰੀ ਲਹਿਰਾਂ ਬਾਰੇ ਤਬਸਰਾ ਕੀਤਾ ਗਿਆ ਹੈ। ਇਕ ਹੋਰ ਖਾਸੀਅਤ ਇਹ ਵੀ ਹੈ ਕਿ ਪੁਸਤਕ ਲਈ ਲੋੜੀਂਦੀ ਜਾਣਕਾਰੀ ਮੌਲਿਕ ਸਰੋਤਾਂ ਤੋਂ ਹਾਸਲ ਕਰਨ ਦਾ ਯਤਨ ਕੀਤਾ ਗਿਆ ਹੈ। ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਇਸ ਪੁਸਤਕ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਸਾਂਝੀਆਂ ਕੀਤੀਆਂ ਹਨ ਜੋ ਅਸੀਂ ਆਪਣੇ ਸੁਘੜ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਗ਼ਦਰ ਸ਼ਬਦ ਪੰਜਾਬੀਆਂ ਨੂੰ ਬਹੁਤ ਪਿਆਰਾ ਹੈ। ਉਹ ਇਸ ਨੂੰ ਪਿਆਰਨ ਦੇ ਨਾਲ-ਨਾਲ ਸਤਿਕਾਰਦੇ ਵੀ ਹਨ। ਆਜ਼ਾਦੀ ਦੀ ਲੜਾਈ ਸਮੇਂ, ਖਾਸ ਕਰ ਕੇ ਪੰਜਾਬ ਵਿਚ, ਸਮੁੰਦਰ ਦੀਆਂ ਲਹਿਰਾਂ ਵਾਂਗ ਅਨੇਕ ਲਹਿਰਾਂ ਉੱਠੀਆਂ। ਉਹਨਾਂ ਸਭ ਨੇ ਸੰਗਰਾਮ ਵਿਚ ਆਪਣਾ-ਆਪਣਾ ਮੁੱਲਵਾਨ ਹਿੱਸਾ ਪਾਇਆ। ਇਹ ਮਾਣ ਪਰ ਗ਼ਦਰ ਲਹਿਰ ਨੂੰ ਹੀ ਜਾਂਦਾ ਹੈ ਕਿ ਪਰਦੇਸਾਂ ਵਿਚ ਇਹਦੀ ਸ਼ੁਰੂਆਤ ਤੋਂ ਅਤੇ ਦੇਸ ਪਹੁੰਚੇ ਗ਼ਦਰੀਆਂ ਦੀ ਫੜਫੜਾਈ ਤੋਂ ਇਕ ਸਦੀ ਨਾਲੋਂ ਵੱਧ ਸਮਾਂ ਮਗਰੋਂ ਵੀ ਪੰਜਾਬੀਆਂ ਦੇ ਮਨਾਂ ਵਿਚ ਇਹਦਾ ਆਦਰਜੋਗ ਸਥਾਨ ਸਦਾ-ਸੱਜਰਾ ਹੈ। ਜਿਥੇ ਕਿਸੇ ਗ਼ਦਰੀ ਬਾਬੇ ਦਾ ਨਾਂ ਆਉਂਦਾ ਹੈ, ਲੋਕਾਂ ਦਾ ਸਿਰ ਅਦਬ ਨਾਲ ਆਪਣੇ ਆਪ ਝੁਕ ਜਾਂਦਾ ਹੈ। ਇਸ ਲੋਕ-ਭਾਵਨਾ ਦੀ ਸਾਕਾਰਤਾ ਦੇ ਦਰਸ਼ਨ ਹਰ ਸਾਲ ਜਲੰਧਰ ਵਿਚ ਲਗਦੇ ਗ਼ਦਰੀ ਬਾਬਿਆਂ ਦੇ ਮੇਲੇ ਵੇਲੇ ਕੀਤੇ ਜਾ ਸਕਦੇ ਹਨ।



ਗੁਰੂਮੇਲ ਸ. ਸਿੱਧੂ ਦੀ ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗ਼ਦਰੀ ਲਹਿਰਾਂ ਦੀ ਹਿੱਸੇਦਾਰੀ' ਪੜ੍ਹਨੀ ਸ਼ੁਰੂ ਕਰਨ ਸਮੇਂ 'ਗ਼ਦਰ ਲਹਿਰ' ਦੀ ਥਾਂ 'ਗ਼ਦਰੀ ਲਹਿਰਾਂ' ਲਿਖਿਆ ਦੇਖ ਕੇ ਮੈਂ ਸੋਚਿਆ ਕਿ 1857 ਦੀ ਅੰਗਰੇਜ਼-ਵਿਰੋਧੀ ਬਗ਼ਾਵਤ ਨੂੰ '1857 ਦਾ ਗ਼ਦਰ' ਕਿਹਾ ਜਾਂਦਾ ਹੋਣ ਕਰਕੇ ਉਹਦਾ ਜ਼ਿਕਰ ਵੀ ਇਸ ਵਿਚ ਸ਼ਾਮਲ ਕਰ ਲਿਆ ਗਿਆ ਹੋਵੇਗਾ। ਇਸ ਕਰਕੇ ਪੁਸਤਕ ਇਕ ਗ਼ਦਰ ਲਹਿਰ ਦੀ ਥਾਂ ਦੋਵਾਂ ਗ਼ਦਰ ਲਹਿਰਾਂ ਦੀ ਬਾਤ ਪਾਉਂਦੀ ਹੋਵੇਗੀ। ਪੁਸਤਕ ਵਿਚ ਪ੍ਰਵੇਸ਼ ਵਧੀਕ ਹੈਰਾਨੀ ਤੇ ਤਸੱਲੀ ਲੈ ਕੇ ਆਇਆ। ਲੇਖਕ ਨੇ ਉਹਨਾਂ ਸਭ ਲੜਾਈਆਂ, ਬਗ਼ਾਵਤਾਂ, ਅੰਦੋਲਨਾਂ, ਲਹਿਰਾਂ, ਆਦਿ ਨੂੰ ਗ਼ਦਰੀ ਭਾਵਨਾ ਵਾਲੀਆਂ ਮੰਨਦਿਆਂ ਪੁਸਤਕ ਵਿਚ ਸ਼ਾਮਲ ਕੀਤਾ ਹੋਇਆ ਸੀ ਜਿਨ੍ਹਾਂ ਨੇ ਅੰਗਰੇਜ਼ ਨੂੰ ਦੇਸ ਵਿਚੋਂ ਕੱਢਣ ਵਾਸਤੇ ਹਥਿਆਰ ਚੁੱਕਣ ਦਾ ਜੇਰਾ ਦਿਖਾਇਆ ਸੀ।

**ਗੁਰਬਚਨ ਸਿੰਘ ਭੁੱਲਰ**
**ਸੰਪਰਕ:** bhullargs@gmail.com

ਅੰਗਰੇਜ਼ ਆਪਣੇ ਤੋਂ ਪਹਿਲਾਂ ਹਿੰਦੋਸਤਾਨ ਆਉਣ ਵਾਲੇ ਸਾਰੇ ਓਪਰਿਆਂ ਵਾਂਗ ਹਮਲਾਵਰ ਬਣ ਕੇ, ਧਾੜਵੀ ਦਲ, ਤੋਪਾਂ ਤੇ ਤਲਵਾਰਾਂ ਲੈ ਕੇ ਨਹੀਂ ਸਨ ਆਏ। ਉਹਨਾਂ ਨੇ ਵਪਾਰੀਆਂ ਦਾ ਰੂਪ ਧਾਰਿਆ ਹੋਇਆ ਸੀ ਅਤੇ 'ਈਸਟ ਇੰਡੀਆ ਕੰਪਨੀ' ਦੇ ਨਾਂ ਨਾਲ ਆਏ ਸਨ। ਕੰਪਨੀ ਬਾਦਸ਼ਾਹ ਜਹਾਂਗੀਰ ਤੋਂ ਵਪਾਰ ਦੀ ਆਗਿਆ ਲੈਣ ਵਿਚ ਸਫਲ ਹੋ ਗਈ। ਵਪਾਰਕ ਅੱਡੇ ਪੱਕੇ ਕਰ ਕੇ ਅਤੇ ਪੈਰ ਜਮਾ ਕੇ ਕੰਪਨੀ ਦੀ ਲਾਲਸਾ ਵਪਾਰ ਤੋਂ ਹਕੂਮਤ ਵੱਲ ਪਲਟਣ ਲੱਗੀ। ਔਰੰਗਜ਼ੇਬ ਦੀ ਮੌਤ ਮਗਰੋਂ ਕੇਂਦਰੀ ਮੁਗ਼ਲ ਰਾਜ ਕਮਜ਼ੋਰ ਹੋ ਜਾਣ ਦੇ ਨਤੀਜੇ ਵਜੋਂ ਸਥਾਨਕ ਹਾਕਮ ਖ਼ੁਦਮੁਖ਼ਤਿਆਰੀ ਐਲਾਨਣ ਲੱਗੇ। ਇਸ ਟੁਕੜੇਬੰਦੀ ਦਾ ਲਾਹਾ ਲੈ ਕੇ ਕੰਪਨੀ ਨੇ ਸਥਾਨਕ ਹਕੂਮਤਾਂ ਤੇ ਸੰਸਥਾਵਾਂ ਦੇ ਕੰਮਕਾਜ ਵਿਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਹਥਿਆਰਬੰਦ ਟਕਰਾਓ ਹੋਣ ਲੱਗੇ। ਅਜਿਹਾ ਪਹਿਲਾ ਟਕਰਾਓ, ਕਈ ਪੜਾਵਾਂ ਵਿਚ, ਬੰਗਾਲ ਦੇ ਖ਼ੁਦਮੁਖ਼ਤਿਆਰ ਨਵਾਬ ਸਿਰਾਜ ਉਦ-ਦੌਲਾ ਨਾਲ ਹੋਇਆ। ਅੰਤ ਨੂੰ 23 ਜੂਨ 1757 ਨੂੰ ਪਲਾਸੀ ਦੀ ਲੜਾਈ ਵਿਚ ਨਵਾਬ ਹਾਰ ਗਿਆ। ਇਸ ਤਰ੍ਹਾਂ ਹਿੰਦੋਸਤਾਨ ਵਿਚ ਬਰਤਾਨਵੀ ਰਾਜ ਦਾ ਮੁੱਢ ਬੱਝ ਗਿਆ। ਅੰਗਰੇਜ਼ ਸਥਾਨਕ ਮੁਹਤਬਰਾਂ ਵਿਚ ਫੁੱਟ ਪਾ ਕੇ, ਧੱਕੇ ਤੋਂ ਧੋਖੇ ਤੱਕ ਦੀ ਵਰਤੋਂ ਕਰ ਕੇ ਅਤੇ ਇਥੋਂ ਹੀ ਭਰਤੀ ਕੀਤੀਆਂ ਫ਼ੌਜਾਂ ਦੇ ਬਲ ਨਾਲ ਲੜਾਈਆਂ ਲੜ ਕੇ ਹਿੰਦੁਸਤਾਨ ਨੂੰ ਕੁਤਰਨ ਲੱਗੇ। ਇਸ ਨੀਤੀ ਨਾਲ ਛੇਤੀ ਹੀ ਉਹ ਕਾਫ਼ੀ ਵੱਡੇ ਹਿੱਸੇ ਉੱਤੇ ਕਾਬਜ਼ ਹੋ ਗਏ। ਆਖ਼ਰ ਇਕ ਸਦੀ ਮਗਰੋਂ, 1849 ਵਿਚ ਓਦੋਂ ਤੱਕ ਆਜ਼ਾਦ ਰਿਹਾ ਪੰਜਾਬ ਵੀ ਫ਼ਤਿਹ ਕਰ ਲੈਣ ਨਾਲ ਪੂਰਾ ਹਿੰਦੋਸਤਾਨ ਉਹਨਾਂ ਦੇ ਕਬਜ਼ੇ ਹੇਠ ਹੋ ਗਿਆ।

ਇਤਿਹਾਸ ਦੀਆਂ ਸਕੂਲੀ-ਕਾਲਜੀ ਪੁਸਤਕਾਂ ਵਿਚ ਪਹਿਲਾਂ ਦੀਆਂ ਇਕਾ-ਦੁੱਕਾ ਬਗ਼ਾਵਤਾਂ ਦਾ ਸੰਖੇਪ ਜ਼ਿਕਰ ਕਰ ਕੇ 1857 ਦੇ ਗ਼ਦਰ ਨੂੰ ਹੀ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਦਾ ਨਾਂ ਦਿੱਤਾ ਜਾਂਦਾ ਰਿਹਾ ਹੈ। ਗੁਰੂਮੇਲ ਸ. ਸਿੱਧੂ ਨੇ ਪਹਿਲੇ ਕਾਂਡ 'ਪੂਰਵ-1857 ਬਗ਼ਾਵਤਾਂ' ਵਿਚ ਪਲਾਸੀ ਦੀ ਲੜਾਈ ਤੋਂ ਪਿੱਛੋਂ ਦੀ ਪੂਰੀ ਇਕ ਸਦੀ ਦੀਆਂ ਇਹਨਾਂ ਬਗ਼ਾਵਤਾਂ ਦਾ ਮਹੱਤਵਪੂਰਨ ਵੇਰਵਾ ਦਿੱਤਾ ਹੈ। ਇਹਨਾਂ ਵਿਚ ਸਿਆਸੀ ਤੋਂ ਇਲਾਵਾ ਕਿਸਾਨਾਂ ਦੀਆਂ, ਕਬੀਲਿਆਂ ਦੀਆਂ ਤੇ ਧਾਰਮਿਕ ਰੰਗ ਵਾਲੀਆਂ ਅਨੇਕ ਬਗ਼ਾਵਤਾਂ ਸ਼ਾਮਲ ਹਨ। ਇਸ ਕਾਂਡ ਦੀ ਸਮਾਪਤੀ 'ਪਰਜਾ ਮੰਡਲ ਲਹਿਰ' ਨਾਲ ਹੁੰਦੀ ਹੈ। ਪੁਸਤਕ ਦਾ ਅਜਿਹਾ ਕਲਾਵਾ ਇਸ ਦੇ ਨਾਂ 'ਗ਼ਦਰੀ ਲਹਿਰਾਂ ਦੀ ਹਿੱਸੇਦਾਰੀ' ਦੀ ਸਾਰਥਿਕਤਾ ਨੂੰ ਸਿੱਧ ਕਰਦਾ ਹੈ।




ਇਥੇ ਇਹ ਵਿਚਾਰ ਮਨ ਵਿਚ ਆਉਣਾ ਕੁਦਰਤੀ ਹੈ ਕਿ ਜੇ ਪੁਸਤਕ ਦਾ ਘੇਰਾ ਏਨਾ ਵੱਡਾ ਹੈ ਤਾਂ 1757 ਦੀ ਪਲਾਸੀ ਦੀ ਲੜਾਈ ਤੋਂ ਲੈ ਕੇ 1947 ਵਿਚ ਅੰਗਰੇਜ਼ਾਂ ਦੇ ਹਿੰਦੋਸਤਾਨ ਛੱਡਣ ਤੱਕ ਦੇ 190 ਸਾਲਾਂ ਵਿਚ ਹੋਈਆਂ ਅਨੇਕਾਂ-ਅਨੇਕ ਹਥਿਆਰਬੰਦ ਬਗ਼ਾਵਤਾਂ ਨੂੰ ਲੇਖਕ ਨੇ ਕਿਸ ਜੁਗਤ ਨਾਲ ਇਸ ਪੁਸਤਕ ਵਿਚ ਸਮੇਟਿਆ ਹੋਵੇਗਾ! ਇਹ ਸਵਾਲ ਵਾਜਬ ਹੈ ਤੇ ਇਸ ਦਾ ਜਵਾਬ ਲੇਖਕ ਤੋਂ ਹੀ ਲੈਣਾ ਠੀਕ ਰਹੇਗਾ। ਗੁਰੂਮੇਲ ਸ. ਸਿੱਧੂ ਨੇ ਆਪਣੀ ਪੁਸਤਕ ਦੇ 'ਮੁਖਬੰਦ' ਵਿਚ ਲਿਖਿਆ ਹੈ, "ਸੋਚਦਿਆਂ ਇਹ ਗੱਲ ਔਹੜੀ ਕਿ ਸਾਰੀਆਂ ਗ਼ਦਰੀ ਲਹਿਰਾਂ ਬਾਰੇ ਪੁਸਤਕ ਲਿਖੀ ਜਾਵੇ ਜਿਨ੍ਹਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਵਿਚ ਆਪਣਾ-ਆਪਣਾ ਯੋਗਦਾਨ ਪਾਇਆ ਹੈ। ਵੱਖ-ਵੱਖ ਗ਼ਦਰੀ ਲਹਿਰਾਂ ਬਾਰੇ ਪੁਸਤਕਾਂ ਲਿਖੀਆਂ ਗਈਆਂ ਹਨ, ਪਰ ਇਹਨਾਂ ਦਾ ਸਿਲਸਿਲੇਵਾਰ ਵੇਰਵਾ ਕਿਸੇ ਇਕ ਪੁਸਤਕ ਵਿਚ ਨਹੀਂ ਮਿਲਦਾ। ਗ਼ਦਰੀ ਸਾਹਿਤ ਦੀ ਇਸ ਘਾਟ ਨੂੰ ਹੱਥਲੀ ਪੁਸਤਕ ਵਿਚ ਪੂਰਾ ਕੀਤਾ ਗਿਆ ਹੈ।...ਅੰਤ ਨੂੰ ਫੈਸਲਾ ਲਿਆ ਕਿ ਹਿੰਦੋਸਤਾਨ ਦੀ ਆਜ਼ਾਦੀ ਵਿਚ ਹਿੱਸਾ ਪਾਉਣ ਵਾਲੀਆਂ ਮੁੱਖ ਲਹਿਰਾਂ ਬਾਰੇ, ਬੇਲੋੜੇ ਵਿਸਤਾਰ ਤੋਂ ਬਿਨਾਂ, ਲੋੜੀਂਦੀ ਅਤੇ ਢੁੱਕਵੀਂ ਵਾਕਫ਼ੀਅਤ ਇਕੱਤਰ ਕੀਤੀ ਜਾਵੇ...ਜੋ ਸਪੱਸ਼ਟ ਅਤੇ ਰੌਚਕ ਹੋਵੇ।... ਜਾਣਕਾਰੀ ਇਕੱਠੀ ਕਰਦਿਆਂ ਵਿਸ਼ੇ ਦੀ ਪ੍ਰਮਾਣਿਕਤਾ ਨੂੰ ਧਿਆਨ ਵਿਚ ਰੱਖਿਆ ਹੈ। ਲੋੜੀਂਦੀ ਸਮੱਗਰੀ ਨੂੰ ਵੱਖ-ਵੱਖ ਪੁਸਤਕਾਂ ਤੇ ਮੈਗ਼ਜ਼ੀਨਾਂ ਅਤੇ ਇੰਟਰਨੈਟ ਦੇ ਖੋਜ-ਲੇਖਾਂ ਵਿਚੋਂ ਕਸ਼ੀਦ ਕਰ ਕੇ ਵਰਤਿਆ ਗਿਆ ਹੈ।" ਕਸ਼ੀਦਕਾਰੀ ਦੇ ਇਸ ਅਮਲ ਵਿਚ ਪਏ ਲੇਖਕ ਨੂੰ ਕਿੰਨਾ ਕੁਝ ਹੰਘਾਲਣਾ ਪਿਆ ਹੈ, ਉਹਦਾ ਅਹਿਸਾਸ ਕਾਂਡਾਂ ਦੇ ਪਿੱਛੇ ਦਿੱਤੀਆਂ ਜਾਣਕਾਰੀ ਦੇ ਸੋਮਿਆਂ ਦੀਆਂ ਲੰਮੀਆਂ ਸੂਚੀਆਂ ਤੋਂ ਹੋ ਜਾਂਦਾ ਹੈ।

ਲੇਖਕ ਸਾਹਮਣੇ ਨਿਸ਼ਾਨਾ ਸਪੱਸ਼ਟ ਸੀ। ਇਸ ਪੁਸਤਕ ਵਿਚ ਸ਼ਾਮਲ ਲਗਭਗ ਹਰ ਲਹਿਰ ਬਾਰੇ ਵੱਖ-ਵੱਖ ਪੁਸਤਕ/ਪੁਸਤਕਾਂ ਦੀ ਪਰਾਪਤੀ ਤਾਂ ਸੰਭਵ ਹੈ ਪਰ ਇਹਨਾਂ ਸਾਰੀਆਂ ਬਾਰੇ ਜਾਣਕਾਰੀ ਇਕ-ਥਾਂ ਨਹੀਂ ਮਿਲਦੀ। ਅਜਿਹਾ ਤਦ ਹੀ ਸੰਭਵ ਸੀ ਜੇ ਹਰ ਲਹਿਰ ਬਾਰੇ ਮੁੱਖ ਤੇ ਜ਼ਰੂਰੀ ਨੁਕਤੇ, ਕਿਸੇ ਖੱਪੇ ਤੋਂ ਬਿਨਾਂ ਪੁਜਦੇ ਹੋ ਜਾਣ ਪਰ ਇਹਨਾਂ ਨੁਕਤਿਆਂ ਨਾਲ ਜੁੜਿਆ ਹੋਇਆ ਵਿਆਖਿਆਮਈ ਵੇਰਵਾ ਤੇ ਵਿਸਤਾਰ ਛਾਣਨੀ ਵਿਚੋਂ ਹੇਠ ਨਿੱਕਲ ਜਾਵੇ। ਇਥੇ ਲੇਖਕ ਦਾ ਵਿਗਿਆਨੀ ਹੋਣਾ ਸਹਾਈ ਹੋਇਆ ਜਿਸ ਕਿੱਤੇ ਵਿਚ ਪਏ ਹੋਏ ਵਿਅਕਤੀ ਨੂੰ ਅਣੂਆਂ-ਪਰਮਾਣੂਆਂ ਜਿਹੀਆਂ ਬਰੀਕੀਆਂ ਦੀ ਆਦਤ ਪੈ ਚੁੱਕੀ ਹੁੰਦੀ ਹੈ। ਇਸੇ ਕਰਕੇ ਉਹਦੇ ਲਈ ਵਾਧੂ ਖਿਲਾਰੇ ਦੀ ਤੂੜੀ ਵਿਚੋਂ ਇਸ ਪੁਸਤਕ ਦੇ ਕੰਮ ਆਉਣ ਵਾਲੇ ਦਾਣੇ ਵੱਖ ਕਰਨਾ ਕੋਈ ਮੁਸ਼ਕਿਲ ਕਾਰਜ ਸਿੱਧ ਨਾ ਹੋਇਆ। ਇਸ ਪ੍ਰਸੰਗ ਵਿਚ ਉਹਨੇ ਆਪ ਵੀ ਮੁੱਖਬੰਦ ਵਿਚ ਆਪਣੇ ਵਿਗਿਆਨੀ ਵਾਲੇ ਸੁਭਾਅ ਦਾ ਜ਼ਿਕਰ ਕੀਤਾ ਹੈ।

ਇਹ ਤੱਥ ਵੀ ਧਿਆਨਜੋਗ ਹੈ ਕਿ ਆਜ਼ਾਦੀ ਦੇ ਇਤਿਹਾਸ ਵਿਚ ਜੋ ਬਗ਼ਾਵਤਾਂ ਜਾਂ ਲਹਿਰਾਂ ਹੋਈਆਂ ਹਨ, ਉਹ ਭੂਗੋਲਿਕ ਆਕਾਰ ਦੇ ਪੱਖੋਂ ਵੀ ਫ਼ਰਕ ਵਾਲੀਆਂ ਰਹੀਆਂ ਹਨ ਅਤੇ ਨਤੀਜੇ ਦੇ ਪੱਖੋਂ ਵੀ ਉਹ ਘੱਟ-ਵੱਧ ਅਸਰਦਾਰ ਰਹੀਆਂ ਹਨ। ਜਿਹੜੀਆਂ ਸੀਮਤ ਇਲਾਕੇ ਵਿਚ ਤੇ ਸੀਮਤ ਸਮੇਂ ਵਿਚ ਉੱਭਰੀਆਂ ਤੇ ਫੇਰ ਮੁੱਕ ਵੀ ਗਈਆਂ, ਭਾਵ ਜਿਨ੍ਹਾਂ ਨੂੰ ਇਕ-ਘਟਨਾਵੀ ਕਿਹਾ ਜਾ ਸਕਦਾ ਹੈ, ਉਹ ਤਾਂ ਵੇਰਵੇ ਤੇ ਵਿਸਤਾਰ ਤੋਂ ਬਿਨਾਂ ਜ਼ਰੂਰੀ ਨੁਕਤਿਆਂ ਰਾਹੀਂ ਪਾਠਕ ਤੱਕ ਪੁਜਦੀਆਂ ਕਰ ਦੇਣੀਆਂ ਸੰਭਵ ਸਨ। ਉਹਨਾਂ ਲਈ ਸ਼ਬਦ 'ਬਗ਼ਾਵਤਾਂ' ਵਰਤਣਾ ਹੀ ਢੁਕਦਾ ਹੈ। ਅਨੇਕ ਬਗ਼ਾਵਤਾਂ ਅਜਿਹੀਆਂ ਹੋਈਆਂ ਜੋ ਖੇਤਰ ਦੇ ਪੱਖੋਂ ਵੀ ਫੈਲਵੀਆਂ ਸਨ, ਸਮੇਂ ਦੇ ਪੱਖੋਂ ਵੀ ਲੰਮੀਆਂ ਚੱਲੀਆਂ ਅਤੇ ਇਕ-ਘਟਨਾਵੀ ਨਾ ਹੋ ਕੇ ਘਟਨਾਵਾਂ ਦੀ ਲੜੀ ਬਣ ਗਈਆਂ ਜਿਸ ਕਰਕੇ ਉਹਨਾਂ ਨੂੰ ਲਹਿਰਾਂ ਕਹਿਣਾ ਬਣਦਾ ਹੈ। ਅਜਿਹੀਆਂ ਲਹਿਰਾਂ ਨੂੰ ਉਪਰੋਕਤ "ਵੇਰਵੇ ਤੇ ਵਿਸਤਾਰ ਤੋਂ ਬਿਨਾਂ ਜ਼ਰੂਰੀ ਨੁਕਤਿਆਂ" ਵਾਲੇ ਤਰੀਕੇ ਨਾਲ ਪਾਠਕ ਤੱਕ ਪੁਜਦੀਆਂ ਕਰਨਾ ਸੰਭਵ ਨਹੀਂ ਸੀ। ਉਹਨਾਂ ਦੇ ਵਿਸਤਾਰ ਵਿਚ ਜਾਣਾ ਹੀ ਪੈਣਾ ਸੀ। ਲੇਖਕ ਨੇ ਉਹਨਾਂ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਬਹੁਪੱਖੀ ਖੋਜ ਪੇਸ਼ ਕੀਤੀ ਹੈ।

1857 ਦੇ ਗ਼ਦਰ ਨੇ ਦੇਸ ਭਰ ਵਿਚ ਵਿਆਪਕ ਜਨਤਕ ਰੂਪ ਧਾਰਿਆ। ਉਹਦੀ ਅਸਫਲਤਾ ਨੇ ਅਤੇ ਸਿੱਟੇ ਵਜੋਂ ਆਮ ਜਨਤਾ ਉੱਤੇ ਦਹਿਸ਼ਤ ਪਾਉਣ ਲਈ ਅੰਗਰੇਜ਼ ਵੱਲੋਂ ਕੀਤੇ ਗਏ ਵਹਿਸ਼ੀ ਅੱਤਿਆਚਾਰਾਂ ਨੇ ਦੇਸ ਨੂੰ ਢਹਿੰਦੀ ਕਲਾ ਦੀ ਡੂੰਘੀ ਖਾਈ ਵਿਚ ਧੱਕ ਦਿੱਤਾ। ਇਸ ਪਿੱਛੋਂ ਸਮੇਂ ਨੇ ਤੇ ਇਤਿਹਾਸ ਨੇ ਦੇਸ ਨੂੰ ਇਸ ਨਿਰਾਸ਼ਾ ਵਿਚੋਂ ਕੱਢਣ ਅਤੇ ਕਦੀ ਕਿਸੇ ਲਹਿਰ ਤੇ ਕਦੀ ਕਿਸੇ ਹੋਰ ਲਹਿਰ ਦੇ ਰੂਪ ਵਿਚ ਅੰਗਰੇਜ਼ ਦੇ ਨਾਸੀਂ ਧੂੰਆਂ ਦੇਈ ਰੱਖਣ ਦਾ ਕਾਰਜ ਪੰਜਾਬ ਨੂੰ ਸੌਂਪ ਦਿੱਤਾ! ਨਾਮਧਾਰੀ ਲਹਿਰ ਲਾਸਾਨੀ ਬਹਾਦਰੀ ਤੇ ਵੱਡੀਆਂ ਕੁਰਬਾਨੀਆਂ ਸਦਕਾ ਅੰਗਰੇਜ਼ ਲਈ ਭਾਰੀ ਵੰਗਾਰ ਤੇ ਮੁਸੀਬਤ ਸਿੱਧ ਹੋਈ। ਅਮਰੀਕਾ ਤੇ ਕੈਨੇਡਾ ਦੀ ਦੁਰੇਡੀ ਓਪਰੀ ਧਰਤੀ ਉੱਤੇ ਜਨਮ ਲੈ ਕੇ ਦੇਸ ਤੱਕ ਪਹੁੰਚੀ, ਫ਼ਾਂਸੀਆਂ, ਕਾਲੇ ਪਾਣੀਆਂ, ਲੰਮੀਆਂ ਕੈਦਾਂ, ਅੱਤਿਆਚਾਰਾਂ, ਕੁਰਕੀਆਂ, ਆਦਿ ਦੀ ਬੇਮਿਸਾਲ ਗਾਥਾ ਬਣਨ ਵਾਲੀ ਅਤੇ ਅਗਲੇਰੀਆਂ ਆਜ਼ਾਦੀ ਲਹਿਰਾਂ ਉੱਤੇ ਵੱਡਾ ਪ੍ਰਭਾਵ ਪਾਉਣ ਵਾਲੀ ਗ਼ਦਰ ਲਹਿਰ ਇਤਿਹਾਸ ਦਾ ਅਭੁੱਲ ਕਾਂਡ ਹੈ। ਸੂਰਬੀਰਤਾ ਤੇ ਸਿਰੜ ਦਾ ਇਕ ਹੋਰ ਕਾਰਨਾਮਾ ਗ਼ਦਰ ਲਹਿਰ ਨਾਲ ਹੀ ਜੁੜੀ ਹੋਈ ਕਾਮਾਗਾਟਾ ਮਾਰੂ ਦੀ ਘਟਨਾ ਹੈ। ਜੱਲ੍ਹਿਆਂਵਾਲੇ ਬਾਗ਼ ਦਾ ਸਾਕਾ, ਭਗਤ ਸਿੰਘ ਤੇ ਉਹਦੇ ਸਾਥੀ, ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ, ਪੰਜਾਬੀਆਂ ਦੀ ਵੱਡੀ ਗਿਣਤੀ ਵਾਲੀ ਆਜ਼ਾਦ ਹਿੰਦ ਫ਼ੌਜ, ਆਦਿ ਅਜਿਹੀਆ ਸੰਗਰਾਮੀ ਲਹਿਰਾਂ ਸਨ ਜਿਨ੍ਹਾਂ ਨੇ ਪੰਜਾਬ-ਕੇਂਦਰਿਤ ਹੁੰਦਿਆਂ ਵੀ ਹਿੰਦੋਸਤਾਨ ਦੇ ਗੋਰੇ ਤਖ਼ਤ ਦੇ ਪਾਵੇ ਭੁਰਨ ਤੇ ਡੋਲਣ ਲਾ ਦਿੱਤੇ। ਇਹਨਾਂ ਦੇ 'ਸੰਖੇਪ' ਵਰਨਣ ਨੇ ਵੀ ਵਿਸਤਾਰ ਬਣ ਹੀ ਜਾਣਾ ਸੀ ਤੇ ਲੇਖਕ ਨੇ ਇਹਨਾਂ ਦੀ ਹੱਕੀ ਬਣਦੀ ਥਾਂ ਦਿੱਤੀ ਹੈ।

ਲੇਖਕ ਦਾ 'ਮੁਖਬੰਦ' ਵਿਚ ਇਹ ਉਮੀਦ ਕਰਨਾ ਵਾਜਬ ਹੈ ਕਿ "ਹੱਥਲੀ ਪੁਸਤਕ ਇਤਿਹਾਸਕਾਰਾਂ, ਸਮਾਜ-ਵਿਗਿਆਨੀਆਂ, ਖੋਜੀਆਂ ਤੇ ਖੋਜਾਰਥੀਆਂ ਲਈ ਲਾਭਦਾਇਕ ਸਿੱਧ ਹੋਵੇਗੀ।" ਪੁਸਤਕ ਇਹ ਕਾਰਜ ਦੋ ਪੜਾਵਾਂ ਵਿਚ ਨਿਭਾਉਂਦੀ ਹੈ। ਇਕ ਤਾਂ ਆਪਣੇ ਵਿਚ ਸ਼ਾਮਲ ਸਮੱਗਰੀ ਪੇਸ਼ ਕਰ ਕੇ ਅਤੇ, ਦੂਜੇ, ਵਿਸਤ੍ਰਿਤ ਜਾਣਕਾਰੀ ਵਾਸਤੇ ਹੋਰ ਸੋਮਿਆਂ ਦੀ ਦੱਸ ਪਾ ਕੇ। ਇਸ ਪੁਸਤਕ ਦੀ ਪਾਠਕੀ ਕਦਰ-ਕੀਮਤ ਤੋਂ ਇਲਾਵਾ ਖੋਜਕਾਰੀ ਮੁੱਲਵਾਨਤਾ ਇਹਨਾਂ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹੋਰ ਪੁਸਤਕਾਂ ਨਾਲੋਂ ਇਸ ਨੂੰ ਕੁਝ ਵਧੀਕ ਮਹੱਤਵਪੂਰਨ ਬਣਾ ਦਿੰਦੀ ਹੈ। ਇਸ ਵਿਚ ਬਹੁਤ ਕੁਝ ਦਸਤਾਵੇਜ਼ਾਂ ਦੇ ਰੂਪ ਵਾਲਾ ਹੈ। ਇਕ ਮਿਸਾਲ ਵਜੋਂ ਅਨੇਕ ਬਗ਼ਾਵਤਾਂ ਤੇ ਲਹਿਰਾਂ ਵਿਚ ਸ਼ਹੀਦ ਹੋਣ ਅਤੇ ਕੈਦਾਂ ਭੁਗਤਣ ਵਾਲਿਆਂ ਦੀਆਂ ਨਾਂ-ਪਤੇ ਵਾਲੀਆਂ ਸੂਚੀਆਂ ਦਿੱਤੀਆਂ ਗਈਆਂ ਹਨ। ਪੈਂਤੀਵੇਂ ਕਾਂਡ 'ਗ਼ਦਰੀ ਬਾਬਿਆਂ ਦਾ ਸੰਖੇਪ ਜੀਵਨ ਬਿਉਰਾ', ਜੋ 261 ਪੰਨਿਆਂ ਉੱਤੇ ਫੈਲਿਆ ਹੋਇਆ ਹੈ, ਵਿਚ ਤਾਂ 628 ਬਾਬਿਆਂ ਦੀਆਂ ਸੰਖੇਪ ਜੀਵਨੀਆਂ ਦਿੱਤੀਆਂ ਹੋਈਆਂ ਹਨ ਅਤੇ 26 ਹੋਰਾਂ ਦੇ ਨਾਂ-ਪਤੇ ਦਿੱਤੇ ਹੋਏ ਹਨ।

ਵਿਗਿਆਨੀਆਂ ਨੂੰ ਸਿਰ ਸੁੱਟ ਕੇ, ਇਕ-ਚਿੱਤ ਹੋ ਕੇ ਕੰਮ ਕਰਨ ਦੀ ਆਦਤ ਹੁੰਦੀ ਹੈ। ਸਾਡਾ ਵਿਗਿਆਨ ਦਾ ਪ੍ਰੋਫ਼ੈਸਰ ਵਿਗਿਆਨੀਆਂ ਦੀਆਂ ਅਜਿਹੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ, ਜਦੋਂ ਉਹ ਪਰਯੋਗਸ਼ਾਲਾ ਵਿਚ ਦਿੱਤੀ ਹੋਈ ਰੋਟੀ ਖਾਣੀ ਵੀ ਵਿੱਸਰ ਜਾਂਦੇ। ਦੁਪਹਿਰ ਪਿੱਛੋਂ ਚਾਹ-ਕੌਫ਼ੀ ਦੇਣ ਵਾਲੇ ਨੇ ਜਦੋਂ ਥਾਲੀ ਵੱਲ ਧਿਆਨ ਦੁਆਉਣਾ, ਉਹ ਹੈਰਾਨ ਹੋ ਕੇ ਆਖਦੇ, "ਅੱਛਾ, ਮੈਂ ਰੋਟੀ ਖਾਧੀ ਹੀ ਨਹੀਂ!" ਅਜਿਹੀ ਸੰਘਣੀ ਪੁਸਤਕ ਲਿਖਣ ਦਾ ਸਿਰ ਸੁੱਟ ਕੇ ਕਰਨ ਵਾਲਾ ਕੰਮ ਗੁਰੂਮੇਲ ਸ. ਸਿੱਧੂ ਹੀ ਕਰ ਸਕਦਾ ਸੀ ਜੋ ਲੇਖਕ ਦੇ ਨਾਲ ਵਿਗਿਆਨੀ ਵੀ ਹੈ। ਪੁਸਤਕ ਹੱਕ-ਸੱਚ ਲਈ ਜੂਝਦੇ ਮਨੁੱਖੀ ਇਤਿਹਾਸ ਦੀ ਜਾਣਕਾਰੀ ਵਿਚ ਦਿਲਚਸਪੀ ਰਖਦੇ ਹਰ ਪਾਠਕ ਦੇ ਪੜ੍ਹਨ ਵਾਲੀ ਹੈ।

ਅੰਤ ਵਿਚ ਦੋ ਕੁ ਅਜਿਹੀਆਂ ਗੱਲਾਂ ਦਾ ਜ਼ਿਕਰ ਜ਼ਰੂਰੀ ਹੈ ਜੋ ਅਗਲਾ ਐਡੀਸ਼ਨ ਛਪਣ ਵੇਲੇ ਕੰਮ ਆਉਣਗੀਆਂ। ਹਰ ਭਾਸ਼ਾ ਦਾ ਆਪਣਾ ਇਕ ਵਿਧੀ-ਵਿਧਾਨ ਹੁੰਦਾ ਹੈ। ਅੰਗਰੇਜ਼ੀ ਵਾਲੇ ਪਹਿਲਾਂ ਮਹੀਨਾ ਤੇ ਫੇਰ ਤਾਰੀਖ਼ ਲਿਖਦੇ ਹਨ ਪਰ ਪੰਜਾਬੀ ਵਿਚ ਪਹਿਲਾਂ ਤਾਰੀਖ਼ ਤੇ ਫੇਰ ਮਹੀਨਾ ਬੋਲਿਆ-ਲਿਖਿਆ ਜਾਂਦਾ ਹੈ। ਸਾਰੀ ਪੁਸਤਕ ਵਿਚ ਅੰਗਰੇਜ਼ੀ ਰੀਤ ਅਜੀਬ ਲਗਦੀ ਹੈ ਤੇ ਸਹਿਜ ਪੜ੍ਹਤ ਵਿਚ ਵਿਘਨ ਬਣਦੀ ਹੈ। ਪਹਿਲੇ ਵਾਕ ਵਿਚ ਹੀ 'ਦਸੰਬਰ 31, 1600' ਲਿਖਿਆ ਹੋਇਆ ਹੈ ਜਿਸ ਨੂੰ '31 ਦਸੰਬਰ 1600' ਲਿਖਣਾ ਠੀਕ ਸੀ। ਇਸੇ ਤਰ੍ਹਾਂ ਪੰਜਾਬੀ ਵਿਚ ਆਮ ਬੋਲੇ-ਲਿਖੇ ਜਾਂਦੇ ਨਾਂਵਾਂ-ਥਾਂਵਾਂ ਨਾਲ ਉਹਨਾਂ ਨੂੰ ਬਰੈਕਟਾਂ ਵਿਚ ਰੋਮਨ ਅੱਖਰਾਂ ਵਿਚ ਲਿਖਣਾ ਬੇਲੋੜਾ ਹੈ। ਇਸੇ ਪਹਿਲੇ ਹੀ ਵਾਕ ਵਿਚ ਇਲਿਜ਼ਾਬੈਥ ਤੇ ਈਸਟ ਇੰਡੀਆ ਕੰਪਨੀ ਨੂੰ ਗੁਰਮੁਖੀ ਦੇ ਨਾਲ ਬਰੈਕਟਾਂ ਵਿਚ ਰੋਮਨ ਵਿਚ ਲਿਖੇ ਜਾਣਾ ਇਹਦੀਆਂ ਮਿਸਾਲਾਂ ਹਨ। ਪਹਿਲੇ ਕਾਂਡ ਦਾ ਸਿਰਲੇਖ ਸੂਚੀ ਵਿਚ 'ਪੂਰਵ-1857 ਬਗ਼ਾਵਤਾਂ' ਤੇ ਪੁਸਤਕ ਵਿਚ 'ਪੂਰਵ-1856 ਬਗ਼ਾਵਤਾਂ' ਹੋਣ ਨਾਲ ਸ਼ੁਰੂ ਹੋਈਆਂ ਪਰੂਫ਼ਾਂ ਦੀਆਂ ਕੁਝ ਵਧੇਰੇ ਹੀ ਗ਼ਲਤੀਆਂ ਵੀ ਬਹੁਤ ਚੁਭਦੀਆਂ ਹਨ। ਅਜਿਹੀ ਵਡਮੁੱਲੀ, ਸਗੋਂ ਮੈਂ ਤਾਂ ਕਹਾਂਗਾ ਕਿ ਪਵਿੱਤਰ ਪੁਸਤਕ ਅਜਿਹੀਆਂ ਗ਼ਲਤੀਆਂ ਤੋਂ ਬਿਲਕੁਲ ਪਾਕ ਹੋਣੀ ਚਾਹੀਦੀ ਸੀ। 884 ਪੰਨਿਆਂ ਦੀ ਤੇ 1,195 ਰੁਪਏ ਮੁੱਲ ਵਾਲੀ ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗ਼ਦਰੀ ਲਹਿਰਾਂ ਦੀ ਹਿੱਸੇਦਾਰੀ' ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤੀ ਹੈ।

*ਵਿਗਿਆਨੀਆਂ ਨੂੰ ਸਿਰ ਸੁੱਟ ਕੇ, ਇਕ-ਚਿੱਤ ਹੋ ਕੇ ਕੰਮ ਕਰਨ ਦੀ ਆਦਤ ਹੁੰਦੀ ਹੈ। ਸਾਡਾ ਵਿਗਿਆਨ ਦਾ ਪ੍ਰੋਫੈਸਰ ਵਿਗਿਆਨੀਆਂ ਦੀਆਂ ਅਜਿਹੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ, ਜਦੋਂ ਉਹ ਪ੍ਰਯੋਗਸ਼ਾਲਾ ਵਿਚ ਦਿੱਤੀ ਹੋਈ ਰੋਟੀ ਖਾਣੀ ਵੀ ਵਿੱਸਰ ਜਾਂਦੇ। ਦੁਪਹਿਰ ਪਿੱਛੋਂ ਚਾਹ-ਕੌਫੀ ਦੇਣ ਵਾਲੇ ਨੇ ਜਦੋਂ ਥਾਲੀ ਵੱਲ ਧਿਆਨ ਦੁਆਉਣਾ, ਉਹ ਹੈਰਾਨ ਹੋ ਕੇ ਆਖਦੇ, "ਅੱਛਾ, ਮੈਂ ਰੋਟੀ ਖਾਧੀ ਹੀ ਨਹੀਂ!" ਅਜਿਹੀ ਸੰਘਣੀ ਪੁਸਤਕ ਲਿਖਣ ਦਾ ਸਿਰ ਸੁੱਟ ਕੇ ਕਰਨ ਵਾਲਾ ਕੰਮ ਗੁਰੂਮੇਲ ਸ. ਸਿੱਧੂ ਹੀ ਕਰ ਸਕਦਾ ਸੀ ਜੋ ਲੇਖਕ ਦੇ ਨਾਲ ਵਿਗਿਆਨੀ ਵੀ ਹੈ। ਪੁਸਤਕ ਹੱਕ-ਸੱਚ ਲਈ ਜੂਝਦੇ ਮਨੁੱਖੀ ਇਤਿਹਾਸ ਦੀ ਜਾਣਕਾਰੀ ਵਿਚ ਦਿਲਚਸਪੀ ਰਖਦੇ ਹਰ ਪਾਠਕ ਦੇ ਪੜ੍ਹਨ ਵਾਲੀ ਹੈ।*

# ਨਜ਼ਰ, ਨਜ਼ਰੀਆ ਤੇ ਨਸੀਬ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੰਜਮ ਦਾ ਗੁਣਗਾਨ ਕਰਦਿਆਂ ਕਿਹਾ ਸੀ, "ਸੰਜਮੀ ਮਨੁੱਖ ਸਿਰਫ ਆਪਣੇ ਆਪ ਨਾਲ ਹੀ ਸੰਜਮੀ ਨਹੀਂ ਹੁੰਦਾ, ਸਗੋਂ ਉਹ ਸਮਾਜਿਕ, ਵਿਹਾਰਕ ਅਤੇ ਸੰਸਾਰਕ ਵਰਤਾਰੇ ਵਿਚ ਵੀ ਆਪਣੇ ਇਸ ਗੁਣ ਕਰਕੇ ਜਾਣਿਆ ਤੇ ਪਛਾਣਿਆ ਜਾਂਦਾ।...ਸਵੈ 'ਤੇ ਕਾਬੂ ਪਾਉਣ ਵਾਲੇ ਹੀ ਸੰਜਮੀ ਹੋ ਸਕਦੇ, ਕਿਉਂਕਿ ਸਵੈ ਵਿਚੋਂ ਹੀ ਸਾਧਨਾ, ਸਮਰਪਣ ਅਤੇ ਸਾਦਗੀ ਜਨਮ ਲੈਂਦੀ। ਕੂੜ ਦੇ ਵਪਾਰੀਆਂ ਲਈ ਸੱਚ ਦੇ ਕੋਈ ਮਾਅਨੇ ਨਹੀਂ ਅਤੇ ਪਾਕੀਜ਼ ਬਿਰਤੀ ਵਾਲਿਆਂ ਲਈ ਫਰੇਬ ਵਾਸਤੇ ਕੋਈ ਥਾਂ ਨਹੀਂ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦਾ ਸੱਚ ਬਿਆਨਿਆ ਹੈ ਕਿ ਨਜ਼ਰ ਨਾਲ ਨਜ਼ਰ ਮਿਲਾ ਕੇ, ਜ਼ਿੰਦਗੀ ਦੇ ਨੈਣਾਂ ਵਿਚ ਝਾਕਣ ਵਾਲੇ ਹੀ ਹਾਂ-ਪੱਖੀ ਵਰਤਾਰਿਆਂ ਦਾ ਵਣਜ ਕਰਦੇ। ਇਸ ਵਿਚੋਂ ਹੀ ਨਿਆਰੀ ਅਤੇ ਨਰੋਈ ਜੀਵਨ-ਜਾਚ ਨੂੰ ਜ਼ਿੰਦਗੀ ਦੇ ਨਾਮ ਕਰਦੇ।...ਲੋੜ ਹੈ ਕਿ ਆਪਣੀ ਨਜ਼ਰ ਨੂੰ ਨਦਰਿ ਦੇ ਰਾਹੀਂ ਤੋਰਨ ਅਤੇ ਸਚਿਆਈ ਨੂੰ ਅਪਨਾਉਣ ਅਤੇ ਇਸ ਨੂੰ ਜੀਵਨ ਦਾ ਅੰਗ ਬਣਾਉਣ ਵੰਨੀਂ ਸੇਧਤ ਹੋਈਏ। ਉਹ ਕਹਿੰਦੇ ਹਨ, "ਨਜ਼ਰ ਵਿਚੋਂ ਨਜ਼ਰੀਆ ਪੜ੍ਹਨ ਅਤੇ ਨਜ਼ਰੀਏ ਵਿਚੋਂ ਨਸੀਬਾਂ ਦੇ ਨਕਸ਼ ਉਘਾੜਨ ਵਾਲੇ ਹੀ ਜ਼ਿੰਦਗੀ ਨੂੰ ਵੱਖਰੇ ਕੋਣ ਤੋਂ ਸਮਝਣ ਅਤੇ ਇਸ ਨੂੰ ਆਪਣੇ ਨਜ਼ਰੀਏ ਅਨੁਸਾਰ ਵਿਉਂਤਣ ਤੇ ਵਿਸਥਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ।...ਨਜ਼ਰ ਵਿਚੋਂ ਅਲਫਾਜ਼ ਪੜ੍ਹਨ ਦੀ ਜਾਚ ਜਦ ਆ ਜਾਂਦੀ ਤਾਂ ਨਜ਼ਰੀਏ ਅਤੇ ਨਸੀਬ ਦੀ ਵੀ ਸਮਝ ਆ ਜਾਂਦੀ, ਪਰ ਅੱਖਾਂ ਵਿਚੋਂ ਅੱਖਰ ਪੜ੍ਹਨ ਦੀ ਤੌਫੀਕ ਵਿਰਲਿਆਂ ਨੂੰ ਹੀ ਹੁੰਦੀ।" -ਸੰਪਾਦਕ***

ਨਜ਼ਰ, ਨਜ਼ਰੀਆ ਤੇ ਨਸੀਬ ਦਾ ਗੂੜ੍ਹਾ ਸਬੰਧ। ਇਕ ਦੂਜੇ ਵਿਚੋਂ ਆਪਣੀ ਹੋਂਦ ਅਤੇ ਅਰਥਾਂ ਦੀ ਅਸੀਮਤਾ ਨੂੰ ਕਿਆਸਦੇ ਤੇ ਨਵੀਨਤਾ ਬਖਸ਼ਦੇ।

ਨਜ਼ਰ ਦੇ ਦਿਸਹੱਦੇ ਬਹੁਤ ਦੂਰ ਤੀਕ ਫੈਲਦੇ। ਕਈ ਵਾਰ ਅਦਿੱਖ ਵਿਚੋਂ ਕੁਝ ਅਜਿਹਾ ਦੇਖਣ ਦੇ ਸਮਰੱਥ, ਜਿਨ੍ਹਾਂ ਨੂੰ ਅਸੀਂ ਨਹੀਂ ਦੇਖ ਸਕਦੇ। ਨਜ਼ਰ ਸਿਰਫ ਅੱਖਾਂ ਰਾਹੀਂ ਦੇਖਣ ਤੀਕ ਸੀਮਤ ਨਹੀਂ। ਅਸੀਂ ਕਿਸੇ ਨੂੰ ਉਸ ਦੇ ਲਹਿਜ਼ੇ, ਬੋਲਬਾਣੀ, ਤੋਰ, ਅੰਦਾਜ਼ ਸਰੋਕਾਰਾਂ ਅਤੇ ਸੁਪਨਿਆਂ ਵਿਚੋਂ ਵੀ ਦੇਖਦੇ ਹਾਂ।

ਕਈ ਵਾਰ ਜ਼ਿੰਦਗੀ ਸਾਡੀ ਝੋਲੀ ਵਿਚ ਅਜਿਹਾ ਕੁਝ ਪਾਉਂਦੀ, ਜੋ ਸਾਨੂੰ ਦਿੱਸਦਾ ਅਤੇ ਪਾਉਣਾ ਲੋਚਦੇ, ਪਰ ਕਈ ਵਾਰ ਨਸੀਬ ਸਾਨੂੰ ਉਹ ਕੁਝ ਦੇ ਦਿੰਦੇ, ਜਿਨ੍ਹਾਂ ਦਾ ਚਿੱਤ-ਚੇਤਾ ਵੀ ਨਹੀਂ ਹੁੰਦਾ। ਨਜ਼ਰ ਤੇ ਨਸੀਬ ਵਿਚੋਂ ਕਿਸ ਨੇ, ਕੀ ਅਰਪਿੱਤ ਕਰਨਾ, ਇਹ ਮਨੁੱਖੀ ਸੰਵੇਦਨਾ ਅਤੇ ਸੰਜ਼ੀਦਗੀ 'ਤੇ ਨਿਰਭਰ।

ਨਜ਼ਰ ਹੀ ਸਿਰਜਦੀ ਸਾਡੇ ਨਸੀਬਾਂ ਨੂੰ, ਕਰਮ-ਰੇਖਾਵਾਂ ਨੂੰ ਅਤੇ ਦੁਨਿਆਵੀ ਦਾਤਾਂ ਨੂੰ। ਨਜ਼ਰ ਕਾਰਨ ਹੀ ਸਾਡੀ ਬਿਰਤੀ ਵਿਚ ਕਿਸੇ ਵੀ ਅਵੱਸਥਾ, ਸਥਿੱਤੀ, ਧਰਾਤਲ ਜਾਂ ਵਕਤ ਦੀ ਨਬਜ਼ ਪਛਾਣਨ ਦੀ ਯੁੱਗਤੀ ਹੁੰਦੀ। ਵਕਤ ਅਨੁਸਾਰ ਸੋਚਾਂ, ਸੀਮਾਵਾਂ ਅਤੇ ਸਮਰੱਥਾਵਾਂ ਨੂੰ ਜ਼ਰਬ ਦੇਣ ਦੇ ਕਾਬਲ ਹੋ ਜਾਈਏ ਤਾਂ ਜੀਵਨ ਨੂੰ ਨਵੀਆਂ ਉਚਾਈਆਂ ਦਾ ਮਾਣ ਮਿਲਦਾ।

ਨਜ਼ਰ ਹੀ ਨਵੀਆਂ ਮਾਨਤਾਵਾਂ, ਮੰਨਤਾਂ ਅਤੇ ਮਨਾਉਤੀਆਂ ਵਿਚੋਂ ਆਪਣੇ ਹਿੱਸੇ ਦਾ ਅਸਮਾਨ ਦੇਖਣ ਦੇ ਯੋਗ ਹੁੰਦੀ। ਇਸ ਵਿਚੋਂ ਚਾਨਣ ਦੀ ਚੂਲੀ ਪੀ, ਇਸ ਦੀਆਂ ਰਹਿਮਤਾਂ ਨੂੰ ਜੀਵਨ ਦੀ ਸੰਜੀਵਨੀ ਬੂਟੀ ਬਣਾਉਂਦੇ ਅਤੇ ਖਿੜਕਦੀਆਂ ਰੀਝਾਂ ਤੇ ਸਾਹ-ਵਰੋਲਦੇ ਹਾਸਿਆਂ ਦੀ ਤਲੀ 'ਤੇ ਉਮੰਗਾਂ ਦੇ ਰੰਗ ਭਰਦੇ।

ਨਜ਼ਰ ਤੋਂ ਨਜ਼ਰੀਏ ਤੇ ਫਿਰ ਨਸੀਬ ਤੀਕ ਦਾ ਫਾਸਲਾ ਬਹੁਤ ਹੀ ਲੰਮਾ ਅਤੇ ਕਠਿਨਾਈਆਂ ਭਰਪੂਰ, ਪਰ ਜਦ ਆਪਣਿਆਂ ਦੀ ਸਵੱਲੀ ਨਦਰਿ ਹੋਵੇ, ਯੋਗ ਰਹਿਬਰੀ ਮਿਲੇ ਅਤੇ ਬਜੁਰਗੀ ਅਸੀਰਵਾਦਾਂ ਤੇ ਨਸੀਹਤਾਂ ਨੂੰ ਅਪਨਾਉਣ ਦੀ ਗੁਣਤਾ ਬੰਦੇ ਵਿਚ ਵਾਸ ਕਰੇ ਤਾਂ ਨਸੀਬਾਂ ਨੂੰ ਭਾਗ ਲੱਗਦੇ। ਯਾਦ ਰਹੇ, ਨਸੀਬ ਧੁਰੋਂ ਨਹੀਂ ਲਿਖੇ ਹੁੰਦੇ। ਇਹ ਬੰਦੇ ਦੇ ਗੁਣਾਂ ਦਾ ਹਾਸਲ, ਸਿਰੜ-ਸਾਧਨਾ ਨੂੰ ਸਲਾਮ ਅਤੇ ਮਿਹਨਤ ਦੇ ਮੋਤੀਆਂ ਵਿਚੋਂ ਲਿਸ਼ਕੋਰਦੇ ਰੰਗਾਂ ਦੀ ਸਤਰੰਗੀ ਹੁੰਦੇ। ਅਜਿਹੇ ਮੀਰੀ ਗੁਣਾਂ ਵਾਲਿਆਂ ਲਈ ਜ਼ਿੰਦਗੀ ਦੇ ਅਰਥ ਸਿਰਫ ਸੁੱਖ-ਸਹੂਲਤਾਂ ਜਾਂ ਸੁਵਿਧਾਵਾਂ ਦੀ ਬਹੁਲਤਾ ਨਹੀਂ ਹੁੰਦੀ, ਸਗੋਂ ਉਹ ਸੁਖਨ, ਮਾਨਸਿਕ ਸ਼ਾਂਤੀ ਅਤੇ ਸਕੂਨ ਨੂੰ ਤਰਜ਼ੀਹ ਦਿੰਦੇ। ਇਸ ਵਿਚੋਂ ਹੀ ਉਹ ਆਪਣੀ ਜੀਵਨ-ਮੁਹਾਰ ਨੂੰ ਮਾਨਵਵਾਦੀ ਪੇਸ਼ਬੰਦੀਆਂ ਵੰਨੀਂ ਮੋੜਨ ਦੇ ਸਮਰੱਥ ਹੁੰਦੇ।

ਕਈ ਵਾਰ ਸਾਨੂੰ ਨਜ਼ਰ ਵਿਚ ਕੁਝ ਵੀ ਨਹੀਂ ਥਿਆਉਂਦਾ। ਇਹ ਸਾਡੀ ਨਜ਼ਰ ਦਾ ਕਸੂਰ, ਅਵਚੇਤਨ ਵਿਚ ਬੈਠੀ ਦੁਬਿਧਾ ਜਾਂ ਸੋਚ ਵਿਚ ਬੈਠੀ ਹਉਮੈ ਤੇ ਨਿਜੀ ਮੁਫਾਦ ਦਾ ਜਾਲਾ ਹੋ ਸਕਦਾ। ਕਈ ਵਾਰ ਅਸੀਂ ਉਸ ਵੰਨੀਂ ਬੇਧਿਆਨੀ ਅਪਨਾਉਂਦੇ ਹਾਂ, ਜੋ ਸਾਡੀ ਮਰਜੀ ਮੁਤਾਬਕ ਨਹੀਂ ਹੁੰਦਾ। ਉਸ ਵੰਨੀਂ ਝਾਕਦੇ, ਜੋ ਸਾਡੀ ਨਜ਼ਰ ਤੋਂ ਦੂਰ ਹੁੰਦਾ। ਲੋੜ ਹੈ ਕਿ ਆਪਣੀ ਨਜ਼ਰ ਨੂੰ ਨਦਰਿ ਦੇ ਰਾਹੀਂ ਤੋਰਨ ਅਤੇ ਸਚਿਆਈ ਨੂੰ ਅਪਨਾਉਣ ਅਤੇ ਇਸ ਨੂੰ ਜੀਵਨ ਦਾ ਅੰਗ ਬਣਾਉਣ ਵੰਨੀਂ ਸੇਧਤ ਹੋਈਏ। ਫਿਰ ਇਸ ਸੱਚ ਨੂੰ ਹਾਣ ਦਾ ਸੱਚ ਬਣਾਉਣ ਲਈ ਤਨਦੇਹੀ ਅਤੇ ਤਾਕਤ ਨੂੰ ਪਰਖੀਏ।

ਨਜ਼ਰ ਪਲ ਪਲ ਬਾਅਦ ਬਦਲਦੀ, ਪਰ ਜੇ ਇਸ ਦੀ ਦ੍ਰਿਸ਼ਟੀ ਵਿਚ ਟੀਚੇ ਦੀ ਹਾਸਲਤਾ ਪ੍ਰਤੀ ਸਮਰਪਿਤ ਹੋਵੇ ਤਾਂ ਪਲ ਪਲ ਬਦਲਦੀ ਹਾਲਤ ਵਿਚੋਂ ਵੀ ਸੁਖਾਵੇਂ ਸਿੱਟਿਆਂ ਨੂੰ ਹਾਸਲ ਕੀਤਾ ਜਾ ਸਕਦਾ। ਮੰਜ਼ਿਲ ਵੰਨੀਂ ਤੁਰਦਿਆਂ ਦੋਹਾਂ ਪੈਰਾਂ ਦੀ ਸਥਿਤੀ ਪਲ ਪਲ ਬਦਲਦੀ ਹੈ। ਇਕ ਪਲ ਅੱਗੇ ਤੇ ਅਗਲੇ ਪਲ ਹੀ ਪਿਛੇ ਹੋ ਜਾਂਦਾ, ਪਰ ਉਨ੍ਹਾਂ ਵਿਚ ਦੁਚਿੱਤੀ, ਈਰਖਾ ਜਾਂ ਹੀਣ ਭਾਵਨਾ ਨਹੀਂ ਹੁੰਦੀ। ਸਗੋਂ ਉਨ੍ਹਾਂ ਦੀ ਮੰਜ਼ਿਲ ਇਕ ਹੁੰਦੀ ਅਤੇ ਇਸ ਦੀ ਪ੍ਰਾਪਤੀ, ਦੋਹਾਂ ਪੈਰਾਂ ਦਾ ਹਾਸਲ। ਪੈਂਡਿਆਂ ਨੂੰ ਸਰ ਕਰਨ ਦਾ ਸਿਹਰਾ ਕਦੇ ਇਕ ਪੈਰ ਨੂੰ ਨਹੀਂ ਮਿਲਦਾ, ਸਗੋਂ ਦੋਵੇਂ ਬਰਾਬਾਰ ਦੇ ਹਿੱਸੇਦਾਰ। ਜ਼ਿੰਦਗੀ ਨੂੰ ਇਸ ਮਿਆਰ ਅਤੇ ਮਾਪ ਨਾਲ ਮਿਣਨ ਤੇ ਦੇਖਣ ਦੀ ਜਾਚ ਆ ਜਾਵੇ ਤਾਂ ਜ਼ਿੰਦਗੀ-ਹਾਸਲਤਾ ਨੂੰ ਹਾਣੀ ਬਣਾਇਆ ਜਾ ਸਕਦਾ।

ਨਜ਼ਰ ਵਿਚੋਂ ਹੀ ਨਸੀਬ ਦੇ ਝਲਕਾਰੇ। ਅੱਖਾਂ ਵਿਚੋਂ ਲਿਸਕਦੇ ਸੁਪਨੇ ਅਤੇ ਨਵੇਂ ਨਰੋਏ ਵਿਚਾਰਾਂ ਦੀ ਪਰਵਾਜ਼ ਜਦ ਦੀਦਿਆਂ ਦੇ ਹਿੱਸੇ ਆਉਂਦੀ, ਕੁਝ ਚੰਗੇਰਾ ਅਤੇ ਵਿਲੱਖਣ ਕਰਨ ਦੀ ਬਿਰਤੀ ਮਨ-ਜੂਹ 'ਤੇ ਦਸਤਕ ਦਿੰਦੀ। ਪੈਰਾਂ ਵਿਚ ਨਵੇਂ ਸਫਰ ਸਰ ਕਰਨ ਦੀ ਤਮੰਨਾ ਅਗਵਾਈ ਕਰਦੀ ਤਾਂ ਫੈਲ ਜਾਂਦੇ ਨਜ਼ਰ ਦੇ ਦਾਇਰੇ। ਇਸ ਦੀ ਅਸੀਮਤਾ ਤੇ ਅਮੀਰਤਾ ਦੀ ਵਸੀਹਤਾ ਵਿਚੋਂ ਹੀ ਬੰਦੇ ਨੂੰ ਆਪਣੀ ਸਮਰੱਥਾ ਤੇ ਪ੍ਰਾਪਤੀਆਂ ਦਾ ਅਹਿਸਾਸ ਹੁੰਦਾ।

ਨਜ਼ਰ ਨੂੰ ਕਦੇ ਨੀਵੀਂ ਨਾ ਕਰੋ ਅਤੇ ਨਾ ਹੀ ਸੰਗੋੜੋ, ਸਗੋਂ ਇਸ ਨੂੰ ਫੈਲਾਓ। ਦੂਰ ਦੂਰ ਤੀਕ ਅੰਬਰ ਨੂੰ ਨਿਹਾਰੋ, ਸਮੁੰਦਰ ਦੀ ਵਿਸ਼ਾਲਤਾ ਨੂੰ ਸੋਚ ਵਿਚ ਧਰੋ ਅਤੇ ਜੀਵਨ-ਜਾਚ ਨੂੰ ਅੰਬਰ ਵਰਗੀ ਵਿਸ਼ਾਲ, ਸਮੁੰਦਰ ਵਰਗੀ ਗਹਿਰੀ, ਪਰਬਤ ਜਿਹੀ ਉਚੇਰੀ ਅਤੇ ਬਿਰਖਾਂ ਵਰਗੀ ਫਕੀਰਨਾ ਬਣਾਉਗੇ ਤਾਂ ਨਦਰਿ ਵਿਚੋਂ ਹੀ ਨਸੀਬਾਂ ਨੂੰ ਆਪਣੇ 'ਤੇ ਨਾਜ਼ ਹੋਵੇਗਾ।

ਯਾਦ ਰਹੇ, ਨਜ਼ਰ ਤੁਹਾਡੀ ਹੈ। ਇਸ ਨੂੰ ਸੀਮਤ ਕਰਨਾ ਜਾਂ ਫੈਲਾਉਣਾ, ਚਮਕਾਉਣਾ ਜਾਂ ਧੁੰਧਲਾਉਣਾ, ਬਾਰੀਕਬੀਨੀ ਜਾਂ ਅਵਾਰਗੀ ਦੇ ਨਾਮ ਕਰਨਾ, ਇਹ ਤਾਂ ਮਨੁੱਖ ਦੇ ਵੱਸ। ਇਸ ਨਾਲ ਹੀ ਬਹੁਤ ਸਾਰੀਆਂ ਖਿਆਨਤਾਂ ਨੂੰ ਅਮਾਨਤਾਂ ਬਣਨ, ਅੰਧਰਾਤੇ ਨੂੰ ਚਾਨਣਵੰਤਾ ਕਰਨ ਜਾਂ ਭੁੱਲ-ਭੁਲਾਈਆਂ ਨੂੰ ਸੇਧਤ ਕੀਤਾ ਜਾ ਸਕਦਾ।

ਨਜ਼ਰ, ਨਜ਼ਰੀਆ, ਨਦਰਿ ਤੇ ਨਸੀਬ ਦਾ ਸੁਜੋੜ, ਜ਼ਿੰਦਗੀ ਦਾ ਸਭ ਤੋਂ ਅਹਿਮ ਤੇ ਵੱਡਮੁੱਲਾ ਹਾਸਲ। ਇਸ ਨੂੰ ਜੀਵਨ ਦਾ ਅੰਗ ਬਣਾਉਣ ਵਾਲੇ, ਇਨ੍ਹਾਂ ਦੇ ਸੰਗਮ ਵਿਚੋਂ ਖੁਦ ਨੂੰ ਦਾਤਾਂ ਨਾਲ ਨਿਵਾਜਦੇ। ਬਰਕਤਾਂ ਨੂੰ ਝੋਲੀ ਪਾਉਂਦੇ। ਜੀਵਨ ਦੀ ਸਾਰਥਕਤਾ ਅਤੇ ਸਦੀਵਤਾ ਨੂੰ ਸਦਉਪਯੋਗੀ ਬਣਾ, ਇਸ ਦੀ ਸੁੰਦਰਤਾ ਤੇ ਸੁਘੜਤਾ ਨੂੰ ਨਵੇਂ ਅਰਥ ਦਿੰਦੇ। ਇਹ ਹੀ ਮਨੁੱਖੀ ਸ਼ਖਸੀਅਤ ਨੂੰ ਵਿਸ਼ਾਲਣ ਅਤੇ ਨਿਖਾਰਨ ਵਿਚ ਸਹਾਈ ਹੁੰਦੇ।


ਨਜ਼ਰ, ਤੰਗ-ਨਜ਼ਰੀਆ, ਹੀਣ-ਭਾਵਨਾ ਜਾਂ ਖੁਦ ਦੀ ਗੁੰਮਸੁਮਤਾ ਨਹੀਂ, ਸਗੋਂ ਨਜ਼ਰ ਨਾਲ ਤਾਂ ਨਜ਼ਰੀਏ ਦੀਆਂ ਬਾਰੀਕੀਆਂ ਅਤੇ ਇਸ ਵਿਚ ਮਿਸ਼ਰਤ ਉਨ੍ਹਾਂ ਸੁਗਾਤਾਂ ਨੂੰ ਆਪਣੇ ਨਾਮ ਕੀਤਾ ਜਾ ਸਕਦਾ, ਜਿਨ੍ਹਾਂ ਦਾ ਬੰਦੇ ਨੂੰ ਕਿਆਸ ਵੀ ਨਹੀਂ ਹੁੰਦਾ।

ਨਜ਼ਰ ਨਾਲ ਨਜ਼ਰ ਮਿਲਦੀ ਤਾਂ ਕਈ ਵਾਰ ਸਾਹਾਂ ਦੇ ਸੌਦੇ ਹੋ ਜਾਂਦੇ। ਨਜ਼ਰਾਂ ਨਾਲ ਹੀ ਉਮਰਾਂ ਦੀ ਸਾਂਝ ਪੈਦਾ ਹੁੰਦੀ। ਪਾਕ ਨਜ਼ਰਾਂ ਦਾ ਕੋਮਲ ਬੰਦਨ, ਬੰਦੇ ਨੂੰ ਅਪਣੱਤ ਭਰਪੂਰ ਪਲਾਂ ਨੂੰ ਜਿਉਣ ਅਤੇ ਜ਼ਿੰਦਗੀ ਦਾ ਮੁਹਾਂਦਰਾ ਸਿਰਜਣ ਵਿਚ ਬਹੁਤ ਅਹਿਮ।

ਜ਼ਿੰਦਗੀ ਵਿਚ ਕਦੇ ਵੀ ਕੁਝ ਅਜਿਹਾ ਨਾ ਕਰੋ ਕਿ ਨਜ਼ਰ ਨੀਵੀਂ ਕਰਕੇ ਜ਼ਿੰਦਗੀ ਦਾ ਭਾਰ ਢੋਣ ਲਈ ਮਜਬੂਰ ਹੋਣਾ ਪਵੇ। ਸਿਰ ਉਚਾ ਰੱਖ ਕੇ ਜਿਉਣ ਵਾਲੇ ਹੀ ਜ਼ਿੰਦਗੀ ਦੇ ਸ਼ਾਹ-ਅਸਵਾਰ ਹੁੰਦੇ ਅਤੇ ਉਹ ਜ਼ਿੰਦਗੀ ਨੂੰ ਨਸੀਬਾਂ ਦੀ ਪਟਰਾਣੀ ਬਣਾਉਂਦੇ। ਨਜ਼ਰ ਨਾਲ ਨਜ਼ਰ ਮਿਲਾ ਕੇ, ਜ਼ਿੰਦਗੀ ਦੇ ਨੈਣਾਂ ਵਿਚ ਝਾਕਣ ਵਾਲੇ ਹੀ ਹਾਂ-ਪੱਖੀ ਵਰਤਾਰਿਆਂ ਦਾ ਵਣਜ ਕਰਦੇ। ਇਸ ਵਿਚੋਂ ਹੀ ਨਿਆਰੀ ਅਤੇ ਨਰੋਈ ਜੀਵਨ-ਜਾਚ ਨੂੰ ਜ਼ਿੰਦਗੀ ਦੇ ਨਾਮ ਕਰਦੇ।

ਜ਼ਿੰਦਗੀ ਦੀ ਸੁਰਮੀਅਤ ਤੇ ਸੰਜੀਵਨੀ ਲਈ ਜਰੂਰੀ ਹੈ, ਆਪਣਿਆਂ ਦੀ ਮੋਹ-ਭਰੀ ਨਦਰਿ ਨਾਲ ਨਿਹਾਲ ਹੋਣਾ, ਜਿਸ ਵਿਚੋਂ ਸਿਆਣਪਾਂ ਦੀ ਬਾਰਸ਼ ਹੋਵੇ, ਰਾਹਾਂ ਤੇ ਕਿਰਨਾਂ ਤਰੌਂਕੀਆਂ ਜਾਣ, ਮਸਤਕ ਦੇ ਨਾਮ ਸੂਰਜਾਂ ਦੀ ਰੁੱਤ ਅਤੇ ਬਗਲੀ ਪਾ ਕੇ ਤਾਰਿਆਂ ਦਾ ਵਣਜ ਕਰਨ ਦੀ ਜਾਚ ਆਵੇ। ਅੰਬਰੀ ਫਿਜ਼ਾ ਵਿਚ ਸੁਪਨੇ ਬੀਜਣ ਵਾਲਿਆਂ ਦੇ ਭਾਗਾਂ ਵਿਚ ਸੁੰਦਰ ਅਤੇ ਸਦਾਕਤੀ ਨਸੀਬਾਂ ਦੀ ਫਸਲ ਉਗਦੀ। ਤਿਖੇਰੀਆਂ ਧੁੱਪਾਂ, ਝੱਖੜਾਂ ਅਤੇ ਔੜਾਂ ਤੋਂ ਬਚ ਕੇ ਮੌਲਣ ਦੀ ਮੱਤ ਆਉਂਦੀ। ਉਹ ਸਾਹ-ਬਗੀਚੇ ਵਿਚ ਫੁੱਲਾਂ ਅਤੇ ਫਲਾਂ ਦੀਆਂ ਸੌਗਾਤਾਂ ਸਮਿਆਂ ਦੇ ਨਾਮ ਕਰਦੇ। ਕਦੇ ਬਿਰਖ ਵਰਗੀ ਜ਼ਿੰਦਗੀ ਨੂੰ ਆਪਣੀ ਜ਼ਿੰਦਗੀ ਸੰਗ ਤੋਲਨਾ, ਪਤਾ ਲੱਗੇਗਾ ਕਿ ਬਿਰਖਾਂ ਵਰਗਾ ਫਕੀਰ ਬਣ, ਸੁਗਮ-ਸੋਚ ਨੂੰ ਹਰ ਨਜ਼ਰ ਦੇ ਨਾਮ ਕਰਕੇ, ਦਰਿਆਈ ਅਨਾਇਤ ਵਰਗਾ ਪਰਉਪਕਾਰੀ ਕਰਮ ਸਿਰਫ ਆਪਣੇ ਹੀ ਆਪਣਿਆਂ ਲਈ ਕਰਦੇ।

ਨਜ਼ਰ ਵਿਚੋਂ ਨਜ਼ਰੀਆ ਪੜ੍ਹਨ ਅਤੇ ਨਜ਼ਰੀਏ ਵਿਚੋਂ ਨਸੀਬਾਂ ਦੇ ਨਕਸ਼ ਉਘਾੜਨ ਵਾਲੇ ਹੀ ਜ਼ਿੰਦਗੀ ਨੂੰ ਵੱਖਰੇ ਕੋਣ ਤੋਂ ਸਮਝਣ ਅਤੇ ਇਸ ਨੂੰ ਆਪਣੇ ਨਜ਼ਰੀਏ ਅਨੁਸਾਰ ਵਿਉਂਤਣ ਤੇ ਵਿਸਥਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ।



ਨਜ਼ਰਾਂ ਵਿਚ ਨਖਰਾ, ਨਮੋਸ਼ੀ, ਨਾਦਾਰਦੀ ਜਾਂ ਨਕਾਰਾਤਮਿਕਤਾ ਨਹੀਂ ਹੋਣੀ ਚਾਹੀਦੀ। ਨਾ ਹੀ ਇਸ ਵਿਚ ਨਾਲਾਇਕੀ, ਨਿਘੋਚਾਪਣ ਜਾਂ ਨਾਅਹਿਲੀਅਤ ਹੋਣੀ ਚਾਹੀਦੀ, ਸਗੋਂ ਇਸ ਦੇ ਦਿਸਹੱਦਿਆਂ ਵਿਚਲੀ ਨਰਮਾਈ, ਨਾਚੀਜ਼ਤਾ ਅਤੇ ਨਿਰਮਾਣਤਾ ਨਾਲ ਹੀ ਨਜ਼ਰ ਵਸੀਹ ਹੁੰਦੀ। ਬਹੁਤ ਲੋਕ ਹੁੰਦੇ, ਜੋ ਨਜ਼ਰਾਂ ਨਾਲ ਹੀ ਹਰੇਕ ਨੂੰ ਤੋਲਦੇ ਤੇ ਕਿਆਸਦੇ, ਪਰ ਆਪਣੇ ਅਸਾਂਵੇਂਪਣ ਨੂੰ ਖੁਦ ਹੀ ਦੇਖਣ ਤੋਂ ਅਸਮਰਥ ਹੁੰਦੇ। ਲੋੜ ਹੈ, ਕਦੇ ਕਦਾਈਂ ਦੂਸਰਿਆਂ ਦੀ ਨਜ਼ਰ ਨਾਲ ਖੁਦ ਨੂੰ ਦੇਖੋ ਤਾਂ ਪਤਾ ਲੱਗੇਗਾ ਕਿ ਤੁਸੀਂ ਕੀ ਹੋ? ਤੁਹਾਡੀ ਕੀ ਅਹਿਮੀਅਤ ਹੈ? ਖੁਦ ਨੂੰ ਹੀ ਖੁਦਾ ਸਮਝਣ ਅਤੇ ਖੁਦ ਹੀ ਆਪਣੀ ਸੌੜੀਆਂ ਸੋਚਾਂ ਨੂੰ ਖੁਦਦਾਰੀ ਦੇ ਪੱਠੇ ਪਾਉਣ ਨਾਲ ਕੋਈ ਵੱਡਾ ਨਹੀਂ ਹੁੰਦਾ, ਸਗੋਂ ਉਹ ਹੋਰ ਹੀਣਾ ਹੋਈ ਜਾਂਦਾ। ਦੂਸਰਿਆਂ ਦੇ ਨੈਣਾਂ ਵਿਚ ਖੁਦ ਦੀਆਂ ਕਮੀਆਂ ਤੇ ਕੁਤਾਹੀਆਂ ਨੂੰ ਦੂਰ ਕਰਕੇ ਹੀ ਅਸੀਂ ਆਪਣੀ ਨਜ਼ਰ ਨੂੰ ਖੁਦ ਹੋਰ ਉਤਾਂਹ ਚੁੱਕ ਸਕਦੇ ਹਾਂ। ਮਹਾਨ ਵਿਅਕਤੀ ਹਮੇਸ਼ਾ ਦੂਸਰਿਆਂ ਦੇ ਦੀਦਿਆਂ ਵਿਚ ਉਤਰੇ ਬਿੰਬ ਵਿਚੋਂ ਹੀ ਆਪਣੇ ਸ਼ਖਸੀ ਬਿੰਬ ਨੂੰ ਹੋਰ ਨਿਖਾਰਨ ਲਈ ਯਤਨਸ਼ੀਲ ਰਹਿੰਦੇ।

ਕੁਝ ਲੋਕ ਨੈਣ-ਵਿਹੂਣੇ ਹੁੰਦੇ ਹੋਏ ਵੀ ਨਜ਼ਰ ਦੀ ਦਾਤ ਹਰੇਕ ਦੀ ਝੋਲੀ ਵਿਚ ਪਾਉਂਦੇ। ਉਨ੍ਹਾਂ ਦਾ ਅੰਦਰਲਾ, ਚਾਨਣ-ਚਾਨਣ ਹੁੰਦਾ। ਇਸ ਅੰਦਰਲੇ ਚਾਨਣ ਨੂੰ ਵੰਡਣ ਦੀ ਜਾਚ ਕਾਰਨ ਹੀ ਉਹ ਮਾਨਵਵਾਦੀ ਅਤੇ ਬੰਦਿਆਈ ਭਰਪੂਰ ਕਾਰਜਾਂ ਨੂੰ ਪਹਿਲੀ ਪਸੰਦ ਬਣਾਉਂਦੇ। ਆਪਣੀਆਂ ਲੋੜ੍ਹਾਂ, ਥੋੜ੍ਹਾਂ ਅਤੇ ਘਾਟਾਂ ਨੂੰ ਨਾ ਆਪਣੀ ਕਮਜੋਰੀ ਤੇ ਨਾ ਹੀ ਨਮੋਸ਼ੀ ਬਣਾਉਂਦੇ। ਸਗੋਂ ਇਸ ਨੂੰ ਇਕ ਤਾਕਤ ਬਣਾ, ਸਮਾਜ ਲਈ ਮਿਸਾਲ ਬਣਦੇ। ਦੁਨੀਆਂ ਅਲੋਕਾਰਾ ਮੁਕਾਮ ਸਿਰਜਣ ਲਈ, ਤਮਾਮ ਕੋਸ਼ਿਸ਼ਾਂ ਨੂੰ ਇਕ ਬਿੰਦੂ 'ਤੇ ਕੇਂਦਰਤ ਕਰਦੇ। ਉਨ੍ਹਾਂ ਲਈ ਸਮੂਹਿਕ ਸੋਚ ਅਤੇ ਬੰਦਿਆਈ ਹੀ ਪ੍ਰਮੁੱਖਤਾ ਹੁੰਦੀ।

ਨਜ਼ਰ ਨੂੰ ਕਦੇ ਨਿਕੰਮੀ, ਨਿਗੂਣੀ ਜਾਂ 'ਨੇਰ-ਪੱਖੀ ਨਾ ਬਣਾਓ। ਨਜ਼ਰ ਵਿਚੋਂ ਹੀ ਨਦਰਿ ਪਨਪਦੀ ਤੇ ਨਸੀਬਾਂ ਨੂੰ ਪਰਵਾਜ਼ ਮਿਲਦੀ। ਨਸੀਬ, ਮਸਤਕ 'ਤੇ ਖੁਣੀਆਂ ਲਕੀਰਾਂ ਨਹੀਂ। ਇਹ ਤਾਂ ਚੇਤਨਾ ਵਿਚ ਬੈਠੀ ਸੂਖਮ ਸੰਵੇਦਨਾ ਨੂੰ ਮੁਖਾਤਬ ਹੋਣਾ ਹੁੰਦਾ, ਜਿਸ ਨਾਲ ਮਨੁੱਖ ਵਿਚੋਂ ਮਨੁੱਖਤਾ, ਬੰਦੇ ਵਿਚੋਂ ਬੰਦਿਆਈ ਅਤੇ ਵਿਅਕਤੀ ਵਿਚੋਂ ਵਿਅਕਤੀਤਵ ਦਾ ਸੁੱਚਮ ਨਿਹਾਰਨ ਦੀ ਆਦਤ ਪੈਂਦੀ। ਨਜ਼ਰ ਵਿਚੋਂ ਨਜ਼ਰੀਏ ਨੂੰ ਪੜ੍ਹਨ, ਪ੍ਰਵਾਨ ਕਰਨ ਅਤੇ ਇਸ ਨੂੰ ਨਸੀਬਾ ਬਣਾਉਣ ਲਈ ਰੁਚਿਤ ਹੋਣਾ ਹੀ ਮਨੁੱਖ ਦਾ ਸੁੱਚਾ ਕਰਮ।

ਨਜ਼ਰਾਂ ਤੋਂ ਪਾਰ ਕੋਈ ਵਿਰਲਾ ਹੀ ਦੇਖਦਾ, ਭਰਦਾ ਏ ਨਦਰਿ ਦਾ ਪਾਣੀ। ਉਸ ਦੇ ਰਾਹਾਂ ਵਿਚ ਜ਼ਿੰਦਗੀ ਦੀ ਰੇਜ਼ਤਾ ਤੇ ਅੰਤਰੀਵ 'ਚ ਵੱਸਦੀ ਰੂਹਾਨੀ। ਸਮਿਆਂ ਦੀ ਬੀਹੀ ਵਿਚ ਸੁੱਚੀ ਸੱਚੀ ਹਾਕ ਮਾਰੇ ਤੇ ਸਾਹਾਂ ਵਿਚ ਮਹਿਕਦੀ ਏ ਲੋਰ। ਵਕਤਾਂ ਦੀ ਰੰਗਤ ਵਿਚ ਰੰਗੀ ਜਾਂਦੀ, ਠਿੱਬੇ ਜਿਹੇ ਪੱਬਾਂ ਦੀ ਵੀ ਤੋਰ। ਨਜ਼ਰ ਤੋਂ ਨਸੀਬ ਅਤੇ ਨਦਰਿ ਨਿਹਾਰਨਾ, ਸੁੱਚੇ ਜਿਹੇ ਬੰਦਿਆਂ ਦਾ ਕਾਜ਼। ਤਾਹੀਉਂ ਉਹ ਜ਼ਿੰਦਗੀ ਵਿਚ ਰੁੱਝੇ ਹੋਏ, ਜਾਣਦੇ ਨੇ ਜ਼ਿੰਦਗੀ ਦਾ ਰਾਜ਼।

ਜ਼ਿੰਦਗੀ ਵਿਚ ਬਹੁਤ ਸਾਰੀਆਂ ਮੁਸ਼ਕਿਲਾਂ ਤੇ ਔਕੜਾਂ ਹੁੰਦੀਆਂ। ਅਸੀਂ ਇਸ ਨੂੰ ਕਿਸ ਨਜ਼ਰੀਏ ਨਾਲ ਦੇਖਦੇ, ਇਸ 'ਚੋਂ ਕੀ ਅਰਥ ਕੱਢਦੇ, ਇਸ ਨੂੰ ਆਪਣੀ ਸੋਚ-ਸਮਝ ਅਨੁਸਾਰ ਕਿਵੇਂ ਵਿਉਂਤਦੇ ਅਤੇ ਇਸ ਵਿਚੋਂ ਸੁਚਾਰੂ ਸਿੱਟੇ ਕੱਢਣ ਵਿਚ ਕਿੰਨੇ ਕਾਮਯਾਬ ਹੁੰਦੇ, ਇਹ ਮਨੁੱਖ ਦੇ ਨਜ਼ਰੀਏ 'ਤੇ ਨਿਰਭਰ। ਕਿਸੇ ਲਈ ਪਾਣੀ ਦਾ ਅੱਧਾ ਗਲਾਸ ਖਾਲੀ ਹੁੰਦਾ, ਜਦ ਕਿ ਕਿਸੇ ਲਈ ਅੱਧਾ ਭਰਿਆ ਹੁੰਦਾ।

ਅਕਸਰ ਨਜ਼ਰ ਨੂੰ ਉਹ ਚੀਜ਼ ਚੰਗੀ ਲੱਗਦੀ, ਜੋ ਨਸੀਬ ਵਿਚ ਨਹੀਂ ਹੁੰਦੀ, ਜਦੋਂ ਕਿ ਕਈ ਵਾਰ ਨਸੀਬ ਵਿਚ ਉਹ ਚੀਜ਼ ਹਾਸਲ ਹੋ ਜਾਂਦੀ, ਜਿਹੜੀ ਸਾਡੀ ਨਜ਼ਰ ਨੂੰ ਨਜ਼ਰ ਹੀ ਨਹੀਂ ਆਉਂਦੀ। ਜ਼ਿੰਦਗੀ ਵਿਚ ਨਸੀਬ ਪਲ ਪਲ ਬਦਲਦੇ ਨੇ। ਇਸ ਨੂੰ ਤਾਂ ਹੀ ਜ਼ਿੰਦਗੀ ਕਹਿੰਦੇ। ਕਦੇ ਕੁਝ ਗਵਾਉਣ ਦਾ ਕੋਈ ਗਮ ਨਾ ਕਰੋ, ਕਿਉਂਕਿ ਜਿਹੜਾ ਤੁਹਾਨੂੰ ਹਾਸਲ ਹੈ, ਉਹ ਕਿਹੜਾ ਘੱਟ ਆ। ਦਰਅਸਲ ਬੰਦੇ ਨੂੰ ਸਮਝਣਾ ਚਾਹੀਦਾ ਕਿ ਜੋ ਕੋਲ ਨਹੀਂ ਹੈ, ਉਹ ਤਾਂ ਸਿਰਫ ਇਕ ਖਾਬ ਹੈ; ਪਰ ਜੋ ਕੋਲ ਹੈ, ਉਹ ਤਾਂ ਬਾਕਮਾਲ ਹੈ। ਇਸ ਲਾਜਵਾਬੀ ਨੂੰ ਜੀਵਨੀ ਲਬਰੇਜ਼ਤਾ ਬਣਾ ਲਵੋਗੇ ਤਾਂ ਜ਼ਿੰਦਗੀ ਬਹੁਤ ਸੁੰਦਰ ਨਜ਼ਰ ਆਵੇਗੀ।

ਨਜ਼ਰ ਨੂੰ ਨਦਰਿ ਦੇ ਰੂਪ ਵਿਚ ਨਿਹਾਰੋ। ਇਸ ਦੀ ਪਾਕੀਜ਼ਗੀ ਨੂੰ ਜੀਵਨ ਦੀ ਰੂਹ-ਰੇਜ਼ਤਾ ਰਾਹੀਂ ਵਿਸਥਾਰੋ। ਇਸ ਦੇ ਚਾਨਣ ਰੱਤੜੇ ਰੂਪ ਨੂੰ ਅੰਤਰੀਵ ਵਿਚ ਉਤਾਰੋ। ਤੁਹਾਡੇ ਮੁੱਖ 'ਤੇ ਨਸੀਬਾਂ ਦਾ ਫੈਲਿਆ ਨੂਰ, ਆਲੇ-ਦੁਆਲੇ ਨੂੰ ਰੌਸ਼ਨ-ਰੌਸ਼ਨ ਕਰੇਗਾ। ਰੌਸ਼ਨੀ ਦੇ ਭਰੇ ਭੰਡਾਰ ਵਿਚ, ਜੀਵਨ ਦੇ ਹਰ ਰੰਗ ਨੂੰ ਉਸੇ ਰੂਪ ਵਿਚ ਮਾਣਨ ਤੇ ਅੰਤਰੀਵਤਾ ਵਿਚ ਸਮਾਉਣ ਦੀ ਸੋਝੀ ਮਿਲੇਗੀ।

ਨਜ਼ਰ ਵਿਚ ਉਪਰ ਉਠਣਾ ਜਾਂ ਨਜ਼ਰਾਂ ਵਿਚੋਂ ਗਿਰ ਜਾਣਾ, ਦੋ ਵੱਖ-ਵੱਖ ਵਰਤਾਰੇ ਅਤੇ ਵੱਖਰੇ ਸਰੋਕਾਰਾਂ ਦਾ ਸੰਦੇਸ਼। ਕੁਝ ਅੱਖਾਂ 'ਤੇ ਬਿਠਾਉਂਦੇ ਤੇ ਕੁਝ ਦੀ ਸੋਚ ਹੈ, 'ਹਮ ਦੁਸ਼ਮਣ ਕੋ ਭੀ ਬੜੀ ਸ਼ਾਨਦਾਰ ਸਜ਼ਾ ਦੇਤੇ ਹੈਂ। ਹਾਥ ਨਹੀਂ ਉਠਾਤੇ ਬਸ ਨਜ਼ਰ ਸੇ ਗਿਰਾ ਦੇਤੇ ਹੈਂ।'

ਨਜ਼ਰ ਵਿਚੋਂ ਅਲਫਾਜ਼ ਪੜ੍ਹਨ ਦੀ ਜਾਚ ਜਦ ਆ ਜਾਂਦੀ ਤਾਂ ਨਜ਼ਰੀਏ ਅਤੇ ਨਸੀਬ ਦੀ ਵੀ ਸਮਝ ਆ ਜਾਂਦੀ, ਪਰ ਅੱਖਾਂ ਵਿਚੋਂ ਅੱਖਰ ਪੜ੍ਹਨ ਦੀ ਤੌਫੀਕ ਵਿਰਲਿਆਂ ਨੂੰ ਹੀ ਹੁੰਦੀ।

ਨਜ਼ਰ ਤੇ ਨਜ਼ਰੀਏ ਵਿਚ ਅੰਤਰ, ਪਰ ਨਜ਼ਰ ਵਿਚੋਂ ਹੀ ਨਜ਼ਰੀਏ ਦਾ ਆਗਾਜ਼ ਅਤੇ ਨਜ਼ਰੀਆ ਹੀ ਨਸੀਬਾਂ ਨੂੰ ਉਕਰਨ ਵਿਚ ਸਹਾਈ।

ਨਜ਼ਰ, ਜਦ ਨਜ਼ਰ-ਅੰਦਾਜ਼ ਕਰਨ ਦੇ ਰਾਹ ਤੁਰਦੀ ਤਾਂ ਨਜ਼ਰੀਆ ਵੀ ਰੁੱਸ ਜਾਂਦਾ। ਫਿਰ ਨਸੀਬ ਵੀ ਬੇਦਾਵਾ ਦੇਣ ਲੱਗਿਆਂ ਦੇਰ ਨਹੀਂ ਲਾਉਂਦੇ।

ਨਜ਼ਰ ਦਾ ਧੁੰਦਲਕਾ ਤਾਂ ਓਪਰੇਸ਼ਨ ਕਰਕੇ ਜਾਂ ਐਨਕਾਂ ਲਾ ਕੇ ਦੂਰ ਕੀਤਾ ਜਾ ਸਕਦਾ, ਪਰ ਨਜ਼ਰੀਏ ਦੇ ਬਦਲਣ ਲਈ ਸਿਆਣਪ ਅਤੇ ਸਮਝ ਦਾ ਹੋਣੀ ਅਤਿ ਜਰੂਰੀ।

ਨਜ਼ਰ-ਏ-ਅੰਦਾਜ਼, ਮਨੁੱਖ ਦਾ ਸਭ ਤੋਂ ਉਤਮ ਰਾਜ਼। ਦਰਪਣ ਕਦੇ ਵੀ ਝੂਠ ਨਹੀਂ ਬੋਲਦਾ। ਨਜ਼ਰ-ਏ-ਅੰਦਾਜ਼ ਹੀ ਦੱਸ ਦਿੰਦਾ ਹੈ ਬਿਗਾਨਿਆਂ ਵਿਚ ਰਮੀ ਹੋਈ ਅਪਣੱਤ ਅਤੇ ਆਪਣਿਆਂ ਵਿਚ ਘਰ ਕਰ ਬੈਠੀ ਬੇਗਾਨਗੀ। ਨਜ਼ਰ-ਏ-ਅੰਦਾਜ਼, ਅਦਬੀ, ਸੁੱਚਾ ਤੇ ਸੱਚਾ ਹੋਵੇ ਤਾਂ ਸਾਦਗੀ ਵਿਚੋਂ ਵੀ ਸੁੰਦਰਤਾ ਦਾ ਮੁਜੱਸਮਾ ਫੁੱਟਦਾ।

ਹਰੇਕ ਦੀ ਨਜ਼ਰ ਵਿਚ ਕੋਈ ਵੀ ਪੂਰਨ ਬੇਗੁਨਾਹ ਨਹੀਂ ਰਹਿ ਸਕਦਾ, ਪਰ ਕਦੇ ਵੀ ਆਪਣੀ ਨਜ਼ਰ ਵਿਚੋਂ ਨਾ ਡਿੱਗੋ, ਕਿਉਂਕਿ ਡਿੱਗ ਕੇ ਉਠਣਾ ਬਹੁਤ ਮੁਹਾਲ ਹੁੰਦਾ। ਦਾਗ ਤਾਂ ਫਿਰ ਵੀ ਰਹਿ ਹੀ ਜਾਂਦੇ।

ਸਭ ਤੋਂ ਸੰਪੂਰਨ, ਸੱਚੇ, ਸੰਵੇਦਨਸ਼ੀਲ ਅਤੇ ਸਾਧਕ ਉਹ ਲੋਕ ਹੁੰਦੇ, ਜਿਨ੍ਹਾਂ ਦੀ ਨਜ਼ਰ ਵਿਚ ਜ਼ਿੰਦਗੀ ਬਹੁਤ ਹੁਸੀਨ ਹੁੰਦੀ। ਉਹ ਇਸ ਦੀ ਹੁਸੀਨਤਾ ਨੂੰ ਚਾਰ ਚੰਨ ਲਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ। ਜ਼ਿੰਦਗੀ ਨੂੰ ਹੋਰ ਅਰਥਮਈ, ਅਰੋਗ ਅਤੇ ਅਰਘ-ਰੰਗੀ ਬਣਾਉਣਾ ਹੀ ਜੀਵਨ ਦਾ ਮੂਲ-ਮੰਤਰ ਹੋਣਾ ਚਾਹੀਦਾ।


ਨਜ਼ਰ ਨਾਲ ਨਸੀਬ ਲਿਖਣ ਦੀ ਜਾਚ ਆ ਜਾਵੇ ਤਾਂ ਜ਼ਿੰਦਗੀ ਨੂੰ ਆਪਣੀ ਹੋਂਦ ਤੇ ਮਾਣ। ਤਦ ਨਜ਼ਰ, ਨਦਰਿ ਦਾ ਰੁਤਬਾ ਹਾਸਲ ਕਰਦੀ। ਅਜਿਹਾ ਮਾਣ ਬਣਨ ਵਿਚ ਪਹਿਲ ਤਾਂ ਕਰਨੀ ਹੀ ਪੈਣੀ। ਤਾਂ ਫਿਰ ਦੇਰ ਕਾਹਦੀ?

# ਗੁਰਦੁਆਰਾ ਬਿਲ ਤੇ ਸ਼ਰਤਾਂ

***20ਵੀ ਸਦੀ ਦੀ ਸਿੱਖ ਸਿਆਸਤ ਵਿਚ 20ਵਿਆਂ ਵਾਲਾ ਦਹਾਕਾ ਬਹੁਤ ਅਹਿਮੀਅਤ ਰੱਖਦਾ ਹੈ ਜਿਸ ਨੇ ਆਉਣ ਵਾਲੀ ਸਿਆਸਤ ਨੂੰ ਵੱਡੇ ਪੱਧਰ ਉਤੇ ਪ੍ਰਭਾਵਿਤ ਕੀਤਾ। ਇਸ ਸਮੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ। ਕੁਝ ਹੀ ਸਾਲਾਂ ਵਿਚ ਫਿਰ 1925 ਵਿਚ ਸਿੱਖ ਗੁਰਦੁਆਰਾ ਐਕਟ ਬਣਿਆ। ਹਲਚਲ ਵਾਲੇ ਉਸ ਦੌਰ ਦੇ ਕਾਰਕੁਨ ਰਹੇ ਅਤੇ ਉਘੇ ਲਿਖਾਰੀ ਹੀਰਾ ਸਿੰਘ ਦਰਦ ਨੇ ਸਿੱਖ ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ ਤਿਆਰ ਗੁਰਦੁਆਰਾ ਬਿਲ ਦੇ ਪਿਛੋਕੜ ਬਾਰੇ ਇਹ ਰਚਨਾ ਕੀਤੀ ਸੀ ਜਿਸ ਤੋਂ ਉਸ ਦੌਰ ਦੌਰਾਨ ਹੋ ਰਹੀ ਉਥਲ-ਪੁਥਲ ਦਾ ਪਤਾ ਲੱਗਦਾ ਹੈ। -ਸੰਪਾਦਕ***

7 ਜੂਨ 1925 ਈਸਵੀ ਨੂੰ ਪੰਜਾਬ ਕੌਂਸਲ ਦੇ ਸ਼ਿਮਲਾ ਸਮਾਗਮ ਵਿਚ ਗੁਰਦੁਆਰਾ ਬਿਲ ਪਾਸ ਹੋ ਗਿਆ। ਇਸ ਸਮੇਂ ਪੰਜਾਬ ਦਾ ਗਵਰਨਰ ਸਰ ਹੇਲੀ ਸੀ। ਉਹ ਬੜਾ ਹੁਸ਼ਿਆਰ ਤੇ ਸਾਮਰਾਜੀ ਨੀਤੀ ਵਿਚ ਨਿਪੁੰਨ ਸੀ। ਗੁਰਦੁਆਰਾ ਬਿਲ ਨੇ ਸਿੱਖ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਅਤੇ ਪੁਜਾਰੀਆ ਹੱਥੋਂ ਖੋਹ ਕੇ ਸਿੱਖਾਂ ਦੀ ਆਮ ਰਾਇ ਦੁਆਰਾ ਚੁਣੇ ਜਾਣ ਵਾਲੇ ਸੈਂਟਰਲ ਗੁਰਦੁਆਰਾ ਬੋਰਡ ਦੇ ਸਪੁਰਦ ਕਰ ਦਿੱਤਾ ਸੀ। ਅਕਾਲੀ ਲਹਿਰ ਦੀ ਇਹ ਬੜੀ ਮਹਾਨ ਤੇ ਇਤਿਹਾਸਕ ਜਿੱਤ ਸੀ। ਮਹੰਤਾਂ ਦੀ ਸਰਪ੍ਰਸਤ ਅੰਗਰੇਜ਼ੀ ਹਕੂਮਤ ਨੂੰ ਵੀ ਬੜੀ ਵੱਡੀ ਹਾਰ ਹੋਈ ਸੀ ਪਰ ਬਰਤਾਨਵੀ ਹਕੂਮਤ ਨੇ ਇਸ ਜਿੱਤ ਵਿਚੋਂ ਅਕਾਲੀਆਂ ਦੀਆਂ ਉਹ ਕਮਜ਼ੋਰੀਆਂ ਵੀ ਚੰਗੀ ਤਰ੍ਹਾਂ ਸਮਝ ਲਈਆਂ ਜਿਹੜੀਆਂ ਇਸ ਜਿੱਤ ਨੂੰ ਨਿਸਫਲ ਬਣਾ ਸਕਦੀਆਂ ਸਨ ਅਤੇ ਜਿਨ੍ਹਾਂ ਨੂੰ ਵਰਤ ਕੇ ਉਹ ਸਿੱਖਾਂ ਵਿਚ ਫੁੱਟ ਨੂੰ ਵਧਾਣ ਦੀ ਆਸ ਰੱਖਦੀ ਸੀ। ਗੁਰਦੁਆਰਿਆਂ ਦੀ ਲੱਖਾਂ ਰੁਪਏ ਦੀ ਆਮਦਨ ਸਿੱਖਾਂ ਵਿਚ ਧੜੇਬੰਦੀਆਂ ਦਾ ਕਾਰਨ ਬਣ ਸਕਦੀ ਸੀ।

1920 ਵਿਚ ਆਰੰਭ ਹੋਈ ਅਕਾਲੀ ਲਹਿਰ ਇਕ ਬੜੀ ਵਿਸ਼ਾਲ ਜਨਤਕ ਲਹਿਰ ਬਣ ਗਈ ਸੀ। ਇਸ ਵਿਚ ਧਰਮ ਭਾਵ ਤੋਂ ਪ੍ਰੇਰਤ ਹੋਣ ਵਾਲੀ ਆਮ ਸਿੱਖ ਜਨਤਾ ਤੋਂ ਬਿਨਾਂ ਦੇਸ਼ ਭਗਤ, ਆਜ਼ਾਦੀ ਪਸੰਦ ਤੇ ਗਦਰ ਲਹਿਰ ਦੇ ਸੰਗਰਾਮੀਏ ਸਿੱਖ ਵੀ ਵਧ ਚੜ੍ਹ ਕੇ



**ਹੀਰਾ ਸਿੰਘ ਦਰਦ**

ਹਿੱਸਾ ਲੈ ਰਹੇ ਸਨ। ਦਿਸਣ ਵਿਚ ਇਹ ਇਕ ਧਾਰਮਕ ਲਹਿਰ ਸੀ। ਧਰਮ ਦੇ ਨਾਂ 'ਤੇ ਰਾਜਸੀ ਵੀ ਸਨ। ਇਸ ਦੀ ਆਤਮਾ ਆਜ਼ਾਦੀ ਪਸੰਦ ਤੇ ਸਾਮਰਾਜ ਵਿਰੋਧੀ ਸੀ। ਇਸ ਨੇ ਪੰਜਾਬ ਵਿਚ ਹਕੂਮਤ ਦਾ ਰੋਹਬ ਦਾਬ ਉਡਾ ਦਿੱਤਾ ਸੀ। ਜੇਹਲਾਂ, ਕੈਦਾਂ, ਕੁਰਕੀਆਂ ਤੇ ਜੁਰਮਾਨਿਆਂ ਦੀ ਅਕਾਲੀ ਵੀਰ ਰਤਾ ਪ੍ਰਵਾਹ ਨਹੀਂ ਕਰਦੇ ਸਨ ਬਲਕਿ ਛਾਤੀਆਂ ਤਾਣ ਕੇ ਲਾਠੀਆਂ, ਸੰਗੀਨਾਂ ਤੇ ਗੋਲੀਆਂ ਦੇ ਸਾਹਮਣੇ ਵੀ ਵਧਦੇ ਜਾਂਦੇ ਸਨ। ਆਰੰਭ ਵਿਚ ਹਕੂਮਤ ਬੜੀ ਘਬਰਾ ਗਈ ਸੀ। ਉਸ ਨੇ ਦਿਲ ਖੋਲ੍ਹ ਕੇ ਅਕਾਲੀਆਂ ਉੱਤੇ ਪਾਸ਼ਵੀ ਅਤਿਆਚਾਰ ਢਾਹੇ ਤੇ ਜਬਰ ਨਾਲ ਦਬਾਣ ਦਾ ਪੂਰਾ ਜਤਨ ਕੀਤਾ ਸੀ। ਉਸ ਨੂੰ ਵੱਡਾ ਡਰ ਇਹ ਸੀ, ਜੇ ਅਕਾਲੀਆਂ ਦੀ ਜਿੱਤ ਨਾਲ ਪ੍ਰੇਰਤ ਹੋ ਕੇ ਸਾਰੀ ਸਿੱਖ ਜਨਤਾ ਅੰਗਰੇਜ਼ਾਂ ਵਿਰੁਧ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋ ਗਈ ਤਾਂ ਬਰਤਾਨਵੀ ਰਾਜ ਦੀਆਂ ਬਹੁਤ ਛੇਤੀ ਜੜ੍ਹਾਂ ਹਿਲ ਜਾਣਗੀਆਂ। ਇਸ ਵਾਸਤੇ ਬਰਤਾਨਵੀ ਹਾਕਮਾਂ ਦੀ ਇਹ ਨੀਤੀ ਸੀ ਕਿ ਜਿਥੋਂ ਤਕ ਹੋ ਸਕੇ, ਅਕਾਲੀ ਲਹਿਰ ਨੂੰ ਦੇਸ਼ ਵਿਚ ਚਲ ਰਹੇ ਆਜ਼ਾਦੀ ਦੇ ਅੰਦੋਲਨ ਤੋਂ ਅੱਡ ਕੀਤਾ ਜਾਵੇ, ਜਾਂ ਅਕਾਲੀ ਲਹਿਰ ਦੀ ਲੀਡਰਸ਼ਿਪ ਵਿਚ ਵੱਧ ਤੋਂ ਵੱਧ ਅਜਿਹੇ ਸੱਜਣਾ ਨੂੰ ਸ਼ਾਮਲ ਹੋਣ ਵਿਚ ਉਤਸ਼ਾਹ ਤੇ ਸਹਾਇਤਾ ਦਿੱਤੀ ਜਾਵੇ ਜਿਨ੍ਹਾਂ ਦੇ ਹੱਥ ਵਿਚ ਇਹ ਲਹਿਰ ਨਿਰੋਲ ਸੁਧਾਰਕ, ਮਜ਼ਹਬੀ ਜਾਂ ਫਿਰਕੂ ਰੁਖ ਵਲ ਢਲਦੀ ਜਾਵੇ। ਆਰੰਭ ਵਿਚ ਅਕਾਲੀ ਲਹਿਰ ਦੀ ਸਿੱਧੀ ਟੱਕਰ ਹਕੂਮਤ ਨਾਲ ਹੁੰਦੀ ਵੇਖ ਕੇ ਜੋ ਲੋਕ ਇਸ ਤੋਂ ਦੂਰ ਦੂਰ ਰਹਿੰਦੇ ਸਨ, ਸਹਿਜੇ-ਸਹਿਜੇ ਇਸ ਦੇ ਵਿਚ ਧਸਦੇ ਗਏ। ਕਈ ਜ਼ਿਮੀਦਾਰ, ਧਨਾਢ ਤੇ ਮੱਧ ਸ਼੍ਰੇਣਿਕ ਸੁਧਾਰਕ ਵੀ ਅੱਗੇ ਆਉਂਦੇ ਗਏ ਤੇ ਇਸ ਵਿਚ ਸ਼ਾਮਲ ਹੋਂਦੇ ਗਏ।

ਗੁਰਦੁਆਰਾ ਐਕਟ ਬਣਨ ਸਮੇਂ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਪਹਿਲੇ ਜੱਥੇ ਦੇ 38 ਮੁਖੀ ਆਗੂ ਲਾਹੌਰ ਕਿਲ੍ਹੇ ਵਿਚ ਕੈਦ ਸਨ ਜਿਨ੍ਹਾਂ ਉਤੇ ਕਈ ਸੰਗੀਨ ਧਾਰਾਵਾਂ ਲਾ ਕੇ ਮੁਖੀ ਆਗੂ ਲਾਹੌਰ ਕਿਲ੍ਹੇ ਵਿਚ ਕੈਦ ਸਨ ਜਿਨ੍ਹਾਂ ਉਤੇ ਕਈ ਸੰਗੀਨ ਧਾਰਾਵਾਂ ਲਾ ਕੇ ਮੁਕੱਦਮਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਦੇ ਵਿਚਾਰਾਂ ਤੇ ਵਿਹਾਰ ਦੀਆਂ ਰਿਪੋਰਟਾਂ ਹਰ ਰੋਜ਼ ਹਕੂਮਤ ਨੂੰ ਮਿਲ ਜਾਂਦੀਆਂ ਸਨ। ਸਰ ਹੇਲੀ ਨੇ ਸਾਰੀ ਸਥਿਤੀ ਨੂੰ ਚੰਗੀ ਤਰ੍ਹਾਂ ਤੋਲ ਕੇ ਵੇਖ ਲਿਆ ਸੀ ਕਿ ਇਨ੍ਹਾਂ ਵਿਚੋਂ ਕਿਤਨੇ ਕੁ ਹਨ ਜੋ ਗੁਰਦੁਆਰਾ ਬਿਲ ਬਣ ਜਾਣ ਮਗਰੋਂ ਦੇਸ਼ ਦੇ ਆਜ਼ਾਦੀ ਦੇ ਸੰਗਰਾਮ ਵਿਚ ਸ਼ਾਮਲ ਰਹਿਣਗੇ ਅਤੇ ਉਹ ਕਿਹੜੇ ਹਨ ਜੋ ਗੁਰਦੁਆਰਿਆਂ ਦੀਆਂ ਗੱਦੀਆਂ ਅਤੇ ਇਨ੍ਹਾਂ ਦੇ ਰਸੂਖ ਨਾਲ ਰਾਜਸੀ ਤਾਕਤ ਪ੍ਰਾਪਤ ਕਰਨ ਦੇ ਚਾਹਵਾਨ ਹਨ।

ਗੁਰਦੁਆਰਾ ਬਿਲ ਦੀ ਤਿਆਰੀ ਸਮੇਂ ਹੀ ਲੋਕਾਂ ਨੂੰ ਇਹ ਗੱਲ ਪਤਾ ਲੱਗ ਗਈ ਸੀ ਕਿ ਨਾਭਾ ਸੁਆਲ ਛਡਿਆ ਜਾ ਰਿਹਾ ਹੈ। ਇਸ ਵਾਸਤੇ ਮਹਾਰਾਜਾ ਨਾਭਾ ਦੇ ਹਾਮੀ ਗੁਰਦੁਆਰਾ ਬਿਲ ਦੇ ਵਿਰੋਧੀ ਬਣ ਗਏ ਸਨ। ਨਾਭਾ ਸੁਆਲ ਦੇ ਅੰਦੋਲਨ ਵਿਚ ਕਈ ਸੱਜਨ ਨਾਭੇ ਤੋਂ ਜਲਾਵਤਨ ਕੀਤੇ ਗਏ ਸਨ। ਉਨ੍ਹਾਂ ਦੀਆਂ ਜੈਦਾਦਾਂ ਜ਼ਬਤ ਕੀਤੀਆਂ ਗਈਆਂ ਸਨ। ਜੈਤੋਂ ਦਾ ਮੋਰਚਾ ਲੱਗਾ ਸੀ। ਅਨੇਕਾਂ ਕੈਦ ਹੋਏ ਸਨ। ਮਹਾਰਾਜਾ ਨਾਭਾ ਨੇ ਅੰਦੋਲਨ ਜਾਰੀ ਰੱਖਣ ਵਾਸਤੇ ਖੁੱਲ੍ਹੇ ਦਿਲ ਨਾਲ ਪੈਸਾ ਖਰਚਿਆ ਸੀ। ਮਹਾਰਾਜਾ ਨਾਭਾ ਕੋਲੋਂ ਪੈਸੇ ਲੈ ਕੇ ਪਰਚਾਰ ਕਰਨ ਵਾਲੇ ਗੁਰਦੁਆਰਾ ਬਿਲ ਦੀ ਵਿਰੋਧਤਾ ਕਰਦੇ ਸਨ।

ਆਜ਼ਾਦੀ ਪਸੰਦ ਦੇਸ਼ ਭਗਤ ਇਸ ਗੱਲ ਦੇ ਚਾਹਵਾਨ ਸਨ ਕਿ ਗੁਰਦੁਆਰਾ ਬਿਲ ਬਣ ਜਾਵੇ ਤਾਂ ਜੋ ਆਮ ਸਿੱਖ ਜਨਤਾ ਵੱਧ ਤੋਂ ਵੱਧ ਆਜ਼ਾਦੀ ਦੇ ਸੰਗਰਾਮ ਵਿਚ ਬਿਨਾ ਰੋਕ ਹਿੱਸਾ ਮਿਲਵਰਤਨ ਤੇ ਤਾਂਘੀ ਇਸ ਕਰਕੇ ਗੁਰਦੁਆਰਾ ਬਿਲ ਦੇ ਹਾਮੀ ਸਨ ਕਿ ਇਕ ਤਾਂ ਉਹ ਗੁਰਦੁਆਰਿਆਂ ਦੀਆਂ ਗੱਦੀਆਂ 'ਤੇ ਕਾਬਜ਼ ਹੋ ਕੇ ਸੁਧਾਰਕ, ਧਾਰਮਕ ਤੇ ਵਿਦਿਅਕ ਕਾਰਜਾਂ ਰਾਹੀਂ ਸਿੱਖ ਪੰਥ ਦੇ ਆਗੂ ਵੀ ਬਣੇ ਰਹਿਣਗੇ, ਦੂਜੇ ਰਾਜਸੀ ਤਾਕਤ ਪ੍ਰਾਪਤ ਕਰਨੀ ਵੀ ਸੁਖੈਨ ਹੋ ਜਾਏਗੀ। ਆਮ ਸਿੱਖ ਲੋਕਾਂ ਵਿਚ ਅਕਾਲੀ ਲਹਿਰ ਦੀ ਜਿੱਤ ਦੀ ਖੁਸ਼ੀ ਸੀ। ਬਾਲਗ ਵੋਟ ਦੇਣ ਦੇ ਹੱਕ ਦੀ ਵਰਤੋਂ ਕਰਨ ਦੀ ਖੁਸ਼ੀ ਮਾਣਨ ਦੇ ਚਾਹਵਾਨ ਸਨ।

ਇਸ ਸਥਿਤੀ ਵਿਚ ਸਰ ਹੇਲੀ ਨੇ 9 ਜੁਲਾਈ 1925 ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਐਲਾਨ ਕੀਤਾ ਕਿ ਸਿੱਖ ਲੀਡਰਾਂ ਦੇ ਸਲਾਹ ਮਸ਼ਵਰੇ ਨਾਲ ਗੁਰਦੁਆਰਾ ਬਿਲ ਤਿਆਰ ਕਰਕੇ ਪਾਸ ਕੀਤਾ ਗਿਆ ਹੈ। ਇਸ ਵਾਸਤੇ ਹੁਣ ਜੇਹਲਾਂ ਵਿਚ ਬੰਦ ਜਿਹੜੇ ਅਕਾਲੀ ਇਹ ਐਲਾਨ ਕਰਨਗੇ ਕਿ ਉਹ ਗੁਰਦੁਆਰਾ ਬਿਲ ਉਤੇ ਅਮਲ ਕਰਨਗੇ ਅਤੇ ਮੋਰਚੇ ਨਹੀਂ ਲਾਣਗੇ, ਉਨ੍ਹਾਂ ਨੂੰ ਰਿਹਾ ਕੀਤਾ ਜਾਏਗਾ।

ਹਕੂਮਤ ਨੇ ਜੈਤੋਂ ਵਿਚ ਅਖੰਡ ਪਾਠ ਕਰਨ ਦੀ ਖੁੱਲ੍ਹ ਦੇ ਦਿੱਤੀ ਤੇ ਨਾਭੇ ਵਿਚ ਕੈਦ ਕੀਤੇ ਅਕਾਲੀ ਰਿਹਾਅ ਕਰ ਦਿੱਤੇ ਪਰ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਅਤੇ ਹੋਰ ਅਕਾਲੀ ਕੈਦੀਆਂ ਦੀਆਂ ਰਿਹਾਈਆਂ ਨਾ ਕੀਤੀਆਂ। ਉਨ੍ਹਾਂ ਦੀ ਰਿਹਾਈ ਲਈ ਸ਼ਰਤ ਲਗਾ ਦਿੱਤੀ। ਇਸ ਉਤੇ ਅਕਾਲੀਆਂ ਵਿਚ ਨਾਰਾਜ਼ਗੀ ਅਤੇ ਮਤਭੇਦ ਵਧਣਾ ਆਰੰਭ ਹੋ ਗਇਆ। ਅਕਾਲੀਆਂ ਦੇ ਗਰਮ ਧੜੇ ਦੇ ਆਗੂ ਕਹਿੰਦੇ ਸਨ, ਅਕਾਲੀ ਆਗੂਆਂ ਨੂੰ ਬਿਨਾ ਸ਼ਰਤ ਰਿਹਾ ਕਰਨਾ ਚਾਹੀਦਾ ਹੈ। ਸ਼ਰਤ ਮੰਨ ਕੇ ਰਿਹਾਈ ਪ੍ਰਾਪਤ ਕਰਨੀ ਮਾਫੀ ਮੰਗਣ ਦੇ ਬਰਾਬਰ ਹੈ। ਕੋਈ ਅਣਖੀਲਾ ਅਕਾਲੀ ਸਿੱਖ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਨਹੀਂ ਕਰੇਗਾ। ਇਸ ਧੜੇ ਦੇ ਆਗੂ ਮਾਸਟਰ ਤਾਰਾ ਸਿੰਘ ਜੀ, ਤੇਜਾ ਸਿੰਘ ਜੀ ਸਮੁੰਦਰੀ, ਸ. ਸਰਮੁਖ ਸਿੰਘ ਜੀ ਝਬਾਲ ਆਦਿਕ ਸਨ। ਸ. ਖੜਕ ਸਿੰਘ ਜੀ ਵੀ ਸ਼ਰਤਾਂ ਮੰਨ ਕੇ ਰਿਹਾਈ ਦੇ ਵਿਰੁਧ ਸਨ। ਉਹ ਡੇਰਾ ਗਾਜ਼ੀ ਖਾਨ ਜੇਹਲ ਵਿਚ ਬੰਦ ਸਨ।

ਨਰਮ ਧੜੇ ਦੇ ਆਗੂ ਕਹਿੰਦੇ ਸਨ, ਇਹ ਕੋਈ ਸ਼ਰਤਾਂ ਨਹੀਂ। ਗੁਰਦੁਆਰਾ ਬਿਲ ਅਸਾਂ ਆਪ ਆਪਣੇ ਅਮਲ ਕਰਨ ਲਈ ਬਣਾਇਆ ਹੈ। ਜੇ ਅਮਲ ਨਹੀਂ ਕਰਨਾ ਤਾਂ ਬਣਾਇਆ ਹੀ ਕਿਉਂ ਹੈ? ਇਸ ਕਰ ਕੇ ਸਾਨੂੰ ਗੁਰਦੁਆਰਾ ਬਿਲ ਉਤੇ ਅਮਲ ਕਰਨ ਦਾ ਐਲਾਨ ਕਰ ਕੇ ਰਿਹਾਈ ਪ੍ਰਾਪਤ



**ਸਰ ਮੈਲਕਮ ਹੇਲੀ**

ਕਰ ਲੈਣੀ ਚਾਹੀਦੀ ਹੈ। ਇਸ ਧੜੇ ਦੇ ਆਗੂ ਸ. ਬ. ਮਹਿਤਾਬ ਸਿੰਘ, ਸ਼ੇਰ ਸਿੰਘ, ਬਾਵਾ ਹਰਕਿਸ਼ਨ ਸਿੰਘ ਤੇ ਜਸਵੰਤ ਸਿੰਘ ਜੀ ਸਨ।

ਸ਼ਰੋਮਣੀ ਗੁਰਦੁਆਰਾ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ, ਖਿਲਾਫ ਕਾਨੂੰਨ ਸੰਸਥਾਵਾਂ ਸਨ। ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਅੰਤ੍ਰਿਮ ਕਮੇਟੀ ਖੁਫੀਆ ਕੰਮ ਕਰਦੀ ਸੀ। ਕਾਨੂੰਨੀ ਤੌਰ 'ਤੇ ਮਤੇ ਪਾਸ ਕਰਨ ਤੇ ਫੈਸਲੇ ਕਰਨ ਦਾ ਅਧਿਕਾਰ ਬਾਹਰ ਦੀ ਸ਼ਰੋਮਣੀ ਗੁਰਦੁਆਰਾ ਕਮੇਟੀ ਨੂੰ ਹੀ ਸੀ ਪਰ ਆਮ ਤੌਰ 'ਤੇ ਲਾਹੌਰ ਕਿਲ੍ਹੇ ਵਿਚ ਬੰਦ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਆਗੂਆਂ ਵੱਲੋਂ ਹਦਾਇਤਾਂ ਆਇਆ ਕਰਦੀਆਂ ਸਨ ਤੇ ਮਤੇ ਪਾਸ ਹੋਂਦੇ ਸਨ।

ਹੁਣ ਗੁਰਦੁਆਰਾ ਬਿਲ ਪਾਸ ਹੋ ਜਾਣ ਮਗਰੋਂ ਰਿਹਾਈ ਦੇ ਪ੍ਰਸ਼ਨ ਉਤੇ ਅੰਦਰ ਵੀ ਮਤਭੇਦ ਹੋ ਗਿਆ ਤੇ ਬਾਹਰ ਵੀ। ਸ. ਬ. ਮਹਿਤਾਬ ਸਿੰਘ ਹੁਰਾਂ ਵਲੋਂ ਸੁਨੇਹਾ ਪੁਜਾ ਕਿ ਸ਼ਰੋਮਣੀ ਗੁਰਦੁਆਰਾ ਕਮੇਟੀ ਗੁਰਦੁਆਰਾ ਬਿਲ ਉਤੇ ਅਮਲ ਕਰਨ ਦਾ ਐਲਾਨ ਕਰਕੇ ਰਿਹਾਈਆਂ ਪ੍ਰਾਪਤ ਕਰਨ ਦੀ ਹਦਾਇਤ ਕਰੋ। ਮਾਸਟਰ ਤਾਰਾ ਸਿੰਘ ਹੁਰਾਂ ਵਲੋਂ ਸੁਨੇਹਾ ਆਇਆ ਕਿ ਸਾਰਿਆਂ ਦੀ ਰਿਹਾਈ ਬਿਨਾ ਸ਼ਰਤ ਦੀ ਵਿਰੋਧਤਾ ਕੀਤੀ ਜਾਵੇ। ਸ਼ਰਤ ਕੋਈ ਵੀ ਹੋਵੇ, ਨਹੀਂ ਮੰਨਣੀ। ਜੇ ਸਰਕਾਰ ਆਖੇ ਜਪੁਜੀ ਸਾਹਿਬ ਦਾ ਪਾਠ ਕਰਕੇ ਰਿਹਾਈ ਪ੍ਰਾਪਤ ਕਰੋ ਤਾਂ ਇਹ ਸ਼ਰਤ ਵੀ ਨਹੀਂ ਮੰਨਣੀ।

17 ਅਗਸਤ 1925 ਨੂੰ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਅੰਤ੍ਰਿਮ ਕਮੇਟੀ ਨੇ ਇਹ ਮਤਾ ਪਾਸ ਕਰ ਦਿੱਤਾ ਕਿ ਸਰ ਹੇਲੀ ਦੀਆਂ ਪੇਸ਼ ਕੀਤੀਆਂ ਸ਼ਰਤਾਂ ਨਾ ਮੰਨੀਆਂ ਜਾਣ ਅਤੇ ਹਕੂਮਤ ਉਤੇ ਜ਼ੋਰ ਦਿੱਤਾ ਜਾਵੇ ਕਿ ਉਹ ਅਕਾਲੀ ਕੈਦੀਆਂ ਦੀ ਬਿਨਾ ਸ਼ਰਤ ਰਿਹਾਈ ਕਰੇ। ਮਤਭੇਦ ਵਧਦਾ ਗਿਆ। ਅਖਬਾਰਾਂ ਤੇ ਜਲਸਿਆਂ ਵਿਚ ਹੇਲੀ ਦੀਆਂ ਸ਼ਰਤਾਂ ਵਿਰੁਧ ਪਰਚਾਰ ਆਰੰਭ ਹੋ ਗਇਆ।

ਮਹਾਤਮਾ ਗਾਂਧੀ ਅਤੇ ਲਾਲਾ ਲਾਜਪਤ ਰਾਇ ਜੀ ਨੇ ਵੀ ਬਿਆਨ ਦਿੱਤਾ ਕਿ ਅਕਾਲੀਆਂ ਨੂੰ ਸਰ ਹੇਲੀ ਦੇ ਬਿਆਨ ਮੁਤਾਬਕ ਗੁਰਦੁਆਰਾ ਬਿਲ ਉਤੇ ਅਮਲ ਕਰਨ ਲਈ ਸ਼ਰਤਾਂ ਮੰਨ ਕੇ ਰਿਹਾਈਆਂ ਪ੍ਰਾਪਤ ਕਰ ਲੈਣੀਆਂ ਚਾਹੀਦੀਆਂ ਹਨ। ਅਸਲ ਵਿਚ ਇਹ ਆਜ਼ਾਦੀ ਲੈਣ ਦੇ ਬਹੁਤ ਚਾਹਵਾਨ ਸਨ। ਉਹ ਚਾਹੁੰਦੇ ਸਨ ਇਸ ਪ੍ਰਕਾਰ ਪ੍ਰਸ਼ਨ ਹੱਲ ਹੋ ਜਾਵੇ ਤਾਂ ਜੋ ਪੰਜਾਬ ਵਿਚ ਆਜ਼ਾਦੀ ਦੀ ਲਹਿਰ ਵਧੇਰੇ ਚੰਗੀ ਤਰ੍ਹਾਂ ਚਲਾਈ ਜਾ ਸਕੇ। ਪਰ ਆਮ ਸਿੱਖ ਜਨਤਾ ਵਿਚ ਸ਼ਰਤਾਂ ਦਾ ਵਿਰੋਧ ਵਧਦਾ ਹੀ ਗਿਆ। ਅਸਲ ਵਿਚ ਸ਼ਰਤਾਂ ਮੰਨਣ ਤੇ ਨਾਲ ਮੰਨਣ ਦੇ ਪ੍ਰਸ਼ਨ ਉਤੇ ਨਰਮ ਤੇ ਗਰਮ ਖਿਆਲਾਂ ਦੇ ਧੜੇ ਬਣ ਗਏ ਸਨ। ਆਜ਼ਾਦੀ ਦੇ ਹਾਮੀ, ਹਕੂਮਤ ਦੇ ਵਿਰੋਧੀ, ਦੇਸ਼ ਭਗਤ ਆਗੂ ਤੇ ਆਮ ਜਨਤਾ ਸ਼ਰਤਾਂ ਮੰਨਣ ਦੇ ਸਖਤ ਵਿਰੁਧ ਸੀ ਅਤੇ ਹਕੂਮਤ ਨਾਲ ਮਿਲਵਰਤਨ ਦੇ ਹਾਮੀ ਤੇ ਨਿਰੋਲ ਧਾਰਮਕ ਭਾਵਾਂ ਵਾਲੇ ਸ਼ਰਤਾਂ ਮੰਨ ਕੇ ਰਿਹਾਈ ਦੇ ਹਾਮੀ ਸਨ।

6 ਅਕਤੂਬਰ ਨੂੰ ਗੁਰਦੁਆਰਾ ਐਕਟ ਉਤੇ ਵਿਚਾਰ ਕਰਨ ਲਈ ਸੱਦੀ ਗਈ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਮੀਟਿੰਗ ਵਿਚ 16 ਅੰਤ੍ਰਿਮ ਕਮੇਟੀ ਦੇ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਕਮੇਟੀ ਵਿਚ ਸਾਫ ਤੌਰ 'ਤੇ ਦੋ ਧੜੇ ਬਣ ਗਏ। ਇਨ੍ਹਾਂ ਅਸਤੀਫਿਆਂ ਤੋਂ ਮਗਰੋਂ ਸ. ਜਸਵੰਤ ਸਿੰਘ ਝਬਾਲ ਨੂੰ ਜਨਰਲ ਸਕੱਤਰ ਤੇ ਮੈਨੂੰ ਸਕੱਤਰ ਬਣਾ ਦਿੱਤਾ ਗਿਆ। ਸ. ਅਰਜਨ ਸਿੰਘ ਤੇ ਉਨ੍ਹਾਂ ਦੇ ਸਾਥੀ ਅੱਡ ਹੋ ਗਏ।

ਹੁਣ ਲਾਹੌਰ ਕਿਲ੍ਹੇ ਵਿਚ ਬੰਦ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਉਨ੍ਹਾਂ ਲੀਡਰਾਂ ਨੇ ਜਿਹੜੇ ਸ਼ਰਤਾਂ ਮੰਨਣ ਦੇ ਹਾਮੀ ਸਨ, ਨੇ ਇਹ ਮਹਿਸੂਸ ਕੀਤਾ ਕਿ ਉਹ ਸ਼ਰਤਾਂ ਮੰਨ ਕੇ ਛੇਤੀ ਬਾਹਰ ਚਲੇ ਜਾਣ ਤਾਂ ਜੋ ਸ਼ਰੋਮਣੀ ਗੁਰਦੁਆਰਾ ਕਮੇਟੀ ਉਤੇ ਕਬਜ਼ਾ ਕਰ ਲੈਣ ਤੇ ਲੋਕ ਰਾਇ ਨੂੰ ਆਪਣੇ ਵਲ ਢਾਲ ਲੈਣ।

25 ਜਨਵਰੀ 1926 ਨੂੰ ਲਾਹੌਰ ਕਿਲ੍ਹੇ ਵਿਚ ਅਦਾਲਤ ਦੇ ਸਾਹਮਣੇ ਬਾਵਾ ਹਰਕਿਸ਼ਨ ਸਿੰਘ ਜੀ ਨੇ ਇਹ ਐਲਾਨ ਕੀਤਾ ਕਿ ਸਰ ਹੇਲੀ ਨੇ 9 ਜੁਲਾਈ 1925 ਨੂੰ ਜੋ ਸਪੀਚ ਕੀਤੀ ਸੀ, ਉਸ ਦੇ ਮੁਤਾਬਕ ਮੈਂ ਇਕਬਾਲ ਕਰਦਾ ਹਾਂ ਕਿ ਗੁਰਦੁਆਰਾ ਐਕਟ ਬਨਾਣ ਵਿਚ ਮੈਂ ਆਪ ਦੀ ਸਹਾਇਤਾ ਕੀਤੀ ਹੈ ਤੇ ਬਿਲ ਤਸੱਲੀ ਬਖਸ਼ ਤਿਆਰ ਹੋ ਗਿਆ ਹੈ। ਮੈਂ ਦਿਲੋਂ ਮਨੋਂ ਉਸ ਉਤੇ ਅਮਲ ਕਰਨ ਲਈ ਤਿਆਰ ਹਾਂ ਅਤੇ ਗੁਰਦੁਆਰਾ ਸੁਧਾਰ ਲਈ ਹੁਣ ਹੋਰ ਮੋਰਚਾ ਲਾਉਣ ਦੀ ਕੋਈ ਲੋੜ ਨਹੀਂ ਹੈ। ਇਸ ਦੇ ਮਗਰੋਂ ਕੁਝ ਹੋਰ ਸੱਜਨਾਂ ਨੇ ਵੀ ਇਹੋ ਬਿਆਨ ਦਿੱਤਾ। ਜਿਨ੍ਹਾਂ ਵਿਚ ਸ. ਬ. ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ, ਕਪਤਾਨ ਰਾਮ ਸਿੰਘ ਆਦਿਕ ਸੱਜਨ ਸਨ। ਇਨ੍ਹਾਂ ਸਾਰਿਆਂ ਨੂੰ ਰਿਹਾ ਕਰ ਦਿੱਤਾ ਗਿਆ।

ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿਚ 16 ਸੱਜਨਾਂ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਜੇਹਲ ਵਿਚ ਰਹਿਣਾ ਪਸੰਦ ਕੀਤਾ ਇਨ੍ਹਾਂ ਦੇ ਨਾਂ ਇਹ ਹਨ:

1. ਮਾਸਟਰ ਤਾਰਾ ਸਿੰਘ
2. ਤੇਜਾ ਸਿੰਘ ਸਮੁੰਦਰੀ
3. ਤੇਜਾ ਸਿੰਘ ਘਵਿੰਡ
4. ਸੋਹਣ ਸਿੰਘ ਜੋਸ਼
5. ਹਰੀ ਸਿੰਘ
6. ਤੇਜਾ ਸਿੰਘ ਜੱਥੇਦਾਰ ਅਕਾਲੀ ਤਖਤ ਸਾਹਿਬ
7. ਸੇਵਾ ਸਿੰਘ ਠੀਕਰੀ ਵਾਲਾ
8. ... ... ... ਐਡੀਟਰ ਅਕਾਲੀ
9. ... ... ... ਵਕੀਲ ਗੁਰਦਾਸਪੁਰ
11. ਸਰਮੁਖ ਸਿੰਘ ਝਬਾਲ
12. ਗੋਪਾਲ ਸਿੰਘ ਕੌਮੀ
13. ਗੁਰਚਰਨ ਸਿੰਘ ਵਕੀਲ
14. ਸੰਤ ਸਿੰਘ ਸੁਲਤਾਨ ਵਿੰਡ
14. ਸੰਤਾ ਸਿੰਘ ਸੁਲਤਾਨ ਵਿੰਡ
15. ਰਾਇ ਸਿੰਘ (ਦਲਜੀਤ ਸਿੰਘ) ਫੀਰੋਜ਼ਪੁਰ

ਤੇਜਾ ਸਿੰਘ ਚੂਹੜਕਾਣਾ ਨੇ ਪਹਿਲਾਂ ਸ਼ਰਤਾਂ ਮੰਨਣ ਤੋਂ ਇਨਕਾਰ ਕੀਤਾ ਸੀ। ਮਗਰੋਂ ਸ਼ਰਤਾਂ ਮੰਨ ਕੇ ਬਾਹਰ ਆ ਗਿਆ ਸੀ ਤੇ ਕਹਿੰਦਾ ਸੀ ਸ਼ਰਤਾਂ ਮੰਨਣਾ ਗਲਤੀ ਹੈ ਪਰ ਮੈਂ ਤਾਂ ਸ਼ਰਤਾਂ ਮੰਨੂਆਂ ਦਾ ਪਾਜ ਖੋਲ੍ਹਣ ਤੇ ਇਨ੍ਹਾਂ ਨੂੰ ਲੋਕਾਂ ਵਿਚ ਨੰਗਾ ਕਰਨ ਲਈ ਬਹਰ ਆਇਆ ਹਾਂ।

ਸ. ਬ. ਮਹਿਤਾਬ ਸਿੰਘ ਜੀ ਦੀ ਅਗਵਾਈ ਵਿਚ 20-22 ਸੱਜਨਾਂ ਦੇ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਕਰਨ ਮਗਰੋਂ ਅਕਾਲੀਆਂ ਵਿਚ ਦੋ ਧੜਿਆਂ ਦੀ ਜ਼ਬਰਦਸਤ ਟੱਕਰ ਆਰੰਭ ਹੋ ਗਈ।

ਇਨ੍ਹਾਂ ਲੀਡਰਾਂ ਨੇ ਬਾਹਰ ਆ ਕੇ ਸਭ ਤੋਂ ਪਹਿਲਾਂ ਕੰਮ ਸ਼ਰੋਮਣੀ ਗੁਰਦੁਆਰਾ ਕਮੇਟੀ ਉਤੇ ਕਬਜ਼ਾ ਕਰਨ ਦਾ ਕੀਤਾ। 1926 ਨੂੰ ਸ਼ਰੋਮਣੀ ਗੁਰਦੁਆਰਾ ਕਮੇਟੀ ਉਤੇ ਕਬਜ਼ਾ ਕਰਨ ਦਾ ਕੀਤਾ। 1926 ਨੂੰ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਜਨਰਲ ਮੀਟਿੰਗ ਬੁਲਾ ਲਈ ਗਈ। ਇਹ ਪੁਰਾਣੀ ਕਮੇਟੀ ਸੀ ਜੋ ਪਹਿਲੀ ਦੇ ਗ੍ਰਿਫਤਾਰ ਹੋ ਜਾਣ ਮਗਰੋਂ ਨਾਮਜ਼ਦ ਕੀਤੀ ਗਈ ਸੀ। ਇਸ ਵਿਚ ਸਰਦਾਰ ਬਹਾਦਰ ਪਾਰਟੀ ਦੀ ਬਹੁ ਸੰਮਤੀ ਸੀ।

ਮੇਰਾ ਖਿਆਲ ਹੈ ਇਸ ਮੀਟਿੰਗ ਵਿਚ ਬਹੁਸੰਮਤੀ ਨਾਲ ਸ. ਬਹਾਦਰ ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਰਿਹਾਈ ਨੂੰ ਜਾਇਜ਼ ਮੰਨਿਆ। ਨਵੀਂ ਚੋਣ ਕੀਤੀ ਗਈ।

ਪ੍ਰਧਾਨਗੀ ਲਈ ਇਕ ਪਾਸੇ ਸ. ਬਹਾਦਰ ਮਤਾਬ ਸਿੰਘ ਨੂੰ ਖੜ੍ਹਾ ਕੀਤਾ ਗਿਆ। ਮੁਕਾਬਲੇ ਉਤੇ ਦੇਸ਼ ਭਗਤ ਬਾਬਾ ਭਾਗ ਸਿੰਘ ਕਨੇਡੀਅਨ ਨੂੰ ਖੜ੍ਹਾ ਕਰ ਦਿੱਤਾ ਗਿਆ। ਵੋਟਾਂ ਪਈਆਂ ਸ. ਬ. ਮਤਾਬ ਸਿੰਘ ਦੀ ਜਿੱਤ ਹੋ ਗਈ। ਮੈਂ ਵੀ ਸਕੱਤਰੀ ਤੋਂ ਅਸਤੀਫਾ ਦੇ ਦਿੱਤਾ। ਜਨਰਲ ਸਕੱਤਰ ਬਾਬਾ ਹਰਕਿਸ਼ਨ ਸਿੰਘ ਨੂੰ ਬਣਾਇਆ ਗਿਆ।

ਸ਼ਰਤਾਂ ਮੰਨਣ ਦੇ ਵਿਰੁਧ ਸ. ਅਮਰ ਸਿੰਘ ਝਬਾਲ, ਮੰਗਲ ਸਿੰਘ, ਜਸਵੰਤ ਸਿੰਘ ਝਬਾਲ, ਮੈਂ ਅਤੇ ਹੋਰ ਸਾਡੇ ਸਾਥੀ ਸਨ, ਨੇ 4 ਫਰਵਰੀ 1926 ਨੂੰ ਜਲ੍ਹਿਆਂ ਵਾਲਾ ਬਾਗ ਵਿਚ ਬੜਾ ਵੱਡਾ ਜਲਸਾ ਕੀਤਾ। ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਕਰਨ ਵਾਲਿਆਂ ਦੀ ਜ਼ੋਰਦਾਰ ਨਿਖੇਧੀ ਕੀਤੀ। ਅਸੀਂ ਮੰਗ ਕਰਦੇ ਸਾਂ ਕਿ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਨਵੀਂ ਚੋਣ ਹੋ ਕੇ ਸ਼ਰਤਾਂ ਮੰਨਣ ਜਾਂ ਨਾ ਮੰਨਣ ਬਾਰੇ ਪੰਥ ਦੀ ਪ੍ਰਤੀਨਿਧ ਰਾਇ ਨਾਲ ਫੈਸਲਾ ਲੈਣਾ ਚਾਹੀਦਾ ਹੈ ਜਾਂ ਪੰਥ ਦੀ ਕੋਈ ਪ੍ਰਤੀਨਿਧ ਕਾਨਫਰੰਸ ਕਰ ਲੈਣੀ ਚਾਹੀਦੀ ਹੈ।

ਮੈਨੂੰ ਯਾਦ ਨਹੀਂ ਕਿਸ ਤਾਰੀਖ ਨੂੰ ਪਰ ਇਨ੍ਹਾਂ ਹੀ ਦਿਨਾਂ ਵਿਚ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਉਨ੍ਹਾਂ ਮੈਂਬਰਾਂ ਜਿਹੜੇ ਸ਼ਰਤਾਂ ਮੰਨਣ ਦੇ ਵਿਰੋਧੀ ਸਨ, ਨੇ ਜਲ੍ਹਿਆਂ ਵਾਲਾ ਬਾਗ ਵਿਚ ਮੀਟਿੰਗ ਕਰਕੇ ਅਕਾਲੀ ਪਾਰਟੀ ਬਣਾ ਲਈ। ਪਰਧਾਨ ਸ਼ੈਦ ਭਾਗ ਸਿੰਘ ਕਨੇਡੀਅਨ, ਜਨਰਲ ਸਕੱਤਰ ਜਸਵੰਤ ਸਿਘ ਝਬਾਲ ਬਣਾਇਆ ਗਿਆ। ਮੈਂ, ਮੰਗਲ ਸਿੰਘ, ਅਮਰ ਸਿੰਘ ਝਬਾਲ ਤੇ ਹੋਰ ਸਭ ਗਰਮ ਧੜੇ ਦੇ ਅਕਾਲੀ ਪਾਰਟੀ ਵਿਚ ਸ਼ਾਮਲ ਸਾਂ।

'ਅਕਾਲੀ ਤੇ ਪ੍ਰਦੇਸੀ' ਤੇ ਉਰਦੂ ਅਕਾਲੀ ਅਖਬਾਰਾਂ ਸਾਡੇ ਕਬਜ਼ੇ ਵਿਚ ਸਨ ਤੇ ਸ਼ਰਤਾਂ ਮੰਨਣ

**(ਬਾਕੀ ਅਗਲੇ ਸਫੇ 'ਤੇ)**



**ਖੱਬਿਓਂ: ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ ਅਤੇ ਬਾਬਾ ਖੜਕ ਸਿੰਘ।**

# ਮੈਂ ਤੁਹਾਡੀ ਮਾਂ-ਬੋਲੀ ਪੰਜਾਬੀ

## ਮਾਤ ਭਾਸ਼ਾ ਦਿਵਸ 'ਤੇ

ਮੈਂ ਤੁਹਾਡੀ ਮਾਂ-ਬੋਲੀ ਪੰਜਾਬੀ। ਚਾਹੁੰਦੀ ਹਾਂ ਕਿ ਅੱਜ ਤੁਹਾਨੂੰ ਆਪਣੀ ਸੰਖੇਪ ਜਿਹੀ ਜਾਣ-ਪਛਾਣ ਕਰਾਂ ਦਿਆ ਤੇ ਕੁਝ ਹੋਰ ਗੱਲਾਂ ਵੀ ਕਰ ਲਵਾਂ।

ਮੇਰਾ ਜਨਮ ਸਪਤਸਿੰਧੂ ਵਿਚ ਹੋਇਆ। ਸਪਤਸਿੰਧੂ ਭਾਵ ਸੱਤ ਦਰਿਆਵਾਂ-ਸਿੰਧੂ, ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਤੇ ਸਰਸਵਤੀ ਦੀ ਧਰਤੀ।

ਸਤਲੁਜ ਤੋਂ ਉਰਲੇ ਪਾਸੇ, ਚੜ੍ਹਦੇ ਪੰਜਾਬ ਦੇ ਇਲਾਕੇ ਨੂੰ 'ਟੱਕ ਦੇਸ਼' ਕਿਹਾ ਜਾਂਦਾ ਸੀ। ਤੁਸੀਂ ਟੈਕਸਿਲਾ ਯੂਨੀਵਰਸਿਟੀ ਬਾਰੇ ਸੁਣਿਆ ਹੋਵੇਗਾ। ਇਹ ਸੰਸਾਰ ਦੀ ਸਭ ਤੋਂ ਪਹਿਲੀ ਇੰਟਰਨੈਸ਼ਨਲ ਯੂਨੀਵਰਸਿਟੀ (800-550) ਸੀ। ਪਾਨਣੀ (ਸੰਸਕ੍ਰਿਤ ਵਿਆਕਰਣ ਦਾ ਮੋਢੀ), ਚਾਣਕਿਆ



ਜੇ. ਬੀ. ਸਿੰਘ
ਫੋਨ: 253-508-9805

(ਪ੍ਰਸਿੱਧ ਨੀਤੀਵਾਨ ਤੇ ਅਰਥ ਸ਼ਾਸਤਰੀ), ਚਰਕ (ਆਯੁਰਵੈਦਿਕ ਦਾ ਮੋਢੀ) ਇਸੇ ਯੂਨੀਵਰਸਿਟੀ ਦੀ ਦੇਣ ਹਨ। ਇਹ ਯੂਨੀਵਰਸਿਟੀ ਟਕ ਦੇਸ਼ ਵਿਚ ਹੀ ਸੀ। ਇਸ ਦੇਸ਼ ਦੀ ਪ੍ਰਾਕ੍ਰਿਤ (ਲੋਕਾਂ ਦੀ ਆਮ ਬੋਲੀ ਜਾਣ ਵਾਲੀ, ਕੁਦਰਤੀ) ਭਾਸ਼ਾ ਨੂੰ ਵੀ ਟੱਕ ਕਹਿੰਦੇ ਸਨ।

ਜਿਹਲਮ-ਚਨਾਬ ਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ ਕੈਕੇਯ ਪ੍ਰਦੇਸ ਆਖਿਆ ਜਾਂਦਾ ਸੀ। ਉਥੋਂ ਦੀਆਂ ਕਈ ਰਾਜਕੁਮਾਰੀਆਂ ਦਾ ਨਾਮ ਕੈਕੇਈ ਸੀ। ਰਾਮਾਇਣ ਦੀ ਕੈਕੇਈ ਤਾਂ ਤੁਹਾਨੂੰ ਯਾਦ ਹੋਵੇਗੀ। ਮਹਾਂਭਾਰਤ ਦੇ ਯੁੱਧ ਵਿਚ, ਕੈਕੇਯ ਪ੍ਰਦੇਸ ਦੇ ਰਾਜਕੁਮਾਰ ਨੇ ਪਾਂਡਵਾਂ ਦਾ ਪੱਖ ਲਿਆ ਸੀ। ਇਸ ਇਲਾਕੇ ਦੀ ਪ੍ਰਾਕ੍ਰਿਤ ਭਾਸ਼ਾ ਨੂੰ ਵੀ ਕੈਕੇਈ ਆਖਦੇ ਸਨ।

ਰਾਵੀ, ਬਿਆਸ ਤੇ ਸਤਲੁਜ ਵਿਚਲੇ ਇਲਾਕੇ ਦਾ ਨਾਮ ਮਦਰ ਦੇਸ ਸੀ (ਮੱਦ੍ਰ ਦੇਸ ਹਮ ਕੋ ਲੇ ਆਏ-ਬਚਿਤ੍ਰ ਨਾਟਕ'), ਇਸ ਜਗ੍ਹਾ ਦੀ ਭਾਸ਼ਾ ਮਦਰ ਸੀ।

ਦਰੁੱਪਦ ਦੇ ਰਾਜ ਸਮੇਂ ਪੁਰਾਤਨ ਪੰਜਾਬ ਦਾ ਨਾਮ ਪੰਚਾਲ ਸੀ। ਰਾਜ ਕੁਮਾਰੀ ਦ੍ਰੋਪਦੀ ਨੂੰ ਇਸੇ ਕਰਕੇ ਪੰਚਾਲੀ ਕਿਹਾ ਜਾਂਦਾ ਸੀ। ਆਰੀਆਂ ਦੇ ਆਉਣ ਵੇਲੇ ਇਸ ਧਰਤੀ ਦਾ ਨਾਮ ਸਪਤਸਿੰਧੂ ਸੀ, ਇਸੇ ਕਰ ਕੇ ਲੋਕ ਮੈਨੂੰ ਸਪਤਸਿੰਧਵੀ ਕਹਿੰਦੇ ਸਨ।

ਆਰੀਆ ਲੋਕਾਂ ਨੇ ਸਪਤਸਿੰਧੂ ਵਿਚ ਆ ਕੇ ਇਕ ਨਵੀਂ ਸਭਿਅਤਾ ਦੀ ਨੀਂਹ ਰੱਖੀ। ਆਰੀਆਂ ਦੀ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਸੀ। ਰਿਗ ਵੇਦ ਇਸੇ ਭਾਸ਼ਾ ਵਿਚ ਲਿਖਿਆ ਹੋਇਆ ਹੈ। ਮੁਢਲੇ ਪੰਜਾਬ ਦੇ ਵੱਖ ਵੱਖ ਆਰੀਆ ਲੋਕਾਂ ਦੇ ਮੁੱਢਲੇ ਕਬੀਲੇ, ਜੋ ਪੰਜਾਬ ਵਿਚ ਰਹਿੰਦੇ ਸਨ, ਉਨ੍ਹਾਂ ਦੇ ਨਾਮ ਕੈਕੇਯ, ਵ੍ਰਿਚੀਵੰਤ, ਅਨੂ, ਯਦੂ, ਤੁਰਵਸ਼ ਤੇ ਦਰਹਸ਼ੂ ਸ਼ਾਮਲ ਸਨ।

ਖੈਰ, ਸਮਾਂ ਪਾ ਕੇ ਸਰਸਵਤੀ ਅਲੋਪ ਹੋ ਗਈ ਤੇ ਸਿੰਧ ਕਾਬਲ ਨਾਲ ਜੁੜ ਗਿਆ। ਬਾਕੀ ਪੰਜ ਦਰਿਆਵਾਂ ਵਾਲੀ ਧਰਤੀ ਨੂੰ 'ਪੰਜ-ਨੱਦ' ਆਖਣ ਲੱਗੇ। ਸੰਸਕ੍ਰਿਤ ਵਿਚ 'ਨੱਦ' ਦਾ ਅਰਥ ਹੈ-ਪਾਣੀ ਦਾ ਵਹਿਣ। ਯੂਨਾਨੀਆਂ ਨੇ ਇਸ ਦਾ ਨਾਮ 'ਪੈਂਟਾਪੋਟਾਮੀਆ' ਰੱਖ ਦਿਤਾ। ਪੈਂਟਾ ਦਾ ਅਰਥ ਪੰਜ ਤੇ ਪੋਟਾਮੀਆ ਦਾ ਮਤਲਬ ਹੈ, ਦਰਿਆ। ਫਾਰਸੀ ਵਿਚ ਪਾਣੀ ਨੂੰ 'ਆਬ' ਕਿਹਾ ਜਾਂਦਾ ਹੈ। ਸੋ, ਬਾਦਸ਼ਾਹ ਅਕਬਰ ਨੇ ਇਸ ਧਰਤੀ ਦਾ ਨਾਮ 'ਪੰਜਾਬ' ਰੱਖ ਦਿਤਾ।






ਆਰੀਆ ਦੀ ਸਾਹਿਤਕ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਸੀ। ਜਿਵੇਂ ਜਿਵੇਂ ਉਹ ਖਿਲਰਦੇ ਗਏ, ਉਨ੍ਹਾਂ ਦੀਆਂ ਕੁਦਰਤੀ (ਪ੍ਰਾਕ੍ਰਿਤ) ਭਾਸ਼ਾਵਾਂ ਵੀ ਵਧਦੀਆਂ ਗਈਆਂ। ਮੱਧਕਾਲੀ ਪੰਜਾਬ ਦੇਸ਼ ਦੀਆਂ ਉਪਰੋਕਤ ਤਿੰਨ ਪ੍ਰਮੁੱਖ ਪ੍ਰਾਕ੍ਰਿਤ ਭਾਸ਼ਾਵਾਂ-ਕੈਕੇਈ, ਮਦਰ ਤੇ ਟੱਕ ਦੇ ਮਿਲਾਪ ਤੋਂ ਜਿਹੜੀ ਭਾਸ਼ਾ ਦਾ ਬੀਜ ਪੁੰਗਰਿਆ, ਉਹ ਮੈਂ ਹੀ ਸੀ। ਇਸੇ ਕਰਕੇ ਵੈਦਿਕ ਭਾਸ਼ਾ ਦੇ ਅਨੇਕਾਂ ਸ਼ਬਦ, ਜਿਵੇਂ 'ਬਾਰ (ਦਰਵਾਜਾ), ਭੂਮ (ਜ਼ਮੀਨ), ਗ੍ਰਭੂ (ਗੱਭਰੂ), ਜਾਨਿ (ਪਿਆਰਾ), ਪ੍ਰੌਣਾ (ਪ੍ਰਾਹੁਣਾ) ਤੇ ਕੱਪਨਾ (ਕੰਬਨਾ), ਮੈਂ ਅਜੇ ਭੁਲੀ ਨਹੀਂ।

ਇਸ ਧਰਤੀ 'ਤੇ ਆਰੀਆ ਆਏ, ਫਿਰ ਇਰਾਨੀ, ਯੂਨਾਨੀ, ਸ਼ੱਕ, ਕੁਸ਼ਾਣ, ਹੂਣ, ਤੁਰਕ, ਪਠਾਨ, ਮੁਗਲ, ਅਫਗਾਨ ਤੇ ਅੰਤ ਅੰਗਰੇਜ਼ ਵੀ ਆਏ। ਉਨ੍ਹਾਂ ਸਭ ਦੀਆਂ ਆਪਣੀਆਂ ਭਾਸ਼ਾਵਾਂ ਨਾਲ ਮੇਰਾ ਮੇਲ-ਜੋਲ ਹੋਇਆ; ਸਭ ਨੂੰ ਮੈਂ ਕੁਝ ਦਿੱਤਾ, ਕੁਝ ਲਿਆ। ਮੇਰਾ ਸਰਮਾਇਆ ਵਧਿਆ।

ਇਲਾਕਿਆਂ ਜਾਂ ਕਬੀਲਿਆਂ ਦੇ ਨਾਮ ਨਾਲ ਮੇਰਾ ਨਾਮ ਬਦਲਦਾ ਰਿਹਾ। ਮਾਦਰੀ, ਟੱਕੀ, ਢਾਕੀ, ਟਾਕੀ, ਕੈਕੇਈ, ਪੈਸ਼ਾਚੀ ਮੇਰੇ ਪੁਰਾਣੇ ਨਾਮ ਹਨ। ਅੱਠਵੀਂ-ਨੌਵੀਂ ਸਦੀ ਵਿਚ ਮੁਸਲਮਾਨਾਂ ਨੇ ਮੈਨੂੰ ਹਿੰਦਵੀ, ਹਿੰਦੋਈ, ਹਿੰਦਕੀ, ਹਿਦਕੋ, ਹਿੰਦੀ ਆਦਿ ਨਾਂਵਾਂ ਨਾਲ ਪੁਕਾਰਿਆ; ਪਰ ਮੇਰੀ ਨਿਵੇਕਲੀ ਤੇ ਨਿਖਰਵੀਂ ਪਛਾਣ ਨਾਥਾਂ ਜੋਗੀਆਂ ਦੇ ਸਾਹਿਤ ਤੋਂ ਸ਼ੁਰੂ ਹੋਈ। ਇਹ 9ਵੀਂ ਜਾਂ 10ਵੀਂ ਸਦੀ ਸੀ। ਜਦ ਸਰੀਰ 'ਤੇ ਸੁਆਹ ਮਲ, ਕੰਨਾਂ ਵਿਚ ਮੁੰਦਰਾਂ ਪਾਈ, ਸਿੰਗੀ ਨਾਦ ਵਜਾਉਂਦੇ ਗੋਰਖ ਨਾਥ, ਮਛੰਦਰ ਨਾਥ ਜਿਹੇ ਜੋਗੀਆਂ ਨੇ ਕਲਮ ਫੜ੍ਹੀ। ਉਸ ਤੋਂ ਬਾਅਦ ਮੇਰੀ ਝੋਲੀ ਲੋਕ ਗੀਤਾਂ, ਅਖਾਣ, ਬੁਝਾਰਤਾਂ, ਕਿੱਸਾ-ਕਾਵਿ, ਸੂਫੀ-ਕਾਵਿ, ਵੀਰ-ਕਾਵਿ, ਭਗਤੀ-ਕਾਵਿ, ਇਖਲਾਕੀ-ਕਾਵਿ, ਰੁਮਾਂਚਿਕ-ਕਾਵਿ ਆਦਿ ਨਾਲ ਭਰਦੀ ਗਈ। ਫਿਰ ਬਾਲ ਗੁਰੂ ਨਾਨਕ ਨੇ, ਪਾਠਸ਼ਾਲਾ ਜਾਂਦਿਆ ਸਾਰ 'ਪੱਟੀ' ਲਿਖ ਕੇ ਮੇਰੀ ਬਾਂਹ ਪਕੜੀ ਤੇ ਮੈਂ ਅਮਰ ਹੋ ਗਈ। ਮੈਨੂੰ ਗੁਰਮਤਿ-ਕਾਵਿ ਧਾਰਾ ਦਾ ਮਾਧੀਅਮ ਬਣਾ ਕੇ ਗੁਰਮੁਖੀ ਕਿਹਾ। ਵਿਸ਼ਵ ਧਰਮ ਦੇ 'ਆਦਿ ਗ੍ਰੰਥ' (ਗੁਰੂ ਗ੍ਰੰਥ ਸਾਹਿਬ) ਦੇ ਮਾਧੀਅਮ ਹੋਣ ਦਾ ਮੈਨੂੰ ਸਭ ਤੋਂ ਵੱਧ ਫਖਰ ਹੈ। ਇਸ ਇਕ ਗ੍ਰੰਥ ਵਿਚ ਹੀ 55 ਕਾਵਿ-ਰੂਪ ਵਰਤੇ ਗਏ ਹਨ।

ਮੈਨੂੰ ਫਖਰ ਹੈ ਕਿ ਅੱਜ ਮੈਂ ਸ਼੍ਰਵ-ਕਾਵਿ (ਕਵਿਤਾ, ਗਲਪ, ਵਾਰਤਕ: ਨਿਬੰਧ, ਜੀਵਨੀ, ਸਵੈਜੀਵਨੀ, ਸਫਰਨਾਮਾ ਆਦਿ) ਤੇ ਦ੍ਰਿਸ਼ ਕਾਵਿ ਨਾਟਕ ਤੇ ਇਕਾਂਗੀ-ਦੋਹਾਂ ਨੂੰ ਲਿਪੀਬੱਧ ਕਰਨ ਦਾ ਮਾਣ ਪ੍ਰਾਪਤ ਕਰ ਰਹੀ ਹਾਂ। ਅਨੇਕਾਂ ਵਿਸ਼ਿਆਂ 'ਤੇ ਪੀਐਚ. ਡੀ. ਦਾ ਮਾਧਿਅਮ ਵੀ ਬਣ ਚੁਕੀ ਹਾਂ। ਸਾਹਿਤਕਾਰ ਆਪਣੀਆਂ ਲਿਖਤਾਂ ਰਾਹੀਂ ਅਤੇ ਸਭਾ ਸੁਸਾਇਟੀਆਂ ਸਾਹਿਤਕ ਸੰਮੇਲਨਾਂ, ਵਿਚਾਰ ਗੋਸ਼ਟੀਆਂ ਤੇ ਸੈਮੀਨਾਰਾਂ ਰਾਹੀਂ ਮੇਰੀ ਖੁਸ਼ਬੋ ਦੁਨੀਆਂ ਦੇ ਹਰ ਕੋਨੇ ਵਿਚ ਫੈਲਾ ਰਹੇ ਹਨ। ਪੰਜਾਬੀ ਕਿਸਾਨ ਜਿਥੇ ਵੀ ਜਾਂਦੇ ਹਨ, ਮੈਨੂੰ ਨਾਲ ਲੈ ਕੇ ਜਾਂਦੇ ਹਨ। ਬਾਲ ਸਾਹਿਤ ਛਾਪਿਆ ਜਾ ਰਿਹਾ ਹੈ। ਪੰਜਾਬੀ ਸਾਹਿਤ ਅਕੈਡਮੀਆਂ ਮੇਰੀ ਸੇਵਾ ਵਿਚ ਜੁਟੀਆਂ ਹੋਈਆਂ ਹਨ। ਵਿਦੇਸ਼ਾਂ 'ਚ ਗੁਰਦੁਆਰਿਆਂ ਵਿਚ ਪੰਜਾਬੀ ਲਈ ਅਲੱਗ ਸਕੂਲ ਖੁੱਲੇ ਹਨ।

ਵਿਗਿਆਨ ਦੀ ਮਿਹਰਬਾਨੀ ਦੇਖੋ, ਮੈਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਕਿੰਨੇ ਨਵੇਂ ਸਾਧਨ ਬਣਾ ਦਿੱਤੇ ਹਨ। ਅੱਜ ਤਾਂ ਮੇਰੇ ਬੱਚੇ ਇਕ ਸੈੱਲ ਫੋਨ ਵਿਚ ਹੀ ਸਾਰੀ ਦੁਨੀਆਂ ਦੀਆਂ ਬਾਬਾਣੀਆ ਕਹਾਣੀਆਂ, ਗੁਰੂਆਂ ਪੀਰਾਂ ਦੇ ਮਿੱਠੇ ਬੋਲ, ਇਤਿਹਾਸ-ਗੱਲ ਕੀ! ਸਾਰਾ ਹੀ ਪੰਜਾਬੀ ਸਾਹਿਤ ਆਪਣੀ ਜੇਬ ਵਿਚ ਨਾਲ ਲਈ ਫਿਰਦੇ ਹਨ। ਚਿੰਤਕ ਐਵੇਂ ਹੀ ਫਿਕਰ ਕਰ ਰਹੇ ਹਨ, 'ਕਿਤੇ ਮੈਂ ਅਲੋਪ ਨਾ ਹੋ ਜਾਵਾਂ; ਪਰ ਜਿਸ ਭਾਸ਼ਾ ਵਿਚ ਗੁਰੂਆਂ ਨੇ ਇਕ ਓਅੰਕਾਰ (ੴ) ਦਿੱਤਾ, ਉਸ ਦੀ ਹੋਂਦ ਵੀ 'ੴ' ਤਕ ਹੀ ਜੀਵਤ ਰਹੇਗੀ।

ਮੈਨੂੰ ਮਾਣ ਹੈ ਕਿ ਤੁਹਾਡੀਆਂ ਮਾਂਵਾਂ 'ਤੇ, ਜਿਨ੍ਹਾਂ ਤੁਹਾਡੇ ਕੰਨਾਂ ਨੂੰ ਸਭ ਤੋਂ ਪਹਿਲਾਂ ਮੇਰੇ ਨਾਲ ਜਾਣ-ਪਛਾਣ ਕਰਵਾਈ। ਮੈਨੂੰ ਮਾਣ ਹੈ ਆਪਣੇ ਸਫਰ 'ਤੇ, ਜੋ ਸਦੀਆਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ; ਆਪਣੇ ਦਾਨੀ ਸਭਿਆਚਾਰ 'ਤੇ, ਜੋ ਦੁਨੀਆਂ ਭਰ ਤੋਂ ਨਿਵੇਕਲਾ ਹੈ।

ਜੁਗ ਜੁਗ ਜਿਊਣ ਤੁਹਾਡੇ ਰਸਮ-ਰਿਵਾਜ਼, ਤੁਹਾਡੇ ਪਹਿਰਾਵੇ, ਤੁਹਾਡੇ ਗਿੱਧੇ, ਭੰਗੜੇ, ਸੰਮੀ, ਝੂਮਰ, ਕਿੱਕਲੀਆਂ, ਮਾਹੀਆ, ਟੱਪੇ, ਢੋਲੇ, ਬੋਲੀਆਂ, ਹੇਅਰੇ, ਘੋੜੀਆਂ, ਛੰਦ-ਪਰਾਗੇ, ਥਾਲ, ਸੁਹਾਗ ਦੇ ਗੀਤ, ਸੋਹਿਲੇ, ਸਿੱਠਣੀਆਂ, ਲੋਰੀਆਂ ਤੇ ਹੋਰ ਸਭ-ਤੁਹਾਡੇ ਵੱਡੇ ਵਡੇਰਿਆਂ ਤੋਂ ਮਿਲਿਆ ਹੋਇਆ ਸਰਮਾਇਆ।

ਖੁਸ਼ ਰਹੋ। ਆਬਾਦ ਰਹੋ-ਮੈਂ ਹਾਂ, ਤੁਹਾਡੀ ਮਾਂ-ਬੋਲੀ, ਪੰਜਾਬੀ!

## ਮਾਂ ਬੋਲੀ ਪੰਜਾਬੀ

ਕਰੂੰਬਲ ਤੋਂ ਡੋਡੀ ਬਣ ਜਾ, ਡੋਡੀ ਤੋਂ ਫਿਰ ਫੁੱਲ,
ਮਾਂ ਬੋਲੀ ਦੀ ਸੇਵਾ ਕਰਕੇ, ਨਾ ਭਾਲੀਂ ਕਦੇ ਮੁੱਲ।

ਇਹ ਬੋਲੀ ਸ਼ਹਿਦੋਂ ਮਿੱਠੀ, ਮਿਲੇ ਮਾਂ ਦੁੱਧ ਸੰਗ,
ਬੋਲ, ਸਿੱਖ ਤੇ ਪੜ੍ਹ ਇਹਨੂੰ, ਸਦਾ ਖੈਰਾਂ ਤੂੰ ਮੰਗ।

ਰਚੀ ਬਾਣੀ ਸ਼ੇਖ ਫਰੀਦ, ਸ਼ਾਹ ਹੁਸੈਨ ਫਕੀਰ,
ਨਾਮੇ ਭਗਤ ਅਪਨਾ ਕੇ, ਵਿਰਸਾ ਕੀਤਾ ਅਮੀਰ।

ਦਸਾਂ ਗੁਰੂਆਂ ਨੇ ਰਚਿਆ, ਮਹਾਨ ਗੁਰੂ ਗ੍ਰੰਥ,
ਹੱਕ, ਸੱਚ, ਇਨਸਾਫ ਲਈ ਸਾਜੇ ਖਾਲਸਾ ਪੰਥ।

ਬੁੱਲ੍ਹੇ ਸ਼ਾਹ ਗਾਵੇ ਕਾਫੀਆਂ, ਪੀਲੂ ਲਿਖਦਾ ਹੀਰ,
ਕਿੱਸੇ ਸ਼ੀਰੀਂ ਫਰਹਾਦ ਦੇ, ਲੈਲਾ ਮਜਨੂੰ ਅਧੀਰ।

ਵਾਰਸ ਸ਼ਾਹ ਦੇ ਮਹਾਂਕਾਵਿ, ਕੀਤੀ ਅਮਰ ਹੀਰ,
ਵਾਰਾਂ ਸ਼ਾਹ ਮੁਹੰਮਦ ਗਾਉਂਦੇ, ਸਿੱਖ ਰਾਜ ਅਖੀਰ।

ਪੂਰਨ ਭਗਤ ਤੇ ਸੱਸੀ ਪੁਨੂੰ, ਕਿੱਸਾ ਮਿਰਜ਼ਾ ਜੱਟ,
ਸੋਹਣੀ ਮਹੀਂਵਾਲ, ਬੇਗੋ ਨਾਰ, ਇਸ਼ਕੇ ਦਿੱਤੇ ਪੱਟ।

ਭਾਈ ਵੀਰ ਸਿੰਘ ਲਿਖਦੇ, ਚਾਤ੍ਰਿਕ ਧਨੀ ਰਾਮ,
ਕਿਰਪਾ ਰਾਮ ਫਿਲੌਰੀ ਦੀ, ਆਰਤੀ ਸੁਬ੍ਹਾ ਸ਼ਾਮ।

ਨਾਨਕ ਸਿੰਘ, ਸੇਖੋਂ, ਦਰਦੀ, ਸ਼ਿਵ, ਵਿਧਾਤਾ ਤੀਰ,
ਪੂਰਨ ਸਿੰਘ, ਕੰਵਲ ਖਿੜ੍ਹੇ, ਮੋਹਨ ਤੇ ਸੰਤੋਖ ਧੀਰ।

ਨੂਰ ਜਹਾਂ, ਅਕਰਮ ਰਾਹੀ, ਆਲਮ ਸ਼ਾਹ ਲੁਹਾਰ,
ਤੂਫੈਲ, ਮਹਿੰਦੀ, ਨਜ਼ਮੀ ਨੇ, ਵਸਦੇ ਨੇ ਉਸ ਪਾਰ।

ਮੁਹੰਮਦ ਰਫੀ, ਸ਼ਮਸ਼ਾਦ, ਸੁਰਿੰਦਰ ਤੇ ਪਰਕਾਸ਼,
ਮਹਿੰਦਰ ਕਪੂਰ, ਮਸਤਾਨਾਂ, ਯਮਲਾ ਚੜ੍ਹੇ ਅਕਾਸ਼।

ਹੀਰਿਆਂ ਦੀ ਕਤਾਰ ਲੰਬੀ, ਹਜਾਰਾਂ ਵਸਦੇ ਪਰਦੇਸ,
ਮਾਂ ਤੈਨੂੰ ਨਹੀਂ ਮਰਨ ਦਿੰਦੇ, ਸਾਂਭੇ ਨੇ ਦਰੀਆਂ ਖੇਸ।

ਮੁਹਾਵਰੇ, ਬੋਲੀਆਂ, ਛੰਦ, ਬੈਂਤ, ਸਭ ਰੱਖੇ ਝਾੜ ਪੂੰਝ,
ਲੋਕ ਗੀਤ, ਸੁਹਾਗ ਘੋੜੀਆਂ, ਸਿੱਠਣੀਆਂ ਤੇ ਡੂੰਮ।

ਸਦ, ਅਲਾਹਣੀਆਂ, ਮਾਹੀਏ, ਢੋਲੇ, ਮਿਰਜ਼ੇ, ਸੋਹਲੇ,
ਅਲਗੋਜ਼ੇ, ਤੂੰਬੇ, ਢੱਡ ਸਾਰੰਗੀ, ਇੱਕ ਤਾਰਾ ਵੀ ਬੋਲੇ।

ਕਾਂਟੋ, ਬੁੱਘਚੂ ਰਲ ਕੇ ਨੱਚਦੇ, ਜਦੋਂ ਤਾਲ ਦਿੰਦੇ ਸਾਜ਼,
ਛੈਣੇ, ਖੜਤਾਲ, ਢੋਲ, ਢੋਲਕੀ, ਗਾਉਂਦੇ ਰੈਣੇ ਦੀ ਆਵਾਜ਼।

ਬੱਸ ਮਾਂ ਤੂੰ ਦੇਹ ਅਸ਼ੀਰਵਾਦ, ਪੁੱਤਰ ਜਿਉਂਦੇ ਰਹਿਣ,
ਤੇਰੀ 'ਵਾ ਵਲ ਵੀ ਨਾ ਝਾਕਣਗੇ, ਲੱਖ ਰਕੀਬ ਰਹਿਣ।

*-ਸੇਵਾ ਸਿੰਘ ਨੂਰਪੁਰੀ*

# ਗੁਰਦੁਆਰਾ ਬਿਲ ਤੇ ਸ਼ਰਤਾਂ

*(ਪਿਛਲੇ ਸਫੇ ਦੀ ਬਾਕੀ)*

ਦੇ ਵਿਰੁਧ ਪ੍ਰਚਾਰ ਕਰਦੀਆਂ ਸਨ। ਸ. ਅਮਰ ਸਿੰਘ ਨੇ 'ਦੇਸ਼-ਭਗਤ' ਹਫਤੇਵਾਰ ਅਖਬਾਰ ਵੀ ਜਾਰੀ ਕੀਤਾ ਹੋਇਆ। ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਵੀ ਇਕ ਅਖਬਾਰ ਆਪਣੇ ਹੱਕ ਵਿਚ ਪਰਚਾਰ ਕਰਨ ਲਈ ਜਾਰੀ ਕਰ ਦਿੱਤਾ ਸੀ। ਹੁਣ ਅਖਬਾਰਾਂ ਵਿਚ ਤੇ ਜਲਸਿਆਂ ਵਿਚ ਇਕ ਦੂਜੇ ਵਿਰੁਧ ਬੜਾ ਜ਼ੋਰਦਾਰ ਪਰਚਾਰ ਹੁੰਦਾ ਸੀ। ਇਹ ਸਾਫ ਨਜ਼ਰ ਆ ਰਿਹਾ ਸੀ ਕਿ ਆਮ ਸਿੱਖ ਜਨਤਾ ਦੀ ਰਾਇ ਸ਼ਰਤਾਂ ਮੰਨਣ ਦੇ ਵਿਰੁੱਧ ਸੀ। ਸਿੱਖ ਜਨਤਾ ਗਰਮ ਖਿਆਲਾਂ ਨੂੰ ਜਲਦੀ ਕਬੂਲਦੀ ਹੈ।

21 ਫਰਵਰੀ 1926 ਨੂੰ ਨਨਕਾਣਾ ਸਾਹਿਬ ਦੇ ਸਾਕੇ ਦਾ ਸ਼ਹੀਦੀ ਦਿਨ ਸੀ। ਅਕਾਲੀ ਪਾਰਟੀ ਵੱਲੋਂ ਇਹ ਦਿਨ ਅਕਾਲੀ ਕੈਦੀਆਂ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਕਰਨ ਲਈ ਮਿਥਿਆ ਗਿਆ। ਥਾਂ ਥਾਂ ਦੀਵਾਨ ਕੀਤੇ ਗਏ। ਕੁਦਰਤੀ ਸੀ ਕਿ ਇਸ ਦਿਨ ਸ਼ਰਤਾਂ ਮੰਨਣ ਦੀ ਨਿਖੇਧੀ ਕੀਤੀ ਜਾਂਦੀ। ਆਮ ਜਨਤਾ ਵੱਲੋਂ ਇਤਨੀ ਭਾਰੀ ਵਿਰੋਧਤਾ ਵੇਖ ਕੇ ਸ. ਬਹਾਦਰ ਪਾਰਟੀ ਘਬਰਾ ਰਹੀ ਸੀ। ਉਹ ਸੁਲਾਹ ਕਰਨ ਦੀਆਂ ਗੱਲਾਂ ਕਰਨ ਲੱਗ ਪਏ। 25 ਫਰਵਰੀ 1926 ਨੂੰ ਸਰਦਾਰ ਬਹਾਦਰ ਮਹਿਤਾਬ ਸਿੰਘ, ਹਰਕਿਸ਼ਨ ਸਿੰਘ ਤੇ ਭਗਤ ਨੇ ਸ. ਮੰਗਲ ਸਿੰਘ ਨੂੰ ਕਿਹਾ ਕਿ ਸ਼ਰੋਮਣੀ ਗੁਰਦੁਆਰਾ ਕਮੇਟੀ ਛੱਡਦੇ ਹਾਂ, ਤੁਸੀਂ ਚਾਰਜ ਲੈ ਲੌ, ਅਕਾਲੀ ਅਖਬਾਰ ਵਿਚ ਪ੍ਰਾਪੇਗੰਡਾ ਬੰਦ ਕਰ ਦੇਣ, ਕਮੇਟੀ ਬਣਾ ਕੇ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਨਵੀਂ ਚੋਣ ਕਰਵਾ ਲੌ।

ਕੁਝ ਦਿਨਾਂ ਮਗਰੋਂ ਪੰਡਤ ਮਾਲਵੀਆ ਜੀ ਅੰਮ੍ਰਿਤਸਰ ਆਏ। ਉਨ੍ਹਾਂ ਦੀ ਮੌਜੂਦਗੀ ਵਿਚ ਸੁਲਾਹ ਕਰਨ ਦੀ ਇਕ ਮੀਟਿੰਗ ਹੋਈ ਪਰ ਸਫਲਤਾ ਨਾ ਹੋਈ। ਦਿਨੋਂ ਦਿਨ ਅਕਾਲੀਆਂ ਵਿਚ ਫੁਟ ਤੇਜ਼ ਹੀ ਹੁੰਦੀ ਗਈ।

ਇਨ੍ਹਾਂ ਹੀ ਦਿਨਾਂ ਵਿਚ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਰਿਹਾ ਹੋ ਕੇ ਆ ਗਏ ਸਨ। ਬਾਬਾ ਗੁਰਦਿਤ ਸਿੰਘ ਜੀ ਲੰਮੀ ਕੈਦ ਮਗਰੋਂ 21 ਜਨਵਰੀ 1926 ਨੂੰ ਰਿਹਾਅ ਹੋ ਕੇ ਆ ਗਏ ਸਨ। ਇਹ ਦੋਵੇਂ ਆਗੂ ਗਰਮ ਦਲੀਏ ਸਨ ਤੇ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਕਰਨ ਦੇ ਵਿਰੁਧ ਸਨ।

ਦਰਬਾਰ ਸਾਹਿਬ ਅਤੇ ਤਖਤ ਅਕਾਲ ਸਾਹਿਬ ਉਤੇ ਸ਼ਰੋਮਣੀ ਗੁਰਦੁਆਰਾ ਕਮੇਟੀ ਦਾ ਕਬਜ਼ਾ ਸੀ ਪਰ ਲੋਕਾਂ ਵਿਚ ਇਨ੍ਹਾਂ ਦੀ ਵਿਰੋਧਤਾ ਸੀ। ਮੋਰਚਿਆਂ ਦੇ ਖਤਮ ਹੋਣ ਨਾਲ ਅਕਾਲੀ ਡਸਿਪਲਨ ਵੀ ਟੁੱਟ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਇਕ ਗੁਰਦੁਆਰਾ ਸੁਧਾਰ ਦਲ ਵੀ ਬਣ ਗਿਆ ਸੀ। ਇਸ ਦਾ ਸਕੱਤਰ ਮੂਲ ਸਿੰਘ ਚਵਿੰਡਾ ਸੀ। ਇਹ ਕਾਫੀ ਬੇਸਮਝ ਤੇ ਜ਼ਿੱਦੀ ਅਕਾਲੀ ਸੀ। ਇਹ ਜੱਥਾ ਜ਼ਬਰਦਸਤੀ ਤਖਤ ਅਕਾਲ ਸਾਹਿਬ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ। ਸਰਦਾਰ ਅਮਰ ਸਿੰਘ ਜੀ ਝਬਾਲ ਦਾ ਬੜਾ ਅਸਰ ਤੇ ਰਸੂਖ ਸੀ। ਉਸ ਨੇ ਇਨ੍ਹਾਂ ਨੂੰ ਬੁਰਛਾਗਰਦੀ ਮਚਾਣ ਤੋਂ ਰੋਕਿਆ ਤੇ ਆਖਿਆ ਕਿ ਸਿੱਖਾਂ ਦੀ ਇੱਕ ਪ੍ਰਤੀਨਿਧ ਕਾਨਫਰੰਸ 'ਸਰਬੱਤ ਖਾਲਸਾ ਕਾਨਫਰੰਸ' ਕਰਕੇ ਵਰਤਮਾਨ ਸੰਕਟ ਦਾ ਫੈਸਲਾ ਲੈਣਾ ਚਾਹੀਦਾ ਹੈ। ਬੇਨਿਯਮੀ ਕਾਰਵਾਈ ਨਹੀਂ ਕਰਨੀ ਚਾਹੀਦੀ।

# ਸੁਰਿੰਦਰ ਗੀਤ ਦੀਆਂ ਦੋ ਰਚਨਾਵਾਂ

## ਮੈਂ ਤੇਰੇ ਜ਼ੋਸ ਨੂੰ ਵੇਖਾਂ...

ਮੈਂ ਤੇਰੇ ਜ਼ੋਸ ਨੂੰ ਵੇਖਾਂ, ਮੈਂ ਤੇਰੇ ਹੋਸ਼ ਨੂੰ ਵੇਖਾਂ,
ਤੇਰੇ ਨੈਣਾਂ 'ਚ ਸੂਰਜ ਵਾਂਗ ਮਘਦਾ ਸੇਕ ਮੈਂ ਸੇਕਾਂ।

ਬਣਾ ਕੇ ਕਾਫਲੇ ਬੈਠੇ ਬਰੂਹਾਂ ਤੇਰੀਆਂ 'ਤੇ ਜੋ,
ਚਿਰਾਂ ਤੋਂ ਸੌਂ ਰਹੇ ਸਨ, ਉਹ ਤੇ ਹੁਣ ਮੈਂ ਜਾਗਦੇ ਵੇਖਾਂ।

ਉਬਾਲਾ ਸੀਤ ਸਾਗਰ ਵਿਚ ਕਦੇ ਏਦਾਂ ਵੀ ਆ ਸਕਦੈ,
ਕਿਸਾਨੀ ਦਰਦ ਦੀ ਅੱਖ 'ਚੋਂ ਕਿਰੀ ਇਕ ਹਿੰਜ ਮੈਂ ਵੇਖਾਂ।

ਉਦਾਸੀ ਛਾ ਗਈ ਸੀ ਲਹਿਲਹਾਉਂਦੇ ਖੇਤ ਮੇਰੇ 'ਤੇ,
ਸਰੋਂ ਦੀ ਫਸਲ 'ਤੇ ਨੱਚਦੀ ਨਵੀਂ ਮੁਸਕਾਨ ਮੈਂ ਵੇਖਾਂ।

ਕਿਸੇ ਦੀ ਹੱਕ ਦੀ ਮਿਹਨਤ ਪਵੇ ਤੇਰੀ ਤਿਜੋਰੀ ਵਿਚ,
ਨਹੀਂ ਮਨਜ਼ੂਰ ਮੈਨੂੰ, ਜ਼ਿੰਦਗੀ ਵਿਚ ਮੈਂ ਕਦੇ ਵੇਖਾਂ।

ਲਹੂ ਇਤਿਹਾਸ ਬਣਦਾ ਤਾਂ ਅਨੇਕਾਂ ਵਾਰ ਮੈਂ ਤੱਕਿਆ,
ਬਣੇ ਇਤਿਹਾਸ ਇਕ ਹੰਝੂ ਇਹ ਪਹਿਲੀ ਵਾਰ ਮੈਂ ਵੇਖਾਂ।

---

## ਇਹ ਸੱਚ ਹੈ...

ਮੈਂ ਸੁਣਿਆ ਸੀ ਕਿ ਵਗਦੀ ਪੌਣ ਖਲੋ ਜਾਂਦੀ ਹੈ
ਜਿੱਥੇ ਲੋਕ ਇਕੱਠੇ ਹੋ
ਆਪਣੇ ਦਿਲਾਂ ਦਿਮਾਗਾਂ ਨੂੰ
ਏਕੇ ਦੇ ਧਾਗੇ ਵਿਚ ਪਰੋ
ਹੱਕ ਮੰਗਦੇ ਨੇ, ਹੋਂਦ ਲਈ ਲੜਦੇ ਨੇ
ਜਿਨ੍ਹਾਂ ਦੀਆਂ ਰੂਹਾਂ 'ਚੋਂ ਚਾਨਣ ਝਰਦਾ ਹੈ
ਜਿਨ੍ਹਾਂ ਦੇ ਹੱਥਾਂ ਵਿਚ ਫੜੀਆਂ ਮਸ਼ਾਲਾਂ ਤੋਂ
ਜ਼ਾਲਮ ਹੁਕਮਰਾਨ ਡਰਦਾ ਹੈ
ਬਿਲਕੁਲ ਓਸੇ ਤਰ੍ਹਾਂ
ਜਿਵੇਂ ਜੰਗਲੀ ਜਾਨਵਰ ਅੱਗ ਤੋਂ ਦੂਰ ਭੱਜਦਾ ਹੈ
ਤੇ ਜਿਨ੍ਹਾਂ ਦੇ ਸੱਚ ਦੀ ਗਵਾਹੀ
ਸਾਰਾ ਬ੍ਰਹਿਮੰਡ ਭਰਦਾ ਹੈ।

ਹਾਂ ਇਹ ਸੱਚ ਹੈ, ਮੇਰੀ ਰੂਹ ਦੀਆਂ ਅੱਖਾਂ ਨੇ
ਦਿੱਲੀ ਦੀਆਂ ਹੱਦਾਂ 'ਤੇ ਟਰੈਕਟਰ-ਟਰਾਲੀਆਂ
ਸੰਘਰਸ਼ੀ ਕਿਸਾਨਾਂ ਤੇ ਮਜ਼ਦੂਰਾਂ ਵਿਚਕਾਰ
ਹਵਾ ਨੂੰ ਖੜਾ ਵੇਖਿਆ
ਤੇ ਸੰਘਰਸ਼ੀ ਸਾਹਾਂ ਦੀ ਮਹਿਕ ਨਾਲ
ਆਪਣੀ ਝੋਲੀ ਭਰਦੇ ਦੇਖਿਆ
ਤੇ ਫਿਰ ਉਸ ਹਵਾ ਨੇ ਇਸ ਮਹਿਕ ਦਾ
ਭਾਰਤ ਦੀ ਸਾਰੀ ਧਰਤੀ 'ਤੇ ਛੱਟਾ ਦੇ ਦਿੱਤਾ
ਹੁਣ ਸਾਰੇ ਭਾਰਤ ਵਿਚੋਂ ਭਗਤ ਸਰਾਭੇ ਤੇ ਦੁੱਲੇ ਬੁੱਲ੍ਹੇ
ਕਾਫਲੇ ਬਣਾ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ
ਦਿੱਲੀ ਵੱਲ ਵਧ ਰਹੇ ਹਨ।

# ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਦੀ ਵਾਰਤਾ

ਪੰਜਾਬੀ ਖੇਡ ਸਾਹਿਤ 30




ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪੈਂਤੀ ਸਾਲਾਂ ਦੀ ਪ੍ਰੋਫੈਸਰੀ ਤੇ ਪ੍ਰਿੰਸੀਪਲੀ ਕਰਨ ਪਿਛੋਂ ਮੈਂ ਰਿਟਾਇਰ ਹੋ ਚੁੱਕਾ ਸਾਂ। ਅਗਾਂਹ ਕਿਸੇ ਨਵੇਂ ਬੰਧਨ ਵਿਚ ਨਹੀਂ ਸਾਂ ਬੱਝਣਾ ਚਾਹੁੰਦਾ। ਖੇਡ ਲੇਖਕ ਤੇ ਖੇਡ ਬੁਲਾਰਾ ਹੋਣਾ ਮੇਰਾ ਚੜ੍ਹਦੀ ਜੁਆਨੀ ਤੋਂ ਸ਼ੌਕ ਸੀ। ਕਲਮ ਚਲਦੀ ਸੀ, ਅਖਬਾਰਾਂ 'ਚ ਛਪਦਾ ਸਾਂ ਤੇ ਕਬੱਡੀ ਟੂਰਨਾਮੈਂਟਾਂ 'ਤੇ ਬੋਲਦਾ ਸਾਂ। ਇਉਂ ਬਿਲਕੁਲ ਵਿਹਲਾ ਨਹੀਂ ਸਾਂ ਮੈਂ, ਪਰ ਮੇਰੇ ਮਿੱਤਰ ਮੈਨੂੰ ਵਾਰ ਵਾਰ ਆਰਾਂ ਲਾਉਂਦੇ ਕਿ ਪੰਜਾਬੀ 'ਚ ਨਿਰੋਲ ਖੇਡਾਂ ਦਾ ਰਸਾਲਾ ਕੱਢੋ। ਕਿਤਾਬ ਦੀ ਆਪਣੀ ਥਾਂ ਹੁੰਦੀ ਹੈ, ਮੈਗਜ਼ੀਨ ਦੀ ਆਪਣੀ। ਮੈਗਜ਼ੀਨ ਵਧੇਰੇ ਖੇਡ ਜਾਗ੍ਰਤੀ ਪੈਦਾ ਕਰ ਸਕਦੈ। ਕੌਮਾਂਤਰੀ ਖੇਡ ਮੇਲਿਆਂ ਦਾ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਤੇ ਪਹਿਲਵਾਨ ਕਰਤਾਰ ਸਿੰਘ ਦਾ ਭਰਾ ਗੁਰਚਰਨ ਸਿੰਘ ਢਿੱਲੋਂ ਮੇਰੇ ਮਗਰ ਹੀ ਪੈ ਗਏ। ਉਹ ਮੁੜ ਮੁੜ ਕਹਿੰਦੇ, "ਕੱਢੋ ਮੈਗਜ਼ੀਨ ਜੀ ਕੱਢੋ, ਅਸੀਂ ਤੁਹਾਡੇ ਨਾਲ ਹਾਂ। ਸਾਡੀ ਜੋ ਮਰਜ਼ੀ ਡਿਊਟੀ ਲਾਓ।"

ਮੈਂ ਸੋਚੀਂ ਪੈ ਗਿਆ। ਪੰਜਾਬੀ ਕਰੋੜਾਂ ਲੋਕਾਂ ਦੀ ਬੋਲੀ ਹੈ। ਸੌ ਤੋਂ ਵੱਧ ਮੁਲਕਾਂ ਵਿਚ ਪੰਜਾਬੀ ਵਸਦੇ ਹਨ। ਇਸ ਹਾਲਤ ਵਿਚ ਪੰਜਾਬੀ ਦਾ ਮਿਆਰੀ ਰਸਾਲਾ ਕੌਮਾਂਤਰੀ ਪੱਧਰ 'ਤੇ ਵਿਚਰ ਕੇ ਪੰਜਾਬੀ ਮੂਲ ਦੇ ਲੋਕਾਂ ਦੀ ਆਪਸੀ ਸਾਂਝ ਬਰਕਰਾਰ ਰੱਖ ਸਕਦਾ ਹੈ। ਪੰਜਾਬ ਦੀ ਦੇਸੀ ਖੇਡ ਕਬੱਡੀ ਦੇ ਟੂਰਨਾਮੈਂਟ ਕਈ ਸਾਲਾਂ ਤੋਂ ਦੇਸ-ਵਿਦੇਸ਼ ਦੇ ਪੰਜਾਬੀਆਂ ਵਿਚਾਲੇ ਮੇਲ-ਜੋਲ ਦੇ ਚੰਗੇ ਸਾਧਨ ਬਣੇ ਹੋਏ ਸਨ। ਸੰਭਵ ਹੈ, ਕਦੇ ਪੰਜਾਬੀ ਓਲੰਪਿਕਸ ਦੀ ਵਿਧ ਵੀ ਬਣ ਜਾਵੇ। ਖਿਲਰਦੀਆਂ ਕੌਮਾਂ ਤੇ ਭਾਈਚਾਰਿਆਂ ਨੂੰ ਖੇਡਾਂ ਦੀ ਤੰਦ ਆਪਸ ਵਿਚ ਪ੍ਰੋਈ ਰੱਖਣ 'ਚ ਸਹਾਈ ਹੋ ਸਕਦੀ ਹੈ। ਖੇਡ ਸਭਿਆਚਾਰ ਦੇ ਪਸਾਰੇ ਵਿਚ ਖੇਡ ਰਸਾਲਾ ਯਥਾਯੋਗ ਰੋਲ ਨਿਭਾ ਸਕਦਾ ਹੈ।

ਉਦੋਂ ਹੋਰਨਾਂ ਭਾਸ਼ਾਵਾਂ 'ਚ ਤਾਂ ਖੇਡਾਂ ਦੇ ਪਰਚੇ ਨਿਕਲਦੇ ਸਨ, ਪਰ ਪੰਜਾਬੀ ਵਿਚ ਇਸ ਦੀ ਅਣਹੋਂਦ ਸੀ। ਸੱਚਮੁੱਚ ਲੋੜ ਸੀ ਕਿ ਪੰਜਾਬੀ ਖੇਡ ਜਗਤ ਲਈ ਕੌਮਾਂਤਰੀ ਪੱਧਰ ਦਾ ਕੋਈ ਚੰਗਾ ਖੇਡ ਰਸਾਲਾ ਕੱਢਿਆ ਜਾਵੇ। ਉਸ ਰਸਾਲੇ ਰਾਹੀਂ ਖੇਡਾਂ ਤੇ ਖਿਡਾਰੀਆਂ ਦੀ ਗੱਲ ਤੋਰੀ ਜਾਵੇ ਤੇ ਉਦੇਸ਼ ਹੋਵੇ ਕਿ ਪੰਜਾਬੀਆਂ ਦੇ ਜੁੱਸੇ ਤਕੜੇ ਕਰਨੇ ਹਨ। ਦਾਨਿਸ਼ਵਰਾਂ ਦਾ ਮੱਤ ਹੈ ਕਿ ਬਲਵਾਨ ਜੁੱਸੇ ਵਿਚ ਹੀ ਬਲਵਾਨ ਬੁੱਧੀ ਪ੍ਰਫੁਲਤ ਹੋ ਸਕਦੀ ਹੈ। ਖੇਡਾਂ ਖੇਡਣ ਦੇ ਉਦੇਸ਼ ਬਹੁਪੱਖੀ ਹਨ। ਇਹ ਚੜ੍ਹਦੀ ਉਮਰ 'ਚ ਪੈਦਾ ਹੋ ਰਹੀ ਵਾਧੂ ਊਰਜਾ ਦੇ ਸਹਿਜ ਨਿਕਾਸ ਦਾ ਵਧੀਆ ਵਸੀਲਾ ਹਨ। ਤਦੇ ਤਾਂ ਕਹਿੰਦੇ ਹਨ ਕਿ ਖੇਡ ਮੁਕਾਬਲੇ ਲੜਾਈਆਂ-ਝਗੜਿਆਂ ਦਾ ਵਧੀਆ ਬਦਲ ਹਨ। ਖੇਡਾਂ ਵਿਹਲੇ ਸਮੇਂ ਨੂੰ ਵਰਤਣ ਦਾ ਵਧੀਆ ਸਾਧਨ ਹਨ। ਵਿਹਲਾ ਬੰਦਾ ਸ਼ੈਤਾਨ ਦਾ ਚਰਖਾ ਹੁੰਦਾ ਹੈ। ਕਿਸੇ ਆਹਰੇ ਲੱਗਾ ਹੀ ਉਹ ਲਾਈ-ਬੁਝਾਈ ਤੋਂ ਬਚ ਸਕਦਾ ਹੈ। ਜਦੋਂ ਹੱਥਾਂ ਵਿਚ ਰੰਬੇ ਦਾਤੀਆਂ, ਕਾਗਜ਼-ਕਲਮਾਂ ਜਾਂ ਹਲ-ਹਥੌੜੇ ਨਾ ਹੋਣ ਤਾਂ ਹਾਕੀਆਂ ਤੇ ਬੱਲੇ ਵਿਹਲਾ ਸਮਾਂ ਚੰਗਾ ਲੰਘਾ ਸਕਦੇ ਹਨ। ਜੇ ਹੱਥਾਂ ਵਿਚ ਕੁਝ ਵੀ ਨਾ ਹੋਵੇ ਤਾਂ ਉਨ੍ਹਾਂ ਨੂੰ ਮਾਰੂ ਹਥਿਆਰਾਂ ਵੱਲ ਵਧਣੋਂ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। ਖੇਡਾਂ ਨਿਰਾਸ਼ਾ 'ਚ ਹੁੰਦੀਆਂ ਖੁਦਕੁਸ਼ੀਆਂ ਨੂੰ ਠੱਲ੍ਹ ਪਾ ਸਕਦੀਆਂ ਹਨ।

ਮਨੋਰੰਜਨ ਮਨੁੱਖ ਦੀ ਬੁਨਿਆਦੀ ਮਨੋਬਿਰਤੀ ਹੈ। ਜਿਵੇਂ ਢਿੱਡ ਨੂੰ ਰੋਟੀ ਚਾਹੀਦੀ ਹੈ, ਉਵੇਂ ਮਨ ਨੂੰ ਮਨੋਰੰਜਨ ਚਾਹੀਦੈ। ਨੱਚਣ ਕੁੱਦਣ ਮਨ ਕਾ ਚਾਓ। ਮਨੋਰੰਜਨ ਤੋਂ ਬਿਨਾ ਜੀਵਨ ਅਕਾਊ ਹੋ ਜਾਂਦੈ। ਬੇਰਸਾ ਜੀਵਨ ਜਿਊਣ 'ਚ ਕੋਈ ਚਾਅ ਨਹੀਂ ਰਹਿੰਦਾ। ਬੰਦਾ ਲੰਮੀਆਂ ਉਮਰਾਂ ਤਦ ਹੀ ਮਾਣ ਸਕਦੈ, ਜੇ ਜੀਵਨ ਜਿਊਣ ਦੇ ਚਾਅ ਚੜ੍ਹੇ ਰਹਿਣ। ਚਾਅ, ਰੀਝਾਂ, ਖਾਹਿਸ਼ਾਂ, ਸੁਪਨੇ ਤੇ ਸੁਆਦ ਜੀਵਨ ਜਿਊਣ ਦੇ ਮੂਲ ਆਧਾਰ ਹਨ। ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਲੋੜੀਂਦਾ ਮਨੋਰੰਜਨ ਭਾਲਦੀਆਂ ਹਨ। ਚੰਗਾ ਮਨੋਰੰਜਨ ਨਾ ਮਿਲੇ ਤਾਂ ਮਨੁੱਖ ਮਾੜੇ ਮਨੋਰੰਜਨ ਵੱਲ ਵਧਦਾ ਹੈ। ਮਾੜੀ ਤੇ ਲੱਚਰ ਗਾਇਕੀ ਉਦੋਂ ਵਧਦੀ ਹੈ, ਜਦੋਂ ਮੁਕਾਬਲੇ 'ਤੇ ਚੰਗੀ ਤੇ ਸਾਫ ਸੁਥਰੀ ਗਾਇਕੀ ਨਾ ਹੋਵੇ। ਜਦੋਂ ਸਿਹਤਮੰਦ ਮਨੋਰੰਜਨ ਨਾ ਮਿਲਣ ਤਾਂ ਭੈੜੇ ਮਨੋਰੰਜਨਾਂ ਦੀ ਚੜ੍ਹਤ ਹੋ ਜਾਂਦੀ ਹੈ। ਪਹਿਲਵਾਨ ਤੇ ਵੇਸਵਾ ਦੀ ਮਿਸਾਲ ਲੈ ਲਓ। ਮੱਲਾਂ ਦੇ ਜੁੱਸੇ ਤਕੜੇ ਬਣਨ ਦੀ ਚੇਟਕ ਲਾਉਂਦੇ ਹਨ, ਜਦ ਕਿ ਵੇਸਵਾਵਾਂ ਪੁੱਠੇ ਪਾਸੇ ਤੋਰਦੀਆਂ ਹਨ। ਖਿਡਾਰੀਆਂ ਦਾ ਮਨੋਰੰਜਨ ਉਸਾਰੂ ਹੈ, ਕੰਜਰੀਆਂ ਦਾ ਨਿਘਾਰੂ। ਖੇਡਾਂ ਵਿਚ ਲਾਇਆ ਸਮਾਂ, ਸ਼ਕਤੀ ਤੇ ਧਨ ਮੋੜਵੇਂ ਰੂਪ ਵਿਚ ਨਰੋਈ ਸਿਹਤ ਤੇ ਖੁਸ਼ੀ ਖੇੜਾ ਬਖਸ਼ਦੇ ਹਨ।




ਖੇਡਾਂ ਸਿਰਫ ਮਨੋਰੰਜਨ ਹੀ ਨਹੀਂ ਕਰਦੀਆਂ, ਇਨ੍ਹਾਂ ਰਾਹੀਂ ਮਨੁੱਖੀ ਸ਼ਕਤੀ ਨੂੰ ਵੀ ਵਧਾਇਆ ਜਾ ਸਕਦਾ ਹੈ। ਖੇਡਾਂ ਦੇ ਟੁੱਟਦੇ ਰਿਕਾਰਡ ਇਸ ਦੀ ਪ੍ਰਤੱਖ ਮਿਸਾਲ ਹਨ। 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਸਮੇਂ ਸਭ ਤੋਂ ਤਕੜੇ ਬੰਦੇ ਨੇ ਮਸੀਂ ਇਕ ਕੁਇੰਟਲ ਦਾ ਬਾਲਾ ਕੱਢਿਆ ਸੀ, ਪਰ ਹੁਣ ਤਿੰਨ ਕੁਇੰਟਲ ਦੇ ਕਰੀਬ ਵਜ਼ਨ ਬਾਹਾਂ 'ਤੇ ਤੋਲਣ ਲੱਗ ਪਿਆ ਹੈ। ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈੱਸਟ ਜਿਹੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਉਹ ਚੰਦ ਉਤੇ ਪੈੜਾਂ ਕਰ ਆਇਆ ਹੈ ਤੇ ਪੁਲਾੜ 'ਚ ਤਾਰੀਆਂ ਲਾਉਣ ਲੱਗ ਪਿਆ ਏ।

ਮੁੱਢ ਕਦੀਮ ਤੋਂ ਮਨੁੱਖ ਦੇ ਜਾਏ ਪ੍ਰਕਿਰਤਕ ਸ਼ਕਤੀਆਂ ਵਿਰੁੱਧ ਜੂਝਦੇ ਆਏ ਹਨ। ਇਨਸਾਨ ਫਤਿਹ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇਕ ਪਾਸੇ ਉਹ ਮਨ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਜੱਗ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ। ਅਗਾਂਹ ਲੰਘ ਜਾਣ ਤੇ ਆਪਣੀ ਹੋਂਦ ਜਤਲਾਉਣ ਦੀ ਤਾਂਘ ਨੂੰ ਖੇਡਾਂ ਭਰਪੂਰ ਹੁੰਗਾਰਾ ਭਰਦੀਆਂ ਹਨ। ਖੇਡਾਂ ਦਾ ਇਤਿਹਾਸ ਮਨੁੱਖੀ ਵੰਗਾਰ ਤੇ ਉਸ ਦਾ ਮੁਕਾਬਲਾ ਕਰਨ ਦੀ ਵਾਰਤਾ ਹੈ। ਖੇਡਾਂ ਤਾਕਤ, ਤੰਦਰੁਸਤੀ ਤੇ ਸੁਹੱਪਣ ਦਾ ਸੋਮਾ ਹਨ, ਇਨ੍ਹਾਂ ਨਾਲ ਦੀ ਹੋਰ ਕੋਈ ਨੇਅਮਤ ਨਹੀਂ। ਇਹ ਕੌਮਾਂ ਦੀ ਸਿਹਤ ਦਾ ਅਜ਼ਮਾਇਆ ਸਾਧਨ ਹਨ। ਖੇਡਾਂ ਦੀ ਚੜ੍ਹਤ ਕਿਸੇ ਰਾਸ਼ਟਰ ਦੇ ਰਾਜ਼ੀ ਬਾਜ਼ੀ ਹੋਣ ਦਾ ਸਬੂਤ ਹੁੰਦੀ ਹੈ। ਖੇਡਾਂ ਵਿਚ ਮਨਪਰਚਾਵਾ ਵੀ ਹੈ ਅਤੇ ਜ਼ੋਰ ਤੇ ਜੁਗਤ ਦਾ ਪਰਤਿਆਵਾ ਵੀ। ਇਹ ਜੁੱਸਿਆਂ ਨੂੰ ਸਡੌਲਤਾ 'ਚ ਢਾਲ ਕੇ ਦਿਲਕਸ਼ ਬਣਾ ਦਿੰਦੀਆਂ ਹਨ ਅਤੇ ਮਨੁੱਖੀ ਸੁਹਜ ਸੁਆਦ ਵਿਚ ਵਾਧਾ ਕਰਦੀਆਂ ਹਨ।

ਖੇਡ ਅਦਬ ਦੇ ਉਦੇਸ਼ ਹਨ, ਖੇਡਾਂ ਤੇ ਖਿਡਾਰੀਆਂ ਸਬੰਧੀ ਲੋੜੀਂਦੀ ਜਾਣਕਾਰੀ ਦੇਣੀ, ਖੇਡਾਂ ਖੇਡਣ ਤੇ ਵੇਖਣ ਲਈ ਸਿਖਿਅਤ ਕਰਨਾ, ਖੇਡ ਸਭਿਆਚਾਰ ਨਾਲ ਜੀਵਨ ਨੂੰ ਚੰਗੇਰੇ ਪਾਸੇ ਤੋਰਨਾ, ਜੀਵਨ ਨੂੰ ਖੁਸ਼ਹਾਲ, ਪ੍ਰਸੰਨ ਤੇ ਸੰਤੁਸ਼ਟ ਰੱਖਣ ਦੇ ਉਪਾਅ ਦੱਸਣਾ। ਖੇਡਾਂ ਸਿਹਤਮੰਦ ਮਨੋਰੰਜਨ ਲਈ, ਚੰਗੀ ਸਿਹਤ ਲਈ ਅਤੇ ਖੁਸ਼ੀ ਤੇ ਖੇੜੇ ਲਈ। ਖੇਡਾਂ ਮਿਲਵਰਤਣ ਤੇ ਮੁਕਾਬਲੇ ਲਈ ਅਤੇ ਸਿਖਰ ਛੋਹਣ ਅਥਵਾ ਐਕਸੇਲੈਂਸ ਵਿਖਾਉਣ ਲਈ। ਖੇਡਾਂ ਵਿਹਲੇ ਸਮੇਂ ਦੀ ਸਦਵਰਤੋਂ ਲਈ ਤੇ ਫਾਲਤੂ ਊਰਜਾ ਦੇ ਨਿਕਾਸ ਲਈ। ਇਨ੍ਹਾਂ ਉਦੇਸ਼ਾਂ ਦੇ ਨਾਲ ਪੰਜਾਬੀ ਖੇਡ ਰਸਾਲਾ ਪੰਜਾਬੀ ਖੇਡ ਅਦਬ 'ਚ ਵੀ ਵਾਧਾ ਕਰ ਸਕਦਾ ਹੈ। ਨਵੀਂ ਖੇਡ ਸ਼ਬਦਾਵਲੀ ਤੇ ਖੇਡ ਸ਼ੈਲੀ ਸਿਰਜ ਸਕਦਾ ਹੈ।

ਖੇਡ ਰਸਾਲੇ ਵਿਚ ਖੇਡਾਂ ਤੇ ਸਮਾਜ, ਓਲੰਪਿਕ ਖੇਡਾਂ ਦਾ ਝਰੋਖਾ, ਖੇਡ ਮੇਲੇ, ਖੇਡ ਖਬਰਾਂ, ਖੇਡ ਕੋਚਿੰਗ, ਸਿਹਤਨਾਮਾ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਰਿਕਾਰਡ, ਖੇਡ ਪ੍ਰੋਮੋਟਰਾਂ ਤੇ ਖੇਡਾਂ ਦੇ ਚੈਂਪੀਅਨਾਂ ਬਾਰੇ ਕਾਲਮ ਚਲਾਏ ਜਾ ਸਕਦੇ ਹਨ। ਖੇਡ ਜਗਤ ਦੀਆਂ ਰੌਚਕ ਬਾਤਾਂ, ਖੇਡ ਵਿਅੰਗ ਤੇ ਖੇਡ ਤਬਸਰੇ ਲਿਖੇ ਜਾ ਸਕਦੇ ਹਨ। ਨਾਲ ਕੁਝ ਸਫੇ ਸਾਹਿਤਕ ਲਿਖਤਾਂ ਦੇ ਹੋ ਸਕਦੇ ਹਨ ਅਤੇ ਵਿਸ਼ਵ ਦੀਆਂ ਵੱਡੀਆਂ ਖਬਰਾਂ ਉਤੇ ਝਾਤ ਪੁਆਈ ਜਾ ਸਕਦੀ ਹੈ। ਸੁੰਦਰ ਦੱਖ ਦੇਣ ਵਾਲਾ ਸਚਿੱਤਰ ਖੇਡ ਮੈਗਜ਼ੀਨ ਪੰਜਾਬੀ ਘਰਾਂ ਦੀਆਂ ਬੈਠਕਾਂ ਦਾ ਸ਼ਿੰਗਾਰ ਬਣਾਇਆ ਜਾ ਸਕਦਾ ਹੈ।

ਮੈਂ ਕਬੱਡੀ ਕੱਪ ਕਰਾਉਣ ਵਾਲੇ ਸੱਜਣਾਂ ਬਾਰੇ ਸੋਚਣ ਲੱਗਾ, ਜਿਨ੍ਹਾਂ 'ਤੇ ਲੱਖਾਂ ਡਾਲਰ/ਪੌਂਡ ਖਰਚਦੇ ਹਨ। ਸਾਡੀ ਫਿਤਰਤ ਹੈ ਕਿ ਅਸੀਂ ਕੁਝ ਘੰਟਿਆਂ ਦੀ ਬੱਲੇ ਬੱਲੇ ਕਰਵਾ ਕੇ ਸਮਝ ਲੈਂਦੇ ਹਾਂ, ਜੱਗ ਜਿੱਤਿਆ ਗਿਆ। ਪੰਜਾਬੀ ਇਤਿਹਾਸ ਤਾਂ ਸਿਰਜ ਲੈਂਦੇ ਹਨ, ਪਰ ਸੰਭਾਲਦੇ ਨਹੀਂ। ਜਿਨ੍ਹਾਂ ਪੰਜਾਬੀ ਖਿਡਾਰੀਆਂ ਨੇ ਓਲੰਪਿਕ ਖੇਡਾਂ 'ਚੋਂ ਹਾਕੀ ਦੇ ਗੋਲਡ ਮੈਡਲ ਜਿੱਤੇ ਅੱਜ ਕੱਲ੍ਹ ਉਨ੍ਹਾਂ ਦੇ ਗੁਆਂਢੀ ਵੀ ਨਹੀਂ ਜਾਣਦੇ। ਅਨੇਕਾਂ ਚੈਂਪੀਅਨ ਖਿਡਾਰੀ ਗੁੰਮਨਾਮ ਹੋ ਗੁਜ਼ਰੇ ਨੇ। ਮੇਰੇ ਮਨ 'ਚ ਆਈ, ਜੇ ਖੇਡ ਪ੍ਰੋਮੋਟਰ ਤੇ ਐਡਵਰਟਾਈਜ਼ਰ ਪੰਜਾਬੀ ਖੇਡ ਰਸਾਲੇ ਦੀ ਬਾਂਹ ਫੜ ਲੈਣ ਤਾਂ ਉਪਰੋਕਤ ਉਦੇਸ਼ਾਂ ਵੱਲ ਵਧਿਆ ਜਾ ਸਕਦਾ ਹੈ। ਆਖਰ ਮੈਂ ਸੰਤੋਖ ਮੰਡੇਰ ਤੇ ਗੁਰਚਰਨ ਢਿੱਲੋਂ ਨੂੰ ਹਾਮੀ ਭਰ ਦਿੱਤੀ, ਚਲੋ ਕੱਢ ਲਓ ਮੈਗਜ਼ੀਨ, ਮੈਂ ਤੁਹਾਡੇ ਨਾਲ ਹਾਂ। ਨਾਲ ਕਹਿ ਦਿੱਤਾ, ਸਿਰਫ ਇਕੋ ਵਾਰ ਹੀ ਤੁਹਾਡੇ ਨਾਲ ਚੰਦਾ 'ਕੱਠਾ ਕਰਨ ਜਾ ਸਕਾਂਗਾ।

ਮੇਰਾ ਟਿਕਾਣਾ ਬਰੈਂਪਟਨ ਸੀ ਤੇ ਗੁਰਚਰਨ ਦਾ ਸਿਆਟਲ। ਅਸੀਂ ਸਰੀ 'ਚ ਸੰਤੋਖ ਮੰਡੇਰ ਦੇ ਘਰ 'ਕੱਠੇ ਹੋਏ। ਮੰਡੇਰ ਨੂੰ ਮੈਗਜ਼ੀਨ ਦਾ ਮੈਨੇਜਿੰਗ ਐਡੀਟਰ ਥਾਪਿਆ। ਮੈਗਜ਼ੀਨ ਨੂੰ ਸ਼ਿੰਗਾਰਨ, ਛਪਵਾਉਣ ਤੇ ਵੇਚਣ ਦੇ ਕਾਰਜ ਉਹਦੇ ਜ਼ਿੰਮੇ ਲਾਏ ਗਏ। ਗੁਰਚਰਨ ਢਿੱਲੋਂ ਨੂੰ ਡਾਇਰੈਕਟਰ ਐਡੀਟਰ ਬਣਾਇਆ, ਜਿਸ ਦੇ ਜ਼ਿੰਮੇ ਮੈਗਜ਼ੀਨ ਦਾ ਦਾਇਰਾ ਵਧਾਉਣਾ ਲਾਇਆ ਗਿਆ। ਮੈਂ ਮੁੱਖ ਸੰਪਾਦਕ ਵਜੋਂ ਮੈਗਜ਼ੀਨ ਦੇ ਸੰਪਾਦਨ ਦੀ ਡਿਊਟੀ ਸੰਭਾਲ ਲਈ। ਸਰੀ ਵਿਚ ਰਜਿਸਟਰ ਆਫ ਕੰਪਨੀਜ਼ ਮਨਿਸਟਰੀ ਆਫ ਫਾਈਨਾਂਸ ਐਂਡ ਕਾਰਪੋਰੇਟ ਰਿਲੇਸ਼ਨ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਨੂੰ ਲੋੜੀਂਦੇ ਵੇਰਵੇ ਦੇ ਕੇ 'ਖੇਡ ਸੰਸਾਰ' ਦਾ ਨਾਂ ਰਜਿਸਟਰ ਕਰਾ ਲਿਆ। ਬੈਂਕ ਵਿਚ 'ਖੇਡ ਸੰਸਾਰ' ਦਾ ਖਾਤਾ ਖੁਲ੍ਹਵਾ ਦਿੱਤਾ। ਦੋ ਕੁ ਮਹੀਨਿਆਂ ਵਿਚ ਓਹੜ-ਪੋਹੜ ਕਰ ਕੇ ਅਸੀਂ 'ਖੇਡ ਸੰਸਾਰ' ਦਾ ਪਹਿਲਾ ਅੰਕ ਛਾਪਣ ਲਈ ਨਾਭੇ ਦੇ ਮਹਿਰਮ ਗਰੁੱਪ ਨੂੰ ਭੇਜ ਦਿੱਤਾ। ਉਨ੍ਹਾਂ ਦੇ ਪਹਿਲਾਂ ਹੀ ਦੋ ਤਿੰਨ ਮੈਗਜ਼ੀਨ ਸਨ। ਮੰਡੇਰ ਨੇ ਸਮਝਿਆ, ਉਨ੍ਹਾਂ ਨਾਲ ਹੀ 'ਖੇਡ ਸੰਸਾਰ' ਵੀ ਭੇਜਿਆ ਜਾਂਦਾ ਰਹੇਗਾ।

ਸਾਡਾ ਅਗਲਾ ਕਾਰਜ ਮੈਗਜ਼ੀਨ ਦੇ ਅਗਲੇ ਅੰਕਾਂ ਲਈ ਚੰਦਾ 'ਕੱਠਾ ਕਰਨਾ ਸੀ। ਰਸਾਲੇ ਕੱਢ ਰਹੇ ਤਜਰਬੇਕਾਰ ਮਿੱਤਰਾਂ ਦਾ ਕਹਿਣਾ ਸੀ ਕਿ ਲੱਖ ਡਾਲਰ 'ਕੱਠੇ ਕਰੇ ਬਿਨਾ ਮੈਗਜ਼ੀਨ ਕੱਢਣ ਦਾ ਪੰਗਾ ਨਾ ਲਿਓ। ਚਾਰ-ਰੰਗੀਆਂ ਤਸਵੀਰਾਂ ਵਾਲਾ ਜਿਹੋ ਜਿਹਾ ਸਚਿੱਤਰ ਮੈਗਜ਼ੀਨ ਕੱਢਣ ਦੀ ਤੁਸੀਂ ਕਲਪਨਾ ਕਰੀ ਬੈਠੀ ਓਂ, ਉਹਦੇ ਹਰ ਅੰਕ ਦਾ ਖਰਚਾ ਦਸ ਪੰਦਰਾਂ ਹਜ਼ਾਰ ਡਾਲਰ ਆਊ, ਜੋ ਵੱਡੀਆਂ ਐਡਾਂ ਬਿਨਾ ਪੂਰਾ ਨਹੀਂ ਹੋਣਾ। ਪਰ ਅਸੀਂ ਤਾਂ ਬਿਨਾ ਤਿਆਰੀ ਦੇ ਹੀ ਪੰਗਾ ਲੈ ਬੈਠੇ ਸਾਂ। ਮੈਂ ਸੋਚਣ ਲੱਗਾ ਕਿ ਸਾਡੇ ਵਰਗੇ ਸਿੱਧੇ ਬੰਦਿਆਂ ਨੂੰ ਕੌਣ ਦੇਊ ਏਨੇ ਡਾਲਰ? ਪਰ ਆਸ ਸੀ ਕਿ ਜਿਹੜੇ ਲੋਕ ਕਬੱਡੀ ਟੂਰਨਾਮੈਂਟਾਂ ਉਤੇ ਲੱਖਾਂ ਡਾਲਰਾਂ ਦੀ ਸੋਟ ਕਰੀ ਜਾ ਰਹੇ ਨੇ, ਉਹ ਕਸਰਤੀ ਸਭਿਆਚਾਰ ਸਿਰਜਣ, ਨਵੀਂ ਪੀੜ੍ਹੀ ਨੂੰ ਉਸਾਰੂ ਪਾਸੇ ਲਾਉਣ ਤੇ ਸਿਹਤਮੰਦ ਮਨੋਰੰਜਨ ਕਰਨ ਵਾਲੇ ਦਰਸ਼ਨੀ ਮੈਗਜ਼ੀਨ ਲਈ ਵੀ ਸ਼ਾਇਦ ਬਣਦਾ ਸਰਦਾ ਤਿਲ-ਫੁੱਲ ਪਾ ਹੀ ਦੇਣ!

ਜੁਲਾਈ 2004 'ਚ ਮੈਂ ਟੋਰਾਂਟੋ ਤੋਂ ਵੈਨਕੂਵਰ ਨੂੰ ਹਵਾਈ ਜਹਾਜ ਚੜ੍ਹਿਆ। ਜਹਾਜ ਉਡਿਆ ਤਾਂ ਸ਼ਾਮ ਦਾ ਵੇਲਾ ਸੀ। ਪੂਰਬ ਤੋਂ ਪੱਛਮ ਵੱਲ ਉਡਾਣ ਹੋਣ ਕਾਰਨ ਸੂਰਜ ਛਿਪਣ ਦਾ ਨਾਂ ਨਹੀਂ ਸੀ ਲੈ ਰਿਹਾ। ਹੇਠਾਂ ਕੈਨੇਡਾ ਦੀ ਵਿਸ਼ਾਲ ਧਰਤੀ ਪਸਰੀ ਪਈ ਸੀ। ਉਹਦੇ ਉਤੇ ਬੱਦਲਾਂ ਦੀ ਛਾਂ ਤੈਰਦੀ ਦਿਸਦੀ। ਮੇਰੇ ਮਨ ਵਿਚ ਵੀ ਸੋਚਾਂ ਦੇ ਬੱਦਲ ਤੈਰ ਰਹੇ ਸਨ। ਬੱਦਲ ਰੰਗੀਨ ਰੂੰ ਦੇ ਗੋਹੜੇ ਜਾਪਦੇ ਸਨ। ਸੂਰਜ ਦੀ ਸੰਧੂਰੀ ਲੋਅ ਲਿਸ਼ਕ ਰਹੀ ਸੀ, ਜਦ ਮੈਂ ਵੈਨਕੂਵਰ ਦੇ ਹਵਾਈ ਅੱਡੇ 'ਤੇ ਉਤਰਿਆ। ਅੱਗੋਂ ਮੰਡੇਰ ਮੈਨੂੰ ਲੈਣ ਆਇਆ ਖੜ੍ਹਾ ਸੀ ਤੇ ਗੁਰਚਰਨ ਵੀ ਸਿਆਟਲ ਤੋਂ ਸਰੀ ਪਹੁੰਚ ਗਿਆ ਸੀ।

ਅਸੀਂ ਪੁਰੇਵਾਲ ਬਲੂਬੇਰੀ ਫਾਰਮ 'ਤੇ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਦਾ ਪੋਖਾ ਲੈਣ ਗਏ। ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਖੁਦ ਤਕੜੇ ਕਬੱਡੀ ਖਿਡਾਰੀ ਰਹੇ ਸਨ। ਉਨ੍ਹਾਂ ਨੇ 'ਖੇਡ ਸੰਸਾਰ' ਦੇ 100 ਪੱਕੇ ਗਾਹਕ ਬਣਾਉਣ ਦਾ ਹੁੰਗਾਰਾ ਭਰਿਆ। ਰੇਡੀਓ ਪੰਜਾਬ ਤੇ ਰੇਡੀਓ ਇੰਡੀਆ ਨੇ ਮੇਰੇ ਨਾਲ ਘੰਟੇ-ਘੰਟੇ ਦੇ ਟਾਕ-ਸ਼ੋਅ ਪ੍ਰਸਾਰਿਤ ਕੀਤੇ। ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਗੁਰਵਿੰਦਰ ਸਿੰਘ ਤੇ ਸੁਖਮਿੰਦਰ ਸਿੰਘ ਚੀਮੇ ਨੇ 'ਖੇਡ ਸੰਸਾਰ' ਵਿਚ ਉਚੇਚੀ ਦਿਲਚਸਪੀ ਵਿਖਾਈ। ਐਬਟਸਫੋਰਡ ਤੇ ਸਰੀ ਦੇ ਅਨੇਕਾਂ ਖਿਡਾਰੀਆਂ ਤੇ ਪਹਿਲਵਾਨਾਂ ਨੇ ਹਿੱਕ ਥਾਪੜੀ। 'ਖੇਡ ਸੰਸਾਰ' ਦਾ ਪਹਿਲਾ ਅੰਕ ਮਹਿਰਮ ਗਰੁੱਪ ਨੇ ਦਿੱਲੀ ਤੋਂ ਛਪਵਾਇਆ, ਜਿਸ ਦੀਆਂ ਵੀਹ ਕੁ ਕਾਪੀਆਂ ਸਾਡੇ ਕੋਲ ਸਨ। ਉਹ ਅਸੀਂ ਵਿਖਾ ਰਹੇ ਸਾਂ, ਪਰ ਜੇਬ ਤਰ ਨਹੀਂ ਸੀ ਹੋ ਰਹੀ।

ਉਥੋਂ ਅਸੀਂ ਸਿਆਟਲ ਗਏ, ਜਿਥੇ ਡਾ. ਹਰਚੰਦ ਸਿੰਘ, ਹਰਦੀਪ ਸਿੰਘ ਗਿੱਲ, ਚੰਨਾ ਆਲਮਗੀਰੀਆ, ਸੁਖਜਿੰਦਰ ਰੰਧਾਵਾ, ਬਲਜੀਤ ਸੋਹਲ, ਨਵਦੀਪ ਗਿੱਲ, ਕੁਲਵੰਤ ਸ਼ਾਹ ਤੇ ਹੋਰ ਕਈ ਸੱਜਣ ਮਿਲੇ। ਮਤਾ ਪਕਾਇਆ ਕਿ ਅਗਲੇ ਅੰਕ 'ਚ ਸਿਆਟਲ ਦੀ ਕਵਰ ਸਟੋਰੀ ਕਰਾਂਗੇ। ਫਿਰ ਕੈਲੀਫੋਰਨੀਆ ਨੂੰ ਧਾਈਆਂ ਕਰ ਲਈਆਂ। ਸਾਡੀ ਕਾਰ ਮਿਰਜ਼ੇ ਦੀ ਬੱਕੀ ਬਣੀ ਵਾਟਾਂ ਵੱਢਦੀ ਜਾਂਦੀ ਸੀ। ਵਸ਼ਿੰਗਟਨ ਤੇ ਓਰੇਗਾਨ ਦੀਆਂ ਪਹਾੜੀ ਵਾਦੀਆਂ, ਨੀਲੀਆਂ ਝੀਲਾਂ ਤੇ ਦੂਰ ਤਕ ਦਿਸਦੀਆਂ ਹਰੇਵਾਈਆਂ ਅੱਖਾਂ ਨੂੰ ਤਰਾਵਟ ਬਖਸ਼ ਰਹੀਆਂ ਸਨ। ਟੇਪ ਤੋਂ ਗੀਤ ਗੂੰਜੀ ਜਾਂਦੇ ਸਨ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ, ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ...। ਸਾਡਾ ਪ੍ਰੋਗਰਾਮ ਸਭ ਤੋਂ ਪਹਿਲਾਂ ਦੀਦਾਰ ਸਿੰਘ ਬੈਂਸ ਤੇ ਜੌਹਨ ਗਿੱਲ

(ਬਾਕੀ ਅਗਲੇ ਸਫੇ 'ਤੇ)





# ਮਾਸਟਰ ਜੀ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਬਚਪਨ ਵਿਚ ਦੱਸਿਆ ਗਿਆ ਤੇ ਹਮੇਸ਼ ਲਈ ਯਾਦ ਹੋ ਗਿਆ ਕਿ ਸਕੂਲ ਵਿਚ ਪੜ੍ਹਾਉਣ ਵਾਲੇ ਅਧਿਆਪਕ ਨੂੰ ਮਾਸਟਰ ਜੀ ਕਿਹਾ ਜਾਂਦਾ ਹੈ, ਇਹੋ ਕਿਹਾ ਕਰਨਾ ਹੈ। ਸਕੂਲ ਵਿਚ ਅਸੀਂ ਦੋ ਤਰ੍ਹਾਂ ਦੇ ਅਧਿਆਪਕ ਦੇਖਦੇ, ਇਕ ਮਾਸਟਰ ਜੀ ਹੁੰਦੇ ਦੂਜੇ ਟੀਚਰ। ਪਹਿਲੀ ਤੋਂ ਪੰਜਵੀਂ ਤਕ ਟੀਚਰ ਪੜ੍ਹਾਉਂਦੇ, ਛੇਵੀਂ ਤੋਂ ਦਸਵੀਂ ਤਕ ਮਾਸਟਰ ਜੀ। ਜੇ. ਬੀ. ਟੀ. ਕੋਰਸ ਕਰਕੇ ਪ੍ਰਾਇਮਰੀ ਟੀਚਰ ਅਤੇ ਬੀ. ਐਡ. ਕਰਕੇ ਮਾਸਟਰ ਜੀ ਉਪਰਲੀਆਂ ਕਲਾਸਾਂ ਪੜ੍ਹਾਉਂਦੇ। ਇਨ੍ਹਾਂ ਦੋ ਸ਼੍ਰੇਣੀਆਂ ਵਿਚਕਾਰ ਇਕ ਹੋਰ ਸ਼੍ਰੇਣੀ ਭਾਸ਼ਾ ਅਧਿਆਪਕਾਂ ਦੀ ਹੁੰਦੀ ਹੈ, ਜਿਨ੍ਹਾਂ ਨੇ ਓ. ਟੀ. ਦਾ ਕੋਰਸ ਕੀਤਾ ਹੁੰਦਾ। ਪੰਜਾਬੀ ਟੀਚਰ ਨੂੰ ਗਿਆਨੀ ਜੀ, ਹਿੰਦੀ/ਸੰਸਕ੍ਰਿਤ ਵਾਲੇ ਨੂੰ ਸ਼ਾਸਤਰੀ ਜੀ, ਉਰਦੂ/ਫਾਰਸੀ ਵਾਲੇ ਨੂੰ ਮੁਨਸ਼ੀ ਜੀ ਕਿਹਾ ਜਾਂਦਾ। ਇਸ ਸ਼੍ਰੇਣੀ ਨੂੰ ਮੈਂ ਵਿਚਕਾਰ ਇਸ ਕਰਕੇ ਰੱਖਿਆ ਹੈ, ਕਿਉਂਕਿ ਇਨ੍ਹਾਂ ਵਿਚੋਂ ਕੋਈ ਕੋਈ ਕਦੀ ਕਦਾਈਂ ਸਾਲ ਦੀ ਛੁੱਟੀ ਲੈ ਕੇ ਬੀ. ਐਡ. ਕਰਨ ਚਲਾ ਜਾਂਦਾ, ਤਦ ਉਹ ਗਿਆਨੀ ਤੋਂ ਤਰਕੀ ਕਰਕੇ ਮਾਸਟਰ ਹੋ ਜਾਂਦਾ।

ਮੇਰੇ ਪਿੰਡ ਘੱਗੇ ਵਿਚ ਸਰਕਾਰੀ ਮਿਡਲ ਸਕੂਲ ਹੁੰਦਾ ਸੀ, ਜੋ ਬਾਅਦ ਵਿਚ ਹਾਈ ਬਣਿਆਂ, ਹੁਣ ਤਾਂ ਕਹਿੰਦੇ ਬਾਰ੍ਹਵੀਂ ਦਾ ਹੈ। ਦੇਸ਼-ਵੰਡ ਵੇਲੇ ਦੋ ਭਰਾ ਹਜ਼ੂਰ ਸਿੰਘ ਅਤੇ ਵਜ਼ੀਰ ਸਿੰਘ ਲਹਿੰਦੇ ਪੰਜਾਬੋਂ ਆ ਕੇ ਇੱਧਰ ਵਸ ਗਏ। ਉਧਰ ਸਕੂਲ ਟੀਚਰ ਸਨ, ਸੋ ਮੇਰੇ ਪਿੰਡ ਦੇ ਪੰਚਾਇਤ-ਘਰ ਵਿਚ ਸਕੂਲ ਖੋਲ੍ਹ ਲਿਆ, ਪਿੰਡ ਵਿਦਿਆ ਦੀ ਜੜ੍ਹ ਲੱਗ ਗਈ। ਉਨ੍ਹਾਂ ਤੋਂ ਪਹਿਲਾਂ ਪਿੰਡ ਵਿਚ ਸਕੂਲ ਨਹੀਂ ਸੀ:

ਸ਼ਕਰਗੰਜ ਨੇ ਆਣ ਮੁਕਾਮ ਕੀਤਾ,
ਦੁਖ ਦਰਦ ਪੰਜਾਬ ਦਾ ਦੂਰ ਹੈ ਜੀ।

ਉਨ੍ਹਾਂ ਨੇ ਇਕ ਅਜੀਬ ਤਜਰਬਾ ਵੀ ਕੀਤਾ। ਸਕੀਮ ਤਿਆਰ ਕੀਤੀ ਕਿ ਇਕ ਟੀਚਰ ਪਹਿਲੀ ਤੋਂ ਲੈ ਕੇ ਅੱਠਵੀਂ ਤਕ ਇਕੋ ਕਲਾਸ ਪੜ੍ਹਾਇਆ ਕਰੇਗਾ ਯਾਨਿ ਪਹਿਲੀ ਕਲਾਸ ਜਦ ਦੂਜੀ ਹੋ ਗਈ, ਉਹੀ ਟੀਚਰ ਦੂਜੀ ਕਲਾਸ ਪੜ੍ਹਾਏਗਾ, ਜਿਸ ਨੇ ਪਹਿਲੀ ਪੜ੍ਹਾਈ ਸੀ। ਜਦ ਇਕੋ ਕਲਾਸ ਨੂੰ ਵਿਸ਼ੇ ਅਨੁਸਾਰ ਵੱਖ ਵੱਖ ਟੀਚਰ ਪੜ੍ਹਉਂਦੇ ਹਨ, ਤਦ ਨਤੀਜੇ ਦੀ ਜ਼ਿੰਮੇਵਾਰੀ ਕਿਸੇ ਦੀ ਨਹੀਂ ਹੁੰਦੀ। ਹਜ਼ੂਰ ਸਿੰਘ ਨੇ ਪਹਿਲੀ ਕਲਾਸ ਲੈ ਲਈ ਵਜ਼ੀਰ ਸਿੰਘ ਨੇ ਦੂਜੀ, ਬਾਕੀਆਂ ਨੇ ਅੱਗੇ ਪਿਛੇ ਦੀਆਂ ਰਹਿੰਦੀਆਂ ਕਲਾਸਾਂ। ਕਈ ਵਾਰੀ ਮਾਪੇ ਬੱਚਿਆਂ ਦਾ ਸਾਲ ਖਰਾਬ ਕਰ ਲੈਂਦੇ ਕਿ ਇਨ੍ਹਾਂ ਦੋਹਾਂ ਵਿਚੋਂ ਕਿਸੇ ਦੀ ਪਹਿਲੀ ਜਮਾਤ ਵਿਚ ਵਾਰੀ ਆਈ ਉਦੋਂ ਦਾਖਲ ਕਰਵਾਵਾਂਗੇ।

ਸ਼ੇਖ ਸਾਅਦੀ ਦੀ ਗੁਲਿਸਤਾਂ ਬੋਸਤਾਂ ਇਨ੍ਹਾਂ ਨੇ ਸਾਨੂੰ ਪ੍ਰਾਇਮਰੀ ਵਿਚ ਸੁਣਾ ਦਿੱਤੀ ਸੀ। ਦੱਸਿਆ ਕਰਦੇ, ਲਹਿੰਦੇ ਪੰਜਾਬ ਵਿਚ ਬੱਚੇ ਨੂੰ ਪੰਜਵੀਂ ਦਾ ਸਰਟੀਫਿਕੇਟ ਉਦੋਂ ਦਿਤਾ ਜਾਂਦਾ, ਜਦੋਂ ਉਹ ਗੁਲਿਸਤਾਂ ਬੋਸਤਾਂ ਦਾ ਟੈਸਟ ਪਾਸ ਕਰ ਲੈਂਦਾ।

ਮਾਸਟਰ ਵਾਸਤੇ ਮਿਸਤਰੀ ਸ਼ਬਦ ਵੀ ਵਰਤਿਆ ਜਾਂਦਾ ਸੀ, ਅੱਜ ਵੀ ਪ੍ਰਚਲਤ ਹੈ। ਲੁਹਾਰ, ਤਰਖਾਣ, ਸੁਨਿਆਰ, ਦਰਜੀ ਨੂੰ ਪੰਜਾਬੀ ਲੋਕ ਮਾਸਟਰ ਜੀ ਕਹਿੰਦੇ ਹਨ। ਉਸਤਾਦ ਲਫਜ਼ ਵੀ ਇਨ੍ਹਾਂ ਵਾਸਤੇ ਵਰਤਿਆ ਜਾਂਦਾ ਹੈ, ਪਰ ਬਹੁਤੀ ਵਾਰ ਸੰਗੀਤਾਚਾਰੀਆਂ ਵਾਸਤੇ, ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ। ਅੰਗਰੇਜ਼ੀ ਵਿਚ ਵੱਡੇ ਸੰਗੀਤਕਾਰ ਨੂੰ ਮੀਸਤ੍ਰੀ/ਮੀਸਤ੍ਰੋ ਕਿਹਾ ਜਾਂਦਾ ਹੈ।

ਉਨਹੇਂ ਸ਼ੌਕ-ਇ-ਇਬਾਦਤ ਹੈ
ਔਰ ਗਾਨੇ ਕੀ ਆਦਤ ਭੀ,
ਨਿਕਲਤੀਂ ਹੈਂ ਦੁਆਏਂ ਉਨ ਕੇ
ਮੁਖ ਸੇ ਠੁਮਰੀਆਂ ਬਨ ਕਰ।

(ਬੰਦਗੀ ਦਾ ਸ਼ੌਕ ਅਤੇ ਅਤੇ ਗਾਉਣ ਦੀ ਆਦਤ ਹੋਣ ਕਰਕੇ ਉਨ੍ਹਾਂ ਦੇ ਮੁਖੜੇ ਵਿਚੋਂ ਅਸੀਸਾਂ ਗੀਤ ਬਣ ਬਣ ਨਿਕਲਦੀਆਂ ਹਨ।


ਵੈਬਸਟਰ ਕੋਸ਼ ਵਿਚ ਮਾਸਟਰ ਦੇ ਅਰਥ ਮਰਦ ਅਧਿਆਪਕ, ਉਹ ਜਿਸ ਨੇ ਬੈਚਲਰਜ਼ ਤੋਂ ਉਪਰ ਅਤੇ ਡਾਕਟਰਜ਼ ਤੋਂ ਹੇਠਲੀ ਡਿਗਰੀ ਹਾਸਲ ਕੀਤੀ ਹੋਵੇ, ਧਰਮ ਪੜ੍ਹਾਉਣ ਵਾਲਾ, ਹੁਕਮਰਾਨ, ਵਿਜਈ, ਜਹਾਜ ਦਾ ਕਪਤਾਨ, ਮਾਲਿਕ, ਪਲੇਠਾ ਬੇਟਾ, ਪ੍ਰਧਾਨ, ਜੱਜ, ਮੂਲ ਪ੍ਰਤੀ (ਮਾਸਟਰ ਰਿਕਾਰਡ ਜਿਸ ਤੋਂ ਅੱਗੇ ਨਕਲਾਂ ਤਿਆਰ ਹੋ ਸਕਣ) ਆਦਿਕ ਹਨ।

ਸਕੂਲ ਦੇ ਦੋ ਅਧਿਆਪਕਾਂ ਦਾ ਜ਼ਿਕਰ ਕਰ ਚੁਕਾ ਹਾਂ, ਕਾਲਜ ਦੇ ਦੋ ਅਧਿਆਪਕ ਵੀ ਯਾਦ ਰਹਿਣਗੇ। ਮਹਿੰਦਰਾ ਕਾਲਜ (1968-72) ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਨਰਿੰਦਰ ਕਾਲੀਆ ਅਤੇ ਪੰਜਾਬੀ ਦਾ ਉਮਰਾਓ ਸਿੰਘ। ਪ੍ਰੋ. ਕਾਲੀਆ ਸ਼ਾਨਦਾਰ ਟੀਚਰ ਅਤੇ ਉਰਦੂ ਦੇ ਗਜ਼ਲਗੋ। ਕੇਵਲ ਅੰਗਰੇਜ਼ੀ ਬੋਲਦੇ ਜਾਂ ਉਰਦੂ। ਦੋ ਦਿਨ ਛੁੱਟੀ ਕੱਟ ਕੇ ਮੇਰੇ ਕਲਾਸ-ਰੂਮ ਵਲ ਜਾ ਰਹੇ ਸਨ, ਨਾਲ ਨਾਲ ਤੁਰਦਿਆਂ ਮੈਂ ਕਿਹਾ, ਸਰ ਹੁੰਦਾ ਹੈ ਕੋਈ ਕੋਈ ਟੀਚਰ ਅਜਿਹਾ, ਜੇ ਨਾ ਆਏ ਤਾਂ ਸਟੂਡੈਂਟਸ ਉਸ ਨੂੰ ਮਿੱਸ ਕਰਦੇ ਹਨ। ਬੋਲੇ, ਅਰੇ ਕੋਈ ਕੋਈ ਸਟੂਡੈਂਟ ਭੀ ਤੋ ਹੋਤਾ ਹੈ, ਅਗਰ ਨਾ ਆਏ ਤੋ ਟੀਚਰ ਮਿੱਸ ਕਰਤਾ ਹੈ ਉਸੇ। ਖੂਬ ਹਸੇ।

ਪ੍ਰਿੰਸੀਪਲ ਭਗਤ ਸਿੰਘ ਨੇ ਪ੍ਰੋ. ਉਮਰਾਓ ਸਿੰਘ ਨੂੰ ਦਫਤਰ ਬੁਲਾ ਕੇ ਕਿਹਾ, ਸੁਣਿਆ ਹੈ ਤੁਸੀਂ ਕਲਾਸ ਨ੍ਹੀਂ ਲੈਂਦੇ? ਉਮਰਾਓ ਸਿੰਘ ਬੋਲੇ, ਜੀ ਮੇਰਾ ਰਿਜ਼ਲਟ ਦੇਖੋ, ਪਾਸ ਸੌ ਪ੍ਰਤੀਸ਼ਤ ਹੈ। ਪ੍ਰਿੰਸੀਪਲ ਨੇ ਕਿਹਾ, ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਕਲਾਸ ਵਿਚ ਨਾ ਪੜ੍ਹਾਓ? ਉਮਰਾਓ ਸਿੰਘ ਬੋਲੇ, ਠੀਕ ਐ, ਤੁਹਾਡੇ ਹੁਕਮ ਮੁਜਬ ਕਲਾਸਾਂ ਲਾਇਆ ਕਰਾਂਗਾ, ਪਰ ਫਿਰ ਰਿਜ਼ਲਟ ਦੀ ਮੇਰੀ ਕੋਈ ਜ਼ਿੰਮੇਵਾਰੀ ਨਹੀਂ।

# ਸਥਾਨਕ ਚੋਣਾਂ 'ਚ ਪੰਜਾਬ ਕਾਂਗਰਸ ਦੀ ਬੁਲੰਦੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬ ਦੀਆਂ ਸਥਾਨਕ ਚੋਣਾਂ ਵਿਚ ਕਾਂਗਰਸ ਦੀ ਹੂੰਝਾ ਫੇਰੂ ਜਿੱਤ ਨੇ ਹੋਰਨਾਂ ਗੱਲਾਂ ਤੋਂ ਬਿਨਾ ਇਕ ਘੁੰਡੀ ਉੱਤੇ ਪੱਕੀ ਮੋਹਰ ਲਾ ਦਿੱਤੀ ਹੈ ਕਿ ਜਿਸ ਕਿਸੇ ਨੇ ਵੀ ਕਿਸਾਨਾਂ ਦੇ ਅੰਦੋਲਨ ਨੂੰ ਨਕਾਰਿਆ, ਉਹ ਮੂਧੇ ਮੂੰਹ ਡਿੱਗਿਆ ਹੈ। ਪੰਜਾਬ ਕੈਬਨਿਟ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਦੇ ਅਣਕਿਆਸੇ ਬੋਲ ਇਸ ਦੀ ਪੁਸ਼ਟੀ ਕਰਦੇ ਹਨ। ਇਸ ਨੇ ਦਿੱਲੀ ਬਾਰਡਰ ਉੱਤੇ ਕਹਿਰਾਂ ਦੀ ਠੰਢ ਵਿਚ ਬੈਠੇ ਮਰਦ, ਔਰਤ ਤੇ ਨੌਜਵਾਨ ਅੰਦੋਲਨਕਾਰੀਆਂ ਲਈ 'ਪਿਕਨਿਕ ਮਨਾਉਣ' ਜਿਹੇ ਸ਼ਬਦ ਵਰਤ ਕੇ ਆਪਣੇ ਪੈਰ ਆਪ ਹੀ ਕੁਹਾੜਾ ਮਾਰ ਲਿਆ। ਇਸ ਦੇ ਪ੍ਰਤੀਕਰਮ ਵਜੋਂ ਬਾਰਡਰ ਉੱਤੇ ਪਹਿਰਾ ਦੇ ਰਹੇ ਸੂਰਬੀਰਾਂ ਦੇ ਚਹੇਤਿਆਂ ਨੇ ਰਾਤੋ ਰਾਤ ਉਸ ਦੇ ਪ੍ਰਵੇਸ਼ ਦੁਆਰ ਉੱਤੇ ਗੋਹਾ-ਕੂੜਾ ਢੇਰੀ ਕਰਕੇ ਬਦਬੂ ਫੈਲਾ ਦਿੱਤੀ ਸੀ। ਹੁਣ ਹੁਸ਼ਿਆਰਪੁਰ ਦੇ ਵਾਰਡ ਇਕ ਤੋਂ ਉਸ ਦੀ ਪਤਨੀ ਰਾਕੇਸ਼ ਸੂਦ ਕਾਂਗਰਸੀ ਉਮੀਦਵਾਰ ਨਾਲੋਂ 274 ਵੋਟਾਂ ਦੇ ਫਰਕ ਨਾਲ ਹਾਰ ਗਈ ਹੈ। ਹਥਲੇ ਸ਼ਬਦ ਲਿਖੇ ਜਾਣ ਤੱਕ ਸੱਤ ਕਾਰਪੋਰੇਸ਼ਨਾਂ ਦੀਆਂ ਚੋਣਾਂ ਵਿਚ ਕਾਂਗਰਸ ਨੂੰ 271 ਵਾਰਡਾਂ ਵਿਚ ਸਫਲਤਾ ਮਿਲੀ ਤੇ ਭਾਜਪਾ ਕੇਵਲ 20 ਤੱਕ ਸਿਮਟ ਕੇ ਰਹਿ ਗਈ। ਜੇ ਇਸ ਦਾ ਕਾਰਨ ਭਾਜਪਾ ਨਾਲੋਂ ਅਕਾਲੀ ਦਾ ਤੋੜ ਵਿਛੋੜਾ ਵੀ ਮੰਨ ਲਿਆ ਜਾਵੇ ਤਾਂ ਇਹ ਵੀ ਤੀਕਸ਼ਣ ਸੂਦ ਵਲੋਂ ਅੰਦੋਲਨਕਾਰੀਆਂ ਲਈ ਵਰਤੇ ਮਾੜੇ ਸ਼ਬਦਾਂ ਨਾਲ ਆ ਮਿਲਦਾ ਹੈ।

ਕੌਣ ਨਹੀਂ ਜਾਣਦਾ ਕਿ ਕੇਂਦਰ ਦੀ ਸਰਕਾਰ ਦੇ ਅਣਮੰਗੇ ਖੇਤੀ ਕਾਨੂੰਨ ਗੈਰ ਸੰਵਿਧਾਨਕ ਤੇ ਦੇਸ਼ ਦੇ ਅੰਨਦਾਤਾ ਨੂੰ ਕਾਰਪੋਰੇਟ ਘਰਾਣਿਆਂ ਦੇ ਮੂੰਹ ਵਿਚ ਧੱਕਣ ਵਾਲੇ ਹਨ। ਸਿਆਣੇ ਤੇ ਸੁਭਵਾਨ ਕਿਸਾਨਾਂ ਨੂੰ ਆਪਣੇ ਵਾਰਸਾਂ ਲਈ ਔਖਾਂ ਕੱਟਣ ਤੇ ਜਾਨਾਂ ਦੇਣ ਦੇ ਅਮਲ ਨੂੰ ਪਿਕਨਿਕ ਦਾ ਨਾਂ ਦੇਣਾ ਹੱਦ ਦਰਜੇ ਦੀ ਬਦਤਮੀਜ਼ੀ ਹੈ। ਭਾਜਪਾ ਦੀ ਇਸ ਧਾਰਨਾ ਵਿਚੋਂ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਝਲਕ ਮਿਲੇ ਨਾ ਮਿਲੇ, ਕੇਂਦਰੀ ਸਰਕਾਰ ਦੇ ਭਵਿੱਖ ਦਾ ਸ਼ੀਸ਼ਾ ਜ਼ਰੂਰ ਹੈ, ਜਿਸ ਦਾ ਮੁਖੀ ਅੰਦੋਲਨਕਾਰੀਆਂ ਨੂੰ ਅੰਦੋਲਨ ਜੀਵੀ ਕਹਿ ਰਿਹਾ ਹੈ ਤੇ ਉਸ ਦਾ ਇਕ ਮੰਤਰੀ ਅੰਦੋਲਨਕਾਰੀਆਂ ਦੇ ਮਰਨ ਲਈ, 'ਉਨ੍ਹਾਂ ਨੇ ਉਂਜ ਵੀ ਤਾਂ ਮਰਨਾ ਹੀ ਸੀ' ਸ਼ਬਦ ਵਰਤ ਰਿਹੈ। ਹੈ ਨਾ ਬਦਤਮੀਜ਼ੀ ਤੇ ਹੈਂਕੜਬਾਜ਼ੀ ਦੀ ਸਿਖਰ!

**ਨਨਕਾਣਾ ਸਾਹਿਬ ਸ਼ਹੀਦੀ ਸਾਕਾ:** ਪਾਕਿਸਤਾਨ ਵਿਚ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ 505 ਸ਼ਰਧਾਲੂਆਂ ਸਮੇਤ ਦੇਸ਼ ਭਰ ਦੇ 730 ਚਾਹਵਾਨਾਂ ਨੂੰ ਪਾਕਿਸਤਾਨ ਦੇ ਦੂਤਘਰ ਨੇ ਵੀਜ਼ੇ ਵੀ ਦਿੱਤੇ ਹਨ ਤੇ ਉਨ੍ਹਾਂ ਦੀ ਉਥੇ ਪਹੁੰਚ ਉਪਰੰਤ ਰਹਿਣ ਸਹਿਣ, ਰਸਦ ਪਾਣੀ ਦਾ ਪ੍ਰਬੰਧ ਵੀ ਮੁਕੰਮਲ ਕਰ ਲਿਆ ਹੈ। ਏਧਰ ਭਾਰਤ ਦੀ ਸਰਕਾਰ ਨੇ ਅਚਾਨਕ ਹੀ ਦੂਰ ਦੂਰ ਤੋਂ ਕਮਰਕੱਸੇ ਕਰਕੇ ਪੁੱਜੇ ਸ਼ਰਧਾਲੂਆਂ ਉੱਤੇ ਕਰੋਨਾ ਦੇ ਬਹਾਨੇ ਰੋਕ ਲਾ ਦਿੱਤੀ ਹੈ, ਜਿਹੜੀ ਅਤਿਅੰਤ ਮੰਦਭਾਗੀ ਤੇ ਨਿੰਦਣਯੋਗ ਹੈ। ਖਾਸ ਕਰਕੇ ਇਸ ਲਈ, ਜਦੋਂ ਹਾਲ ਵਿਚ ਕਰੋਨਾ ਕਾਲ ਦੌਰਾਨ ਨਵੰਬਰ 2020 ਵਿਚ ਇਸ ਤਰ੍ਹਾਂ ਦਾ ਜਥਾ ਪਾਕਿਸਤਾਨ ਹੋ ਕੇ ਆਇਆ ਹੈ। ਕੇਂਦਰ ਦੀ ਸਰਕਾਰ ਭੁੱਲ ਗਈ ਹੈ ਕਿ ਇਹ ਵਾਲੇ ਸ਼ਰਧਾਲੂ ਉਨ੍ਹਾਂ ਹਸਤੀਆਂ ਦੇ ਭਾਈਬੰਦ ਹਨ, ਜਿਹੜੇ ਦਿੱਲੀ ਦੇ ਬਾਰਡਰ ਉੱਤੇ ਕੁਰਬਾਨ ਹੋਣ ਲਈ ਸਰਕਾਰੀ ਤੇ ਮੌਸਮੀ ਬੁਛਾੜਾਂ ਸਹਿ ਰਹੇ ਹਨ।

**ਉਰਦੂ ਦੀ ਪ੍ਰਥਮ ਮਹਿਲਾ ਪੱਤਰਕਾਰ ਦਾ ਤੁਰ ਜਾਣਾ:** ਜਨਕ ਟੰਡਨ ਸੁਤੰਤਰ ਪੰਜਾਬ ਦੀ ਪਹਿਲੀ ਔਰਤ ਸੀ, ਜਿਸ ਨੇ ਪੱਤਰਕਾਰੀ ਨੂੰ ਆਪਣੇ ਸ਼ੌਕ ਵਜੋਂ ਹੰਢਾਇਆ। ਉਦੋਂ ਰੋਜ਼ਾਨਾ ਮਿਲਾਪ ਪੰਜਾਬ ਦੇ ਗਿਣੇ-ਚੁਣੇ ਸਮਾਚਾਰ ਪੱਤਰਾਂ ਵਿਚੋਂ ਇਕ ਸੀ। ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਉੱਤੇ ਅਖਬਾਰਾਂ ਵੇਚਣ ਵਾਲੇ ਮਿਲਾਪ, ਪ੍ਰਤਾਪ, ਪ੍ਰਭਾਤ, ਅਜੀਤ ਅਖਬਾਰ ਦੇ ਹੋਕੇ ਦਿੰਦੇ ਸੁਣੇ ਜਾਂਦੇ ਸਨ। ਜਨਕ ਟੰਡਨ ਨੇ ਜਲੰਧਰ ਰਹਿੰਦਿਆਂ ਅਖਬਾਰ 'ਮਿਲਾਪ' ਲਈ ਲਿਖਣਾ ਸ਼ੁਰੂ ਕੀਤਾ ਤੇ ਇੰਜੀਨੀਅਰ ਨਾਲ ਵਿਆਹੇ ਜਾਣ ਤੋਂ ਪਿਛੋਂ ਵੀ ਇਹ ਸ਼ੌਕ ਪਾਲਦੀ ਰਹੀ। 'ਮਿਲਾਪ' ਵਿਚ ਔਰਤਾਂ ਦੇ ਸੁਧਾਰ ਲਈ ਸ਼ੁਰੂ ਕੀਤੇ ਕਾਲਮ 'ਨਾਰੀ ਸੰਸਕਰਣ' ਨੂੰ ਔਰਤ ਪਾਠਕ ਇਸ ਤਰ੍ਹਾਂ ਉਡੀਕਦੀਆਂ ਸਨ, ਜਿਵੇਂ ਫਿਕਰ ਤੌਂਸਵੀ ਦੇ ਹਰਮਨ ਪਿਆਰੇ ਕਾਲਮ 'ਪਿਆਜ਼ ਕੇ ਛਿਲਕੇ' ਨੂੰ। ਤੌਂਸਵੀ ਦੇ ਕਾਲਮ ਵਿਚ ਵਿਅੰਗ ਪ੍ਰਧਾਨ ਹੁੰਦਾ ਸੀ ਤੇ ਜਨਕ ਵਾਲੇ ਵਿਚ ਔਰਤ ਸ਼ਕਤੀ। ਜਨਕ ਦਾ ਜੀਵਨ ਸਾਥੀ ਦੋ ਕੁ ਸਾਲ ਪਹਿਲਾਂ ਤੁਰ ਗਿਆ ਸੀ ਤੇ ਉਹ ਖੁਦ ਪਿਛਲੇ ਹਫਤੇ। ਉਸ ਦੀ ਉਮਰ 90 ਦੇ ਨੇੜੇ-ਤੇੜੇ ਸੀ ਤੇ ਉਸ ਦੇ ਵਿਛੋੜੇ ਸਮੇਂ ਉਹਦੇ ਵਲੋਂ ਪਾਈ ਪਿਰਤ ਨੂੰ ਚੇਤੇ ਕੀਤਾ ਗਿਆ। ਅੱਜ ਦੇ ਦਿਨ ਤਾਂ ਔਰਤ ਪੱਤਰਕਾਰਾਂ ਦੀ ਹੋਰ ਵੀ ਚੜ੍ਹਤ ਹੈ। ਅੰਗਰੇਜ਼ੀ ਟ੍ਰਿਬਿਊਨ ਦੀ ਨਿਊਜ਼ ਐਡੀਟਰ ਨਾਨਕੀ ਹਾਂਸ, ਪੰਜਾਬੀ ਟ੍ਰਿਬਿਊਨ ਵਾਲੀ ਅਰਵਿੰਦਰ ਜੌਹਲ, ਦੈਨਿਕ ਭਾਸਕਰ ਦੀ ਸ਼ਾਇਦਾ, ਇੰਡੀਅਨ ਐਕਸਪ੍ਰੈਸ ਵਾਲੀ ਮਨਰਾਜ ਗਰੇਵਾਲ ਤੇ ਫ੍ਰੀਲਾਂਸ ਨਿਰੂਪਮਾ ਦੱਤਾ ਅਤੇ ਕਈ ਹੋਰ।

ਅੰਤਿਕਾ: ਨੂਰ ਮੁਹੰਮਦ ਨੂਰ
ਤੱਕਦਾ ਨਾ ਬਣ ਕੇ ਬੱਦਲ
ਬਰਸਣਗੇ ਯਾਰ ਇੱਕ ਦਿਨ

ਆਏ ਜਦੋਂ ਉਹ ਆਏ,
ਆਏ ਪਿਆਸ ਹੋ ਕੇ
ਨੇੜੇ ਸੀ ਘਰ ਦਾ ਪੈਂਡਾ
ਨਜ਼ਰਾਂ ਦੀ ਮਾਰ ਤਾਈਂ
ਫਿਰ ਵੀ ਜਦੋਂ ਉਹ ਪਹੁੰਚੇ,
ਪਹੁੰਚੇ ਉਦਾਸ ਹੋ ਕੇ
ਉੱਠੋ ਸਵਾਰ ਹੋਵੋ ਹਿੰਮਤ ਦੇ ਘੋੜਿਆਂ 'ਤੇ
ਕਦ ਤੱਕ ਰਹੋਗੇ ਬੈਠੇ,
ਕਿਸਮਤ ਦੇ ਦਾਸ ਹੋ ਕੇ
ਬਖਸ਼ਿਸ਼ ਹੈ ਸਭ ਖੁਦਾ ਦੀ,
ਦਿਲ ਦੇ ਸਕੂਨ ਬਾਝੋਂ
ਦੋਜ਼ਖ ਦੀ ਜੂਨ ਭੋਗਾਂ,
ਜੰਨਤ 'ਚ ਵਾਸ ਹੋ ਕੇ।

# ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਦੀ ਵਾਰਤਾ

(ਪਿਛਲੇ ਸਫੇ ਦੀ ਬਾਕੀ)

ਨੂੰ ਮਿਲਣਾ ਸੀ, ਪਰ ਉਹ ਦੋਵੇਂ ਘਰ ਨਹੀਂ ਸਨ। ਸਤਾਰਾਂ ਘੰਟਿਆਂ ਦੀ ਡਰਾਈਵ ਕਰ ਕੇ ਅਸੀਂ ਖਾਲੀ ਹੱਥ ਲਿਵਿੰਗਸਟਨ 'ਚ ਮੰਡੇਰ ਦੇ ਭਰਾ ਰਛਪਾਲ ਕੋਲ ਜਾ ਸੁੱਤੇ।

ਐਤਵਾਰ ਨੂੰ ਅਸੀਂ ਗੁਰੂ ਘਰਾਂ 'ਚ ਜਾਣ ਦੀ ਸੋਚੀ। ਪਹਿਲਾਂ ਅਸੀਂ ਨਿੱਜਰ ਭਰਾਵਾਂ ਦੇ ਘਰ ਮਡੇਰੇ ਗਏ। ਸੁਰਿੰਦਰਪਾਲ ਸਿੰਘ ਤੇ ਅੰਮ੍ਰਿਤਪਾਲ ਸਿੰਘ ਹੋਰਾਂ ਦੇ ਪਰਿਵਾਰ ਉਤੇ ਗੁਰੂ ਦੀ ਮਿਹਰ ਹੈ। ਉਨ੍ਹਾਂ ਚੰਗਾ ਹੁੰਗਾਰਾ ਭਰਿਆ। ਉਥੋਂ ਅਸੀਂ ਸੈਲਮਾ ਗੁਰੂ ਘਰ ਨੂੰ ਚੱਲ ਪਏ, ਜਿਥੇ ਵਾਹਵਾ ਸੰਗਤ ਜੁੜੀ ਹੋਈ ਸੀ। ਉਥੇ ਮੈਂ ਖੇਡ ਸੰਸਾਰ ਦੀ ਗੱਲ ਤੋਰੀ ਤਾਂ ਬਹੁਤ ਸਾਰੇ ਸੱਜਣਾਂ ਨੇ ਇਸ ਨੂੰ ਸਮੇਂ ਦੀ ਲੋੜ ਸਮਝਿਆ, ਪਰ ਹੱਥ ਖਾਲੀ ਰਹੇ। ਸੈਲਮਾ ਤੋਂ ਕਰੱਦਰਜ਼ ਦੇ ਗੁਰੂ ਘਰ ਗਏ। ਉਥੇ ਚਰਨਜੀਤ ਸਿੰਘ ਬਾਠ ਦੇ ਪਰਿਵਾਰ ਵੱਲੋਂ ਅਖੰਡ ਪਾਠ ਦੇ ਭੋਗ ਪਾਏ ਜਾ ਰਹੇ ਸਨ। ਖੇਡ ਸੰਸਾਰ ਲਈ ਮਦਦ ਮੰਗੀ ਤਾਂ ਉਸ ਨੇ ਚੈੱਕ ਦੇ ਦਿੱਤਾ ਭਰਿਆ। ਫਿਰ ਹੈਰੀ ਗਿੱਲ ਹੋਰਾਂ ਦੇ ਘਰ ਗਏ। ਉਨ੍ਹਾਂ ਨੇ ਬੜਾ ਪ੍ਰੇਮ ਜਤਾਇਆ ਤੇ ਨਾਲ ਚੱਲ ਕੇ ਪਾਲ ਸਹੋਤਾ ਨੂੰ ਮਿਲਣ ਗਏ। ਪਾਲ ਹੋਰਾਂ ਦੀ ਰਾਇਲ ਐਕਸਪ੍ਰੈੱਸ ਵੱਡੀ ਟਰੱਕ ਕੰਪਨੀ ਹੈ, ਜੀਹਦੇ ਹਰੇ ਰੰਗ ਦੇ ਟਰੱਕ ਅਮਰੀਕਾ ਦੇ ਸ਼ਾਹਰਾਹਾਂ ਉਤੇ ਲੁੱਡੀਆਂ ਪਾਉਂਦੇ ਹਨ। ਰਾਤ ਅਸੀਂ ਪਾਲ ਹੋਰਾਂ ਕੋਲ ਹੀ ਰਹੇ। ਉਨ੍ਹਾਂ ਵੀ ਚੈੱਕ ਦੇ ਦਿੱਤਾ। ਅਗਲੇ ਦਿਨ ਬੇਕਰਜ਼ਫੀਲਡ ਪਹੁੰਚੇ। ਯੂਨੀਅਨ ਟਰੱਕ ਡਰਾਈਵਿੰਗ ਵਾਲਾ ਸੁੱਖੀ ਘੁੰਮਣ ਸਾਨੂੰ ਉਡੀਕ ਰਿਹਾ ਸੀ। ਖੇਡ ਸੰਸਾਰ ਦੀ ਗੱਲ ਚੱਲੀ ਤਾਂ ਸੁੱਖੀ ਨੇ ਵੀ ਖੈਰ ਪਾ ਦਿੱਤੀ। ਉਥੇ ਹੀ ਟੁੱਟ ਭਰਾ ਆ ਗਏ। ਟੁੱਟ ਭਰਾਵਾਂ ਨੇ ਵੀ ਯੋਗਦਾਨ ਪਾ ਦਿੱਤਾ। ਰਾਤ ਅਸੀਂ ਅਰਵਿਨ ਜਾ ਕੱਟੀ, ਜਿਥੇ ਮੇਰਾ ਛੋਟਾ ਭਰਾ ਭਜਨ ਸੰਧੂ ਰਹਿੰਦਾ ਹੈ।

ਸਵੇਰੇ ਭਜਨ ਦੇ ਦੋਸਤ ਨਾਜ਼ਰ ਸਿੰਘ ਕੂਨਰ ਦਾ ਸੱਦਾ ਆ ਗਿਆ ਕਿ ਨਾਸ਼ਤਾ ਉਹਦੇ ਘਰ ਕਰਨਾ। ਕੂਨਰ ਉਦੋਂ ਯੋਗੀ ਹਰਭਜਨ ਸਿੰਘ ਖਾਲਸਾ ਦਾ ਪ੍ਰੇਮੀ ਸੀ। ਅਗਲੇ ਵੀਕ ਐਂਡ ਯੋਗੀ ਦੇ ਪੁੱਤਰ ਦਾ ਵਿਆਹ ਸੀ। ਕੂਨਰ ਨੇ ਕਿਹਾ, 'ਕੱਠੇ ਚਲਾਂਗੇ, ਉਹ ਆਪਣੀ ਵੈਨ ਲੈ ਚੱਲੇਗਾ। ਅਸੀਂ ਉਥੋਂ ਸੈਕਰਾਮੈਂਟੋ ਨੂੰ ਮੁੜੇ, ਜਿਥੇ ਕੋਹੇਨੂਰ ਕਲੱਬ ਨੇ ਸਾਡਾ ਮਾਣ ਤਾਣ ਕਰਨਾ ਸੀ। ਰਾਹ 'ਚ ਮਾਡੈਸਟੋ ਮੇਰੇ ਪੇਂਡੂ ਪਿਆਰਾ ਸਿੰਘ ਸਿੱਧੂ ਕੋਲ ਖਾਣਾ ਖਾਧਾ ਤੇ ਦੰਦ ਘਸਾਈ ਲਈ। ਸੈਕਰਾਮੈਂਟੋ ਵਾਲਾ ਮਾਣ-ਤਾਣ ਉਸੇ ਦੀ ਪਹਿਲਕਦਮੀ ਨਾਲ ਹੋ ਰਿਹਾ ਸੀ। ਉਥੋਂ ਅਸੀਂ ਦੀਦਾਰ ਬੈਂਸ ਨੂੰ ਮਿਲਣ ਯੂਬਾ ਸਿਟੀ ਨੂੰ ਚੱਲ ਪਏ। ਕਦੇ ਮੈਂ ਉਹਦੇ ਬਾਰੇ ਲੇਖ ਲਿਖਿਆ ਸੀ: ਯੂਬਾ ਸਿਟੀ ਦਾ ਦੁਆਬੀਆ ਜੱਟ। ਚਰਨਜੀਤ ਸਿੰਘ ਬਾਠ ਬਾਰੇ ਲਿਖੇ ਲੇਖ ਦਾ ਨਾਂ ਸੀ: ਸੌਗੀ ਦਾ ਸ਼ਹਿਨਸ਼ਾਹ। ਉਨ੍ਹਾਂ ਨੇ ਤਾਂ ਮਾਣ ਰੱਖਣਾ ਹੀ ਸੀ, ਸੈਕਰਾਮੈਂਟੋ ਵਾਲੇ ਜੌਹਨ ਗਿੱਲ ਨੇ ਵੀ ਰੱਖ ਲਿਆ।

ਮੁੜ ਕੇ ਬੇਕਰਜ਼ਫੀਲਡ ਪਹੁੰਚੇ। ਉਥੋਂ ਯੋਗੀ ਦਾ ਸ਼ਹਿਰ ਐਸਪੇਨੋਲਾ ਨੌਂ ਸੌ ਮੀਲ ਹੈ, ਜਿਸ ਦਾ ਮਤਲਬ ਸੀ ਪੰਦਰਾਂ ਘੰਟੇ ਦਾ ਸਫਰ। ਅਸੀਂ ਕੈਲੀਫੋਰਨੀਆ ਤੇ ਨੇਵਾਡਾ ਦੀ ਸਟੇਟ ਲੰਘ ਕੇ ਐਰੀਜ਼ੋਨਾ ਰਿਆਸਤ 'ਚੋਂ ਲੰਘੇ। ਪਹੁ ਫੁਟਦੇ ਦੇ ਤੁਰੇ ਹਨੇਰਾ ਪੈਂਦੇ ਨੂੰ ਐਸਪੇਨੋਲਾ ਪਹੁੰਚੇ। ਸਵੇਰਸਾਰ ਮਹਿਮਾਨ ਸ੍ਰੀ ਸਿੰਘਾਸਨ-ਏ-ਖਾਲਸਾ ਕੋਲ ਜੁੜਨੇ ਸ਼ੁਰੂ ਹੋ ਗਏ, ਜਿਥੇ ਅਨੰਦ ਕਾਰਜ ਹੋਣੇ ਸਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵੀ ਪਹੁੰਚ ਗਏ ਤੇ ਤਖਤ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ ਵੀ ਆ ਗਏ। ਹੋਰ ਵੀ ਕਈ ਵਿਸ਼ੇਸ਼ ਵਿਅਕਤੀ ਪਹੁੰਚੇ, ਜਿਨ੍ਹਾਂ ਵਿਚ ਭਾਰਤ ਦੀਆਂ ਘੱਟ ਗਿਣਤੀਆਂ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਵੀ ਸਨ।

ਅਨੰਦ ਕਾਰਜ ਵਿਚ ਹਾਜ਼ਰੀ ਲਵਾ ਕੇ ਅਸੀਂ ਯੋਗੀ ਹਰਭਜਨ ਸਿੰਘ ਦਾ ਹਾਲ ਚਾਲ ਪੁੱਛਣ ਗਏ। ਯੋਗੀ ਜੀ ਕਾਫੀ ਦੇਰ ਤੋਂ ਬੀਮਾਰ ਸਨ। ਡਾਕਟਰਾਂ ਨੇ ਉਨ੍ਹਾਂ ਨੂੰ ਬਿਸਤਰੇ 'ਚ ਪਏ ਰਹਿਣ ਦੀ ਸਲਾਹ ਦਿੱਤੀ ਸੀ। ਮੈਨੂੰ ਤੇ ਮੰਡੇਰ ਨੂੰ ਯੋਗੀ ਨੇ ਸਿਆਣ ਲਿਆ, ਕਿਉਂਕਿ ਅਸੀਂ ਪਹਿਲਾਂ ਵੀ ਮਿਲ ਗਿਲ ਚੁਕੇ ਸਾਂ। ਮੰਡੇਰ ਨੇ 'ਖੇਡ ਸੰਸਾਰ' ਨਾਲ ਫੋਟੋ ਖਿੱਚਣੀ ਚਾਹੀ ਤਾਂ ਉਨ੍ਹਾਂ ਨੇ ਫੋਟੋ ਖਿੱਚਣ ਦੀ ਆਗਿਆ ਦੇ ਦਿੱਤੀ। ਨਾਲ ਹੀ ਹਸਦੇ ਹੋਏ ਕਿਹਾ, "ਤੌਹੜਾ ਫੋਟੋ ਖਿਚਾਉਣ ਪਿਛੋਂ ਚੱਲ ਵਸਿਆ ਸੀ। ਵੇਖਿਓ ਕਿਤੇ ਮੇਰੇ ਨਾਲ ਵੀ ਉਹੀ ਨਾ ਹੋਵੇ!" ਬਿਸਤਰੇ 'ਤੇ ਪਿਆਂ ਪਿਆਂ ਹੀ ਯੋਗੀ ਨੇ 'ਖੇਡ ਸੰਸਾਰ' ਦੇ ਪਹਿਲੇ ਅੰਕ ਦਾ ਸਿਰ ਪਲੋਸਿਆ ਤੇ ਇਕ ਯਾਦਗਾਰੀ ਫੋਟੋ ਖਿਚਵਾਈ। ਨਾਲ ਹੀ ਸਾਨੂੰ ਕਿਹਾ, "ਤਕੜੇ ਹੋ ਕੇ ਮੈਗਜ਼ੀਨ ਚਲਾਇਓ ਤੇ ਨਵੀਂ ਪੀੜ੍ਹੀ ਨੂੰ ਸਿਹਤ ਤਕੜੀ ਬਣਾਉਣ ਦੀ ਚੇਟਕ ਲਾਇਓ।" ਕੁਝ ਦਿਨਾਂ ਬਾਅਦ ਖਬਰ ਮਿਲੀ, ਯੋਗੀ ਜੀ ਅਕਾਲ ਚਲਾਣਾ ਕਰ ਗਏ।

ਵਾਪਸ ਮੁੜਦਿਆਂ ਜਸਵੰਤ ਸਿੰਘ ਹੋਠੀ ਨੂੰ ਮਿਲੇ, ਜੋ ਸੈਨ ਹੋਜ਼ੇ ਗੁਰੂ ਘਰ ਦੇ ਪ੍ਰਮੁੱਖ ਬੁਲਾਰੇ ਸਨ। ਸ. ਹੋਠੀ ਨੇ ਵੀ ਖੇਡ ਸੰਸਾਰ ਦੇ ਸੌ ਗਾਹਕ ਬਣਾਉਣ ਦਾ ਵਿਸ਼ਵਾਸ ਬੰਨ੍ਹਾਇਆ। ਗਿੱਲਰਾਏ, ਯੂਨੀਅਨ ਸਿਟੀ, ਓਕਲੈਂਡ, ਮਿਲਪੀਟਸ ਤੇ ਸੈਨ ਫਰਾਂਸਿਸਕੋ ਦਾ ਕੌਡੀ-ਫੇਰਾ ਪਾ ਕੇ ਅਸੀਂ ਸਿਮਰਨ ਟਰੱਕਿੰਗ ਵਾਲੇ ਜਿੰਦਰ ਜੌਹਲ ਨੂੰ ਮਿਲੇ। ਵੁੱਡਲੈਂਡ ਤੋਂ ਸ਼ਾਮੀ ਛੇ ਵਜੇ ਚੱਲ ਕੇ ਸਵੇਰੇ ਛੇ ਵਜੇ ਸਿਆਟਲ ਪੁੱਜੇ ਤੇ ਦੰਦਾਂ ਦੇ ਪ੍ਰਸਿੱਧ ਡਾ. ਹਰਚੰਦ ਸਿੰਘ ਨੂੰ ਮਿਲੇ। ਉਸ ਨੇ ਵੀ ਖੈਰ ਪਾ ਦਿੱਤੀ। ਅੱਠ ਜੁਲਾਈ ਦੇ ਚੱਲੇ ਤੇਈ ਜੁਲਾਈ ਨੂੰ ਅਸੀਂ ਸਰੀ ਪਰਤੇ।

ਫੱਕਰਾਂ ਦੀ ਇਸ ਫੇਰੀ ਨਾਲ ਵੀਹ ਕੁ ਹਜ਼ਾਰ ਡਾਲਰ ਦੇ ਚੈੱਕ ਹਾਸਲ ਹੋਏ, ਜੋ ਕਿਸੇ ਕਬੱਡੀ ਕੱਪ ਦੇ ਬਜਟ ਦਾ ਦਸਵਾਂ ਹਿੱਸਾ ਵੀ ਨਹੀਂ ਬਣਦੇ। 'ਖੇਡ ਸੰਸਾਰ' ਦੇ ਟਾਈਟਲ 'ਤੇ ਛਪਿਆ ਸੀ, 'ਨਿਸ਼ਚੈ ਕਰ ਆਪਨੀ ਜੀਤ ਕਰੋਂ॥' ਅਤੇ 'ਐਨ ਇਲੱਟ੍ਰੇਟਿਡ ਸਪੋਰਟਸ ਮੈਗਜ਼ੀਨ ਆਫ ਪੰਜਾਬੀਜ਼ ਆਨ ਦਾ ਗਲੋਬ।' ਇਹਦਾ ਰਿਲੀਜ਼ ਸਮਾਗਮ ਬੜੇ ਜਾਹੋ-ਜਲਾਲ ਨਾਲ ਕੀਤਾ ਗਿਆ ਸੀ। ਅਮਰੀਕਾ, ਕੈਨੇਡਾ ਦੇ 5 ਡਾਲਰ ਤੋਂ ਲੈ ਕੇ ਇੰਗਲੈਂਡ, ਯੂਰਪ, ਨਾਰਵੇ, ਸਵੀਡਨ, ਭਾਰਤ, ਪਾਕਿਸਤਾਨ, ਸਿੰਗਾਪੁਰ, ਮਲੇਸ਼ੀਆ, ਦੁੱਬਈ, ਸ਼ਾਰਜਾਹ, ਕੀਨੀਆ ਤੇ ਅਫਰੀਕਾ ਦੇ 30 ਸ਼ਲਿੰਗ ਤੱਕ ਇਸ ਦੀ ਕੀਮਤ ਰੱਖੀ ਗਈ ਸੀ। ਸੰਤੋਖ ਮੰਡੇਰ ਕੁਝ ਵਧੇਰੇ ਹੀ ਸੁਪਨਸਾਜ਼ ਸੀ। 'ਖੇਡ ਸੰਸਾਰ' ਦੇ 'ਯਾਦਗਾਰੀ' ਛੇ ਅੰਕ ਕੱਢ ਕੇ ਸਾਡੀ ਬੱਸ ਹੋ ਗਈ। ਮੇਰਾ ਮਨ ਦੂਜੀ ਫੇਰੀ ਲਾਉਣ ਨੂੰ ਕਦੇ ਨਾ ਮੰਨ ਸਕਿਆ। 'ਜਿੰਨੀ ਨ੍ਹਾਤੀ, ਓਨਾ ਪੁੰਨ' ਸਮਝ ਕੇ ਮਨ ਨੂੰ ਧਰਵਾਸ ਦੇ ਲਿਆ। ਹਾਂ, ਕਦੇ ਕਦੇ 'ਖੇਡ ਸੰਸਾਰ' ਦੇ 'ਏਸ਼ਿਆਈ ਖੇਡਾਂ', 'ਓਲੰਪਿਕ ਖੇਡਾਂ' ਤੇ 'ਕਬੱਡੀ ਅੰਕ' ਵੇਖ ਕੇ ਮਨ ਅਜੇ ਵੀ ਸਰਸ਼ਾਰ ਹੋ ਜਾਂਦੇ ਕਿ ਚਲੋ ਕੁਝ ਤਾਂ ਕੀਤਾ।

ਖੁੱਲ੍ਹਾ ਸੱਦਾ ਹੈ, ਜੇ ਕੋਈ ਖੇਡ ਪ੍ਰੋਮੋਟਰ ਸਾਡੇ ਵਾਂਗ ਪੰਗਾ ਲੈਣਾ ਚਾਹੇ ਤਾਂ ਰਜਿਸਟ੍ਰੇਸ਼ਨ ਅਜੇ ਜਿਉਂਦੀ ਹੈ। ਉਹ ਸੰਤੋਖ ਮੰਡੇਰ ਦੇ ਫੋਨ 1-604-505-7000 'ਤੇ ਗੱਲ ਕਰ ਕੇ ਸਿਰਫ ਇਕ ਡਾਲਰ ਨਾਲ ਆਪਣੇ ਨਾਂ ਕਰਾ ਸਕਦੈ।

## ਲਤੀਫੇ

ਪਤਨੀ ਪਤੀ ਨੂੰ ਕਹਿਣ ਲੱਗੀ, "ਤੁਸੀਂ ਮੈਨੂੰ ਵਿਆਹ ਤੋਂ ਪਹਿਲਾਂ ਦੱਸਿਆ ਕਿਉਂ ਨਹੀਂ ਸੀ ਕਿ ਤੁਹਾਡੀ ਪਹਿਲਾਂ ਵੀ ਇਕ ਸ਼ਾਦੀ ਹੋ ਚੁਕੀ ਸੀ।

ਭੋਲਾ ਜਿਹਾ ਮੂੰਹ ਬਣਾ ਕੇ ਪਤੀ ਬੋਲਿਆ, "ਮੈਂ ਤੈਨੂੰ ਕਿਹਾ ਸੀ ਕਿ ਮੈਂ ਤੈਨੂੰ ਰਾਣੀ ਵਾਂਗ ਪਿਆਰ ਕਰਾਂਗਾ। ਰਾਣੀ ਮੇਰੀ ਪਹਿਲੀ ਪਤਨੀ ਦਾ ਨਾਂ ਸੀ।"

---

ਜਲੰਧਰ ਰੇਲਵੇ ਸਟੇਸਨ ਤੋਂ ਦੋ ਮੁਸਾਫਿਰ ਰੇਲ ਗੱਡੀ ਵਿਚ ਚੜ੍ਹੇ। ਰਸਮੀ ਤੌਰ 'ਤੇ ਪਹਿਲੇ ਨੇ ਦੂਜੇ ਤੋਂ ਪੁੱਛਿਆ, "ਭਾਈ ਸਾਹਿਬ, ਤੁਸੀਂ ਕਿੱਥੇ ਜਾਣਾ ਹੈ?"

ਦੂਜੇ ਨੇ ਕਿਹਾ, "ਦਿੱਲੀ।"

ਪਹਿਲੇ ਨੇ ਕਿਹਾ, "ਮੈਂ ਵੀ ਦਿੱਲੀ ਹੀ ਜਾ ਰਿਹਾ ਹਾਂ।"

ਦੂਜਾ ਮੁਸਾਫਿਰ ਹਰ ਛੋਟੇ-ਵੱਡੇ ਸਟੇਸ਼ਨ 'ਤੇ ਜਦੋਂ ਰੇਲ ਗੱਡੀ ਰੁਕੇ ਤਾਂ ਉਤਰ ਕੇ ਪਲੇਟਫਾਰਮ 'ਤੇ ਟਹਿਲਣ ਲੱਗ ਜਾਇਆ ਕਰੇ ਅਤੇ ਗੱਡੀ ਚੱਲਣ 'ਤੇ ਗੱਡੀ 'ਚ ਚੜ੍ਹ ਜਾਇਆ ਕਰੇ।

ਪਹਿਲਾ ਮੁਸਾਫਿਰ ਪੁੱਛਣ ਲੱਗਾ, "ਤੁਸੀਂ ਤਾਂ ਕਹਿੰਦੇ ਸੀ ਕਿ ਦਿੱਲੀ ਜਾਣਾ ਹੈ ਤਾਂ ਫਿਰ ਹਰ ਸਟੇਸ਼ਨ 'ਤੇ ਕਿਉਂ ਉਤਰਦੇ ਹੋ?"

ਦੂਜਾ ਬੋਲਿਆ, "ਕੀ ਦੱਸਾਂ ਯਾਰ, ਡਾਕਟਰ ਨੇ ਲੰਮਾ ਸਫਰ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ।"

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

# ਬੈਚ ਫੁੱਲ: ਬੀਚ ਬਨਾਮ ਨੀਚ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਬਹੁਤੇ ਲੋਕਾਂ ਦਾ ਟੀਚਾ ਇਕ ਪੂਰਨ ਪੁਰਖ ਬਣਨਾ ਨਹੀਂ ਹੈ। ਅਜਿਹਾ ਉਹ ਬਣਨਾ ਵੀ ਨਹੀਂ ਚਾਹੁੰਦੇ, ਕਿਉਂਕਿ ਉਹ ਸਮਝਦੇ ਹਨ ਕਿ ਅਸਲ ਪੂਰਨ ਤਾਂ ਪਰਮਾਤਮਾ ਹੈ; ਉਸ ਦਾ ਮੁਕਾਬਲਾ ਕੋਈ ਕੀ ਕਰੇ! ਪਰ ਪਰਮਾਤਮਾ ਵਾਂਗ ਪੂਰਨ ਬਣਨਾ ਤੇ ਆਪਣੇ ਰਿਣਾਤਮਿਕ (Negative) ਗੁਣਾਂ ਨੂੰ ਧਨਾਤਮਿਕ (Positive) ਗੁਣਾਂ ਵਿਚ ਬਦਲ ਕੇ ਸੰਤੁਲਿਤ ਇਨਸਾਨ ਬਣਨਾ ਦੋ ਵੱਖ-ਵੱਖ ਗੱਲਾਂ ਹਨ। ਧਨਾਤਮਿਕ ਗੁਣਾਂ ਨੂੰ ਅਪਨਾਉਣ ਤੇ ਰਿਣਾਤਮਿਕ ਗੁਣਾਂ ਨੂੰ ਨਕਾਰਨ ਦਾ ਉਪਰਾਲਾ ਹਰ ਕੋਈ ਕਰ ਸਕਦਾ ਹੈ। ਧਨਾਤਮਿਕ ਗੁਣਾਂ ਤੋਂ ਵਾਂਝੇ ਹੋਣ ਦੇ ਨੁਕਸਾਨ ਸ਼ਾਇਦ ਬਹੁਤਿਆਂ ਨੂੰ ਵਕਤੀ ਤੌਰ 'ਤੇ ਨਾ ਖਟਕਦੇ ਹੋਣ, ਪਰ ਰਿਣਾਤਮਿਕ ਗੁਣਾਂ ਦੀ ਹੋਂਦ ਸਭ ਨੂੰ ਰੜਕਦੀ ਹੈ। ਇਸ ਲਈ ਜੇ ਰਿਣਾਤਮਿਕ ਗੁਣਾਂ ਵਿਰੁਧ ਹੀ ਸੰਘਰਸ਼ ਵਿੱਢ ਲਿਆ ਜਾਵੇ ਤਾਂ ਵੀ ਧਨਾਤਮਿਕ ਗੁਣਾਂ ਨੂੰ ਪ੍ਰਾਪਤ ਕਰਨ ਵੱਲ ਵਧਿਆ ਜਾ ਸਕਦਾ ਹੈ। ਇਸ ਮੰਜ਼ਿਲ ਵਲ ਪਹਿਲਾ ਕਦਮ ਆਪਣੀਆਂ ਦੂਸ਼-ਭਾਵਨਾਵਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਹਾਂ-ਪੱਖੀ ਕਰਨਾ ਹੈ, ਪਰ ਇਹ ਕੰਮ ਬਹੁਤ ਕਠਿਨ ਹੈ। ਇਸ ਦੀ ਥਾਂ ਜੇ ਕੋਈ ਮਨ ਦੀ ਮੈਲ ਖੋਰਨ ਦੀ ਸਾਬਣ ਬਣੀ ਹੁੰਦੀ ਤਾਂ ਇਹ ਕਾਰਜ ਬੜਾ ਸੁਹੇਲੜਾ ਹੋ ਨਿਬੜਦਾ ਤੇ ਸਾਰੇ ਇਸ ਨੂੰ ਖੁਸ਼ੀ ਨਾਲ ਵਰਤ ਲੈਂਦੇ। ਜੇ ਗੱਲ ਇੱਥੇ ਖੜ੍ਹੀ ਹੈ, ਫਿਰ ਤਾਂ ਬੈਚ-ਫੁੱਲ ਦਵਾਈਆਂ ਵੱਖ ਵੱਖ ਪ੍ਰਕਾਰ ਦੀਆਂ ਸਾਬਣਾਂ ਹੀ ਸਮਝੋ, ਜੋ ਮਨੁੱਖ ਦੇ ਮਨ ਰੂਪੀ ਕੱਪੜੇ 'ਤੇ ਲੱਗੇ ਵੱਖ ਵੱਖ ਤਰ੍ਹਾਂ ਦੇ ਵਿਕਾਰਾਂ ਨੂੰ ਸਹਿਜੇ ਹੀ ਸਾਫ ਕਰ ਦਿੰਦੀਆਂ ਹਨ; ਤਾਂ ਵੀ ਮਾਨਸਿਕ ਮੈਲ ਨੂੰ ਧੋਣਾ ਸ਼ਾਇਦ ਸਭ ਲਈ ਵੱਡਾ ਤੇ ਪਰਮ-ਅਗੇਤੀ ਮਸਲਾ ਨਾ ਬਣ ਸਕੇ।

ਇਸ ਗੱਲ ਨੂੰ ਟਾਲਣ ਲਈ ਸਿਹਤ ਦੀ ਖਰਾਬੀ ਜਿਹਾ ਇਕ ਹੀ ਬਹਾਨਾ ਕਾਫੀ ਹੈ। ਹਰ ਕੋਈ ਕਹਿ ਸਕਦਾ ਹੈ ਕਿ ਪਹਿਲਾਂ ਸਿਰ ਦਰਦ, ਦਿਲ ਦਰਦ ਤੇ ਗੋਡਿਆਂ ਆਦਿ ਦੇ ਦਰਦ ਦਾ ਇਲਾਜ ਕਰ ਲਈਏ, ਲੋੜ ਪਈ ਤਾਂ ਸੁਭਾਅ ਦੇ ਊਚ ਨੀਚ ਨਾਲ ਬਾਅਦ ਵਿਚ ਨਿਪਟ ਲਿਆ ਜਾਵੇਗਾ, ਪਰ ਇਹ ਸੋਚ ਸਹੀ ਨਹੀਂ ਹੈ। ਕੁਦਰਤ ਮਨੁੱਖ ਨੂੰ ਸਰੀਰਕ ਕਸ਼ਟ ਉਸ ਦੇ ਮਾਨਸਿਕ ਵਿਕਾਰਾਂ ਦੀ ਮਾਰਫਤ ਭੇਜਦੀ ਹੈ। ਭਾਵ ਮਨੁੱਖੀ ਸਿਹਤ ਦੇ ਵਿਗਾੜ ਮਨੁੱਖੀ ਸੁਭਾਅ ਵਿਚ ਧਸੇ ਵਿਗਾੜਾਂ ਕਾਰਨ ਪੈਂਦੇ ਹਨ, ਜੋ ਅੱਗੇ ਮਨੁੱਖੀ ਸੋਚ ਦੀ ਹਿੱਲੀ ਹੋਈ ਅਲਗੋਰਿਥਮ (Algorithm) ਭਾਵ ਸੰਚਾਰ ਭਾਸ਼ਾ ਕਾਰਨ ਹੁੰਦੇ ਹਨ। ਹੋਮਿਓਪੈਥੀ ਤੇ ਬੈਚ ਫਲਾਵਰ ਚਿਕਿਤਸਾ ਪੱਧਤੀਆਂ ਦੀ ਇਹੀ ਫਿਲਾਸਫੀ ਹੈ। ਇਸ ਫਿਲਾਸਫੀ 'ਤੇ ਪਹੁੰਚਣ ਲਈ ਮਨੁੱਖਤਾ ਨੂੰ ਘੋਖਵੇਂ ਪ੍ਰਯੋਗ ਤੇ ਸਰਵੇਖਣ ਕਰਨੇ ਪਏ ਹਨ, ਜਿਨ੍ਹਾਂ ਵਿਚ ਸਦੀਆਂ ਦਾ ਸਮਾਂ ਲੱਗਿਆ ਹੈ। ਇਸੇ ਲਈ ਇਨ੍ਹਾਂ ਪੱਧਤੀਆਂ ਨੂੰ ਅਨੁਭਵ ਆਧਾਰਿਤ (Empirica) ਦਵਾ-ਪ੍ਰਣਾਲੀਆਂ ਕਿਹਾ ਜਾਂਦਾ ਹੈ। ਇਨ੍ਹਾਂ ਦਾ ਧਿਆਨ-ਕੇਂਦਰ ਮਨੁੱਖੀ ਮਨ ਹੈ ਤੇ ਇਹ ਮਨ ਦੀ ਅਰੋਗਤਾ ਰਾਹੀਂ ਹੀ ਸਮੁੱਚੀ ਸਰੀਰਕ ਸਿਹਤਮੰਦੀ ਦੀ ਕਲਪਨਾ ਕਰਦੀਆਂ ਹਨ।

ਬੈਚ ਫੁੱਲ ਦਵਾਈਆਂ ਦੇ ਅਧਿਐਨ ਤੋਂ ਇਹ ਭਲੀਭਾਂਤ ਸਮਝ ਆ ਜਾਂਦਾ ਹੈ ਕਿ ਸਿਹਤ ਦੇ ਮਸਲਿਆਂ ਵਿਚ ਮਨ ਦੇ ਵਿਗਾੜ ਅਣਗੌਲੇ ਨਹੀਂ ਕੀਤੇ ਜਾ ਸਕਦੇ। ਇਹ ਗੱਲ ਸਮਝਣ ਲਈ ਬੈਚ ਫਲਾਵਰ ਦੇ ਬੀਚ (Beech) ਫੁੱਲ ਦਾ ਵਰਣਨ ਬੜਾ ਲਾਭਕਾਰੀ ਸਾਬਤ ਹੋ ਸਕਦਾ ਹੈ। ਇਸ ਤੋਂ ਤਿਆਰ ਕੀਤੀ ਦਵਾਈ ਮਨੁੱਖੀ ਫਿਤਰਤ ਦੇ ਉਨ੍ਹਾਂ ਔਗੁਣਾਂ ਨੂੰ ਠੀਕ ਕਰਦੀ ਹੈ, ਜਿਨ੍ਹਾਂ ਦੇ ਸਮੂਹ ਨੂੰ ਸੰਯੁਕਤ ਭਾਵ ਨਾਲ (Collectively) "ਕਮੀਨਗੀ" (Meanness) ਕਿਹਾ ਜਾ ਸਕਦਾ ਹੈ। ਸਭਿਅ ਸਮਾਜ ਦੇ ਕਿਸੇ ਵਿਅਕਤੀ ਨੂੰ ਕਮੀਨਾ ਕਹਿਣਾ ਉਸ ਨੂੰ ਗਾਲ੍ਹ ਦੇਣ ਬਰਾਬਰ ਹੈ। ਇਹ ਸ਼ਬਦ ਉਸ ਨੂੰ ਇੰਨਾ ਚੁਭੇਗਾ, ਜਿੰਨਾ ਕੋਈ ਕਮਰ ਜਾਂ ਦੰਦ ਦਰਦ ਵੀ ਨਾ ਚੁਭੇ। ਜੇ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਉਹ ਕਮੀਨਾ ਹੈ ਤਾਂ ਉਹ ਸ਼ਾਇਦ ਰਾਤ ਨੂੰ ਸੌਂ ਵੀ ਨਾ ਸਕੇ। ਜੇ ਉਹ ਸੱਚ ਮੁੱਚ ਹੀ ਕਮੀਨਾ ਹੋਵੇ ਤਾਂ ਦੂਜੇ ਵਿਅਕਤੀਆਂ ਦੀ ਨੀਂਦ ਵੀ ਉਡਾ ਕੇ ਰੱਖਦਾ ਹੋਵੇਗਾ। ਡਾ. ਬੈਚ ਅਨੁਸਾਰ ਅਜਿਹਾ ਵਿਅਕਤੀ ਦੂਜਿਆਂ ਪ੍ਰਤੀ ਅਸਹਿਨਸ਼ੀਲ ਹੁੰਦਾ ਹੈ, ਭਾਵ ਉਹ ਦੂਜਿਆਂ ਨੂੰ ਸਹਿਨ ਨਹੀਂ ਕਰਦਾ, ਉਸ ਦੇ ਵਿਹਾਰ ਵਿਚੋਂ ਦੂਜਿਆਂ ਨੂੰ ਦੂਰ ਪਰੇ ਕਰਨ ਦੀਆਂ ਨਫਰਤੀ ਤਰੰਗਾਂ ਨਿਕਲਦੀਆਂ ਰਹਿੰਦੀਆਂ ਹਨ, ਜੋ ਸਮਾਜ ਲਈ ਤੋੜ-ਫੋੜ ਤੇ ਖੋਰੇ (Dissipation) ਦਾ ਕੰਮ ਕਰਦੀਆਂ ਹਨ।

ਡਾ. ਬੈਚ ਨੇ ਬੀਚ ਫੁੱਲ ਵਿਚ ਪਾਈ ਜਾਣ ਵਾਲੀ ਅਸਹਿਨਸ਼ੀਲਤਾ ਦੇ ਤਿੰਨ ਮੁੱਖ ਲੱਛਣਾਂ ਵੱਲ ਇਸ਼ਾਰਾ ਕੀਤਾ ਹੈ-ਨਫਰਤ, ਕੱਟੜਤਾ ਤੇ ਨਿਰਦਈਪੁਣਾ। ਇਹ ਲੱਛਣ ਕਿਸੇ ਆਮ ਵਿਅਕਤੀ ਵਿਚ ਵੀ ਹੋ ਸਕਦੇ ਹਨ ਤੇ ਕਿਸੇ ਸ਼ਾਸਕ ਜਾਂ ਪ੍ਰਸ਼ਾਸਕ ਵਿਚ ਵੀ। ਇਹ ਜਿੱਥੇ ਵੀ ਹੋਣ, ਉੱਥੇ ਕਹਿਰ ਤੇ ਘੁਟਨ ਫੈਲਾ ਦਿੰਦੇ ਹਨ। ਜੇ ਇਨ੍ਹਾਂ ਔਗੁਣਾਂ ਦਾ ਧਾਰਨੀ ਘਰ ਦਾ ਮੁਖੀ ਹੋਵੇ ਤਾਂ ਘਰ ਵਾਲਿਆਂ ਦਾ ਅਤੇ ਜੇ ਰਾਜ ਭਾਗ ਨਾਲ ਸਬੰਧਤ ਹੋਵੇ ਤਾਂ ਪੂਰੇ ਸਮਾਜ ਦਾ ਸਾਹ ਘੁੱਟ ਦੇਵੇਗਾ। ਇਸ ਤੋਂ ਹੀ ਬੀਚ ਫੁੱਲ ਦੀ ਮਹੱਤਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਨਫਰਤ ਦੀ ਪਰਿਭਾਸ਼ਾ ਡਾ. ਬੈਚ ਇਸ ਤਰ੍ਹਾਂ ਦਿੰਦਾ ਹੈ, "ਦੂਜਿਆਂ ਦੀਆਂ ਆਦਤਾਂ ਤੇ ਸਭਿਆਚਾਰ ਪ੍ਰਤੀ ਸੁਹਿਰਦ ਨਾ ਹੋਣਾ।" ਇਸ ਵਿਚ ਰੋਜ਼ਾਨਾ ਜੀਵਨ ਦੀਆਂ ਅਣਗਿਣਤ ਗੱਲਾਂ ਆ ਜਾਂਦੀਆਂ ਹਨ। ਕਈ ਬੱਚੇ ਆਪਣੇ ਖਿਡੌਣੇ ਨਾਲ ਦੂਜਿਆਂ ਨੂੰ ਨਹੀਂ ਖੇਡਣ ਦਿੰਦੇ। ਕਈ ਬਹੁਤਿਆਂ ਨੂੰ ਖੇਡਣ ਦਿੰਦੇ ਹਨ, ਪਰ ਕੁਝ ਖਾਸ ਨੂੰ ਨਹੀਂ। ਕਈ ਵਿਦਿਆਰਥੀ ਦੂਜਿਆਂ ਨਾਲ ਇਸ ਕਰਕੇ ਨਹੀਂ ਬੋਲਦੇ, ਕਿਉਂਕਿ ਉਹ ਉਨ੍ਹਾਂ ਨੂੰ ਫੁਖਰੇ, ਗਰੀਬ ਜਾਂ ਦਲਿਤ ਜਾਪਦੇ ਹਨ। ਕਈਆਂ ਨੂੰ ਕਿਸੇ ਦੀ ਖਾਮੋਸ਼ ਰਹਿਣ ਦੀ ਆਦਤ ਨਹੀਂ ਸੁਖਾਉਂਦੀ। ਕਈ ਉਦੋਂ ਤਿਲਮਿਲਾ ਜਾਂਦੇ ਹਨ, ਜਦੋਂ ਕੋਈ ਦੂਜਾ ਉਨ੍ਹਾਂ ਦੀ ਗੱਲ ਟੋਕ ਦੇਵੇ। ਕਈ ਘ੍ਰਿਣਾ-ਵਸ ਦੂਜਿਆਂ ਦੇ ਭੈੜੇ-ਭੈੜੇ ਨਾਂ ਰੱਖ ਦਿੰਦੇ ਹਨ। ਕਈ ਵਾਰ ਤਾਂ ਘਰ ਵਿਚ ਦੋ ਭੈਣਾਂ ਜਾਂ ਨਣਦ ਭਰਜਾਈ ਦੀ ਨਹੀਂ ਬਣਦੀ। ਸੱਸ-ਨੂੰਹ ਦੇ ਝਗੜੇ ਤਾਂ ਉਦੋਂ ਤੋਂ ਸੁਣਦੇ ਆ ਰਹੇ ਹਾਂ, ਜਦੋਂ ਇਸ ਦੇ ਕਿੱਸੇ ਮੇਲਿਆਂ ਵਿਚ ਵਿਕਦੇ ਦੇਖਦੇ ਸਾਂ। ਸੱਸ ਤੇ ਨੂੰਹ-ਦੋਵੇਂ ਇਕੋ ਘਰ ਵਿਚ ਵਿਆਹ ਕੇ ਆਉਂਦੀਆਂ ਹਨ, ਪਰ ਉਨ੍ਹਾਂ ਦਾ ਇਹ ਪ੍ਰਾਹੁਣੀ-ਗੁਣ ਉਨ੍ਹਾਂ ਨੂੰ ਜੋੜ ਕੇ ਨਹੀਂ ਰੱਖ ਸਕਦਾ। ਦੋਹਾਂ ਨੂੰ ਵਿਆਹ ਵੇਲੇ ਹੀ ਭਰੇ ਇਕੱਠ ਵਿਚ ਰਿਸ਼ਤੇਦਾਰਾਂ ਵਲੋਂ ਇਹ ਸਿੱਖਿਆ ਦੇ ਕੇ ਤੋਰਿਆ ਹੁੰਦਾ ਹੈ ਕਿ ਅੱਗੇ ਜਾ ਕੇ ਮਿਲਵਰਤਨ ਕਰਨਾ ਹੈ; ਪਰ ਇਨ੍ਹਾਂ ਪੱਵਿਤਰ ਰਸਮੀ ਉਪਦੇਸ਼ਾਂ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ। ਹਰ ਸੱਸ ਆਪਣੀ ਨੂੰਹ ਦੇ ਸੁਭਾਅ ਨੂੰ, ਉਸ ਦੇ ਕੰਮ ਕਾਜ ਦੇ ਢੰਗ ਨੂੰ, ਉਸ ਦੀ ਬੋਲੀ ਨੂੰ, ਉਸ ਦੇ ਪਹਿਰਾਵੇ ਅਤੇ ਉਸ ਦੇ ਵਿਹਾਰ ਨੂੰ, ਖਾਸ ਤੌਰ 'ਤੇ ਸੇਵਾ ਤੇ ਸਤਿਕਾਰ ਦੀਆਂ ਅਦਾਵਾਂ ਨੂੰ ਗਹੁ ਨਾਲ ਪਰਖਦੀ ਹੈ। ਜਿੱਥੇ ਜਿੱਥੇ ਉਹ ਉਸ ਨੂੰ ਆਪਣੇ ਘਰ ਦੀ ਰਵਾਇਤ ਤੋਂ ਕੁਝ ਵੀ ਭਿੰਨ ਕਰਦੀ ਦੇਖਦੀ ਹੈ, ਉੱਥੇ ਹੀ ਉਹ ਉਸ ਨੂੰ ਅਸਹਿ ਸਮਝ ਕੇ ਰੋਕਦੀ ਹੈ। ਉਹ ਉਸ ਦੇ ਢੰਗ ਤਰੀਕਿਆਂ ਨੂੰ ਨਵੇਂ ਹੁਨਰ ਸਮਝ ਕੇ ਸਵੀਕਾਰ ਨਹੀਂ ਕਰਦੀ, ਸਗੋਂ ਘਟੀਆ ਸਭਿਆਚਾਰ ਸਮਝ ਕੇ ਡਾਂਟ ਫਟਕਾਰਦੀ ਹੈ। ਜਦੋਂ ਕੋਈ ਸੱਸ ਇਸ ਤਰ੍ਹਾਂ ਕਰੇ, ਉਸ ਨੂੰ ਕੁਝ ਸਮਝਾਉਣ ਦੀ ਲੋੜ ਨਹੀਂ, ਬਸ ਉਹ ਨੂੰ ਬੀਚ ਦੀਆਂ ਕੁਝ ਖੁਰਾਕਾਂ ਦੀ ਲੋੜ ਹੁੰਦੀ ਹੈ। ਇਹ ਫੁੱਲ-ਦਵਾ ਉਸ ਨੂੰ ਅਜਿਹੀ ਸਦ-ਬੁਧੀ ਦੇਵੇਗੀ ਕਿ ਉਹ ਨੂੰਹ ਦੇ ਗੁਣਾਂ ਦੀ ਕਦਰ ਕਰਦੀ ਨਹੀਂ ਥੱਕੇਗੀ।

ਪਰ ਜੇ ਨੂੰਹ ਨੂੰ ਸਹੁਰੇ ਘਰ ਜਾ ਕੇ ਘਬਰਾਹਟ ਹੁੰਦੀ ਹੋਵੇ ਤੇ ਉੱਥੋਂ ਦਾ ਮਾਹੌਲ ਓਪਰਾ ਲਗਦਾ ਹੋਵੇ, ਜਾਂ ਉਹ ਉੱਥੇ ਘੁਲ ਮਿਲ ਨਾ ਸਕਦੀ ਹੋਵੇ ਤਾਂ ਉਸ 'ਤੇ ਇਹ ਦਵਾਈ ਕੰਮ ਨਹੀਂ ਕਰੇਗੀ। ਉਸ ਲਈ ਵਾਲਨਟ (Walnut) ਨਾਂ ਦੀ ਇਹ ਹੋਰ ਦਵਾਈ ਕੰਮ ਕਰੇਗੀ, ਜੋ ਉਸ ਨੂੰ ਉੱਥੇ ਅਪਣੱਤ-ਭਾਵ ਨਾਲ ਨਿਭਣਾ ਸਿਖਾਵੇਗੀ। ਇਹ ਉਸ ਵਿਚ ਉਹ ਸਮਝ ਤੇ ਸੂਹਜ ਪੈਦਾ ਕਰੇਗੀ, ਜਿਸ ਨਾਲ ਉਹ ਨਵੀਂ ਥਾਂ ਦੇ ਊਚ-ਨੀਚ ਨਾਲ ਸਹਿਜ ਸੁਭਾਅ ਨਿਪਟ ਲਵੇਗੀ। ਇਹ ਉਹੀ ਦਵਾ ਹੈ, ਜਿਸ ਨੂੰ ਬੈਚ ਫੁੱਲਾਂ ਦੀ ਵਰਤੋਂ ਕਰਨ ਵਾਲੇ ਪੌਦਾ ਵਿਗਿਆਨੀ ਪਨੀਰੀ ਨੂੰ ਇਕ ਥਾਂ ਤੋਂ ਦੂਜੀ ਥਾਂ ਲਾਉਣ ਉਪਰੰਤ ਇਸ ਉੱਤੇ ਛਿੜਕਦੇ ਹਨ। ਜਿਨ੍ਹਾਂ ਬੱਚਿਆਂ ਦਾ ਹੋਸਟਲ ਵਿਚ ਦਿਲ ਨਾ ਲੱਗੇ, ਉਨ੍ਹਾਂ ਨੂੰ ਵੀ ਵਾਲਨਟ ਹੀ ਦਿੱਤੀ ਜਾਂਦੀ ਹੈ, ਪਰ ਜੇ ਕਿਸੇ ਦਾ ਦਿਲ ਘਰੋਂ ਦੂਰ ਕਿਸੇ ਦੂਜੇ ਸੂਬੇ ਜਾਂ ਦੇਸ਼ ਵਿਚ ਜਾ ਕੇ ਨਾ ਲੱਗੇ, ਭਾਵ ਜਿਸ ਨੂੰ ਉਸ ਦੀ "ਮਿੱਟੀ 'ਵਾਜਾਂ ਮਾਰਦੀ" ਹੋਵੇ, ਉਸ ਨੂੰ ਡਾ. ਬੈਚ ਦੀਆਂ ਹਦਾਇਤਾਂ ਅਨੁਸਾਰ ਵਾਲਨਟ ਦੀ ਥਾਂ ਹਨੀ-ਸੱਕਲ (Honey Suckle) ਨਾਂ ਦੀ ਫੁੱਲ-ਦਵਾਈ ਦੇਣੀ ਬਣਦੀ ਹੈ; ਪਰ ਨੂੰਹ-ਸੱਸ ਦੇ ਸੰਦਰਭ ਵਿਚ ਸੱਸ ਦੀ ਦਵਾ ਤਾਂ ਯਕੀਨੀ ਤੌਰ 'ਤੇ ਬੀਚ ਹੀ ਹੈ।

ਅਸਹਿਨਸ਼ੀਲਤਾ ਸਮਾਜਿਕ ਪੱਧਰ 'ਤੇ ਵੀ ਕਈ ਰੂਪਾਂ ਵਿਚ ਪਾਈ ਜਾਂਦੀ ਹੈ। ਧਰਮ, ਨਸਲ, ਜਾਤੀ, ਬੋਲੀ ਤੇ ਸਭਿਆਚਾਰ ਦੇ ਆਧਾਰ 'ਤੇ ਕਈ ਸਮਾਜਿਕ ਸ਼੍ਰੇਣੀਆਂ ਇਕ ਦੂਜੇ ਨਾਲ ਨਫਰਤ ਵਾਲਾ ਵਤੀਰਾ ਕਰਨ ਲਗ ਜਾਂਦੀਆਂ ਹਨ। ਇਹ ਵਤੀਰਾ ਸੌੜੀ ਸੋਚ ਰਾਹੀਂ ਫੈਲਦਾ ਹੋਇਆ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ। ਦੂਸ਼ਿਤ ਮਨਾਂ ਵਾਲੇ ਲੋਕ ਦੂਜਿਆਂ ਨੂੰ ਵਿਅਕਤੀਗਤ ਸੁਤੰਤਰਤਾ ਦੇ ਰਾਹ ਤੋਂ ਭਟਕਾ ਕੇ ਸ਼੍ਰੇਣੀ ਸੋਚ ਅਨੁਸਾਰ ਚਲਣ ਲਈ ਪ੍ਰਭਾਵਿਤ ਕਰਦੇ ਹਨ। ਇਸ ਵਰਤਾਰੇ ਦੇ ਭਿਆਨਕ ਰਾਜਸੀ ਸਿੱਟੇ ਨਿਕਲਦੇ ਹਨ। ਔਰੰਗਜ਼ੇਬ ਤੇ ਹਿਟਲਰ ਜਿਹੇ ਰਾਜਸੀ ਕਿਰਦਾਰ ਇਸੇ ਵਰਤਾਰੇ ਵਿਚੋਂ ਨਿਕਲਦੇ ਹਨ। ਭਾਰਤ ਵਿਚ ਅੱਜ ਕੱਲ ਇਹੀ ਕੁਝ ਚਲ ਰਿਹਾ ਹੈ। ਇਸ ਦਾ ਇਕੋ ਇਕ ਪੱਕਾ ਇਲਾਜ ਬੀਚ ਰੈਮੇਡੀ ਹੈ, ਜੋ ਕੱਟੜ ਵਿਚਾਰਾਂ ਵਾਲੇ ਤਬਕਿਆਂ ਨੂੰ ਆਪਸੀ ਨਫਰਤ ਛਡਵਾ ਕੇ ਸਹਿਨਸ਼ੀਲਤਾ ਦਾ ਪਾਠ ਪੜ੍ਹਾ ਸਕਦੀ ਹੈ। ਇਹ ਉਨ੍ਹਾਂ ਨੂੰ ਦੂਜਿਆਂ ਦੀ ਆਜ਼ਾਦ ਹੋਂਦ ਸਵੀਕਾਰ ਕਰਾ ਕੇ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰ ਸਕਦੀ ਹੈ।




ਘ੍ਰਿਣਾ ਤੋਂ ਇਲਾਵਾ ਨਿਰਦਈਪੁਣਾ ਤੇ ਕਠੋਰਤਾ ਬੀਚ-ਰੋਗੀ ਦੇ ਦੋ ਹੋਰ ਲੱਛਣ ਹਨ। ਉਹ ਹਰ ਵੇਲੇ ਦੂਜਿਆਂ ਦੀ ਆਲੋਚਨਾ ਕਰਦਾ ਰਹਿੰਦਾ ਹੈ। ਉਸ ਦਾ ਆਪਣਾ ਇਕ ਪੱਕਾ ਦ੍ਰਿਸ਼ਟੀਕੋਣ ਹੁੰਦਾ ਹੈ ਤੇ ਉਹ ਉਸੇ ਅਨੁਸਾਰ ਸਾਰਿਆਂ ਨੂੰ ਨਾਪਦਾ ਹੈ। ਜੋ ਉਸ ਦੇ ਵਿਚਾਰਾਂ ਨਾਲ ਸਹਿਮਤੀ ਨਹੀਂ ਰੱਖਦੇ, ਉਹ ਉਨ੍ਹਾਂ ਦੀ ਡਟਵੀਂ ਪੜਚੋਲ ਕਰਦਾ ਹੈ। ਬੀਚ ਫੁੱਲ ਦੇ ਬੀਮਾਰ ਸਾਰਾ ਦਿਨ ਬੁੜ ਬੁੜ ਕਰਦੇ ਤੇ ਕੁੜ੍ਹਦੇ ਰਹਿੰਦੇ ਹਨ। ਇਸ ਲਈ ਉਨ੍ਹਾਂ ਨੂੰ ਹਰ ਚੀਜ਼ ਤੋਂ ਸ਼ਿਕਾਇਤ ਹੁੰਦੀ ਹੈ। ਉਹ ਚੀਜ਼ਾਂ ਦੀ ਬਣਤਰ, ਦਿੱਖ, ਤਰਤੀਬ ਆਦਿ ਵਿਚ ਨੁਕਸ ਕੱਢਦੇ ਹੀ ਰਹਿੰਦੇ ਹਨ।

ਡਾ. ਡੇਵਿਡ ਵੀਨਲਜ਼ ਅਨੁਸਾਰ ਉਹ ਦੂਜਿਆਂ ਨੂੰ ਕੰਮ ਕਰਦਿਆਂ ਵੇਲੇ ਅਜਿਹਾ ਕੁਝ ਬੋਲਦੇ ਰਹਿੰਦੇ ਹਨ, "ਜੇ ਕੰਮ ਕਰੋ ਤਾਂ ਵਧੀਆ ਕਰੋ ਨਹੀਂ ਤਾਂ ਨਾ ਕਰੋ; ਇਸ ਨੂੰ ਇੱਦਾਂ ਨਹੀਂ ਇੱਦਾਂ ਕਰ; ਬਹੁਤਿਆ ਸਿਆਣਿਆ, ਇਸ ਨੂੰ ਇੱਦਾਂ ਨਹੀਂ ਕਰੀਦਾ।" ਡਾ. ਵੀਨਲਜ਼ ਅਨੁਸਾਰ ਇਹ ਹਦਾਇਤ-ਜੀਵੀ ਇੱਦਾਂ ਕਦੇ ਵੀ ਨਹੀਂ ਸੋਚਣਗੇ ਕਿ ਉਹ ਵੀ ਗਲਤ ਹੋ ਸਕਦੇ ਹਨ। "ਸੌਰੀ" ਦਾ ਸ਼ਬਦ ਤਾਂ ਕਦੇ ਉਨ੍ਹਾਂ ਦੀ ਜ਼ੁਬਾਨ 'ਤੇ ਆਵੇਗਾ ਹੀ ਨਹੀਂ। ਉਨ੍ਹਾਂ ਨੂੰ ਦੂਜਿਆਂ ਦੀ ਕੀਤੀ ਹਰ ਚੀਜ਼ ਗਲਤ ਤੇ ਅਣਹੋਈ ਲਗਦੀ ਹੈ। ਉਹ ਆਪਣੀ ਪੜਚੋਲ ਕਰਦੇ ਨਹੀਂ ਤੇ ਦੂਜਿਆਂ ਨੂੰ ਕਦੇ ਬਖਸ਼ਦੇ ਨਹੀਂ। ਅਜਿਹੇ ਲੋਕ ਜਿਹੜੇ ਆਪਣੇ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦੇ ਤੇ ਦੂਜਿਆਂ ਨੂੰ ਮਾਫ ਨਹੀਂ ਕਰਦੇ, ਜਿੱਥੇ ਵੀ ਹੋਣ ਜ਼ਿੰਦਗੀ ਨਾਲ ਖਿਲਵਾੜ ਕਰਦੇ ਹਨ। ਉਨ੍ਹਾਂ ਨੂੰ ਬੀਚ ਦੀ ਸਖਤ ਲੋੜ ਹੁੰਦੀ ਹੈ।

ਬੀਚ ਨੂੰ ਕਈ ਲੋਕ ਯਾਦ ਰੱਖਣ ਲਈ "ਨੀਚ" ਵੀ ਆਖਦੇ ਹਨ। ਕੋਈ ਕਹੇ ਜਾਂ ਨਾ ਕਹੇ ਮੈਂ ਤਾਂ ਕਹਿੰਦਾ ਹਾਂ। ਇਹ ਇਸ ਲਈ ਕਿ ਬੀਚ ਫੁੱਲ ਦੇ ਮਰੀਜ਼ ਬੇਵਜ੍ਹਾ ਕੁਰਖਤ ਸੁਭਾਅ ਵਾਲੇ ਹੁੰਦੇ ਹਨ। ਉਹ ਜਬਤ ਦੇ ਪੂਰੇ ਹੁੰਦੇ ਹਨ ਤੇ ਇਸ ਨੂੰ ਦੂਜਿਆਂ 'ਤੇ ਲਾਗੂ ਕਰਨ ਦੇ ਬੜੇ ਚਾਹਵਾਨ ਹੁੰਦੇ ਹਨ। ਉਹ ਕਿਸੇ ਨੂੰ ਜਾਇਜ਼ ਕੰਮ ਲਈ ਵੀ ਛੋਟ ਨਹੀਂ ਦਿੰਦੇ। ਬੀਮਾਰ ਬੱਚਾ ਡਾਕਟਰ ਕੋਲ ਲਿਜਾ ਰਹੇ ਨੌਕਰ ਨੂੰ ਵੀ ਕਹਿਣਗੇ, ਪਹਿਲਾਂ ਗੱਡੀ 'ਤੇ ਕਪੜਾ ਮਾਰ ਕੇ ਜਾਹ। ਉਹ ਪਤਨੀ ਤੇ ਬੱਚਿਆਂ ਨੂੰ ਛੁੱਟੀ ਵਾਲੇ ਦਿਨ ਵੀ ਆਮ ਦਿਨਾਂ ਦੀ ਤਰ੍ਹਾਂ ਸਵੇਰੇ ਪੰਜ ਵਜੇ ਉੱਠਾ ਕੇ ਕੰਮ ਲਾ ਦਿੰਦੇ ਹਨ। ਜੇ ਉਹ ਕਿਸੇ ਦਫਤਰ ਵਿਚ ਪ੍ਰਸ਼ਾਸਕ ਹੋਣ ਤਾਂ ਕੰਮ ਦੀਆਂ ਰਿਪੋਰਟਾਂ ਭੇਜਣ ਦੀ ਮਿਆਦ ਬੰਨ ਦਿੰਦੇ ਹਨ। ਲੇਟ ਆਉਣ ਵਾਲਿਆਂ ਦੀ ਅੱਧੀ ਛੁੱਟੀ ਕੱਟ ਲੈਂਦੇ ਹਨ। ਉਹ ਕਿਸੇ ਦੇ ਜਰੂਰੀ ਕੰਮ ਨੂੰ ਵੀ ਹਰਾਮਖੋਰੀ ਸਮਝਦੇ ਹਨ। ਕਿਸੇ ਮਜ਼ਬੂਰ ਲਈ ਉਨ੍ਹਾਂ ਕੋਲ ਕੋਈ ਹਮਦਰਦੀ ਨਹੀਂ ਹੁੰਦੀ; ਇਥੋਂ ਤੀਕ ਕਿ ਅਪਾਹਜ ਮੰਗਤੇ ਨੂੰ ਵੀ ਖੈਰਾਤ ਦੇਣ ਦੀ ਥਾਂ ਕੰਮ ਕਰ ਕੇ ਖਾਣ ਲਈ ਕਹਿੰਦੇ ਹਨ। ਇਸ ਮਸਲੇ ਵਿਚ ਉਹ ਬਜੁਰਗਾਂ 'ਤੇ ਵੀ ਤਰਸ ਨਹੀਂ ਕਰਦੇ। ਬੀਚ ਦਵਾਈ ਉਨ੍ਹਾਂ ਦੇ "ਨੀਚ" ਸੁਭਾਅ ਨੂੰ ਸਖੀ ਤੇ ਖੁਲ੍ਹ ਦਿਲਾ ਬਣਾ ਕੇ ਦੂਜਿਆਂ ਦੇ ਦੁਖ-ਸੁਖ ਨੂੰ ਸਮਝਣ ਦੇ ਕਾਬਲ ਬਣਾ ਦੇਵੇਗੀ, ਪਰ ਜੇ ਕੋਈ ਘੋਰ ਡਸਿਪਲਨੀਆ ਆਪਣੀਆਂ ਚੰਮ ਦੀਆਂ ਦੂਜਿਆਂ 'ਤੇ ਚਲਾਉਣ ਦੀ ਥਾਂ ਆਪਣੇ ਆਪ 'ਤੇ ਹੀ ਚਲਾਵੇ ਤਾਂ ਇਹ ਦਵਾ ਫੇਲ੍ਹ ਹੋ ਜਾਵੇਗੀ। ਅਜਿਹੇ ਤਿਆਗਮੂਰਤੀ ਭਾਵ ਸੰਜਮੀ-ਜੀਵੀ ਨੂੰ ਆੜੇ ਹੱਥੀਂ ਲੈਣ ਲਈ ਇਕ ਹੋਰ ਬੈਚ ਦਵਾਈ ਹੈ।

ਬੀਚ ਫੁੱਲ ਦੇ ਮਰੀਜ਼ਾਂ ਦੀ ਅਨੁਸ਼ਾਸਨੀ ਸਿਰੜ ਆਮ ਤੌਰ 'ਤੇ ਉਨ੍ਹਾਂ ਦੀ ਪੂਰਨਤਾ ਦੀ ਰੁਚੀ ਦਾ ਪ੍ਰਗਟਾਵਾ ਹੁੰਦੀ ਹੈ। ਉਹ ਹਰ ਕੰਮ ਵਿਚ ਪੂਰਨਤਾ-ਪਸੰਦ (Perfectionists) ਹੁੰਦੇ ਹਨ। ਇਥੋਂ ਤੀਕ ਕਿ ਉਹ ਹਰ ਇਕ ਚੀਜ਼ ਨੂੰ ਆਪਣੀ ਥਾਂ 'ਤੇ ਪਈ ਦੇਖਣਾ ਚਾਹੁੰਦੇ ਹਨ। ਉਨ੍ਹਾਂ ਨੂੰ ਖਲਾਰਾ ਪਿਆ ਠੀਕ ਨਹੀਂ ਲਗਦਾ। ਉਹ ਉੱਠਦਿਆਂ ਸਾਰ ਹੀ ਬਿਸਤਰ ਨੂੰ ਠੀਕ ਕਰਦੇ ਹਨ ਤਾਂ ਜੋ ਲੱਗੇ ਕਿ ਇਸ 'ਤੇ ਕੋਈ ਲੇਟਿਆ ਹੀ ਨਹੀਂ। ਉਨ੍ਹਾਂ ਦਾ ਕਮਰਾ ਸਾਫ ਹੁੰਦਾ ਹੈ ਤੇ ਹਰ ਚੀਜ਼ ਥਾਂ ਸਿਰ ਪਈ ਹੁੰਦੀ ਹੈ। ਜੇ ਕੋਈ ਉਨ੍ਹਾਂ ਦੀ ਕਿਸੇ ਚੀਜ਼ ਨੂੰ ਉਠਾ ਲਵੇ ਤਾਂ ਉਸ ਨੂੰ ਫੌਰਨ ਉਸੇ ਥਾਂ ਰੱਖਣ ਲਈ ਟੋਕਦੇ ਹਨ। ਜੇ ਕੋਈ ਸਫਾਈ ਕਰਮਚਾਰੀ ਗਲਤੀ ਨਾਲ ਵੀ ਉਨ੍ਹਾਂ ਦੀ ਚਾਬੀ, ਗਿਲਾਸ, ਐਨਕ ਜਾਂ ਪੈਨ ਨੂੰ ਇੱਧਰ-ਉਧਰ ਕਰ ਦੇਵੇ ਤਾਂ ਉਹ ਉਸ ਨੂੰ ਬਖਸ਼ਦੇ ਨਹੀਂ। ਇਹ ਵਿਅਕਤੀ ਹਮੇਸ਼ਾ ਟਿੱਪ-ਟਾਪ ਰਹਿੰਦੇ ਹਨ। ਉਹ ਕੱਪੜਿਆਂ ਦੀ ਕਰੀਜ਼, ਜੁੱਤਿਆਂ ਦੀ ਪਾਲਸ਼ ਤੇ ਵਾਲਾਂ ਦੀ ਕੰਘੀ ਆਦਿ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਆਪਣੇ ਚਿਹਰੇ ਤੇ ਹੱਥਾਂ ਉਤੇ ਮਾਮੂਲੀ ਨਿਸ਼ਾਨ ਪੈਦਾ ਹੋਣ 'ਤੇ ਵੀ ਡਾਕਟਰ ਕੋਲ ਭੱਜਦੇ ਹਨ।

ਹੋਮਿਓਪੈਥੀ ਵਿਚ ਅਜਿਹੇ ਤਿਆਰ-ਬਰ-ਤਿਆਰ ਸੁਭਾਅ ਵਾਲੇ ਰੋਗੀਆਂ ਲਈ ਆਰਸੈਨਿਕ (Arsenicum Album) ਤੇ ਨਕਸ ਵਾਮਿਕਾ (Nux Vomica) ਆਦਿਕ ਦਵਾਈਆਂ ਹਨ। ਇਨ੍ਹਾਂ ਦੇ ਮੁਕਾਬਲੇ ਸਲਫਰ (Sulphur) ਗੰਧੀਲੇ ਸੁਭਾਅ ਵਾਲਿਆਂ ਲਈ ਹੈ। ਬੈਚ ਪੱਧਤੀ ਵਿਚ ਇਨ੍ਹਾਂ ਦਾ ਬਦਲ ਬੀਚ (Beech) ਹੈ, ਜੋ ਮਰੀਜ਼ ਦੇ ਸੁਭਾਅ ਵਿਚ ਉਦਾਰਤਾ ਲਿਆ ਕੇ ਉਸ ਦੀ ਜੀਵਨ ਸ਼ੈਲੀ ਨੂੰ ਮੋਕਲਾ ਕਰਦੀ ਹੈ। ਇਹ ਇਨ੍ਹਾਂ ਲੋਕਾਂ ਵਿਚ ਸਫਾਈ ਤੇ ਸੰਵਰੇਪਣ ਦਾ ਮਾਦਾ ਖਤਮ ਨਹੀਂ ਕਰਦੀ, ਸਗੋਂ ਇਨ੍ਹਾਂ ਦੇ ਸੁਭਾਅ ਵਿਚ ਦੂਜਿਆਂ ਪ੍ਰਤੀ ਸੰਵੇਦਨਸ਼ੀਲਤਾ ਲਿਆ ਕੇ ਉਨ੍ਹਾਂ ਦੀਆਂ ਸਵੱਛ ਰੁਚੀਆਂ ਨੂੰ ਉਤਲੇ ਪੱਧਰ 'ਤੇ ਮਾਣਨ ਦੀ ਸ਼ਹਿਨਸ਼ੀਲਤਾ ਪ੍ਰਦਾਨ ਕਰਦੀ ਹੈ। ਬੀਚ ਉਨ੍ਹਾਂ ਦੀਆਂ ਡਸਿਪਲਨ ਭਰੀਆਂ ਆਦਤਾਂ ਨੂੰ ਨਕਾਰਦੀ ਨਹੀਂ, ਸਗੋਂ ਉਸ ਦੇ ਮਾਨਸਿਕ ਤਾਣੇ-ਪੇਟੇ ਨੂੰ ਇਕਸਾਰ ਕਸ ਕੇ ਡਸਿਪਲਨ ਰੁਚੀ ਨੂੰ ਰਵਾਂ ਕਰਦੀ ਹੈ। ਇਹ ਉਨ੍ਹਾਂ ਦੀ "ਨੀਚਤਾ" ਨੂੰ ਉੱਚਤਾ ਵਿਚ ਤਬਦੀਲ ਕਰਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਸਬੰਧਤ ਬਿਮਾਰੀਆਂ ਵੀ ਠੀਕ ਹੋ ਜਾਂਦੀਆਂ ਹਨ।

ਮੇਰੇ ਇਕ ਵਾਕਫ ਨੇ ਮੈਨੂੰ ਕਾਲ ਕਰ ਕੇ ਕਿਹਾ ਕਿ ਉਸ ਦੇ ਮਿੱਤਰ ਦੀ ਪਤਨੀ ਕਈ ਤਕਲੀਫਾਂ ਤੋਂ ਪੀੜਤ ਹੈ, ਇਸ ਲਈ ਉਹ ਮੇਰੇ ਨਾਲ ਸੰਪਰਕ ਕਰੇਗਾ। ਮੈਂ ਉਸ ਨੂੰ "ਸਤਿ ਬਚਨ" ਕਹਿ ਕੇ ਮੂੰਹ ਫੇਰਿਆ ਹੀ ਸੀ ਕਿ ਉਸ ਦੇ ਮਿੱਤਰ ਦਾ ਫੋਨ ਆ ਗਿਆ। ਆਪਣੀ ਪਤਨੀ ਬਾਰੇ ਗੱਲ ਕਰਨ ਲਈ ਛੁੱਟੀ ਵਾਲੇ ਦਿਨ ਆਉਣ ਨੂੰ ਕਹਿਣ ਲੱਗਿਆ। ਮੈਂ ਉਸ ਨੂੰ ਸਨਿਚਰਵਾਰ ਦਾ ਸਮਾਂ ਦੇ ਕੇ ਸੱਦ ਲਿਆ। ਨਾਲ ਆਈ ਉਸ ਦੀ ਸੈਂਤੀ ਸਾਲਾ ਪਤਨੀ ਨੇ ਦੱਸਿਆ ਕਿ ਉਸ ਨੂੰ ਮਾਈਗ੍ਰੇਨ ਰਹਿੰਦੀ ਹੈ। ਮੇਰੇ ਪੁੱਛਣ ਤੇ ਉਸ ਨੇ ਜੋ ਵੇਰਵੇ ਦੱਸੇ, ਉਹ ਇਸ ਪ੍ਰਕਾਰ ਸਨ: ਉਸ ਦੀ ਬੀਮਾਰੀ ਕੋਈ ਵੀਹ ਸਾਲ ਪੁਰਾਣੀ ਸੀ। ਇਸ ਦੇ ਸ਼ੁਰੂ ਹੋਣ ਦਾ ਉਸ ਨੂੰ ਕੋਈ ਕਾਰਨ ਯਾਦ ਨਹੀਂ ਸੀ। ਹਰ ਵਾਰ ਮਹਾਵਾਰੀ ਸਮੇਂ ਉਸ ਦੀ ਇਕ ਪੁੜਪੁੜੀ ਤੇ ਉਸੇ ਪਾਸੇ ਦੀ ਅੱਖ ਵਿਚ ਤਿੱਖਾ ਦਰਦ ਉੱਠਦਾ ਸੀ, ਜੋ ਅਨਿਸ਼ਚਿਤ ਕਾਲ ਲਈ ਰਹਿੰਦਾ ਸੀ। ਇਹ ਦਰਦ ਹਰ ਵਾਰ ਪਾਸੇ ਬਦਲ ਕੇ ਆਉਂਦਾ ਸੀ। ਇਸ ਦੌਰਾਨ ਉਸ ਦਾ ਦਿਲ ਮਤਲਾਉਂਦਾ ਸੀ ਤੇ ਉਲਟੀ ਕਰਨ ਨਾਲ ਆਰਾਮ ਮਿਲਦਾ ਸੀ। ਦਰਦ ਸਮੇਂ ਉਹ ਕਿਸੇ ਨਾਲ ਗੱਲ ਨਹੀਂ ਸੀ ਕਰ ਸਕਦੀ, ਕਿਉਂਕਿ ਸਾਰੀ ਦੁਨੀਆਂ ਭੈੜੀ ਲਗਦੀ ਸੀ। ਅਜਿਹੇ ਵੇਲੇ ਉਸ ਨੂੰ ਅੱਖਾਂ ਬੰਦ ਕਰ ਕੇ ਲੇਟਣਾ ਚੰਗਾ ਲਗਦਾ ਸੀ।

ਦੁਨੀਆਂ ਭੈੜੀ ਲਗਣਾ ਤੇ ਅੱਖਾਂ ਬੰਦ ਕਰ ਕੇ ਦੂਜਿਆਂ ਨਾਲ ਸੰਪਰਕ ਤੋੜ ਕਰ ਲੈਣਾ ਆਪਣੇ ਤੋਂ ਬਾਹਰਲੇ ਸੰਸਾਰ ਪ੍ਰਤੀ ਅਸਹਿਨਸ਼ੀਲਤਾ ਹੈ। ਹੋਰ ਜਾਣਕਾਰੀ ਲਈ ਮੈਂ ਉਸ ਦੀ ਵਿਅਕਤੀਗਤ ਜ਼ਿੰਦਗੀ ਬਾਰੇ ਕੁਝ ਪ੍ਰਸ਼ਨ ਪੁੱਛੇ। ਉਨ੍ਹਾਂ ਦੇ ਜਵਾਬ ਵਿਚ ਉਸ ਨੇ ਦੱਸਿਆ ਕਿ ਉਹ ਇਕ ਸਕੂਲ ਅਧਿਆਪਕਾ ਹੈ। ਉਸ ਦੀ ਬੀਮਾਰੀ ਦਾ ਅੱਧਾ ਕਾਰਨ ਉਸ ਦਾ ਸਕੂਲ ਹੈ। ਜੇ ਵਿਦਿਆਰਥੀ ਚੁਪ ਕਰ ਕੇ ਨਹੀਂ ਬੈਠਦੇ, ਸਿੱਧੀ ਲਾਈਨ ਵਿਚ ਨਹੀਂ ਚਲਦੇ ਤੇ ਘਰ ਜਾਣ ਵੇਲੇ ਕੁਰਸੀਆਂ ਥਾਂ ਸਿਰ ਨਹੀਂ ਰੱਖਦੇ ਤਾਂ ਉਸ ਨੂੰ ਘਬਰਾਹਟ ਹੋ ਜਾਂਦੀ ਸੀ ਤੇ ਗੁੱਸਾ ਆ ਜਾਂਦਾ ਸੀ। ਉਹ ਉਦੋਂ ਤੀਕ ਘਰ ਨਹੀਂ ਜਾ ਸਕਦੀ, ਜਦੋਂ ਤੀਕ ਸਾਰੇ ਕਲਾਸ-ਰੂਮ ਨੂੰ ਮੁੜ ਤੋਂ ਸੈਟ ਨਾ ਕਰ ਦੇਵੇ। ਉਹ ਚਾਹੁੰਦੀ ਸੀ ਕਿ ਉਸ ਦੇ ਵਿਦਿਆਰਥੀ ਉਸ ਦੇ ਇਸ਼ਾਰੇ ਨਾਲ ਚੱਲਣ। ਉਹ ਚਾਹੁੰਦੀ ਸੀ ਕਿ ਉਨ੍ਹਾਂ ਦੇ ਡੈਸਕ ਉਸ ਦੇ ਡੈਸਕ ਵਾਂਗ ਸਾਫ ਸੁਥਰੇ ਹੋਣ। ਉਸ ਦਾ ਅੱਧਾ ਸਮਾਂ ਉਨ੍ਹਾਂ ਨੂੰ ਕਲਾਸ ਰੂਲ ਸਮਝਾਉਣ ਵਿਚ ਲੰਘ ਜਾਂਦਾ ਸੀ। ਘਰ ਵਿਚ ਵੀ ਉਹ ਸਾਫ ਸਫਾਈ ਸਬੰਧੀ ਆਪਣੇ ਪਤੀ ਤੇ ਬੱਚਿਆਂ ਨੂੰ ਇਹੋ ਕੁਝ ਸਮਝਾਉਂਦੀ ਰਹਿੰਦੀ ਸੀ। ਅਜਿਹੀ ਮਗਜ਼-ਪੱਚੀ ਕਰਦਿਆਂ ਹੀ ਉਸ ਨੂੰ ਮਾਈਗ੍ਰੇਨ ਸ਼ੁਰੂ ਹੋ ਜਾਂਦੀ ਸੀ। ਉਹ ਆਪਣੇ ਘਰ ਵਾਲੇ ਵੱਲ ਇਸ਼ਾਰਾ ਕਰ ਕੇ ਕਹਿਣ ਲਗੀ, "ਤੁਸੀਂ ਇਨ੍ਹਾਂ ਦੀ ਕਾਰ ਦੇਖ ਲਵੋ ਤੇ ਮੇਰੀ ਦੇਖ ਲਵੋ, ਤੁਹਾਨੂੰ ਆਪੇ ਪਤਾ ਚਲ ਜਾਵੇਗਾ ਕਿ ਮੈਂ ਬਿਮਾਰ ਕਿਉਂ ਹਾਂ।" ਉਸ ਦਾ ਘਰ ਵਾਲਾ ਤਾਈਦ ਕਰਦਾ ਕਹਿਣ ਲੱਗਾ, "ਮੈਂ ਹੋਇਆ ਵਪਾਰੀ ਭਾਈ ਤੇ ਤੂੰ ਮੁਲਾਜਮ ਪੇਸ਼ਾ, ਤੇਰੀ ਗੱਡੀ ਆਪੇ ਵੱਧ ਸਾਫ ਹੋਣੀ ਹੋਈ।"

ਮੈਂ ਬਿਨਾ ਕੁਝ ਹੋਰ ਪੁੱਛੇ ਉਸ ਨੂੰ ਬੀਚ ਦੀਆਂ ਕਈ ਖੁਰਾਕਾਂ ਦੇ ਕੇ ਮਹੀਨਾ ਭਰ ਸਵੇਰੇ-ਸ਼ਾਮ ਖਾਣ ਲਈ ਕਿਹਾ। ਮਹੀਨੇ ਬਾਅਦ ਉਸ ਨੇ ਆ ਕੇ ਦੱਸਿਆ ਕਿ ਉਸ ਦਾ ਸਿਰ ਦਰਦ ਗਾਇਬ ਹੋ ਗਿਆ। ਉਸ ਨੇ ਮੰਨਿਆ ਕਿ ਹੁਣ ਉਹ ਦੂਜਿਆਂ ਦੀਆਂ ਆਪ-ਹੁਦਰੀਆਂ ਵਲ ਵਧੇਰੇ ਧਿਆਨ ਨਹੀਂ ਦਿੰਦੀ। ਹੁਣ ਉਸ ਨੂੰ ਪੂਰੀ ਨੀਂਦ ਆਉਂਦੀ ਹੈ ਤੇ ਉਸ ਦੀ ਜ਼ਿੰਦਗੀ ਪਹਿਲਾਂ ਨਾਲੋਂ ਜ਼ਿਆਦਾ ਸੁਖਾਲੀ ਹੋ ਗਈ ਹੈ। ਮੇਰੇ ਕਹਿਣ 'ਤੇ ਉਸ ਨੇ ਉਹੀ ਦਵਾਈ ਇਕ ਮਹੀਨਾ ਹੋਰ ਖਾਧੀ ਤੇ ਮੁੜ ਉਸ ਦੀ ਕੋਈ ਸ਼ਿਕਾਇਤ ਨਾ ਆਈ।

ਇੱਦਾਂ ਦਾ ਹੀ ਕੇਸ ਉਸ ਨਿੱਕੇ ਬੱਚੇ ਦਾ ਸੀ, ਜੋ ਇਕ ਗੁੱਝੀ ਤਕਲੀਫ ਦੇ ਇਲਾਜ ਲਈ ਮੇਰੇ ਕੋਲ ਲਿਆਂਦਾ ਗਿਆ। ਉਹ ਸੌਂਦਾ ਘੱਟ ਤੇ ਰੋਂਦਾ ਵਧ ਸੀ। ਉਸ ਦੀ ਮਾਂ ਨੇ ਦੱਸਿਆ ਕਿ ਉਹ ਗੁਸੈਲਾ ਹੈ ਤੇ ਉਸ ਨੂੰ ਖਾਧਾ ਪੀਤਾ ਨਹੀਂ ਲਗਦਾ। ਉਸ ਨੂੰ ਦੋ ਵਾਰ ਚਲੰਤ ਨਿਸ਼ਾਨੀਆਂ ਅਨੁਸਾਰ ਢੁਕਵੀਆਂ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਗਈਆਂ, ਪਰ ਉਸ ਦਾ ਹਾਲ ਨਾ ਬਦਲਿਆ। ਤੀਜੀ ਵਾਰ ਹੋਰ ਪੁੱਛ-ਗਿੱਛ ਤੋਂ ਬਾਅਦ ਉਸ ਦੀ ਮਾਂ ਨੇ ਦੱਸਿਆ ਕਿ ਬੱਚਾ ਕੁੱਛੜ ਵਿਚ ਚੁੱਕਣ ਤੋਂ ਖੁਸ਼ ਰਹਿੰਦਾ ਸੀ, ਪਰ ਇਹ ਉਸ ਨੂੰ ਹੀ ਚੁੱਕਣਾ ਪੈਂਦਾ ਸੀ, ਕਿਉਂਕਿ ਆਪਣੇ ਬਾਪ ਕੋਲ ਜਾਣਾ ਉਹ ਪਸੰਦ ਨਹੀਂ ਸੀ ਕਰਦਾ। ਆਮ ਤੌਰ 'ਤੇ ਇਸ ਤਰ੍ਹਾਂ ਦੇ ਸੰਕੇਤ ਨੂੰ ਕੋਈ ਬੀਮਾਰੀ ਨਹੀਂ ਸਮਝਦਾ ਤੇ ਨਾ ਹੀ ਇਸ ਦਾ ਇਲਾਜ ਕਰਵਾਉਣ ਲਈ ਵਿਸ਼ੇਸ਼ ਆਉਂਦਾ ਹੈ, ਪਰ ਉਸ ਦੀ ਮਾਂ ਦੇ ਅਚਨਚੇਤ ਹਵਾਲੇ ਨਾਲ ਮੇਰਾ ਧਿਆਨ ਇਸ ਸਿੱਟੇ 'ਤੇ ਪਹੁੰਚਿਆ ਕਿ ਬੱਚਾ ਪਿਤਾ ਪ੍ਰਤੀ ਅਸਹਿਨਸ਼ੀਲ ਸੀ ਤੇ ਆਪਣੀ ਖੁਰਾਕ ਨੂੰ ਵੀ ਬਰਦਾਸ਼ਤ ਨਹੀਂ ਕਰਦਾ। ਮੈਂ ਉਸ ਨੂੰ ਬੀਚ ਫੁੱਲ-ਦਵਾਈ ਦੋ ਹਫਤੇ ਖਾਣ ਲਈ ਦਿੱਤੀ। ਉਹ ਰੋਣਾ ਛੱਡ ਕੇ ਖੇਡਣ ਹੀ ਨਹੀਂ ਲੱਗ ਪਿਆ, ਸਗੋਂ ਖਾਣ-ਪੀਣ ਲਗ ਪਿਆ ਤੇ ਆਪਣੇ ਪਿਤਾ ਕੋਲ ਵੀ ਜਾਣ ਦੇਣ ਲੱਗ ਪਿਆ।

ਬੀਚ ਚਿੜ-ਚਿੜ ਕਰਦੇ ਕਠੋਰ ਤੇ ਨਿਰਦਈ ਵਿਅਕਤੀਆਂ ਦਾ ਨਜ਼ਰੀਆ ਬਦਲ ਕੇ ਉਨ੍ਹਾਂ ਨੂੰ ਦੂਜਿਆਂ ਪ੍ਰਤੀ ਉਦਾਰ ਬਣਾਉਂਦੀ ਹੈ। ਇਹ ਘੋਰ ਨਿੰਦਕਾਂ, ਭਾਨੀਮਾਰਾਂ, ਨੁਕਤਾਚੀਨਾਂ ਤੇ ਘ੍ਰਿਣਾ ਭਰੇ ਲੋਕਾਂ ਨੂੰ ਤਸਵੀਰ ਦਾ ਦੂਜਾ ਪਾਸਾ ਦੇਖਣ ਲਈ ਪ੍ਰੇਰਦੀ ਹੈ। ਇਹ ਅਤਿ-ਕਟੂ ਸੁਭਾਅ ਵਾਲਿਆਂ ਨੂੰ ਤੋਲਵਾਂ ਰੱਵਈਆ ਅਪਨਾਉਣ ਦੇ ਸਮਰੱਥ ਬਣਾਉਂਦੀ ਹੈ। ਇਹ ਨਾਜ਼ੀ ਤੇ ਫਾਸੀਸਟ ਸੁਭਾਵਾਂ ਵਾਲੇ ਮਨੁੱਖਾਂ ਦੀਆਂ ਘ੍ਰਿਣਾਮਈ ਤੇ ਕਠੋਰ ਆਦਤਾਂ 'ਤੇ ਹਮਦਰਦੀ ਦੀ ਮਿੱਠੀ ਚਾਸਣੀ ਚਾੜ੍ਹਦੀ ਹੈ। ਇਹ ਕੁਰਖਤ ਲੋਕਾਂ ਵਿਚ ਸੁਹਿਰਦਤਾ ਦੀਆਂ ਭਾਵਨਾਵਾਂ ਪੈਦਾ ਕਰਕੇ ਸਮਾਜ ਵਿਚ ਭਾਈਚਾਰਕ ਸਹਿਹੋਂਦ ਦਾ ਰਸਤਾ ਸਿਰਜਦੀ ਹੈ। ਸੰਸਾਰ ਵਿਚ ਚਾਰੇ ਪਾਸੇ ਪਸਰੀ ਨਫਰਤ, ਕਠੋਰਤਾ ਤੇ ਨਿਰਦੈਤਾ ਨੂੰ ਅਨੁਭਵ ਕਰ ਕੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬੀਚ ਕਿੰਨੇ ਮਹੱਤਵ ਵਾਲੀ ਦਵਾਈ ਹੈ!

# 'ਕਾਕੇ, ਰੋਟੀ ਜ਼ਰਾ ਰਾੜ੍ਹ ਕਰ ਦੇਣੀ..!'

ਬਿਹਾਰੀ 'ਭਈਏ' ਨੂੰ ਪੰਜਾਬ ਵਿਚ ਆਮ ਪੇਂਡੂ 'ਬੱਈਆ' ਕਹਿ ਕੇ ਬੁਲਾਉਂਦੇ ਹਨ। ਭਈਆ ਪੰਜਾਬ ਵਿਚ ਆ ਕੇ ਪੰਜਾਬੀ ਬੋਲਣੀ ਸਿੱਖੇ ਚਾਹੇ ਨਾ ਸਿੱਖੇ, ਪਰ ਸਾਡੇ ਪੰਜਾਬੀ ਉਸ ਦੀ 'ਭਾਸ਼ਾ' ਜ਼ਰੂਰ ਬੋਲਣ ਦੀ ਕੋਸ਼ਿਸ਼ ਕਰਦੇ ਹਨ। ਆਵੇ ਚਾਹੇ ਨਾ ਆਵੇ, ਇਹ ਵੱਖਰੀ ਗੱਲ ਹੈ! ਆਪਣੇ ਪੰਜਾਬੀ ਇਤਨੇ 'ਦਿਲ-ਦਰਿਆ' ਹਨ ਕਿ ਭਈਏ ਨੂੰ ਪੰਜਾਬੀ ਬੋਲਣ ਦੀ ਆਦਤ ਨਹੀਂ ਪਾਉਂਦੇ, ਸਗੋਂ ਹਿੰਦੀ ਦੀ 'ਅਹੀ-ਤਹੀ' ਜ਼ਰੂਰ ਫੇਰਨਗੇ। ਸਾਰਾ ਪਿੰਡ ਇੱਕ ਭਈਏ ਨੂੰ ਪੰਜਾਬੀ ਬੋਲਣ ਦੀ ਆਦਤ ਨਹੀਂ ਪਾ ਸਕਦਾ, ਜਦ ਕਿ ਇਕੱਲਾ ਭਈਆ ਸਾਰੇ ਪਿੰਡ ਨੂੰ ਹਿੰਦੀ ਨਹੀਂ ਬਲਕਿ 'ਭੱਈਆਣੀ' ਬੋਲੀ ਬੋਲਣ ਲਾ ਲੈਂਦਾ ਹੈ! ਗੁਰਦਾਸ ਮਾਨ ਦੀ ਕਹੀ ਗੱਲ ਸੱਚੀ ਹੈ ਕਿ ਹਰ ਦੇਸ਼ ਦਾ ਬੰਦਾ ਦਾਰੂ ਪੀ ਕੇ ਆਪਣੀ-ਆਪਣੀ ਭਾਸ਼ਾ ਬੋਲਦਾ ਹੈ, ਇਹ ਸਿਰਫ਼ ਇੱਕ ਪੰਜਾਬੀ ਹੀ ਹੈ ਕਿ ਪੀ ਕੇ ਅੰਗਰੇਜ਼ੀ ਨੂੰ ਹੀ ਮੂੰਹ ਮਾਰੂ। ਜੇ ਮੇਰੇ ਵਰਗੇ ਨੂੰ ਅੰਗਰੇਜ਼ੀ ਨਾ ਵੀ ਆਉਂਦੀ ਹੋਵੇਗੀ ਤਾਂ ਪੀ ਕੇ 'ਪੈਰ-ਮਿੱਧ' ਅੰਗਰੇਜ਼ੀ ਜ਼ਰੂਰ ਬੋਲੂ! ਜਾਂ ਰੋਅਬ

**ਸ਼ਿਵਚਰਨ ਜੱਗੀ ਕੁੱਸਾ**
jaggikussa@yahoo.de

ਪਾਉਣ ਲਈ ਅੰਗਰੇਜ਼ੀ ਦੀ 'ਖੁਰ-ਵੱਢ' ਜ਼ਰੂਰ ਕਰੂ।

ਪੰਜਾਬੀ, ਬਾਬਾ ਫ਼ਰੀਦ, ਬਾਬਾ ਕਬੀਰ, ਸਾਈਂ ਬੁੱਲ੍ਹੇ ਸ਼ਾਹ, ਬਾਹੂ, ਬਾਬਾ ਵਾਰਿਸ ਸ਼ਾਹ, ਸ਼ਾਹ ਹੁਸੈਨ, ਪੀਲੂ, ਕਾਦਰ ਯਾਰ, ਪ੍ਰੋਫ਼ੈਸਰ ਪੂਰਨ ਸਿੰਘ, ਭਾਈ ਵੀਰ ਸਿੰਘ, ਸ਼ਰਧਾ ਰਾਮ ਫ਼ਿਲੌਰੀ, ਧਨੀ ਰਾਮ ਚਾਤ੍ਰਿਕ, ਬਾਬੂ ਰੱਜਬ ਅਲੀ, ਫ਼ਿਰੋਜਉਦੀਨ, ਸ਼ਿਵ ਕੁਮਾਰ ਬਟਾਲਵੀ, ਨੰਦ ਲਾਲ ਨੂਰਪੁਰੀ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਵੰਤ ਗਾਰਗੀ, ਸੁਰਜੀਤ ਪਾਤਰ ਅਤੇ ਜਸਵੰਤ ਸਿੰਘ ਕੰਵਲ ਦਾ ਰਸਤਾ ਛੱਡ ਕੇ, ਬਾਊ ਗੰਗਾ ਰਾਮ ਅਤੇ ਤਾਊ ਜਮਨਾ ਦਾਸ ਵਾਲਾ ਰਸਤਾ ਅਖ਼ਤਿਆਰ ਕਰੀ ਜਾ ਰਹੇ ਹਨ! ਭਾਸ਼ਾ ਸਿੱਖਣੀ ਕੋਈ ਵੀ ਮਾੜੀ ਨਹੀਂ, ਪਰ ਅਗਲੇ ਦੀ ਚੋਪੜੀ ਦੇਖ ਕੇ ਆਪਣੀ ਰੁੱਖੀ ਵੀ ਪਰ੍ਹੇ ਵਗਾਹ ਮਾਰਨੀ ਕਿਧਰਲੀ ਸਮਝਦਾਰੀ ਜਾਂ ਭਲਮਾਣਸੀ ਹੈ? ਬਾਬੇ ਫ਼ਰੀਦ ਮੁਤਾਬਿਕ, 'ਰੁਖੀ ਸੁਖੀ ਖਾਇਕੈ ਠੰਢਾ ਪਾਣੀ ਪੀਉ।। ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਈ ਜੀਓ।।' ਅਨੁਸਾਰ ਚੱਲਣਾ ਹੀ ਲਾਇਕੀ ਹੈ! ਬਿਗਾਨੀ ਚੀਜ਼ ਹਰ ਹੱਦ ਤੱਕ ਬਿਗਾਨੀ ਹੀ ਰਹੇਗੀ, ਕਦਾਚਿੱਤ ਆਪਣੀ ਨਹੀਂ ਬਣੇਗੀ। ਅੱਗਾ ਦੌੜ ਪਿੱਛਾ ਚੌੜ ਕਰਨ ਦਾ ਫ਼ਾਇਦਾ? ਸਿਰਫ਼ ਫੁਕਰਪੁਣਾ..? ਜਾਂ ਮੂਰਖਤਾਈ..? ਆਪਣੇ ਪਾਇਆ ਹੋਇਆ ਝੱਗਾ ਆਪ ਪਾੜਨ ਵਾਲੇ ਨੂੰ ਤਮਾਸ਼ਬੀਨਾਂ ਤੋਂ ਇਲਾਵਾ ਕੋਈ 'ਸੂਰਮਾ' ਨਹੀਂ ਕਹਿੰਦਾ!

ਇਕ ਵਾਰੀ ਮੈਂ ਇਕ ਗੱਲ ਸੁਣੀ ਸੀ ਕਿ ਕਿਸੇ ਚਿੜੀ ਅਤੇ ਘੁੱਗੀ ਦੀ ਯਾਰੀ ਸੀ। ਇੱਕੋ ਦਰੱਖਤ 'ਤੇ ਹੀ ਰਹਿੰਦੀਆਂ ਅਤੇ ਖੁਸ਼ੀ-ਖੁਸ਼ੀ ਦਿਨ ਬਤੀਤ ਕਰਦੀਆਂ। ਬਾਤਾਂ ਪਾਉਂਦੀਆਂ ਅਤੇ ਹੱਸਦੀਆਂ ਖੇਡਦੀਆਂ। ਸਮਾਂ ਪਾ ਕੇ ਦੋਹਾਂ ਨੇ ਆਂਡੇ ਦਿੱਤੇ ਅਤੇ ਬੱਚੇ ਵੀ ਕੱਢ ਲਏ। ਦੋਹਾਂ ਨੇ ਸਕੀਮ ਬਣਾਈ ਕਿ ਕਿਸੇ ਦੂਸਰੇ ਦੇਸ਼ ਦੀ ਸੈਰ ਕੀਤੀ ਜਾਵੇ। ਬੱਚਿਆਂ ਨੂੰ ਚਿੜੀ ਦੀ ਭੈਣ ਕੋਲ ਛੱਡਿਆ ਜਾਵੇ। ਸਕੀਮ ਪਾਸ ਹੋ ਗਈ। ਬੱਚਿਆਂ ਨੂੰ ਚਿੜੀ-ਮਾਸੀ ਕੋਲ ਛੱਡ ਦਿੱਤਾ ਗਿਆ। ਘੁੱਗੀ ਅਤੇ ਚਿੜੀ ਦੂਸਰੇ ਦੇਸ਼ ਸੈਰ-ਸਪਾਟੇ ਲਈ ਨਿਕਲ ਤੁਰੀਆਂ। ਮਹੀਨੇ ਦਾ ਸਮਾਂ ਗੁਜ਼ਰ ਗਿਆ।

ਦੋਹਾਂ ਨੇ ਵਾਪਿਸੀ ਕਰ ਲਈ। ਬੱਚਿਆਂ ਲਈ ਅਤੇ ਬੱਚਿਆਂ ਦੀ ਚਿੜੀ-ਮਾਸੀ ਲਈ ਤੋਹਫ਼ੇ ਖ਼ਰੀਦ ਲਏ। ਜਦੋਂ ਚਿੜੀ ਅਤੇ ਘੁੱਗੀ ਬੱਚਿਆਂ ਪਾਸ ਪਹੁੰਚੀਆਂ ਤਾਂ ਉਹ ਘੋਰ ਹੈਰਾਨ ਹੋ ਗਈਆਂ! ਰੱਫ਼ੜ ਇਹ ਪਿਆ ਕਿ ਬੱਚੇ ਨਾ ਤਾਂ ਪੂਰੀ ਚਿੜੀ ਦੀ ਭਾਸ਼ਾ ਬੋਲਣ ਅਤੇ ਨਾ ਹੀ ਪੂਰੀ ਘੁੱਗੀ ਵਾਲੀ! ਬੜੀਆਂ ਦੁਖੀ ਹੋਈਆਂ। ਉਹਨਾਂ ਨੂੰ ਇਹ ਨਾ ਪਤਾ ਲੱਗੇ ਕਿ ਉਹ ਬੱਚਿਆਂ ਨੂੰ ਚਿੜੀ ਆਖ ਕੇ ਬੁਲਾਉਣ ਕਿ ਘੁੱਗੀ? ਸਿਆਪਾ ਖੜ੍ਹਾ ਹੋ ਗਿਆ। ਘੁੱਗੀ ਨੇ ਸਿਆਣੇ ਕਾਂ ਨੂੰ ਬੁਲਾਇਆ। ਘੁੱਗੀ ਨੇ ਕਾਂ ਨੂੰ ਬੇਨਤੀ ਕੀਤੀ ਕਿ ਬੱਚੇ ਨਾ ਚਿੜੀ ਵਾਲੀ ਭਾਸ਼ਾ ਬੋਲਦੇ ਹਨ ਅਤੇ ਨਾ ਹੀ ਘੁੱਗੀ ਵਾਲੀ, ਉਨ੍ਹਾਂ ਨੂੰ ਕੀ ਆਖ ਕੇ ਬੁਲਾਇਆ ਜਾਵੇ? ਸਿਆਣੇ ਕਾਂ ਨੇ ਫ਼ੈਸਲਾ ਦਿੱਤਾ ਕਿ ਭੈਣ ਜੀ ਉਨ੍ਹਾਂ ਨੂੰ ਨਾ ਚਿੜੀ ਅਤੇ ਨਾ ਹੀ ਘੁੱਗੀ ਕਿਹਾ ਜਾਵੇ, ਸਗੋਂ ਉਨ੍ਹਾਂ ਨੂੰ 'ਚਿਰੜਘੁੱਗ' ਆਖ ਕੇ ਪੁਕਾਰਿਆ ਜਾਵੇ! ਫ਼ੈਸਲਾ ਸਰਬ-ਸੰਮਤੀ ਨਾਲ ਮੰਨ ਲਿਆ ਗਿਆ। ਬੱਚਿਆਂ ਨੂੰ 'ਚਿਰੜਘੁੱਗ' ਆਖ ਕੇ ਬੁਲਾਇਆ, ਸਨਮਾਨਿਆ ਜਾਣ ਲੱਗਾ। ਚਿੜੀਆਂ ਵੀ ਖੁਸ਼ ਅਤੇ ਘੁੱਗੀਆਂ ਵੀ ਬਾਗੋਬਾਗ...!

ਬਿਲਕੁਲ ਇਹੋ ਹਾਲਤ ਪੰਜਾਬ ਵਿਚ ਪੰਜਾਬੀਆਂ ਅਤੇ ਭਈਆਂ ਦੀ ਹੈ। ਭਈਏ ਵੀ ਖੁਸ਼ ਅਤੇ ਪੰਜਾਬੀ ਵੀ ਖੁਸ਼! ਭਈਏ ਤਾਂ, ਤਾਂ ਖੁਸ਼ ਹਨ ਕਿ ਅਸੀਂ 'ਆਕੜਖਾਨ' ਪੰਜਾਬੀਆਂ ਨੂੰ ਆਪਣੀ ਬੋਲੀ ਬੋਲਣ ਲਾ ਲਿਆ ਹੈ ਅਤੇ ਪੰਜਾਬੀ ਤਾਂ ਖੁਸ਼ ਕਿ ਸਾਨੂੰ 'ਹਿੰਦੀ' ਬੋਲਣੀ ਆ ਗਈ ਹੈ। ਬੋਲਦੇ ਉਹ ਚਾਹੇ 'ਟੋਚਨ-ਪਾਊ' ਹੀ ਹਨ।

ਇਕ ਵਾਰ ਅਸੀਂ ਕਈ 'ਪੜ੍ਹੇ-ਲਿਖੇ' ਦੋਸਤ ਦਿੱਲੀ ਨੇੜੇ ਢਾਬੇ 'ਤੇ ਰੋਟੀ ਖਾਣ ਬੈਠ ਗਏ। ਮੇਰਾ ਦੋਸਤ ਢਾਬੇ ਵਾਲੇ ਨੂੰ ਆਖਣ ਲੱਗਿਆ, 'ਕਾਕੇ ਰੋਟੀ ਜ਼ਰਾ ਰਾੜ੍ਹ ਕਰ ਦੇਣੀ...!' ਢਾਬੇ ਵਾਲੇ ਨੂੰ ਸਮਝ ਨਾ ਆਈ ਕਿ ਪੰਜਾਬੀ 'ਰਾੜ੍ਹ ਕਰ' ਕਿਸ ਨੂੰ ਆਖ ਰਹੇ ਸਨ? ਉਹ ਢਾਬੇ ਵਾਲਾ ਪੁੱਛੇ, 'ਸਾਹਿਬ ਜੀ ਰਾੜ੍ਹ ਕਰ ਕਿਆ ਹੋਤਾ ਹੈ?' ਸਾਨੂੰ ਇਹ ਨਾ ਸਮਝ ਲੱਗੇ ਬਈ ਅਸੀਂ 'ਰਾੜ੍ਹ ਕੇ' ਨੂੰ ਹਿੰਦੀ ਵਿਚ ਕੀ ਕਹੀਏ...? ਆਸੇ ਪਾਸੇ ਨਜ਼ਰ ਮਾਰੀ ਕਿ ਸ਼ਾਇਦ ਕੋਈ 'ਰਾੜ੍ਹ ਕੇ' ਦਾ ਮਤਲਬ ਦੱਸਣ ਵਾਲਾ ਹੀ ਮਿਲ ਜਾਵੇ? ਪਰ ਮਿਹਨਤ ਪੱਲੇ ਨਾ ਪਈ। ਫਿਰ ਮੇਰਾ ਮਿੱਤਰ ਝੂਠਾ ਜਿਹਾ ਪੈ ਕੇ ਕਹਿਣ ਲੱਗਿਆ, 'ਜੈਸੀ ਹੈਂ, ਆਨੇ ਦੋ ਯਾਰ, ਖਾਲੇਂਗੇ!' ਜਦ ਅਸੀਂ ਦਿੱਲੀ ਆ ਕੇ ਸਾਡੇ ਫ਼ੌਜੀ ਕਰਨਲ, ਮਾਮੇਂ ਦੇ ਮੁੰਡੇ ਨੂੰ ਪੁੱਛਿਆ ਤਾਂ ਉਹ ਹੱਸ ਕੇ ਕਹਿਣ ਲੱਗਿਆ, 'ਤੁਸੀਂ ਸਾਰੇ ਹੀ ਧੂਹ-ਘੜੀਸ ਸੀ? ਆਖ ਦਿੰਦੇ, ਰੋਟੀ ਜ਼ਰਾ ਸੇਕ ਕਰ ਲਿਆਈਏ..!' ਤਾਂ ਅਸੀਂ ਛਿੱਥੇ ਜਿਹੇ ਪੈ ਗਏ। ਫ਼ਰਕ ਸਿਰਫ਼ 'ਸੇਕ' ਅਤੇ 'ਰਾੜ੍ਹ' ਦਾ ਸੀ।

ਮੈਂ ਹੁਣ ਤੱਕ 23 ਨਾਵਲਾਂ ਸਮੇਤ 35 ਕਿਤਾਬਾਂ ਲਿਖ ਚੁੱਕਾ ਹਾਂ, ਪਰ ਮੈਨੂੰ ਹੁਣ ਤੱਕ ਹਿੰਦੀ ਵਿਚ 'ਰਿਸ਼ੀ' ਨਹੀਂ ਲਿਖਣਾ ਆਉਂਦਾ। ਦਸਵੀਂ ਜਮਾਤ ਵਿਚ ਕਿਸੇ ਦੀ ਹਿਸਾਬ ਵਿਚੋਂ, ਕਿਸੇ ਦੀ ਸਾਇੰਸ ਵਿਚੋਂ ਅਤੇ ਕਿਸੇ ਦੀ ਅੰਗਰੇਜ਼ੀ ਵਿਚੋਂ ਕੰਪਾਰਟਮੈਂਟ ਆਈ ਸੀ, ਪਰ ਮੇਰੀ ਹਿੰਦੀ ਵਿਚੋਂ ਆ ਗਈ ਸੀ। ਘਰਦਿਆਂ ਨੇ ਸੁੱਕੇ ਛਿੱਤਰਾਂ ਨਾਲ ਕੁੱਟਿਆ ਸੀ ਕਿ ਸਾਡਾ ਮੁੰਡਾ ਐਡਾ ਨਲਾਇਕ? ਜਿਹੜਾ ਹਿੰਦੀ ਵਿਚੋਂ ਹੀ ਰਹਿ ਗਿਆ? ਦਸਵੀਂ ਜਮਾਤ ਵਿਚ ਜਦ ਹਿੰਦੀ ਦੇ ਅਧਿਆਪਕ, ਸਤਿਕਾਰਯੋਗ ਸੱਤਪਾਲ ਗੁਪਤਾ ਜੀ, ਮੋਗੇ ਵਾਲੇ ਨੇ ਮੈਨੂੰ ਕੁੱਟਣਾ ਹੁੰਦਾ, ਉਹ ਮੈਨੂੰ ਖੜ੍ਹਾ ਕਰ ਲੈਂਦਾ ਅਤੇ ਬਲੈਕ-ਬੋਰਡ ਉਪਰ 'ਰਿਸ਼ੀ' ਲਿਖਣ ਲਈ ਆਖਦਾ।

ਇਕ ਵਾਰ ਮੈਂ 'ਰਿਸ਼ੀ' ਬਣਾ ਜਿਹਾ ਤਾਂ ਲਿਆ, ਪਰ ਮੈਨੂੰ ਇਹ ਨਾ ਪਤਾ ਲੱਗੇ ਕਿ 'ਰਿਸ਼ੀ ਜੀ ਮਹਾਰਾਜ' ਨੂੰ ਸਿਹਾਰੀ ਲੱਗਣੀ ਹੈ ਕਿ ਬਿਹਾਰੀ? ਮੈਂ ਜੱਕੋ-ਤੱਕੀ ਵਿਚ ਸਿਹਾਰੀ ਅਗਲੇ ਪਾਸੇ ਪਾ ਦਿੱਤੀ। ਗੁਪਤਾ ਜੀ ਨੇ ਸਿਹਾਰੀ ਅਗਲੇ ਪਾਸੇ ਪਾਉਣ ਦਾ ਕਾਰਨ ਪੁੱਛਿਆ ਤਾਂ ਮੈਂ ਸੋਚਿਆ ਕਿ ਕੁੱਟ ਤਾਂ ਪੈਣੀ ਹੀ ਪੈਣੀ ਹੈ, ਕਿਉਂ ਨਾ ਗੱਲ ਹਾਸੇ ਪਾ ਲਈ ਜਾਵੇ? ਮੈਂ ਉੱਤਰ ਦਿੱਤਾ, 'ਮਾਸਟਰ ਜੀ, ਇਹ ਸਿਹਾਰੀ ਮੈਂ ਅਗਲੇ ਪਾਸੇ ਤਾਂ ਪਾਈ ਹੈ ਕਿ ਰਿਸ਼ੀ ਜੀ ਕਿਤੇ ਭੱਜ ਨਾ ਜਾਣ..! ਭੱਜੇ ਦੇਵਤੇ ਰੋਕਣੇ ਕਿਹੜਾ ਸੌਖੇ ਐ...?' ਇਤਨਾ ਕਹਿਣ ਦੀ ਦੇਰ ਸੀ ਕਿ ਗੁਪਤਾ ਜੀ ਦੇ ਹੱਥ ਵਾਲਾ ਡੰਡਾ ਮੇਰੇ ਮੌਰਾਂ ਵਿਚ ਵਰ੍ਹਨ ਲੱਗ ਪਿਆ।

ਇਸੇ ਤਰ੍ਹਾਂ ਹੀ ਬਖਤੌਰੇ ਦੀ ਪਿੰਡ ਵਿਚ ਇਕ ਨਵੇਂ-ਨਵੇਂ ਆਏ ਭਈਏ ਨਾਲ ਸੱਥ ਵਿਚ ਹੀ ਮੁਲਾਕਾਤ ਹੋ ਗਈ। ਕਈ ਜਾਣੇ ਸੱਥ ਵਿਚ ਭਈਏ ਦੁਆਲੇ ਇਕੱਠੇ ਹੋਏ ਬੈਠੇ ਸਨ, ਜਿਵੇਂ ਭਈਆ ਕੋਈ ਮੰਤਰੀ ਸੀ। ਪਿੰਡ ਵਿਚ ਨਵਾਂ ਜੀਅ ਸੀ। ਹਰ ਕੋਈ ਭਈਏ ਬਾਰੇ ਉੱਤਸੁਕਤਾ ਰੱਖਦਾ ਸੀ।

ਬਖਤੌਰਾ ਉਸ ਭਈਏ ਨਾਲ ਗੁਫ਼ਤਗੂ ਕਰਨ ਲੱਗ ਪਿਆ।

'ਕਿਆ ਨਾਂਮ ਹੈ ਬਈਆ ਆਪਣਾ?'

'ਜੀ ਰਘੂ ਰਾਮ!'

'ਕਿਹਨਾਂ ਕੇ ਆਏ ਹੈਂ?'

'ਜੀ ਗੀਲੋਂ ਕੇ।'

'ਕੌਣ ਸਾ ਪਿੰਡ ਹੈ?'

'ਜੀ ਗਾਂਓਂ ਹਮਾਰਾ ਹੈ ਹਰਸ਼ ਨਗਰ।'

'ਕਿੱਧਰ ਪੜਤਾ ਹੈ ਯੇਹ?' ਨੰਜੂ ਨੇ ਗਰਦੌਰੀ ਕਰਨ ਵਾਲਿਆਂ ਵਾਂਗ ਪੁੱਛਿਆ।

'ਜੀ ਬਿਹਾਰ ਮੇਂ।'

'ਫਉਜੀ ਲੇਕਰ ਆਇਆ ਹੋਗਾ ਤੁਮਕੋ?' ਪੂਰਨਾਂ ਖੈਹਰ੍ਹਾ ਬੋਲਿਆ।

'ਜੀ-ਫੌਜੀ ਹੀ ਲੇਕਰ ਆਯਾ।'

'ਕੱਲਾ ਈ ਆਏ ਹੋ ਜਾਂ ਪ੍ਰਵਾਰ ਸਾਥ?'

'ਜੀ ਅਕੇਲਾ ਹੀ ਇਧਰ ਆਇਆ ਹੂੰ।'

'ਵਿਆਹ ਹੂਆ ਹੈ?' ਨੀਲੂ ਨੇ ਵਿਚ ਪੈ ਕੇ ਪੁੱਛਿਆ।

'ਹਾਂ ਜੀ।'

'ਘਰਵਾਲੀ?'

'ਜੀ ਉਧਰ ਹੀ ਹੈ।'

'ਬਿਹਾਰ ਮੇਂ?

'ਹਾਂ ਜੀ।'

'ਕੋਈ ਉੜੰਗ ਕਰ ਲੇ ਜਾਵੇਗਾ-ਐਧਰ ਈ ਮੰਗਵਾਲੇ।' ਭਾਲਾ ਬਾਈ ਬੋਲਿਆ।

ਭਈਆ ਸਮਝਿਆ ਤਾਂ ਸ਼ਾਇਦ ਪੂਰੀ ਗੱਲ ਨਹੀਂ ਸੀ। ਪਰ ਫਿਰ ਵੀ ਹੱਸ ਪਿਆ।

'ਕਾਮ ਕਰ ਦੱਬ ਕਰ-ਫਿਰ ਘਰਵਾਲੀ ਮੰਗਵਾ ਲੇਨਾ-ਕਿੰਨੇ ਭੈਣ ਭਾਈ ਹੋ?'

'ਜੀ ਆਠ।'

## ਵਿਅੰਗ

'ਬੂੜ੍ਹੇ ਬੂੜ੍ਹੀ ਕੋ ਹੋਰ ਕੋਈ ਕਾਮ ਨਹੀਂ ਥਾ..?' ਸੁੱਚੇ ਸੂਰਮੇ ਨੇ ਕਿਹਾ।

ਭਈਆ ਫਿਰ ਹੱਸ ਪਿਆ।

'ਪੜ੍ਹਿਆ ਲਿਖਿਆ ਵੀ ਹੈਂ ਕੁਛ?' ਮਾਸਟਰ ਸੁਰਿੰਦਰ ਰਾਮ ਬੋਲਿਆ।

'ਜੀ ਨਹੀ।'

'ਕਿਤਨੀ ਉਮਰ ਮੇ ਸਕੂਲ ਜਾਤਾ ਹੈ ਤੁਮਾਰੇ?' ਨਿੰਮੀ ਨੇ ਮਰਦਮ-ਸੁਮਾਰੀ ਕਰਨ ਵਾਲਿਆਂ ਵਾਂਗ ਸੁਆਲ ਕੀਤਾ।

'ਜੀ ਯਹੀ ਕੋਈ ਚਾਰ ਪਾਂਚ ਸਾਲ ਕਾ।'

ਗਿੱਲਾਂ ਦੇ ਫ਼ੌਜੀ ਨੇ ਭਈਏ ਨੂੰ ਦੂਰੋਂ ਹਾਕ ਮਾਰੀ

'ਉਏ ਬਈਆ...! ਐਥੇ ਬੈਠਾ ਹੈਂ-ਕਾਮ ਤੁਮਾਰਾ ਫੁੱਫੜ ਕਰੇਗਾ..?'

'ਜਾਹ ਬਈਆ-ਵੱਜ ਗਈ ਤੁਮ ਕੋ ਹਾਕ..।' ਬਖਤੌਰਾ ਬੋਲਿਆ।

ਭਈਆ ਉਠ ਕੇ ਤੁਰ ਚੱਲਿਆ।

'ਫੌਜੀ ਸੇ ਬਚ ਕਰ ਰਹੀਂ-ਪੈਰੋਂ ਸੇ ਛੇਤੀ ਹੀ ਮੀਟੀ ਕਾਢਣ ਲੱਗ ਜਾਤਾ ਹੈ।' ਬਖਤੌਰੇ ਨੇ ਕੰਨ ਕੀਤੇ।

'ਇਸ ਕੀ ਡਾਂਗ ਖਤਰਨਾਕੀ ਹੈ-ਔਰ ਨਾ ਚਿੱਬ ਪਾ ਦੇ ਤੇਰੀ ਪੁੜਪੜੀ ਮੇਂ।'

'ਬਈਆ ਬਚ ਕਰ ਰਹਿਣਾ-ਯੇਹ ਫੌਜੀ ਕੂਟਤਾ ਘੱਟ ਔਰ ਘੜੀਸਾ ਘੜ੍ਹੀਸੀ ਜਾਅਦੇ ਕਰਤਾ ਹੈ।'

'ਉਏ ਕਾਹਨੂੰ ਇਹਨੂੰ ਹੌਲ ਪਾਈ ਜਾਨੇ ਐਂ ਗਵੱਜੀਓ...! ਭਈਆ ਨਾ ਭਜਾ ਦਿਓ..!' ਦੂਰੋਂ ਫੌਜੀ ਨੇ ਹੋਕਰਾ ਮਾਰਿਆ।


ਭਈਆ 'ਭਿੰਨ-ਭਿੰਨ' ਕਰਦਾ ਭੱਜਿਆ ਹੀ ਜਾ ਰਿਹਾ ਸੀ।

'ਚੱਲ ਉਏ ਬਈਆ..! ਯੇਹ ਤੋ ਵਿਹਲੇ ਹੈਂ-ਤੂੰ ਤਾਂ ਕੋਈ ਕਾਮ ਕਰ ਲੀਆ ਕਰ-ਚੱਲ ਮੱਝੋਂ ਕੋ ਛੱਪੜ ਪਰ ਲੇ ਕਰ ਜਾਹ ਔਰ ਬਲਦੋਂ ਕੋ ਸੰਨ੍ਹੀ ਰਲਾ-ਠਰਕ ਮੱਤ ਭੋਰਿਆ ਕਰ ਇਨਕੇ ਸਾਥ-ਯੇਹ ਤੋ ਵਿਗੜੇ ਹੂਏ ਈ ਹੈਂ-ਤੁਮ ਕੋ ਵੀ ਵਿਗਾੜ ਦੇਂਗੇ-ਇਨਕਾ ਲਟਰਮ ਪਟਰਮ ਮੱਤ ਸੁਨਿਆ ਕਰ-ਇਨਹੇਂ ਤੋ ਨੂੰਹ ਲਿਆਨੀ ਨਹੀਂ ਧੀ ਤੋਰਨੀ ਨਹੀਂ-ਤੁਮ ਤੋ ਆਪਣੇ ਟੱਬਰ ਕਾ ਫਿਕਰ ਕਰਿਆ ਕਰੋ-ਯੱਕੜ ਮਾਰਨਾ ਛੋੜੋ ਔਰ ਕਾਮ ਕਰੋ।' ਫੌਜੀ ਭਈਏ ਨੂੰ ਮੱਤਾਂ ਦੇਈ ਜਾ ਰਿਹਾ ਸੀ। ਮਾਸਟਰ ਸੁਰਿੰਦਰ ਰਾਮ ਫੌਜੀ ਦੀ ਹਿੰਦੀ 'ਤੇ ਅੰਦਰੋ ਅੰਦਰੀ ਹੱਸ ਰਿਹਾ ਸੀ।

ਭਈਆ ਮੱਝਾਂ ਖੋਲ੍ਹਣ ਜਾ ਲੱਗਿਆ।

# ਨਿਰਮਾਤਾ ਬਣੇ ਦਿਲਜੀਤ ਦੁਸਾਂਝ ਨੇ ਕਿਹਾ, 'ਹੌਸਲਾ ਰੱਖ'

ਪੰਜਾਬੀ ਤੇ ਹਿੰਦੀ ਸਿਨੇਮਾ ਦਾ ਨਾਮੀਂ ਅਦਾਕਾਰ ਤੇ ਗਾਇਕ ਦਿਲਜੀਤ ਦੁਸਾਂਝ ਹੁਣ ਨਿਰਮਾਤਾ ਵੀ ਬਣ ਗਿਆ




ਹੈ। ਉਹ ਨਿਰਮਾਤਾ ਦਿਲਜੀਤ ਥਿੰਦ ਨਾਲ ਰਲ ਕੇ ਆਪਣੀ ਨਵੀਂ ਫਿਲਮ 'ਹੌਸਲਾ ਰੱਖ' ਦੀ ਸੂਟਿੰਗ ਵਿਚ ਰੁੱਝਿਆ ਹੋਇਆ ਹੈ। ਦਿਲਜੀਤ ਥਿੰਦ ਇੱਕ ਵੱਡੀ ਪ੍ਰੋਡਕਸ਼ਨ ਹਾਊਸ ਹੈ, ਜਿਸ ਨੇ ਪੰਜਾਬੀ ਅਤੇ ਹਿੰਦੀ ਦੀਆਂ ਕਈ ਨਾਮੀਂ ਫਿਲਮਾਂ ਦਾ ਨਿਰਮਾਣ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਫਿਲਮ 'ਚ ਉਸ ਨਾਲ ਪੰਜਾਬੀ ਸਿਨੇਮਾ ਦੀ ਸੁਪਰ ਸਟਾਰ ਸੋਨਮ ਬਾਜਵਾ ਨਜ਼ਰ ਆਵੇਗੀ। ਇਸ ਤੋਂ ਇਲਾਵਾ 'ਬਿੱਗ ਬੌਸ' ਨਾਲ ਚਰਚਾ ਵਿਚ ਰਹੀ ਸਹਿਨਾਜ਼ ਗਿੱਲ ਅਤੇ ਗਿੱਪੀ ਗਰੇਵਾਲ ਦਾ ਬੇਟਾ ਛਿੰਦਾ ਗਰੇਵਾਲ ਵੀ ਅਹਿਮ ਕਿਰਦਾਰ ਨਿਭਾ ਰਹੇ ਹਨ।

**ਸੁਰਜੀਤ ਜੱਸਲ**
ਫੋਨ: 91-98146-07737

ਫਿਲਮ ਦਾ ਐਨੀਮੇਸ਼ਨ ਪੋਸਟਰ ਬੀਤੇ ਦਿਨੀਂ ਰਿਲੀਜ਼ ਕੀਤਾ ਗਿਆ, ਜਿਸ ਵਿਚ ਦਿਲਜੀਤ ਦੁਸਾਂਝ ਇੱਕ ਬੱਚੇ ਨੂੰ ਆਪਣੀ ਪਿੱਠ ਪਿੱਛੇ ਚੁੱਕੀ ਨਜ਼ਰ ਆ ਰਿਹਾ ਹੈ, ਜਿਸ ਨੂੰ ਵੇਖਦਿਆਂ ਕਹਿ ਸਕਦੇ ਹਾਂ ਕਿ ਉਸ ਦੀ ਪਿਛਲੀ ਸੁਪਰਹਿੱਟ ਫਿਲਮ 'ਛੜਾ' ਵਾਂਗ ਇਹ ਫਿਲਮ ਵੀ ਬੇਹੱਦ ਮਸਾਲੇਦਾਰ ਤੇ ਮਨੋਰੰਜਨ ਭਰਪੂਰ ਹੋਵੇਗੀ। ਭਰੋਸੇਯੋਗ ਸੂਤਰਾ ਮੁਤਾਬਕ ਫਿਲਮ ਦੀ ਸੂਟਿੰਗ ਅੱਜ ਕਲ੍ਹ ਕੈਨੇਡਾ ਵਿਖੇ ਚੱਲ ਰਹੀ ਹੈ। ਥਿੰਦ ਮੋਸ਼ਨ ਫਿਲਮਜ਼ ਅਤੇ ਸਟੋਰੀਟਾਈਮ ਪ੍ਰੋਡਕਸ਼ਨ ਫਿਲਮ ਦੀ ਪੇਸ਼ਕਸ਼ ਇਸ ਫਿਲਮ ਦੇ ਨਿਰਮਾਤਾ ਦਿਲਜੀਤ ਥਿੰਦ ਅਤੇ ਦਿਲਜੀਤ ਦੁਸਾਂਝ ਹਨ, ਜਦਕਿ ਪਵਨ ਗਿੱਲ ਇਸ ਦੇ ਸਹਿ ਨਿਰਮਾਤਾ ਹਨ। ਫਿਲਮ 'ਹੌਸਲਾ ਰੱਖ' ਦੇ ਨਿਰਦੇਸ਼ਕ ਅਮਰਜੀਤ ਸਿੰਘ ਸਾਰੋਂ ਹਨ। ਫਿਲਮ ਦੀ ਕਹਾਣੀ ਰਾਕੇਸ਼ ਧਵਨ ਨੇ ਲਿਖੀ ਹੈ ਤੇ ਡੀ. ਓ. ਪੀ. ਬਲਜੀਤ ਸਿੰਘ ਦਿਓ ਹਨ। ਫਿਲਮ 15 ਅਕਤੂਬਰ 2021 ਨੂੰ ਰਿਲੀਜ਼ ਕੀਤੀ ਜਾਵੇਗੀ।

## ਔਰਤ ਭਾਵਨਾਵਾਂ ਦੀ ਕਦਰ ਕਰਨ ਵਾਲੀ ਪਰਵਾਸੀ ਭਾਰਤੀ ਫਿਲਮਸਾਜ਼

# ਮੋਹਿਨੀ ਸ਼੍ਰੀ ਨਿਵਾਸਨ

ਆਪਣੀਆਂ ਕਹਾਣੀਆਂ, ਫਿਲਮਾਂ ਰਾਹੀਂ ਔਰਤ ਭਾਵਨਾਵਾਂ ਦੀ ਗੱਲ ਕਰਨ ਵਾਲੀ ਲੰਦਨ ਵਾਸੀ ਭਾਰਤੀ ਫਿਲਮਸਾਜ਼ ਮੋਹਿਨੀ ਸ਼੍ਰੀ ਨਿਵਾਸਨ ਅੱਜ ਕੌਮਾਂਤਰੀ ਪੱਧਰ ਦੀ ਪਛਾਣ ਰੱਖਦੀ ਹੈ। ਪਿਛਲੇ ਅਠਾਰਾਂ ਸਾਲਾਂ ਤੋਂ ਵਿਦੇਸ਼ੀ ਧਰਤੀ (ਇੰਗਲੈਂਡ) 'ਤੇ ਰਹਿ ਰਹੀ ਭਾਰਤੀ ਮੂਲ ਦੀ ਫਿਲਮ ਨਿਰਮਾਤਰੀ, ਅਦਾਕਾਰਾ ਅਤੇ ਕੋਰੀਓਗ੍ਰਾਫਰ ਮੋਹਨੀ ਸ਼੍ਰੀ ਨਿਵਾਸਨ ਆਪਣੀ ਕਲਾ ਸਦਕਾ ਅੱਜ ਵੀ ਆਪਣੀ ਧਰਾਤਲ ਅਤੇ ਵਿਰਸੇ ਨਾਲ ਜੁੜੀ ਹੋਈ ਹੈ।

ਦਿੱਲੀ ਦੀ ਜੰਮਪਲ ਮੋਹਨੀ ਨੇ ਦੱਸਿਆ ਕਿ ਉਸ ਨੇ ਛੋਟੀ ਹੁੰਦਿਆਂ ਹੀ ਰੰਗਮੰਚ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੇ ਕਲਾ ਸਫਰ ਨੂੰ ਅੱਗੇ ਵਧਾਉਂਦਿਆਂ ਉਸ ਨੇ ਦੂਰਦਰਸ਼ਨ, ਸਟਾਰ ਪਲੱਸ ਅਤੇ ਸੋਨੀ ਟੀ. ਵੀ. ਵਰਗੇ ਨਾਮੀ ਚੈਨਲਾਂ ਰਾਹੀਂ ਅਨੇਕਾਂ ਨਾਟਕ ਖੇਡਦਿਆਂ ਆਪਣੀ ਪਛਾਣ ਗੂੜ੍ਹੀ ਕੀਤੀ। ਮੋਹਨੀ ਨੇ ਰਜਤ ਕਪੂਰ, ਪ੍ਰੀਕਿਸ਼ਤ ਸਾਹਨੀ, ਅਲੰਕ੍ਰਿਤਾ ਸ਼੍ਰੀ ਵਾਸਤਵ, ਅਸ਼ਵਨੀ ਕਪੂਰ, ਸੰਜੀਵ ਸ਼ਰਮਾ, ਪੰਕਜ ਝਾਅ, ਡੌਲੀ ਆਹਲੂਵਾਲੀਆ, ਮਿੰਨੀ ਮਾਥੁਰ, ਸਾਕਸ਼ੀ ਤੰਵਰ ਅਤੇ ਪਿਊਸ਼ ਮਿਸ਼ਰਾ ਵਰਗੀਆਂ ਮਸ਼ਹੂਰ ਹਸਤੀਆਂ ਨਾਲ ਕੰਮ ਕੀਤਾ।

ਵਿਆਹ ਤੋਂ ਬਾਅਦ ਜਦ ਉਹ ਸੱਤ ਸਮੁੰਦਰੋਂ ਪਾਰ ਆ ਗਈ ਤਾਂ ਉਸ ਦੀ ਕਲਾ ਨੇ ਉਸ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਿਆ। ਇੱਥੇ ਆ ਕੇ ਉਸ ਦੀ ਕਲਾ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਮਿਲਿਆ। ਉਸ ਦੇ ਜੀਵਨ ਸਾਥੀ ਨੇ ਕਲਾ ਦੇ ਖੇਤਰ ਵਿਚ ਉਸ ਦਾ ਪੂਰਾ ਸਹਿਯੋਗ ਦਿੱਤਾ, ਜਿਸ ਆਸਰੇ ਉਹ ਨਿਰੰਤਰ ਅੱਗੇ ਵਧਦੀ ਗਈ। ਕਲਾ ਦੇ ਨਾਲ ਨਾਲ ਮੋਹਿਨੀ ਨੇ ਸਮਾਜ ਸੇਵਾ ਦੇ ਖੇਤਰ ਵਿਚ ਵੀ ਆਪਣੀ ਵੱਖਰੀ ਪਛਾਣ ਬਣਾਈ। ਲੰਦਨ ਵਿਚ ਦੋ ਵੱਕਾਰੀ ਪੁਰਸਕਾਰ ਵੀ ਪ੍ਰਾਪਤ ਕੀਤੇ। ਆਪਣੇ ਨਿੱਜੀ ਬੈਨਰ ਮੋਹਿਨੀ ਫਿਲਮ ਦੇ ਬੈਨਰ ਹੇਠ ਹਿੰਦੀ ਫਿਲਮ 'ਦਿੱਵਿਆ' ਦਾ ਨਿਰਮਾਣ ਕੀਤਾ।

ਮੋਹਨੀ ਫਿਲਮ ਕਲਾ ਦੇ ਇਲਾਵਾ ਔਰਤ ਭਾਵਨਾਵਾਂ



ਨਾਲ ਜੁੜੇ ਪ੍ਰੋਗਰਾਮਾਂ ਦੀ ਸਫਲ ਪੇਸ਼ਕਾਰੀ ਲਈ ਵੀ ਜਾਣੀ ਜਾਂਦੀ ਹੈ। ਬਹੁਤ ਜਲਦ ਉਹ ਆਪਣੇ ਨਿੱਜੀ ਬੈਨਰ ਮੋਹਿਨੀ ਫਿਲਮ ਕਰਾਫਟ ਤਹਿਤ ਨਾਰੀ ਪ੍ਰਧਾਨ ਫਿਲਮ ਅਤੇ ਵੈੱਬ ਸੀਰਿਜ਼ ਦੀ ਸਕ੍ਰਿਪਟ 'ਤੇ ਕੰਮ ਕਰ ਰਹੀ ਹੈ। ਜਲਦ ਹੀ ਇਸ ਫਿਲਮ ਦੀ ਸੂਟਿੰਗ ਲੰਦਨ ਤੇ ਭਾਰਤ 'ਚ ਕੀਤੀ ਜਾਵੇਗੀ, ਜਿਸ 'ਚ ਦੋਵੇਂ ਮੁਲਕਾਂ ਦੇ ਨਾਮੀ ਕਲਾਕਾਰ ਕੰਮ ਕਰਨਗੇ।



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com